*ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

**ਸਪਲੀਮੈਂਟ**

**ਸਾਲ : 24** **ਮਾਰਚ, 2021 (2020 ਦੀ ਕਹਾਣੀ ਵਿਸ਼ੇਸ਼ ਅੰਕ)**

Website : www.shabaduk.co.uk

*ਮੁੱਖ ਸੰਪਾਦਕ*

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.

Ph. 001-703-362-3239

Email : Chahals57@Yahoo.com

**ਰਵੀ ਸ਼ੇਰਗਿੱਲ**

9024 Wharton Way Eik Grove CA 95624 U.S.A.

Ph. 001-916-753-2868

Email : drgilldvm@Yahoo.com

*ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726

e mail: harjeetatwal@yahoo.co.uk, harjeetatwal@hotmail.co.uk

**ਜਿੰਦਰ**

984, Rajput Nagar, Near Surinder Welding Works,

Model House, Jalandhar-144003

Mobile : 98148 03254

Email : jinder340@gmail.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।

Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

## 2020 ਦੀ ਉਦਾਸ ਖ਼ਬਰ



15 ਮਾਰਚ 1948 ਤੋਂ 13 ਸਤੰਬਰ 2020



## ਚੌਥੀ ਪੀੜ੍ਹੀ ਦੇ ਸਮਰੱਥ ਕਹਾਣੀਕਾਰ
## ਤਲਵਿੰਦਰ ਸਿੰਘ
## ਨੂੰ ਯਾਦ ਕਰਦਿਆਂ



## ਮੇਰਾ ਪੰਨਾ

ਇਹ ਸਾਲ ਬਹੁਤ ਭਾਰਾ ਨਿਕਲਿਆ ਹੈ ਜ਼ਿੰਦਗੀ ਦੇ ਹਰ ਖੇਤਰ ਵਿੱਚ ਮਨੁੱਖ ਨੂੰ ਘੋਰ-ਚਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ, ਪੈ ਰਿਹਾ ਹੈ ਮਾਰਚ ਦੇ ਮਹੀਨੇ ਤੋਂ ਕਰੋਨਾ-ਵਾਇਰਸ ਦੀ ਅਜਿਹੀ ਸ਼ੁਰੂਆਤ ਹੋਈ ਕਿ ਇਨਸਾਨੀ ਜ਼ਿੰਦਗੀ ਹੀ ਉਪਰ ਹੇਠ ਹੋ ਗਈ ਹਰ ਖੇਤਰ ਵਿੱਚ ਜਨ-ਜੀਵਨ ਠੱਪ ਹੋ ਕੇ ਰਹਿ ਗਿਆ ਇਸ ਦਾ ਅਸਰ ਪੰਜਾਬੀ ਸਾਹਿਤ ਉਪਰ ਪੈਣਾ ਵੀ ਕੁਦਰਤੀ ਸੀ ਕਿਤਾਬਾਂ ਤੇ ਪਰਚਿਆਂ ਦੀ ਛੱਪ-ਛਪਾਈ ਵੀ ਠੱਪ ਹੋ ਗਈ ਬਹੁਤ ਸਾਰੇ ਪਰਚੇ ਆਪਣੇ ਅੰਕ ਨਹੀਂ ਕੱਢ ਸਕੇ ਪਰ ਫਿਰ ਵੀ ਕੁਝ ਪਰਚੇ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਸਾਰੇ ਈਸ਼ੂ ਲਗਾਤਾਰ ਕੱਢਣ ਵਿੱਚ ਕਾਮਯਾਬ ਰਹੇ ਹਨ ਜਿਵੇਂ ਕਿ ਸ਼ਬਦ, ਕਹਾਣੀ ਧਾਰਾ, ਸਿਰਜਣਾ ਤੇ ਪ੍ਰਵਚਨ ਕੁਝ ਪਰਚਿਆਂ ਦੀਆਂ ਪੀਡੀਐਫ ਵੀ ਪੜ੍ਹਨ ਨੂੰ ਮਿਲਦੀਆਂ ਰਹੀਆਂ ਹਨ ਇਹਨਾਂ ਲਗਾਤਾਰ ਜਾਂ ਟੁਟਵੇਂ ਨਿਕਲੇ ਪਰਚਿਆਂ ਵਿੱਚ ਕਾਫੀ ਮਿਕਦਾਰ ਵਿੱਚ ਕਹਾਣੀਆਂ ਪੜ੍ਹਨ ਨੂੰ ਮਿਲੀਆਂ ਹਨ ਜੋ ਪੰਜਾਬੀ ਕਹਾਣੀ ਦੀ ਤਰਜਮਾਨੀ ਕਰਨ ਲਈ ਕਾਫੀ ਹਨ ਇਹਨਾਂ ਕਹਾਣੀਆਂ ਨੂੰ ਪੜ੍ਹਨ 'ਤੇ ਇਕ ਗੱਲ ਸਾਫ ਹੋ ਜਾਂਦੀ ਹੈ ਕਿ ਇਸ ਸਾਲ ਵੀ ਪਿਛਲੇ ਸਾਲ ਵਾਂਗ ਹੀ ਕੋਈ ਮਾਅਰਕੇ ਦੀ ਕਹਾਣੀ ਨਹੀਂ ਲਿਖੀ ਗਈ ਅਸਲ ਵਿੱਚ ਕਾਫੀ ਸਾਲਾਂ ਤੋਂ ਪੰਜਾਬੀ ਕਹਾਣੀ ਵਿੱਚ ਖੜੋਤ ਹੈ ਜਦ ਕਿ ਕਹਾਣੀ ਪੰਜਾਬੀ ਸਾਹਿਤ ਦੀ ਅਜਿਹੀ ਵਿਧਾ ਹੈ ਜਿਸ ਨੂੰ ਸਭ ਤੋਂ ਵੱਧ ਪੜ੍ਹਿਆ ਤੇ ਲਿਖਿਆ ਜਾਂਦਾ ਹੈ ਤੇ ਪੰਜਾਬੀ ਸਾਹਿਤ ਵਿੱਚ ਕਹਾਣੀ ਹੀ ਅਜਿਹੀ ਵਿਧਾ ਹੈ ਜੋ ਭਾਰਤੀ ਸਮਕਾਲੀ ਸਾਹਿਤ ਨੂੰ ਮੁਕਾਬਲਾ ਦੇਣ ਦੇ ਕਾਬਲ ਹੈ ਇਸ ਵਲੋਂ ਹੁਣ ਅਸੀਂ ਪਿੱਛੇ ਰਹਿੰਦੇ ਜਾ ਰਹੇ ਹਾਂ

ਕਰੋਨਾ-ਵਾਇਰਸ ਕਾਰਨ ਜ਼ਿੰਦਗੀ ਵਿੱਚ ਆਈ ਖੜੋਤ ਦਾ ਅਸਰ ਸੋਸ਼ਲ ਮੀਡੀਏ ਉਪਰ ਘੱਟ ਪਿਆ ਹੈ ਸਗੋਂ ਫੇਸਬੁੱਕ ਤੇ ਸੋਸ਼ਲ ਮੀਡੀਏ ਦੀਆਂ ਹੋਰ ਸ਼ਾਖਾਵਾਂ ਪਹਿਲਾਂ ਨਾਲੋਂ ਵੀ ਸਰਗਰਮ ਰਹੀਆਂ ਹਨ ਹੁਣ ਤਾਂ ਪੰਜਾਬੀ ਸਾਹਿਤ ਵੀ ਦੋ ਧਾਰਾਵਾਂ ਵਿੱਚ ਵੰਡ ਹੋ ਗਿਆ ਜਾਪਦਾ ਹੈ ਫੇਸਬੁੱਕੀ ਸਾਹਿਤ ਤੇ ਗੰਭੀਰ ਸਾਹਿਤ ਫੇਸਬੁੱਕ ਵਿੱਚ ਤੱਤਫੱਟ ਜਵਾਬ ਮਿਲਦਾ ਹੈ ਜਵਾਬ ਮੰਗਣ ਵਾਲੇ ਤੇ ਜਵਾਬ ਦੇਣ ਵਾਲੇ ਦੋਵੇਂ ਹੀ ਕਾਹਲੇ ਹੁੰਦੇ ਹਨ, ਗੰਭੀਰਤਾ ਹੱਥੋਂ ਕਿਰ ਜਾਂਦੀ ਹੈ ਸਾਹਿਤ ਦਾ ਨੁਕਸਾਨ ਤਾਂ ਹੋਣਾ ਹੀ ਹੋਇਆ ਗੰਭੀਰ ਪਾਠਕ ਇਕ ਕਿਸਮ ਨਾਲ ਚੁੱਪ ਕਰ ਗਿਆ ਹੈ

ਕਰੋਨਾ ਵਾਇਰਸ ਨੇ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਹੋਈ ਹੈ ਜਿਸ ਬਾਰੇ ਹਾਲੇ ਤੱਕ ਸਹੀ ਸਮਝ ਨਹੀਂ ਬਣ ਸਕੀ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਸ ਬਾਰੇ ਢੇਰ ਸਾਰਾ ਸਾਹਿਤ ਰਚ ਧਰਿਆ ਗਿਆ ਹੈ ਖਾਸ ਕਰਕੇ ਕਵਿਤਾ ਕਿਸੇ ਹਾਦਸੇ ਦਾ ਤੁਹਾਡੀ ਸੰਵੇਦਨਾ ਦਾ ਹਿੱਸਾ ਬਣਨ ਨੂੰ ਸਮਾਂ ਲਗਦਾ ਹੈ ਉਹ ਸਮਾਂ ਲਏ ਬਿਨਾਂ ਜਦ ਲੇਖਕ ਉਸ ਬਾਰੇ ਲਿਖਦਾ ਹੈ ਤਾਂ ਉਸ ਵਿੱਚ ਕਚਿਆਈ ਰਹਿ ਜਾਂਦੀ ਹੈ

ਸ਼ਬਦ ਦੇ ਹਥਲੇ ਅੰਕ ਦੀਆਂ ਕਹਾਣੀਆਂ ਦੀ ਚੋਣ ਹਿੰਦੀ ਅਤੇ ਪੰਜਾਬੀ ਦੇ ਵਿਦਵਾਨਾਂ ਨੇ ਕੀਤੀ ਹੈ ਹਰ ਕਹਾਣੀ ਬਾਰੇ ਆਲੋਚਕਾਂ ਵੱਲੋਂ ਪਰਚੇ ਵੀ ਲਿਖੇ ਗਏ ਹਨ ਉਮੀਦ ਹੈ ਇਹ ਪਾਠਕਾਂ ਲਈ ਲਾਹੇਵੰਦ ਹੋਣਗੇ

**-ਹਰਜੀਤ ਅਟਵਾਲ**



## 2020 ਵਿੱਚ ਛਪੀਆਂ ਪੰਜਾਬੀ ਕਹਾਣੀਆਂ

### ਕਹਾਣੀ ਧਾਰਾ—

ਜਨਵਰੀ — ਮਾਰਚ

ਆਊਟ ਸਾਈਡਰ / ਜਿੰਦਰ
ਮਿੱਟੀ ਨਹੀਂ ਮਰਦੀ / ਮੇਜਰ ਮਾਂਗਟ
ਕੇਸਰ ਦਾ ਕੁੰਦਨ / ਕਰਨੈਲ ਵਜੀਰਾਬਾਦ
ਸੁਪਨੇ ਵੇਚਣ ਵਾਲਾ / ਸ਼ੀਤਲ ਰਾਮ ਬੰਗਾ
ਹੋਣੀ / ਪ੍ਰੀਤਮ ਸਿੰਘ ਕੈਂਥੋ

ਅਪ੍ਰੈਲ—ਸਤੰਬਰ

ਕੋਈ ਵੀ ਤਾਂ ਨਹੀਂ / ਨਿਰੰਜਣ ਬੋਹਾ
ਸੁਪਨੇ, ਰਿਸ਼ਤੇ ਅਤੇ ਜ਼ਿੰਦਗੀ / ਇਛੂਪਾਲ
ਜਿਉਂਦਾ ਰਹਿ ਵੇ ਬਚੜਿਆ / ਗੁਰਮੀਤ ਕੜਿਆਲਵੀ
ਕੀ ਕਿਹਾ ਭਰਜਾਈ? / ਨਰਿੰਦਰ ਕੌਰ ਭੱਚੂ
ਬਣਵਾਸ / ਕਰਮਜੀਤ ਸਿੰਘ ਨਡਾਲਾ
ਗੋਲਡਨ ਅੱਖਰ /ਬਲਬੀਰ ਕੌਰ ਰੀਹਲ
ਹੈਪੀ ਬਰਥਡੇ ਪਾਪਾ / ਗੁਰਮੀਤ ਬਿਰਦੀ
ਪੈਦਲ / ਗੁਰਿੰਦਰ ਸਿੰਘ

ਅਕਤੂਬਰ—ਦਸੰਬਰ

ਛਣ ਛਣ/ਭਗਵੰਤ ਰਸੂਲਪੁਰੀ

### ਹੁਣ

ਜਨਵਰੀ ਅਪ੍ਰੈਲ

ਭਾਰਤ ਰਤਨ / ਗੁਰਦੇਵ ਸਿੰਘ ਰੁਪਾਣਾ
ਕੀੜੀਆਂ ਦਾ ਭੋਣ / ਕਿਰਪਾਲ ਕਜ਼ਾਕ
ਬੇਬੀਘਰ / ਗੁੱਲ ਚੌਹਾਨ
ਚੱਲ ਟਿਮ ਹੌਰਟਨ ਚੱਲੀਏ / ਗੁਰਮੀਤ ਕੜਿਆਲਵੀ
ਦਲਾਲ ਸਾਹਿਬ ਦਿੱਤਾ / ਰਾਕੇਸ਼ ਰਮਨ

ਤਾਏ ਕੇ / ਦਵਿੰਦਰ ਸਿੰਘ ਮਲਹਾਂਸ

**ਵਾਹਗਾ ਅੰਕ ਦਸ**
ਦਾਇਰੇ / ਬਲਵਿੰਦਰ ਸਿੰਘ ਬਰਾੜ
ਅਗਰਬੱਤੀ / ਕੇ. ਸੀ. ਮੋਹਨ
ਫਿਰ ਵੀ / ਰਾਕੇਸ਼ ਰਮਨ
ਆਪਣੇ ਹਿੱਸੇ ਦਾ ਅਸਮਾਨ / ਅਰਵਿੰਦਰ ਕੌਰ ਧਾਰੀਵਾਲ
ਵਿਰਾਸਤ / ਸਿਮਰਨ ਧਾਲੀਵਾਲ

**ਪ੍ਰਵਚਨ**
**ਜਨਵਰੀ - ਮਾਰਚ**
ਕ੍ਰਿਸਮਸ ਈਵ / ਸੰਤੋਖ ਧਾਲੀਵਾਲ
ਵਰ੍ਹੇ ਗੰਢ ਮੁਬਾਰਕ / ਹਰਜੀਤ ਅਟਵਾਲ
ਵਰਜਿਤ ਫਲ / ਕੁਲਜੀਤ ਮਾਨ
ਉਹ ਰਾਤ / ਹਰਪ੍ਰੀਤ ਸੇਖਾ
ਭਾਰ / ਬਲਬੀਰ ਕੌਰ ਸੰਘੇੜਾ

**ਅਪ੍ਰੈਲ - ਜੂਨ**
ਊਧਮ ਸਿੰਘ ਦੀ ਜੱਸੀ / ਮਨਮੋਹਨ ਬਾਵਾ
ਸਾਡੇ ਹਿੱਸੇ ਦਾ ਹਿੰਦੁਸਤਾਨ / ਅਤਰਜੀਤ

**ਜੁਲਾਈ- ਸਤੰਬਰ**
ਤੂੰ ਇੰਜ ਨਾ ਕਰੀਂ / ਨਿਰੰਜਣ ਬੋਹਾ
ਜ਼ੀਰਾ ਆਲੂ / ਬਲਬੀਰ ਪਰਵਾਨਾ

**ਰਾਗ**
**ਜਨਵਰੀ-ਅਪ੍ਰੈਲ**
ਕਤਰਾ ਕਤਰਾ ਮੌਤ / ਬਲਬੀਰ ਪਰਵਾਨਾ
ਕਿਸੇ ਪਾਤਰ ਦੀ ਉਡੀਕ ਵਿੱਚ / ਬਲੀਜੀਤ
ਤੀਸਰੀ ਖਿੜਕੀ / ਨਿਰੰਜਣ ਬੋਹਾ
ਬੇਫਿਕਰ ਹੋ ਕੇ ਬੈਠ / ਮੁਖਤਿਆਰ ਸਿੰਘ
ਮਤ ਸ਼ਰਮਿੰਦਾ ਬੀਵਹੀ / ਡਾ ਅਰਵਿੰਦਰ ਕੌਰ ਧਾਲੀਵਾਲ

**ਮਈ-ਦਸੰਬਰ**



ਰਬਾਬੀ / ਸਰਘੀ
ਗੜ੍ਹੀ ਪਠਾਣਾਂ / ਅਜਮੇਰ ਸਿੱਧੂ
ਅਹੋਤ ਰੁਬ / ਗੁਰਮੀਤ ਪਨਾਗ
ਰੱਬ ਜੀ / ਗੁਰਮੀਤ ਕੜਿਆਲਵੀ

ਵੱਡਾ ਜੋਗੀ / ਜਸਬੀਰ ਕਲਸੀ ਧਰਮਕੋਟ
ਇਵੇਂ ਠੀਕ ਨਹੀਂ ਰੂਪਾਂ / ਡਾ. ਕਰਮਜੀਤ ਸਿੰਘ ਨਡਾਲਾ
ਪੱਗ / ਮਨਦੀਪ ਸਿੰਘ ਡਡਿਆਣਾ

**ਸਿਰਜਣਾ**
**ਜਨਵਰੀ-ਮਾਰਚ**
ਰੇਸ਼ੂ ਨੰਬਰ ਵਨ / ਪ੍ਰੇਮ ਗੋਰਖੀ
ਦਰੋਣਾਚਾਰੀਆ / ਗੁਰਮੀਤ ਕੜਿਆਲਵੀ
ਸੁਪਨਾ / ਹਰਜਿੰਦਰ ਸਿੰਘ ਸੂਰੇਵਾਲੀਆ
ਰੰਗ ਮਜੀਠੀ / ਰਾਕੇਸ਼ ਰਮਨ

**ਅਪ੍ਰੈਲ-ਜੂਨ**
ਸੱਥਰ / ਹਰਪ੍ਰੀਤ ਸਿੰਘ ਚੰਨੂੰ
ਭੁੱਖ / ਤੌਕੀਰ ਚੌਗਤਾਈ
ਬਰਲਿਨ ਦੀ ਦੀਵਾਰ / ਮੁਖਤਿਆਰ ਸਿੰਘ
ਹੰਝੂ ਹਮੇਸ਼ਾ ਖਾਰੇ ਨਹੀਂ ਹੁੰਦੇ / ਰਵੀ ਸ਼ੇਰਗਿੱਲ

**ਜੁਲਾਈ-ਸਤੰਬਰ**
ਨੋਵਲ ਕਮੀਨਾ / ਕੇਸਰਾ ਰਾਮ
ਸੰਦੂਖ / ਸਿਮਰਨ ਧਾਰੀਵਾਲ
ਰੀਟ੍ਰੀਟ / ਹਰਪ੍ਰੀਤ ਸੇਖਾ
ਪਿਆਰੇ ਵਿਕਟਰ / ਸ਼ਸ਼ੀ ਸਮੁੰਦਰਾ
ਇਕੱਲੀ ਮਿਆਨ ਮੈਂ ਕੀ ਕਰਨੀ / ਗੁਰਪ੍ਰੀਤ

ਗੰਦਲਾਂ / ਜਤਿੰਦਰ ਸਿੰਘ ਹਾਂਸ
ਗੁੱਡ ਮੌਰਨਿੰਗ / ਜਰਨੈਲ ਸਿੰਘ ਸੇਖਾ
ਇਕ ਸੱਚੇ ਕਾਮਰੇਡ ਦਾ ਇਕਲਾਪਾ / ਬਲਬੀਰ ਪਰਵਾਨਾ
ਜਿਸ ਤਨ ਲਾਗੇ / ਪ੍ਰੇਮ ਮਾਨ

ਸੁੱਚਾ ਗੁਲਾਬ / ਅਮਰਜੀਤ ਕੌਰ ਪੰਨੂੰ

**ਸ਼ਬਦ**
**ਜਨਵਰੀ-ਮਾਰਚ**
ਗਰਦਾਵਰੀ / ਪ੍ਰੇਮ ਪ੍ਰਕਾਸ਼
ਦੂਰੀਆਂ / ਜਿੰਦਰ
ਠਹਿਰੇ ਪਲ / ਦੀਪਤੀ ਬਬੂਟਾ

**ਅਪ੍ਰੈਲ-ਜੂਨ**
ਗਤੀ / ਸੰਦੀਪ ਸਮਰਾਲਾ
ਭੁੱਖ ਇਉਂ ਸਾਹ ਲੈਂਦੀ ਹੈ / ਦੀਪਤੀ ਬਬੂਟਾ
ਚੀਸ / ਅਨੇਮਨ ਸਿੰਘ
ਹਥੇਲੀ 'ਤੇ ਰੱਖਿਆ ਸੂਰਜ / ਆਗਾਜ਼ਬੀਰ
ਵਪਾਰ / ਮਕਸੂਦ ਸਾਕਿਬ
ਲੋਹ ਕਣ / ਮਕਸੂਦ ਸਾਕਿਬ
ਸ਼ੇਖ ਟਹਿਣੀ / ਅਸ਼ਰਾ ਵਕਾਰ
ਜੁੱਤੀ ਛਪਾਈ / ਆਸ਼ਿਫ਼ ਮਹਿਮੂਦ
ਇਕ ਦਿਨ ਤੈਨੂੰ ਸੁਪਨਾ ਦੀਸਨ ਗਲੀਆਂ ਬਾਬਲ ਵਾਲੀਆਂ / ਨਿਸਾਰ ਖ਼ਾਨ
ਨੰਗਾ ਸਾਈਂ / ਨਈਮ ਸਾਧੂ

**ਜੁਲਾਈ-ਸਤੰਬਰ**
ਜੂਲੀ ਦੇ ਵੱਸ / ਪ੍ਰੇਮ ਪ੍ਰਕਾਸ਼
ਮਸਤ / ਹਰਜੀਤ ਅਟਵਾਲ
ਬੇਅਦਬੀ / ਬਲਦੇਵ ਢੀਂਡਸਾ
ਮੂਨ ਲਾਈਟ / ਗੋਵਰਧਨ ਗੱਬੀ
ਸਾਂਵਲੀ ਕੁੜੀ / ਸਿਮਰਨ ਧਾਲੀਵਾਲ
ਜ਼ੀਰੋ / ਗੁਰਮੀਤ ਆਰਿਫ

**ਅੱਖਰ**
**ਲੌਕਾਊਨ ਅੰਕ**
ਆਖਿਰ ਉਹ ਹਾਰ ਗਿਆ / ਅਰਵਿੰਦਰ ਧਾਲੀਵਾਲ

**ਏਕਮ**
**ਜਨਵਰੀ-ਮਾਰਚ**
ਮੋਰ ਘੁੱਗੀਆਂ / ਮੁਖਤਾਰ ਗਿੱਲ
ਫਿਨਿਸ਼ਿੰਗ ਟੱਚ / ਮੀਤ ਖਟੜਾ
ਲਹੂ ਦਾ ਰੰਗ / ਤੇਜਿੰਦਰ ਸਿੰਘ ਫਰਵਾਹੀ
ਬਿਸਕੁਟ / ਸੁਰਿੰਦਰ ਕੌਰ

**ਅਪ੍ਰੈਲ-ਸਤੰਬਰ**
ਹੋਰ ਵੰਡ ਨਹੀਂ / ਨਿਰੰਜਣ ਬੋਹਾ
ਹੁਣ ਘਰਾਂ ਨੂੰ ਪਰਤਣਾ ਮੁਸ਼ਕਿਲ ਬੜਾ ਏ / ਦਵਿੰਦਰ ਸਿੰਘ ਮਲਹਾਂਸ
ਕੁਆਰ ਗੰਦਲ / ਅਰਵਿੰਦਰ ਕੌਰ ਧਾਲੀਵਾਲ
ਧੋਬੀ ਪਟਕਾ / ਅਮਰਜੀਤ ਸਿੰਘ ਮਾਨ
ਪਾਪ ਦਾ ਪਰਛਾਵਾਂ / ਵਿਪਨ ਗਿੱਲ
ਉਜੜੇ ਪਲਾਂ ਦੀਆਂ ਖੇਤੀਆਂ / ਕੰਵਲ ਪਹਿਲਗਾਮੀ
ਛੁੱਟੀ / ਡਾ. ਪ੍ਰਵੀਨ ਠਾਕੁਰ

**ਅਕਤੂਬਰ-ਦਸੰਬਰ**
ਪਾਕਿਸਤਾਨੀ ਪੰਜਾਬੀ ਕਹਾਣੀ ਵਿਸ਼ੇਸ਼-ਅੰਕ
ਸਮਕਾਲੀ ਸਾਹਿਤ
ਜਨਵਰੀ-ਮਾਰਚ
ਨੰਦੇੜ ਐਕਸਪ੍ਰੈਸ / ਮਨਮੋਹਨ ਬਾਵਾ
ਮੁਲਾਕਾਤ / ਰਣਜੀਤ ਸਿੰਘ

**ਅਪ੍ਰੈਲ-ਜੂਨ**
ਹੈਲੋ ਪੈਡੀ / ਜਸਬੀਰ ਭੁੱਲਰ
ਤਪਸ਼ / ਸੁਰਿੰਦਰ ਸਿੰਘ ਉਬਰਾਏ
ਇੱਦਾਂ ਹੀ / ਬਲਵਿੰਦਰ ਸਿੰਘ ਬਰਾੜ
ਮੈਂ ਤਿਲਕ ਗਿਆ ਸਾਂ / ਤੌਕੀਰ ਚੁਗਤਾਈ
ਨਹੀਂ, ਮੈਂ ਨਹੀਂ ਆਵਾਂਗਾ / ਰੁਪਿੰਦਰ ਰੁਪਾਲ ਕੌਲਗੜ

**ਜੁਲਾਈ-ਸਤੰਬਰ**
ਨਸਲਘਾਤ/ਜਸਬੀਰ ਰਾਣਾ

**ਅਕਤੂਬਰ-ਦਸੰਬਰ**
ਕਵਣੁ ਦੇਸ ਹੈ ਤੇਰਾ/ਕੇਸਰਾ ਰਾਮ

ਪੰਜਾਬੀ ਟ੍ਰਿਬਿਊਨ ਸਾਲ 2020 ਵਿਚ ਛਪੀਆ ਕਹਾਣੀਆਂ

| ਮਿਤੀ | ਕਹਾਣੀ ਦਾ ਨਾਂ | ਲੇਖਕ ਦਾ ਨਾਂ |
|---|---|---|
| 5 ਜਨਵਰੀ 2020 | ਗੋਰਖ ਧੰਦਾ | ਜਗਮੀਤ ਸਿੰਘ ਪੰਧੇਰ |
| 12 ਜਨਵਰੀ 2020 | ______ | |
| 20 ਜਨਵਰੀ 2020 | ਪਾਰਸ | ਡਾ. ਸੁਖਵਿੰਦਰ |
| 26 ਜਨਵਰੀ 2020 | ਆਜ਼ਾਦੀਆਂ | ਸੁਖਮਿੰਦਰ ਸੇਖੋਂ |
| 2 ਫਰਵਰੀ 2020 | ਡਾਇਨਾਸੋਰ | ਅਜਮੇਰ ਸਿੱਧੂ |
| 9 ਫਰਵਰੀ 2020 | ਅਜੇ ਆਪਾ ਏਨੇ ਨੀ ਮਾੜੇ | ਅਨੇਮਨ ਸਿੰਘ |
| 16 ਫਰਵਰੀ 2020 | ਨਿਆਂ | ਰਾਕੇਸ਼ ਰਮਨ |
| 23 ਫਰਵਰੀ 2020 | ਮੌਸਮ ਠੀਕ ਨਹੀਂ | ਪ੍ਰਗਟ ਸਿੰਘ ਸਤੌਜ |
| 1 ਮਾਰਚ 2020 | _____ | |
| 15 ਮਾਰਚ 2020 | ਲਾਂਘਾ | ਤੌਕੀਰ ਚੁਗ਼ਤਾਈ |
| 22 ਮਾਰਚ 2020 | ਪਛਾਣ | ਕੇ. ਐਲ. ਗਰਗ |
| 29 ਮਾਰਚ 2020 | ਮੇਲਾ | ਸਿਮਰਨ ਧਾਲੀਵਾਲ |
| 5 ਅਪ੍ਰੈਲ 2020 | ਰੱਬ ਤੇ ਰੁੱਤਾਂ | ਦਲੀਪ ਕੌਰ ਟਿਵਾਣਾ |
| 19 ਅਪ੍ਰੈਲ 2020 | ਨੀਲੇ ਮੋਰਾਂ ਵਾਲੀ ਚਾਦਰ | ਡਾ. ਅਰਵਿੰਦਰ ਕੌਰ ਧਾਲੀਵਾਲ |
| 10 ਮਈ 2020 | ਜਿਉਂਦਾ ਰਹਿ ਵੇ ਬਚੜਿਆ | ਗੁਰਮੀਤ ਕਲਿਆੜਵੀ |
| 17 ਮਈ 2020 | ਜੜ੍ਹ | ਦਿਓਲ ਪਰਮਜੀਤ |
| 24 ਮਈ 2020 | ਚੱਕਰਵਿਊ | ਗੁਰਮੀਤ ਆਰਿਫ਼ |
| 31 ਮਈ 2020 | ਹੱਥ | ਰਾਕੇਸ਼ ਰਮਨ |
| 7 ਜੂਨ 2020 | ਇਕਲਾਪਾ | ਗੁਰਮੀਨ ਕੌਰ |
| 14 ਜੂਨ 2020 | ਉਲੰਘਣਾ | ਹਰਵਿੰਦਰ ਸਿੰਘ ਰੋਡੇ |
| 21 ਜੂਨ 2020 | ਛੱਤ | ਰਾਕੇਸ਼ ਰਮਨ |
| 28 ਜੂਨ 2020 | ਚੀਸ | ਅਨੇਮਨ ਸਿੰਘ |
| 5 ਜੁਲਾਈ 2020 | ਜਿਊਣਾ ਮਰਨਾ | ਗੋਵਰਧਨ ਗੱਬੀ |
| 19 ਜੁਲਾਈ 2020 | ਜੀਤਾ | ਐਸ. ਸਾਕੀ |
| 26 ਜੁਲਾਈ 2020 | ਸਾਂਵਲੀ ਕੁੜੀ | ਸਿਮਰਨ ਧਾਲੀਵਾਲ |
| 2 ਅਗਸਤ 2020 | ਗਰਦਿਸ਼ | ਅਰਵਿੰਦਰ ਕੌਰ ਧਾਲੀਵਾਲ |
| 9 ਅਗਸਤ 2020 | ਰੁੱਤ ਫਿਰੀ ਵਣ ਕੰਬਿਆ | ਦੀਪ ਦਵਿੰਦਰ ਸਿੰਘ |
| 23 ਅਗਸਤ 2020 | ਬੰਦੇ ਦਾ ਪੁੱਤ | ਭੋਲਾ ਸਿੰਘ ਸੰਘੇੜਾ |
| 30 ਅਗਸਤ 2020 | ਨੀਲੀ ਛੱਤ ਵਾਲਾ | ਬਲਜੀਤ ਕੌਰ ਟਹਿਣਾ |
| 6 ਸਤੰਬਰ 2020 | ਅੱਗ ਬੰਨ੍ਹਣ ਵਾਲਾ | ਜਤਿੰਦਰ ਹਾਂਸ |
| 13 ਸਤੰਬਰ 2020 | ਬਜ਼ਾਰੂ ਮਰਦ | ਗੁਰਮੀਨ ਕੌਰ |
| 20 ਸਤੰਬਰ 2020 | ਓਪਰੀ ਹਵਾ | ਅੰਮ੍ਰਿਤ ਕੌਰ |
| 27 ਸਤੰਬਰ 2020 | ਕੈਰਮ ਬੋਰਡ | ਦਰਸ਼ਨ ਜੋਗਾ |
| 4 ਅਕਤੂਬਰ 2020 | ਯੋਧਾ | ਗੁਰਮੀਤ ਆਰਿਫ਼ |
| 11 ਅਕਤੂਬਰ 2020 | ਖੜੂਸ ਪਾਪ | ਕੁਲਵਿੰਦਰ ਬਿੱਟੂ |
| 18 ਅਕਤੂਬਰ 2020 | ਹਾਰੀਂ ਨਾ ਬਚਨਿਆ | ਗੁਰਮੀਤ ਕੜਿਆਲਵੀ |



## ਕਿਸੇ ਪਾਤਰ ਦੀ ਉਡੀਕ ਵਿਚ...

(2020 ਦੀਆਂ ਚੋਣਵੀਆਂ ਕਹਾਣੀਆਂ)

ਸੰਪਾਦਕ : ਅਨੇਮਨ ਸਿੰਘ

1 ਗੜ੍ਹੀ ਪਠਾਣਾ/ਅਜਮੇਰ ਸਿੱਧੂ
2 ਚੀਸ/ਅਨੇਮਨ ਸਿੰਘ
3 ਜੇਬ ਕਤਰੀ/ਅਰਵਿੰਦਰ ਧਾਲੀਵਾਲ
4 ਪੁੱਠੇ ਪੈਰੀਆਂ/ਅੰਜਨਾ ਸ਼ਿਵਦੀਪ
5 ਰਬਾਬੀ/ਸਰਘੀ
6 ਗਤੀ/ਸੰਦੀਪ ਸਮਰਾਲਾ
7 ਮਸਤ/ਹਰਜੀਤ ਅਟਵਾਲ
8 ਕਵਣੁ ਦੇਸ ਹੈ ਤੇਰਾ/ਕੇਸਰਾ ਰਾਮ
9 ਜ਼ੀਰੋ/ਗੁਰਮੀਤ ਆਰਿਫ਼
10 ਰੱਬ ਜੀ/ਗੁਰਮੀਤ ਕੜਿਆਲਵੀ
11 ਦੂਰੀਆਂ/ਜਿੰਦਰ
12 ਭੁੱਖ ਇਉਂ ਵੀ ਸਾਹ ਲੈਂਦੀ ਹੈ/ਦੀਪਤੀ ਬਬੂਟਾ
13 ਜਿਸ ਤਨ ਲਾਗੇ/ਪ੍ਰੇਮ ਮਾਨ
14 ਕਿਸੇ ਪਾਤਰ ਦੀ ਉਡੀਕ ਵਿਚ..../ਬਲੀਜੀਤ

## ਸੰਪਾਦਕ : ਸੁਕੀਰਤ

1 ਗੜ੍ਹੀ ਪਠਾਣਾ/ਅਜਮੇਰ ਸਿੱਧੂ
2 ਆਖ਼ਿਰ ਉਹ ਹਾਰ ਗਿਆ/ਅਰਵਿੰਦਰ ਕੌਰ ਧਾਲੀਵਾਲ
3 ਮਹਿਕਦੀ ਚੂੰਢੀ/ਸਾਂਵਲ ਧਾਮੀ
4 ਉਹ ਰਾਤ/ਹਰਪ੍ਰੀਤ ਸੇਖਾ
5 ਸੱਥਰ/ਹਰਪ੍ਰੀਤ ਸਿੰਘ ਚੰਨੂ
6 ਮਸਤ/ਹਰਜੀਤ ਅਟਵਾਲ
7 ਨੋਵਲ ਕਮੀਨਾ ਵਾਇਰਸ/ਕੇਸਰਾ ਰਾਮ
8 ਭਾਰਤ ਰਤਨ/ਗੁਰਦੇਵ ਸਿੰਘ ਰੁਪਾਣਾ
9 ਦਾਇਰੇ/ਬਲਵਿੰਦਰ ਸਿੰਘ ਬਰਾੜ
10 ਛਣ ਛਣ/ਭਗਵੰਤ ਰਸੂਲਪੁਰੀ

# ਭਾਰਤ ਰਤਨ/ ਗੁਰਦੇਵ ਸਿੰਘ ਰੁਪਾਣਾ

ਉਸ ਦਾ ਨਾਂ ਰਤਨ ਸਿੰਘ ਸੀ। ਗ਼ਰੀਬ ਸੀ ਇਸ ਲਈ ਲੋਕ ਉਸ ਨੂੰ ਰਤਨਾ ਕਹਿੰਦੇ ਸਨ। ਰਤਨਾ ਉਹਨੂੰ ਚੰਗਾ ਨਹੀਂ ਸੀ ਲਗਦਾ। ਉਹਨੇ ਆਪਣਾ ਨਾਂਅ ਭਾਰਤ ਰਤਨ ਪਾ ਲਿਆ। ਉਹ ਭਾਰਤ ਰਤਨ ਹੈ ਇਸ ਦੇ ਹੱਕ ਵਿਚ ਉਹਦੇ ਕੋਲ ਵਜ਼ਨੀ ਦਲੀਲਾਂ ਸਨ। ਇੰਡੀਆ, ਯਾਨੀ ਭਾਰਤ ਵਿਚ ਉਸ ਦਾ ਜਨਮ ਹੋਇਆ ਸੀ। ਜਦੋਂ ਤੋਂ ਉਸ ਨੇ ਹੋਸ਼ ਸੰਭਾਲੀ ਸੀ ਉਹਨੂੰ ਹਰ ਰੋਜ਼ ਦੱਸਿਆ ਜਾਂਦਾ ਸੀ ਉਹਦੇ ਕੋਲ ਸ਼ਕਤੀਸ਼ਾਲੀ ਹਥਿਆਰ ਹੈ-ਵੋਟ। ਇਸ ਵੋਟ ਨਾਲ ਉਹ ਕਿਸੇ ਵੀ ਪਪਲੂ ਨੂੰ ਰਾਜਾ ਬਣਾ ਸਕਦਾ ਹੈ। ਇਕ ਤਰ੍ਹਾਂ ਉਹ ਰਾਜਿਆਂ ਦਾ ਰਾਜਾ ਹੈ। ਇੰਡੀਆ ਯਾਨੀ ਭਾਰਤ ਦਾ ਉਹ ਤਾਕਤਵਰ ਅੰਗ ਸੀ। ਭਾਰਤ ਦੇਸ਼ ਦਾ ਰਤਨ ਇਹ ਗੱਲ ਉਸ ਨੇ ਏਨੀ ਵਾਰ ਸੁਣੀ ਸੀ ਕਿ ਹੁਣ ਫਿੱਕੀ ਜਿਹੀ ਲੱਗਣ ਲੱਗ ਪਈ ਸੀ। ਮਜ਼ਾਕ ਜਿਹਾ ਲੱਗਣ ਲੱਗ ਪਈ ਸੀ।

ਬੇਸ਼ੱਕ ਉਸ ਨੇ ਆਪਣਾ ਨਾਂਅ ਭਾਰਤ ਰਤਨ ਮਜ਼ਾਕ-ਮਜ਼ਾਕ ਵਿਚ ਪਾ ਲਿਆ ਸੀ, ਪਰ ਕਿਸੇ ਹੋਰ ਨੂੰ ਇਸ ਨਾਂਅ ਦਾ ਮਜ਼ਾਕ ਨਹੀਂ ਸੀ ਉਡਾਣ ਦਿੱਤਾ। ਕਈ ਵਾਰ ਝਗੜਾ ਹੁੰਦੇ-ਹੁੰਦੇ ਬਚਿਆ ਸੀ।

ਇਕ ਵਾਰ ਮਲਿਕ ਨਾਨਕ ਚੰਦ, ਚਾਰ ਪੰਜ ਦੋਸਤਾਂ ਨਾਲ ਆਪਣੀ ਹਵੇਲੀ ਅੱਗੇ ਬਣੇ ਥੜ੍ਹੇ ਉੱਤੇ ਬੈਠਾ ਸੀ। ਕੁੱਲੇ ਵਾਲੀ ਤੁੱਲੇਦਾਰ ਪਗੜੀ, ਸੋਨੇ ਦੇ ਬਟਨਾਂ ਵਾਲੀ ਵਾਸਕਟ, ਖੁੱਲ੍ਹੇ ਘੇਰੇ ਵਾਲੀ ਚਿੱਟੀ ਲੱਠੇ ਦੀ ਸਲਵਾਰ, ਤਿੱਲੇਦਾਰ ਖੋਸੀ ਜੁੱਤੀ, ਪੂਰਾ ਸ਼ਹਿਨਸ਼ਾਹ ਜਾਪਦਾ ਸੀ। ਪੂਰੇ ਜ਼ਿਲ੍ਹੇ ਵਿਚ ਉਸ ਦੇ ਸ਼ਰਾਬ ਦੇ ਠੇਕੇ ਸਨ। ਲੋਕ ਉਸ ਨੂੰ ਸ਼ਰਾਬ ਦਾ ਬਾਦਸ਼ਾਹ ਕਿਹਾ ਕਰਦੇ ਸਨ। ਤੇ ਇਕ ਖ਼ੂਬੀ ਹੋਰ ਜਿਸ ਕਰਕੇ ਉਹ ਬਹੁਤ ਮਸ਼ਹੂਰ ਹੋ ਗਿਆ ਸੀ। ਉਹ ਬਹੁਤ ਵੱਡਾ ਦਾਨੀ ਸੀ। ਹਰ ਰੋਜ਼ ਉਹ ਸਵੇਰੇ-ਸਵੇਰੇ ਗੁਰਦੁਆਰੇ ਜਾਂਦਾ। ਇਕੀ ਸੌ ਰੁਪਏ ਮੱਥਾ ਟੇਕਦਾ। ਵੇਖ ਕੇ ਲੋਕ ਧੰਨ-ਧੰਨ ਕਰਦੇ। ਥੜ੍ਹੇ ਦੇ ਇਕ ਪਾਸੇ ਉਸ ਦੇ ਜਵਾਨ ਹੋ ਰਹੇ ਦੋ ਪੋਤਰੇ ਵੀ ਬੈਠੇ ਸਨ। ਉਨ੍ਹਾਂ ਨੇ ਰਤਨ ਨੂੰ ਵੇਖ ਲਿਆ। ਜਦ ਉਹ ਉਨ੍ਹਾਂ ਦੀ ਗੱਲਬਾਤ ਦੀ ਜ਼ਦ ਵਿਚ ਆ ਗਿਆ ਤਾਂ ਵੱਡੇ ਨੇ ਬੋਲਣਾ ਸ਼ੁਰੂ ਕਰ ਦਿੱਤਾ।

"ਤੈਨੂੰ ਪਤਾ ਜੇ ਰਤਨ ਕੀ ਹੁੰਦਾ ਏ?"

"ਕੋਈ ਮਹਿੰਗੀ ਚੀਜ਼ ਹੁੰਦੀ ਹੋਵੇਗੀ!" ਛੋਟੇ ਨੇ ਕਿਹਾ।

"ਮੈਂ ਦੱਸਦਾ ਵਾਂ। ਰਤਨ ਸਭ ਤੋਂ ਮਹਿੰਗਾ ਪੱਥਰ ਹੁੰਦਾ ਜੇ-ਰੂਬੀ। ਪੁਰਾਣੇ ਜ਼ਮਾਨੇ ਵਿਚ ਬਾਦਸ਼ਾਹਾਂ ਕੋਲ ਹੁੰਦੇ ਸੀ। ਰਤਨ ਨੂੰ ਲਾਅਲ ਵੀ ਕਹਿੰਦੇ ਨੇ।" ਵੱਡੇ ਨੇ ਦੱਸਿਆ।

ਰਤਨ ਸਮਝ ਗਿਆ-ਮਲਿਕ ਪੁੱਤਰ ਕਿੱਥੋਂ ਬੋਲ ਰਿਹਾ ਹੈ।

"ਸੋਨਾ ਚਾਂਦੀ। ਹੀਰੇ ਮੋਤੀ ਘਰਾਂ ਵਿਚ ਜ਼ਨਾਨੀਆਂ ਸੰਭਾਲ ਕੇ ਰੱਖਦੀਆਂ ਨੇ। ਘਰੇ ਪੁੱਛ ਕੇ ਆ ਜੇ ਕੋਈ ਸੰਭਾਲਣ ਵਾਲੀ ਬਣੀ ਤਾਂ ਰਤਨ ਮੁਫ਼ਤ ਵਿਚ ਮਿਲ ਸਕਦਾ- ਸਭ ਤੋਂ ਮਹਿੰਗਾ ਰਤਨ।"

"ਬਸ ਸੰਭਾਲ ਚੰਗੀ ਕਰਨੀ ਪਵੇਗੀ।"



ਰਤਨ ਨੇ ਉੱਚੀ ਆਵਾਜ਼ ਵਿਚ ਕਿਹਾ ਤਾਂ ਜੋ ਵੱਡਾ ਮਲਿਕ ਵੀ ਸੁਣ ਲਵੇ-ਤੇ ਵੱਡੇ ਮਲਿਕ ਨੇ ਸੁਣ ਵੀ ਲਿਆ।

"ਕਿਉਂ ਗੰਦ ਵਿਚ ਵੱਟੇ ਮਾਰਦੇ ਜੇ-ਛੱਟੇ ਹੀ ਪੈਣਗੇ।" ਮਲਿਕ ਨੇ ਆਪਣੇ ਪੋਤਰੇ ਨੂੰ ਕਿਹਾ।

"ਗੰਦ ਉੱਤੇ ਗੰਦ ਦੇ ਛੱਟੇ ਪੈ ਵੀ ਜਾਣਗੇ ਤਾਂ ਕੋਈ ਫ਼ਰਕ ਨਹੀਂ ਪੈਂਦਾ।" ਰਤਨ ਨੇ ਜਵਾਬ ਦਿੱਤਾ।

ਸ਼ਰਾਬ ਦੇ ਸ਼ਹਿਨਸ਼ਾਹ, ਮਹਾਂਦਾਨੀ ਜੋ ਮਲਿਕ ਵੀ ਸੀ ਤੇ ਮਾਲਕ ਵੀ। ਉਸ ਦੇ ਸਾਹਮਣੇ ਗਲੀ ਦਾ ਕਚਰਾ ਬੋਲ ਰਿਹਾ ਸੀ-ਭਿਖਾਰੀ ਕਿਸਮ ਦਾ ਆਦਮੀ।

ਸ਼ਹਿਨਸ਼ਾਹ ਨੂੰ ਗੁੱਸਾ ਆ ਗਿਆ। ਉਹ ਖੜ੍ਹਾ ਹੋ ਗਿਆ ਤੇ ਪੈਰ 'ਚੋਂ ਜੁੱਤੀ ਲਾਹੁਣ ਲੱਗਾ। ਦੋਸਤਾਂ ਨੇ ਉਸ ਨੂੰ ਫੜ ਲਿਆ।

"ਤੂੰ ਜਾਨੈਂ ਕਿ ਜੁੱਤੀਆਂ ਖਾ ਕੇ ਜਾਵੇਂਗਾ।" ਮਲਿਕ ਨੇ ਧਮਕੀ ਦਿੱਤੀ।

"ਲਾਲਾ ਜੇ ਤੂੰ ਦੋ ਮਾਰੇਂਗਾ ਤਾਂ ਇਕ ਮੈਂ ਵੀ ਮਾਰ ਦਿਆਂਗਾ। ਇਕ ਨਾਲ ਹੀ ਤੂੰ ਸ਼ਹਿਰ ਛੱਡਣ ਜੋਗਾ ਹੋ ਜੇਂ ਗਾ-ਅਸੀਂ ਤਾਂ ਜੁੱਤੀਆਂ ਖਾਂਦੇ ਹੀ ਵੱਡੇ ਹੋਏ ਆਂ...ਕਿਤੇ ਭੁਲੇਖੇ ਵਿਚ ਨਾ ਰਹੀਂ।" ਰਤਨ ਆਕੜ ਕੇ ਖੜ੍ਹਾ ਹੋ ਗਿਆ।

ਏਨੀ ਗੱਲ ਸੁਣਦਿਆਂ ਹੀ ਸ਼ਰਾਬ ਦੇ ਸ਼ਹਿਨਸ਼ਾਹ ਨੂੰ ਅਕਲ ਆ ਗਈ। ਉਹ ਢਿੱਲਾ ਪੈ ਗਿਆ। ਉਸ ਦੇ ਦੋਸਤਾਂ ਨੇ ਰਤਨ ਨੂੰ ਕਿਹਾ "ਜਾਹ ਬਈ ਹੁਣ ਜਾਹ ਆਪਣਾ ਕੰਮ ਕਰ।"

"ਮੈਂ ਸਰਕਾਰੀ ਸੜਕ ਉੱਤੇ ਖੜ੍ਹਾ ਹਾਂ- ਕਿਸੇ ਦੇ ਘਰ ਵਿਚ ਨਹੀਂ ਖੜੋਤਾ।" ਰਤਨ ਨੇ ਕਿਹਾ।

"ਚੰਗਾ ਖੜ੍ਹਾ ਰਹਿ।"

ਇਕ ਮਿੰਟ ਤੱਕ ਕੋਈ ਵੀ ਨਾ ਬੋਲਿਆ। ਰਤਨ ਜਿਵੇਂ ਜਾਣਾ ਨਾ ਚਹੁੰਦਾ ਹੋਵੇ, ਹੌਲੀ-ਹੌਲੀ ਤੁਰ ਪਿਆ।

ਰਤਨ ਬਾਰੇ ਸ਼ਹਿਰ ਵਿਚ ਗੱਲ ਫੈਲ ਗਈ ਕਿ ਉਹ ਬਹੁਤ ਕੱਬਾ ਹੈ। ਛੋਟੀ-ਛੋਟੀ ਗੱਲ 'ਤੇ ਲੜਨ ਲਈ ਤਿਆਰ ਹੋ ਜਾਂਦਾ ਹੈ। ਉਹਨੂੰ ਵੱਡੇ ਛੋਟੇ ਦਾ ਕੋਈ ਲਿਹਾਜ਼ ਨਹੀਂ -ਬਦਤਮੀਜ਼।

ਲੋਕ ਉਸ ਤੋਂ ਦੂਰ ਰਹਿਣ ਲੱਗ ਪਏ।

।।।ਤੇ ਹੁਣ। ਹੁਣ ਤਾਂ ਲੋਕ ਉਸ ਨੂੰ ਵੇਖ ਕੇ ਰਸਤਾ ਛੱਡ ਦਿੰਦੇ ਸਨ। ਉਹ ਨੇੜੇ ਆਉਂਦਾ ਤਾਂ ਨੱਕ ਉਤੇ ਰੁਮਾਲ ਰੱਖ ਲੈਂਦੇ ਸਨ। ਢਾਬਿਆਂ ਵਾਲੇ ਉਹਨੂੰ ਅੰਦਰ ਬਿਠਾ ਚਾਹ ਨਹੀਂ ਸਨ ਪਿਲਾਉਂਦੇ। ਲੜਾਕੂ ਸੁਭਾਅ ਜਾਂ ਉਸ ਦੀ ਬਦਤਮੀਜ਼ੀ ਤੋਂ ਡਰ ਕੇ ਨਹੀਂ, ਸਗੋਂ ਉਸ ਦੇ ਕੱਪੜਿਆਂ ਵਿਚੋਂ ਆਣ ਵਾਲੀ ਬਦਬੂ ਤੋਂ ਬਚਣ ਲਈ। ਇਹ ਸਿਲਸਿਲਾ ਉਦੋਂ ਸ਼ੁਰੂ ਹੋਇਆ, ਜਦ ਤੋਂ ਉਸ ਨੇ ਕਬਾੜੀ ਦਾ ਕੰਮ ਛੱਡ ਕੇ ਗਿੱਲੀਆਂ ਹੱਡੀਆਂ ਦਾ ਕੰਮ ਸ਼ੁਰੂ ਕਰ ਲਿਆ ਸੀ। ਕੱਚੀਆਂ ਹੱਡੀਆਂ ਦੀ ਚਰਬੀ ਕੱਪੜਿਆਂ ਨੂੰ ਲੱਗਦੀ ਰਹਿੰਦੀ। ਰਸਤਿਆਂ ਦੀ ਗਰਦ ਉੱਡ ਉੱਡ ਕੇ ਉੱਤੇ ਪੈਂਦੀ

ਰਹਿੰਦੀ ਤੇ ਜੰਮ ਜਾਂਦੀ। ਕੱਪੜੇ ਆਕੜ ਕੇ ਖ਼ੱਲ ਵਰਗੇ ਹੋ ਜਾਂਦੇ, ਤੇ ਮੋਏ ਡੰਗਰਾਂ ਦੀ ਬਦਬੂ ਛੱਡਦੇ। ਲੋਕ ਉਸ ਨੂੰ ਵੇਖ ਕੇ ਨੱਕ ਉੱਤੇ ਰੁਮਾਲ ਰੱਖ ਲੈਂਦੇ। ਪਾਸਾ ਵੱਟ ਕੇ ਲੰਘ ਜਾਂਦੇ। ਕਈ ਕੱਚੀ ਤਬੀਅਤ ਵਾਲੇ ਉਬਾਕੀਆਂ ਲੈਣ ਲੱਗਦੇ। ਇਕ ਪਾਸੇ ਥੁੱਕਦੇ ਤੇ ਉਸ ਤੋਂ ਦੂਰ ਹੋ ਜਾਂਦੇ।

"ਸਾਲੇ ਕੀ ਪਖੰਡ ਕਰਦੇ ਨੇ।" ਵੇਖ਼ ਕੇ ਰਤਨ ਖੁਸ਼ ਹੁੰਦਾ।

ਉਸ ਦੀ ਹਾਲਤ ਵੇਖ ਕੇ ਕਈ ਲੋਕ ਉਸ ਨੂੰ ਵਿਚਾਰਾ ਕਹਿ ਦਿੰਦੇ। ਉਹਦੇ ਉੱਤੇ ਤਰਸ ਖਾਂਦੇ। ਸੁਣ ਕੇ ਰਤਨ ਨੂੰ ਗੁੱਸਾ ਆ ਜਾਂਦਾ।

"ਸਾਲੇ ਵਿਚਾਰੇ ਦੇ, ਮੈਨੂੰ ਵਿਚਾਰਾ ਦੱਸਦੇ ਆਂ...ਮੇਰੇ ਉੱਤੇ ਤਰਸ ਕਰਦੇ ਆਂ...ਚੰਗਾ ਖਾਂਦੇ ਆਂ ਮਾੜਾ ਬੋਲਦੇ ਆਂ...ਐਸ਼ ਕਰਦੇ ਆਂ...ਕਿਸੇ ਸਾਲੇ ਦਾ ਕੁਛ ਦੇਣਾ ਨ੍ਹੀਂ...ਕਦੇ ਕਿਸੇ ਤੋਂ ਕੁਛ ਮੰਗਿਆ ਨ੍ਹੀਂ...ਇੱਜ਼ਤ ਦੀ ਰੋਟੀ ਖਾਂਦੇ ਆਂ...ਆਪਣੀ ਕਮਾਈ ਦੀ- ਸਾਲੇ।"

ਸ਼ਸ਼

ਹੱਡੀਆਂ ਦੀ ਟਾਲ ਉੱਚੀ ਹੋ ਗਈ ਸੀ, ਪਹਾੜ ਵਰਗੀ। ਵੇਖ-ਵੇਖ ਕੇ ਬਾਰੂ ਦਾ ਦਿਲ ਖੁਸ਼ੀ ਨਾਲ ਉੱਛਲ ਰਿਹਾ ਸੀ। ਅੱਜ ਭਲਕ ਟਰੱਕ ਆਣ ਵਾਲਾ ਸੀ। ਟਰੱਕ ਮਤਲਬ ਨਗ਼ਦ ਪੈਸੇ। ਜੇਬਾਂ ਭਰੀਆਂ ਜਾਣਗੀਆਂ।

ਬਹੁਤ ਸਾਰੇ ਲੋਕਾਂ ਨਾਲ ਬਾਰੂ ਵੀ ਕਮੇਟੀ ਦੀ ਥਾਂ ਤੋਂ ਉਜਾੜਿਆ ਗਿਆ ਸੀ। ਜਿਸ ਥਾਂ ਉੱਤੇ ਬਾਰੇ ਤੇ ਰਤਨ ਵਰਗੇ ਲੋਕਾਂ ਦੀਆਂ ਝੁੱਗੀਆਂ ਸਨ, ਕਮੇਟੀ ਨੇ ਉਹ ਥਾਂ ਕਿਸੇ ਹੋਰ ਵੱਡੀ ਕੰਪਨੀ ਨੂੰ ਵੇਚ ਦਿੱਤੀ। ਕੰਪਨੀ ਉੱਥੇ ਕਈ ਮੰਜ਼ਿਲਾਂ ਮਾਲ ਬਣਾਏਗੀ। ਜਿੱਥੇ ਹਰ ਕਿਸਮ ਦਾ ਮਾਲ ਵਿਕਿਆ ਕਰੇਗਾ। ਬਸ ਜੇਬ੍ਹ ਵਿਚ ਪੈਸੇ ਹੋਣੇ ਚਾਹੀਦੇ ਹਨ।

"ਕੰਪਨੀ ਦਾ ਮਾਲ ਪਤਾ ਨ੍ਹੀਂ ਬਣੇਗਾ ਜਾਂ ਨਹੀਂ, ਆਪਣੀ ਟਾਲ ਬਣਗੀ।" ਸੋਚ ਕੇ ਬਾਰੂ ਖੁਸ਼ ਹੁੰਦਾ।

ਬਾਰੂ ਨੇ ਹੱਡੀਆਂ ਦੀ ਟਾਲ ਰੇਲਵੇ ਦੀ ਜ਼ਮੀਨ ਉੱਤੇ ਆਊਟਰ ਸਿਗਨਲ ਜ਼ਮੀਨ ਦੇ ਕੋਲ ਬਣਾਈ ਸੀ। ਕਈ ਵਾਰ ਗੱਡੀ ਆਊਟਰ ਸਿਗਨਲ ਉੱਤੇ ਰੁਕਦੀ ਤਾਂ ਮੁਸਾਫ਼ਰਾਂ ਵਿਚ ਅਫ਼ਰਾ-ਤਫ਼ਰੀ ਮੱਚ ਜਾਂਦੀ। ਖਿੜਕੀਆਂ ਬੰਦ ਹੋਣ ਲੱਗਦੀਆਂ। ਨੱਕ ਢਕੇ ਜਾਂਦੇ। ਟਾਲ ਖਾਲੀ ਹੁੰਦੀ ਤਾਂ ਧਰਤੀ ਸਲ੍ਹਾਬੀ ਜਿਹੀ ਲਗਦੀ ਜਿਵੇਂ ਮੀਂਹ ਪੈ ਕੇ ਹਟਿਆ ਹੋਵੇ। ਉਦੋਂ ਵੀ ਧਰਤੀ ਵਿਚੋਂ ਬਦਬੂ ਉੱਠਦੀ ਤੇ ਚਾਰੇ ਪਾਸੇ ਫੈਲ ਜਾਂਦੀ, ਤੇ ਕਿਸੇ ਨੂੰ ਉੱਥੇ ਖੜ੍ਹਾ ਨਾ ਹੋਣ ਦਿੰਦੀ। ਕੋਲ ਹੀ ਕਿਸੇ ਪਿੰਡ ਨੂੰ ਜਾਣ ਵਾਲੀ ਲਿੰਕ ਰੋਡ ਸੀ-ਬਿਨਾਂ ਕਰਮਚਾਰੀਆਂ ਦੇ ਫਾਟਕ। ਉਥੇ ਆ ਕੇ ਲੰਘਣ ਵਾਲਿਆਂ ਦੀ ਚਾਲ ਤੇਜ਼ ਹੋ ਜਾਂਦੀ। ਬਾਰੂ ਨੂੰ ਹੱਡੀਆਂ ਵਿਚ ਫਿਰਦਾ ਤੇ ਨਲਕੇ 'ਤੇ ਨਹਾਉਂਦਾ ਵੇਖ ਕੇ ਲੋਕ ਹੈਰਾਨ ਹੁੰਦੇ। ਪਰ ਬਾਰੂ ਦਾ ਨੱਕ ਮਰ ਚੁੱਕਿਆ ਸੀ।

"ਕੁਸ਼ ਨਾ ਕੁਸ਼ ਤਾਂ ਕੁਰਬਾਨੀ ਦੇਣੀ ਪੈਂਦੀ ਆ।" ਬਾਰੂ ਸੋਚਦਾ।



ਬਾਰੂ ਸਵੇਰ ਦਾ ਬਹੁਤ ਖੁਸ਼ ਸੀ। ਇਸ ਲਈ ਉਹ ਗੱਲਾਂ ਕਰਨਾ ਚਾਹੁੰਦਾ ਸੀ। "ਰਤਨ ਵੀ ਹਾਲੇ ਆਇਆ ਮਰਿਆ ਨਹੀਂ।" ਅੱਜ ਉਨ੍ਹਾਂ ਨੇ ਸ਼ਰਾਬ ਦੀ ਭੱਠੀ ਲਾਉਣੀ ਸੀ ਤੇ ਮੌਜਾਂ ਕਰਨੀਆਂ ਸਨ।

ਪਹਿਲਾਂ ਬਾਰੂ ਸ਼ਰਾਬ ਠੇਕੇ ਤੋਂ ਲੈ ਕੇ ਆਉਂਦਾ। 'ਕੱਲਾ ਬੈਠ ਕੇ ਸ਼ਾਮ ਨੂੰ ਪੀਂਦਾ। ਫੇਰ ਉਹ ਰਤਨ ਨੂੰ ਨਾਲ ਬਿਠਾਣ ਲੱਗ ਪਿਆ। ਕਿਹਾ ਤਾਂ ਉਸ ਨੇ ਕਈ ਲੋਕਾਂ ਨੂੰ ਸੀ ਪਰ ਟਾਲ 'ਤੇ ਆਣ ਲਈ ਕੋਈ ਤਿਆਰ ਨਾ ਹੋਇਆ। ਇਹ ਰਤਨ ਦਾ ਖ਼ਿਆਲ ਸੀ ਕਿ ਦਾਰੂ ਆਪਣੀ ਬਣਾਈ ਜਾਵੇ-ਚੰਗੀ ਤੇ ਸਸਤੀ। ਪਰ ਬਾਰੂ ਪੁਲਸ ਦੀ ਮਾਰ ਤੋਂ ਡਰਦਾ ਸੀ। ਸ਼ਹਿਰ ਦੇ ਵਿਚ ਭੱਠੀ ਲਾਉਣਾ ਬਹੁਤ ਖ਼ਤਰੇ ਦਾ ਕੰਮ ਸੀ। ਪੰਜ ਮਿੰਟਾਂ ਵਿਚ ਪੁਲਸ ਪਹੁੰਚ ਸਕਦੀ ਸੀ। ਕਿਸੇ ਨੇ ਜ਼ਮਾਨਤ ਵੀ ਨਹੀਂ ਕਰਵਾਉਣੀ। ਆਪਣੇ ਵਰਗੇ 'ਭਾਰਤ ਰਤਨਾਂ' ਨੂੰ ਕੌਣ ਜਾਣਦਾ ਹੈ- ਮਸਾਂ-ਮਸਾਂ ਦਿਨ ਫਿਰੇ ਸਨ, ਸੁੱਖ ਨਾਲ ਚਾਰ ਪੈਸੇ ਆਉਣ ਲੱਗੇ ਸਨ। ਖ਼ਤਰਾ ਲੈਣ ਦੀ ਕੋਈ ਲੋੜ ਨਹੀਂ।

ਰਤਨ ਨੇ ਉਹਨੂੰ ਦੱਸਿਆ "ਬਾਰੂ ਸੇਠ ਪੁਲਸ ਨੂੰ ਪਤਾ ਤਾਂ, ਤਾਂ ਲੱਗੂ ਜਦੋਂ ਤੀਜੇ ਬੰਦੇ ਨੂੰ ਪਤਾ ਲੱਗੇਗਾ- ਜੇ ਆਪਾਂ ਵੇਚਦੇ ਹੋਈਏ। ਜਿਸ ਸਾਲੇ ਨੂੰ ਉਧਾਰ ਨਾ ਦਿੱਤੀ ਉਹੀ, ਖ਼ਬਰੀ ਬਣ ਜਾਂਦਾ...ਨਾਲੇ ਤੂੰ ਆਪਣੀ ਟਾਲ 'ਤੇ ਕੋਲ ਖੜ੍ਹੀ ਛੱਪਰੀ ਨੂੰ ਕੋਈ ਮਾਮੂਲੀ ਚੀਜ਼ ਨਾ ਸਮਝ। ਇਹ ਤੇਰਾ ਲਾਲ ਕਿਲਾ ਹੈਗਾ...ਹੱਡੀਆਂ ਦੀ ਬਦਬੂ ਦਾ ਮੁਕਾਬਲਾ ਫ਼ੌਜ ਨਹੀਂ ਕਰ ਸਕਦੀ...ਕੋਈ ਬੰਦਾ ਏਥੇ ਇਕ ਮਿੰਟ ਨਹੀਂ ਖੜ੍ਹਾ ਹੋ ਸਕਦਾ। ਪੁਲਸ ਵਿਚਾਰੀ ਏਧਰ ਮੂੰਹ ਵੀ ਨਹੀਂ ਕਰੇਗੀ।" ਬਾਰੂ ਨੂੰ ਉਸ ਦਾ ਸੁਝਾਅ ਪਸੰਦ ਆ ਗਿਆ।

ਉਨ੍ਹਾਂ ਨੇ ਆਪਣਾ ਨਵਾਂ ਟਾਈਮ ਟੇਬਲ ਬਣਾਇਆ। ਬਦਬੂ ਜਦ ਆਪਣੇ ਪੂਰੇ ਜ਼ੋਬਨ 'ਤੇ ਹੁੰਦੀ, ਟਾਲ ਦੂਰੋਂ ਟਿੱਬੇ ਵਾਂਗ ਦਿਖਾਈ ਦੇਣ ਲਗਦੀ, ਕੋਲੋਂ ਦੀ ਲੰਘਣ ਵਾਲੇ ਤੇਜ਼ੀ ਨਾਲ ਰਸਤਾ ਪਾਰ ਕਰਨ ਲਗਦੇ। ਉਨ੍ਹਾਂ ਦਿਨਾਂ ਵਿਚ ਉਹ ਭੱਠੀ ਲਾਉਂਦੇ। ਅੱਜ ਉਹ ਭਾਗਾਂ ਭਰਿਆ ਦਿਹਾੜਾ ਆ ਗਿਆ ਸੀ। ਰਤਨ ਵੀ ਆਣ ਵਾਲਾ ਸੀ। ਹਾਂਡੀ ਪੱਕੇਗੀ, ਸ਼ਰਾਬ ਦੀਆਂ ਚੁਸਕੀਆਂ ਲੱਗਣਗੀਆਂ, ਰਾਤ ਜਸ਼ਨ ਵਰਗੀ ਹੋਵੇਗੀ, ਮੌਜਾਂ ਹੀ ਮੌਜਾਂ।

ਰਤਨ ਆ ਗਿਆ, ਭਾਰਤ ਰਤਨ। ਉਸ ਨੇ ਇਕ ਬੋਰੀ ਦਾ ਮਗਰਾ ਮਾਰਿਆ ਹੋਇਆ ਸੀ। ਜਿਸ ਵਿਚ ਲੱਕੜਾਂ ਸਨ, ਪਾਥੀਆਂ ਸਨ ਤੇ ਰੋਟੀਆਂ ਵਾਲਾ ਥੈਲਾ ਸੀ। ਥੈਲਾ ਉਸ ਨੇ ਛੱਪਰ ਦੀ ਥੰਮ੍ਹੀ ਨਾਲ ਟੰਗ ਦਿੱਤਾ ਤੇ ਆਪ ਮੰਜੀ ਉੱਤੇ ਬੈਠ ਗਿਆ।

"ਬਾਰੂ ਸੇਠ... ਬੈਠਦਿਆਂ ਹੀ ਰਤਨ ਨੇ ਬੋਲਣਾ ਸ਼ੁਰੂ ਕਰ ਦਿੱਤਾ। ਜਿਵੇਂ ਪਹਿਲਾਂ ਹੀ ਤਿਆਰ ਹੋ ਕਿ ਆਇਆ ਹੋਵੇ।"

"ਆਪਾਂ ਨੂੰ ਦਾਰੂ ਪੀਣੀ ਆਉਂਦੀ ਐ, ਨਾ-ਪੀਣੀ ਨਹੀਂ ਆਉਂਦੀ।"

"ਆਪਾਂ ਨੂੰ ਤੇਰੀ ਗੱਲ ਸਮਝ ਨਹੀਂ ਆਈ-ਨਿੱਤ ਨਵੀਆਂ ਕੱਢ ਕੇ ਲਿਆਉਨਾਂ ਪਤਾ ਨਹੀਂ ਕਿੱਥੋਂ- ਨਾ ਪੀਣੀ ਨਹੀਂ ਆਉਂਦੀ। ਇਹ ਵੀ ਕੋਈ ਗੱਲ ਹੋਈ।" ਬਾਰੂ ਨੇ ਕਿਹਾ।

"ਯਾਦ ਕਰ ਪਿਛਲੀ ਵਾਰ ਕੀ ਹੋਇਆ ਸੀ?" ਰਤਨ ਨੇ ਪੁੱਛਿਆ।

"ਹੋਣਾ ਕੀ ਸੀ...ਦਾਰੂ ਪੀਤੀ ਸੀ, ਦਾਰੂ ਕੱਢੀ ਸੀ...ਸੂਰ ਖਾਧਾ ਸੀ ਤੇ ਸੌਂ ਗਏ ਸਾਂ।" ਬਾਰੂ ਬੋਲਿਆ।

"ਆਪਾਂ ਪੀਣੀ ਸ਼ੁਰੂ ਕੀਤੀ...ਪੀਂਦੇ ਰਹੇ...ਪੀਂਦੇ ਰਹੇ...ਵਾਧੂ ਹੋ ਗਏ...ਪਰ ਬੰਦ ਕਰਨਾ ਭੁੱਲ ਗਏ। ਗੱਲ ਕੋਈ ਸ਼ੁਰੂ ਕਰਦੇ ਸਾਂ, ਖ਼ਤਮ ਕੋਈ ਕਰਦੇ ਸਾਂ। ਸਾਰੀ ਰਾਤ ਉੱਘ ਦੀਆਂ ਪਤਾਲ ਮਾਰਦੇ ਰਹੇ। ਕੰਮ ਦੀ ਗੱਲ ਇਕ ਵੀ ਨਹੀਂ ਕੀਤੀ। ਹੁਣ ਸਮਝ ਗਿਐਂ ਨਾ ਪੀਣੀ ਨਹੀਂ ਆਉਂਦੀ।"

"ਦਾਰੂ ਸਿਰ ਘਮਾਉਣ ਵਾਸਤੇ ਤਾਂ ਪੀਂਦੇ ਆ ਲੋਕ...ਹੋਰ ਕਿਸ ਵਾਸਤੇ।" ਬਾਰੂ ਨੇ ਕਿਹਾ।

"ਏਸੇ ਕਰਕੇ ਤਾਂ ਆਪਾਂ ਤਰੱਕੀ ਨਹੀਂ ਕਰਦੇ...ਅੱਗੇ ਨਹੀਂ ਵਧਦੇ...ਸਮਝਦਾਰ ਲੋਕ ਦਾਰੂ ਪੀਂਦੇ ਵੀ ਕੰਮ ਦੀ ਗੱਲ ਕਰਦੇ ਆ...ਅਕਲ ਦੀ ਗੱਲ।" ਰਤਨ ਨੇ ਕਿਹਾ।

"ਯਾਰ ਤੂੰ ਕਰ ਲਵੀਂ ਅਕਲ ਦੀ ਗੱਲ।" ਬਾਰੂ ਖਿਝ ਗਿਆ।

"ਸੁਣ ਫੇਰ। ਆਪਾਂ ਨੂੰ ਲੋਕ ਹੱਡ ਖਾਨਾ ਕਹਿੰਦੇ ਆ। ਕਿਉਂ? ਅਸੀਂ ਹੱਡੀਆਂ ਦਾ ਕੰਮ ਜੋ ਕਰਦੇ ਆਂ। ਲੋਕ ਜਿਸ ਚੀਜ਼ ਤੋਂ ਦੂਰ ਨੱਠਦੇ ਆ। ਅਸੀਂ ਉਹਦੇ ਵਿਚ ਰਹਿੰਦੇ ਆਂ...ਸਾਨੂੰ ਇਹਦੇ ਤੋਂ ਰੋਟੀ ਮਿਲਦੀ ਐ...ਆਜ਼ਾਦੀ ਮਿਲੀ ਹੋਈ ਐ...ਮਰਜ਼ੀ ਦੇ ਮਾਲਕ ਹਾਂ। ਫੇਰ ਕਿਉਂ ਨਾ ਏਸ ਕੰਮ ਨੂੰ ਵਧਾਇਆ ਜਾਵੇ। ਚਾਰ ਪੈਸੇ ਜੋੜ ਕੋਈ, ਇਜ਼ਤਦਾਰ ਕੰਮ ਫੜੀਏ। ਲੋਕ ਸੇਠ ਜੀ-ਸੇਠ ਜੀ ਕਹਿੰਦੇ ਫਿਰਨ...।" ਰਤਨ ਨੇ ਆਪਣੀ ਗੱਲ ਰੱਖੀ।

"ਪਰ ਵਧਾਵਾਂਗੇ ਕਿਵੇਂ?" ਬਾਰੂ ਨੇ ਪੁੱਛਿਆ।

"ਮੈਰਿਜ ਪੈਲਸ ਵਿਚ ਕਦੇ ਵਿਆਹ ਹੁੰਦਾ ਵੇਖਿਐ? ਦੋ-ਦੋ ਹਜ਼ਾਰ ਬੰਦੇ ਹੁੰਦੇ ਨੇ ਰੋਟੀ ਖਾਣ ਵਾਲੇ। ਘੱਟੋ ਘੱਟ ਦੋ ਕਿਸਮ ਦਾ ਮੀਟ ਹੁੰਦੈ-ਬੱਕਰਾ। ਤੂੰ ਦੱਸ ਕਦੇ ਬੱਕਰੇ ਫਿਰਦੇ ਵੇਖੇ ਐ? "ਨਹੀਂ। ਮੈਂ ਵੀ ਨਹੀਂ ਵੇਖੇ। ਫਿਰ ਕਿੱਥੋਂ ਆਉਂਦਾ ਐਨਾ ਬੱਕਰੇ ਦਾ ਮੀਟ...?" ਰਤਨ ਨੇ ਗੱਲ ਅਧੂਰੀ ਛੱਡ ਦਿੱਤੀ।

ਬਾਰੂ ਉੱਠ ਕੇ ਦਾਰੂ ਦੀ ਬੋਤਲ, ਗਲਾਸ ਤੇ ਪਾਣੀ ਲੈ ਆਇਆ।

ਚੁੱਪ-ਚਾਪ ਪੈੱਗ ਪਾ ਲਏ ਤੇ ਦੋਹਾਂ ਨੇ ਇਕੋ ਸਾਹ ਵਿਚ ਅੰਦਰ ਸੁੱਟ ਲਏ।

ਰਤਨ ਨੇ ਪੁੱਛਿਆ, "ਹੁਣ ਦੱਸ ਕਿੱਥੋਂ ਆਉਂਦੇ ਨੇ ਐਨੇ ਬੱਕਰੇ?"

"ਮਰੀਕੀ ਵੱਛੇ ਤੇ ਗਾਵਾਂ ਵੇਖੇ ਹੋਣਗੇ ਅਵਾਰਾ ਫਿਰਦੇ। ਫਸਲਾਂ ਉਜਾੜਦੇ। ਜੱਟ ਅੱਜਕੱਲ੍ਹ ਗੜੇ ਪੈਣ ਤੋਂ ਐਨਾ ਨਹੀਂ ਡਰਦੇ ਜਿੰਨਾ ਇਹ ਅਵਾਰਾ ਪਸ਼ੂਆਂ ਤੋਂ। ਰਾਤ ਭਰ ਜਾਗ-ਜਾਗ ਕੇ ਪਹਿਰਾ ਦਿੰਦੇ ਨੇ।" ਰਤਨ ਨੇ ਕਿਹਾ।

"ਆਪਾਂ ਕੀ ਲੈਣਾ ਇਨ੍ਹਾਂ ਡੰਗਰਾਂ ਤੋਂ, ਫਿਰਦੇ ਰਹਿਣ।" ਬਾਰੂ ਰਤਨ ਦਾ ਇਸ਼ਾਰਾ ਜਾਣ ਬੁੱਝ ਕੇ ਸਮਝ ਨਹੀਂ ਸੀ ਰਿਹਾ।

"ਇਹ ਡੰਗਰ ਨਹੀਂ। ਨੋਟ ਨੇ ਨਿਰੇ ਨੋਟ।" ਰਤਨ ਨੇ ਆਵਾਜ਼ ਨੀਵੀਂ ਕਰ ਲਈ।



ਬਾਰੂ ਨੇ ਬੋਤਲ ਚੁੱਕ ਲਈ। ਰਤਨ ਨੇ ਬੋਤਲ ਆਪਣੇ ਹੱਥ ਵਿਚ ਫੜ ਲਈ "ਰੁਕ ਜਾਹ। ਅਰਾਮ ਨਾਲ ਪੀਵਾਂਗੇ...ਗੱਲ ਕਰਦੇ ਆਂ ਯਾਰ।"

"ਗੱਲ ਵੀ ਕਰ ਲਾਂਗੇ, ਪਹਿਲਾਂ ਥੋੜ੍ਹਾ ਸਰੂਰ ਤਾਂ ਆ ਲਵੇ।" ਬਾਰੂ ਨੇ ਬੋਤਲ ਉਹਦੇ ਹੱਥ ਵਿਚੋਂ ਲੈਣ ਦਾ ਯਤਨ ਕੀਤਾ।

"ਕਮਲੇ ਹੋ ਜਾਂ ਗੇ- ਬਹੁਤ ਚਿਰ ਜਾਗਣਾ ਆਪਾਂ ਅੱਜ।" ਰਤਨ ਨੇ ਉੱਠ ਕੇ ਭੱਠੀ ਤਿਆਰ ਕੀਤੀ। ਅੱਗ ਬਾਲ ਲਈ ਤੇ ਲਾਹਣ ਵਾਲਾ ਪੀਪਾ ਅੱਗ ਉੱਤੇ ਰੱਖ ਦਿੱਤਾ। ਭੱਠੀ ਕੋਲ ਬੈਠਿਆਂ ਰਤਨ ਨੇ ਲੰਡੇ ਜਿਹੇ ਪੈੱਗ ਪਾਏ ਤੇ ਦੋਹਾਂ ਨੇ ਪੀ ਲਏ। ਦਾਰੂ ਕਸ਼ੀਦ ਹੋਣ ਲੱਗ ਪਈ ਤੇ ਉਹ ਮੰਜੇ ਉੱਤੇ ਜਾ ਬੈਠਾ।

"ਬਾਰੂ ਸੇਠ ਤੂੰ ਇਕ ਕੰਮ ਕਰ। ਮੈਰਿਜ ਪੈਲਸਾਂ ਨਾਲ ਗੱਲ ਕਰ। ਫੇਰ ਵੇਖੀਂ ਨੋਟ ਹੀ ਨੋਟ ਹੋਣਗੇ-ਤੇਰੇ ਤੋਂ ਸੰਭਾਲੇ ਨਹੀਂ ਜਾਣੇ।" ਰਤਨ ਨੇ ਕਿਹਾ।

"ਨੋਟਾਂ ਦਾ ਮੀਂਹ ਪਿਆ ਕਰੇਗਾ।"

ਰਤਨ ਨੂੰ ਖਿਝ ਚੜ੍ਹਦੀ ਜਾ ਰਹੀ ਸੀ ਪਰ ਉਹਨੇ ਆਪਣੇ ਆਪ ਨੂੰ ਸੰਭਾਲ ਲਿਆ ਤੇ ਬੋਲਿਆ, "ਆਪਾਂ ਮੀਟ ਵੇਚਿਆ ਕਰਾਂਗੇ ਪੈਲਸ ਵਾਲਿਆਂ ਨੂੰ। ਹੱਡੀਆਂ ਤੇਰੀ ਟਾਲ ਤੇ ਖੱਲਾਂ ਟੈਨਰੀ ਵਾਲਿਆਂ ਨੂੰ।"

"ਹੁਣ ਆਪਾਂ ਗਊਆਂ ਵੱਢਿਆ ਕਰਾਂਗੇ...ਮੈਂ ਬਣਦਾਂ ਨਰਕਾਂ ਦਾ ਭਾਗੀ...ਨਹੀਂ।" ਬਾਰੂ ਨੇ ਕਿਹਾ।

"ਨਰਕਾਂ ਤੋਂ ਇਉਂ ਡਰਦੈਂ ਜਿਵੇਂ ਹੁਣ ਸੁਰਗਾਂ ਵਿਚ ਰਹਿ ਰਿਹਾ ਹੋਵੇਂ। ਮੈਂ ਤਾਂ ਸੁਣਿਐ, ਨਰਕਾਂ ਦੀ ਥਾਂ ਲੋਕਾਂ ਨੂੰ ਸਾਡੇ ਮੁਲਕ ਵਿਚ ਭੇਜ ਰਹੇ ਨੇ-ਨਰਕਾਂ ਵਿਚ ਭੀੜ ਬਹੁਤ ਵਧ ਗਈ ਐ, ਏਸ ਕਰਕੇ।" ਰਤਨ ਦੀ ਗੱਲ ਸੁਣ ਕੇ ਬਾਰੂ ਨੂੰ ਹਾਸਾ ਨਹੀਂ ਆਇਆ। ਪਰ ਆਪਣਾ ਡਰ ਦੱਸ ਦਿੱਤਾ।

"ਗਊਸ਼ਾਲਾ ਵਾਲੇ ਜਿਉਂਦਿਆਂ ਨੂੰ ਸਾੜ ਦੇਣਗੇ...ਗਊ ਨੂੰ ਮਾਤਾ ਸਮਝਿਆ ਜਾਂਦੈ ਏਥੇ।" ਬਾਰੂ ਬੋਲਿਆ।

"ਇਹ ਉਹ ਗਊਆਂ ਨਹੀਂ-ਮਾਤਾ ਵਾਲੀਆਂ ਗਊਆਂ, ਇਹ 'ਮਰੀਕੀ ਐ...'ਮਰੀਕਨ ਲੋਕ ਇਨ੍ਹਾਂ ਨੂੰ ਬੀਫ਼ ਕਹਿੰਦੇ ਨੇ...ਇਹ ਪਾਪ ਵਾਲੀ ਕੋਈ ਗੱਲ ਨਹੀਂ, ਵੱਧ ਤੋਂ ਵੱਧ ਆਂਟੀਆ ਕਹਿ ਲੈ, ਉਹ ਲੋਕ ਇਹਨੂੰ ਪਾਪ ਨਹੀਂ ਸਮਝਦੇ...।" ਰਤਨ ਨੇ ਕਿਹਾ।

"ਮਾਂ ਦਿਆ ਭਾਰਤ ਰਤਨਾ ਤੂੰ ਮਰਵਾਏਂਗਾ ਇਕ ਦਿਨ...।" ਬਾਰੂ ਕੋਲ ਕੋਈ ਦਲੀਲ ਨਹੀਂ ਸੀ।

ਸ਼ਸ਼

ਦੇਸੇ ਦੇ ਢਾਬੇ ਉੱਤੇ ਹਮੇਸ਼ਾ ਭੀੜ ਲੱਗੀ ਰਹਿੰਦੀ। ਮੇਲੇ ਵਰਗਾ ਮਾਹੌਲ ਰਹਿੰਦਾ।

ਢਾਬਾ ਬਹੁਤ ਖੁੱਲ੍ਹੀ ਥਾਂ ਉੱਤੇ ਬਣਿਆ ਹੋਇਆ ਸੀ। ਲੰਮੇ-ਚੌੜੇ ਛੱਪਰ ਸਨ। ਹੇਠਾਂ ਚਾਲੀ ਪੰਜਾਹ ਮੰਜੇ ਪਏ ਰਹਿੰਦੇ। ਹਰ ਮੰਜੇ ਉੱਤੇ ਇਕ ਫੱਟਾ। ਇਕ ਮੰਜੇ ਉਤੇ

ਬੈਠ ਕੇ ਇਕ ਬੰਦਾ ਰੋਟੀ ਖਾਂਦਾ। ਸਾਹਮਣੇ ਤਿੰਨ ਚਾਰ ਟਰਾਂਸਪੋਰਟ ਕੰਪਨੀਆਂ ਸਨ। ਤੀਹ ਚਾਲੀ ਟਰੱਕ ਹਰ ਵੇਲੇ ਖੜ੍ਹੇ ਰਹਿੰਦੇ। ਇਹ ਢਾਬਾ ਅਸਲ ਵਿਚ ਟਰੱਕਾਂ ਵਾਲਿਆਂ ਵਾਸਤੇ ਬਣਿਆ ਸੀ। ਜੇ ਕੋਈ ਭੁੱਲਿਆ ਚੁੱਕਿਆ ਹੋਰ ਗਾਹਕ ਆ ਜਾਂਦਾ, ਢਾਬੇ ਦੇ ਸੇਵਾਦਾਰ ਉਹਨੂੰ ਮੰਜੇ ਉੱਤੇ ਨਾ ਬੈਠਣ ਦਿੰਦੇ। ਬੈਂਚ 'ਤੇ ਬਿਠਾ ਦਿੰਦੇ। ਪੂਰਾ ਸਵਾਗਤ ਨਾ ਕਰਦੇ। ਅਜਿਹੇ ਗਾਹਕਾਂ ਦੀ ਕੰਜੂਸੀ ਉਨ੍ਹਾਂ ਨੂੰ ਚੰਗੀ ਨਾ ਲੱਗਦੀ। ਕੋਈ ਵੀ ਚੀਜ਼ ਮੰਗਵਾਉਣ ਤੋਂ ਪਹਿਲਾਂ ਉਹਦਾ ਭਾਅ ਪੁੱਛਦੇ।

ਡਰਾਈਵਰਾਂ ਕੰਡਕਟਰਾਂ ਦੀਆਂ ਟੋਲੀਆਂ ਬਣ ਜਾਂਦੀਆਂ। ਜਿਨ੍ਹਾਂ ਕੋਲ ਭੁੱਕੀ ਹੁੰਦੀ ਉਹ ਬਾਕੀਆਂ ਨਾਲ ਮਿਲ ਕੇ ਖਾਂਦੇ। ਲੰਮਾ ਗੇੜਾ ਲਾ ਕੇ ਆਇਆਂ ਕੋਲ ਨਾਗਣ ਹੁੰਦੀ। ਮਾਵੇ ਵੰਡੇ ਜਾਂਦੇ। ਕਈ ਸ਼ਰਾਬ ਪੀਂਦੇ। ਫੱਕੜ ਤੋਲਦੇ, ਸ਼ੇਖੀਆਂ ਮਾਰਦੇ। ਵੱਖ-ਵੱਖ ਸ਼ਹਿਰਾਂ ਦੀਆਂ ਅਜੀਬ-ਅਜੀਬ ਗੱਲਾਂ ਬਣਾ ਕੇ ਸੁਣਾਉਂਦੇ। ਕੋਈ ਕਹਿੰਦਾ ਯੂ.ਪੀ. ਵਿਚ ਖੇਤਾਂ ਦਾ ਸਾਰਾ ਕੰਮ ਜਨਾਨੀਆਂ ਕਰਦੀਆਂ ਨੇ, ਆਦਮੀ ਪਿੰਜਰੇ ਵਾਲੀ ਮੁੰਨੀ ਦੇ ਗੀਤ ਗਾਉਂਦੇ ਰਹਿੰਦੇ ਨੇ...ਢੋਲਕੀਆਂ ਕੁੱਟੀ ਜਾਂਦੇ ਐ।

ਕੋਈ ਹੋਰ ਕਹਿੰਦਾ-"ਖੇਤ ਬੰਨ੍ਹੇ ਤਾਂ ਤੀਵੀਆਂ ਜਾਂਦੀਆਂ ਹੀ ਰਹਿੰਦੀਆਂ ਨੇ। ਅਸਾਮ ਵਾਲਿਆਂ ਨੇ ਜਨਾਨੀਆਂ ਦੁਕਾਨਾਂ 'ਚ ਬਿਠਾ ਰੱਖੀਆਂ ਨੇ।"

"ਤੇਰੇ ਵਰਗੇ ਤਾਂ ਫੇਰ ਸਾਰਾ ਦਿਨ ਦੁਕਾਨ 'ਤੇ ਫਿਰਦੇ ਰਹਿੰਦੇ ਹੋਣਗੇ।"

ਸਾਰੇ ਹੱਸ ਪੈਂਦੇ।

"ਭਗਤਾ ਤੂੰ ਵੀ ਸੁਣਾ ਕੋਈ ਗੱਲ।" ਕੋਈ ਕਹਿੰਦਾ। ਇਸ ਢਾਬੇ ਆਣ ਵਾਲਿਆਂ ਵਿਚ ਭਗਤ ਆਪਣੀਆਂ ਆਦਤਾਂ ਕਰਕੇ ਮਸ਼ਹੂਰ ਸੀ। ਸਵੇਰੇ ਸਵੇਰੇ ਉਹ ਪਾਠ ਕਰਦਾ। ਸ਼ਰਾਬ ਤੇ ਤੰਬਾਕੂ ਨਹੀਂ ਸੀ ਵਰਤਦਾ। ਇਸ ਲਈ ਭਗਤ ਹੋ ਗਿਆ।

"ਲਓ ਫੇਰ ਸੁਣਾ ਦਿੰਨੇ ਆ ਇਕ ਯਾਦਗਾਰੀ ਗੱਲ।" ਭਗਤ ਨੇ ਨਾਸਲ ਅਵਾਜ਼ ਵਿਚ ਕਿਹਾ, "ਮੈਂ ਇਕ ਸ਼ਹਿਰ ਵੇਖ ਕੇ ਆਇਆ ਵਾਂ, ਜਿੱਥੇ ਕੋਈ ਕੁੜੀ ਨਹੀਂ।"

"ਕਿਹੜਾ ਸ਼ਹਿਰ ਵੇਖ ਆਇਆ ਐਂ ਤੂੰ?"

"ਹੈਦਰਾਬਾਦ।"

"ਕੋਈ ਤੀਵੀਂ ਨਹੀਂ ਸ਼ਹਿਰ ਵਿਚ?"

"ਅੰਮਾ ਬਹੁਤ ਨੇ...ਰਤਨ ਅੰਮਾ, ਬਾਲ ਅੰਮਾ...ਅੰਮਾ ਹੀ ਅੰਮਾ। ਕੁੜੀ ਕੋਈ ਨਹੀਂ।" ਭਗਤ ਨੇ ਦੱਸਿਆ।

"ਓਏ ਅਸੀਂ ਕਿਤੇ ਹੈਦਰਾਬਾਦ ਗਏ ਨਹੀਂ। ਬਥੇਰੀਆਂ ਕੁੜੀਆਂ ਫਿਰਦੀਆਂ ਨੇ ਸੜਕਾਂ 'ਤੇ ਹਰਲ-ਹਰਲ ਕਰਦੀਆਂ। ਸਾੜ੍ਹੀਆਂ ਵਾਲੀਆਂ, ਜੀਨਾਂ ਵਾਲੀਆਂ, ਬੁਰਕਿਆਂ ਵਾਲੀਆਂ। ਭਗਤ ਤੂੰ ਬੁਰਕੇ ਵਾਲੀਆਂ ਵੇਖ ਲਈਆਂ ਤੇ ਸਭ ਨੂੰ ਅੰਮਾ ਸਮਝ ਲਿਆ। ਭਗਤ ਲੋਕਾਂ ਨੂੰ ਸਭ ਅੰਮਾ ਹੀ ਲਗਦੀਆਂ ਨੇ।"

"ਤੁਸੀਂ ਏਥੋਂ ਕੋਈ ਕੁੜੀ ਲੈ ਜਾਵੋ, ਜਾਂਦਿਆਂ ਹੀ ਪੋਟੀ ਬਣ ਜਾਵੇਗੀ।" ਭਗਤ ਬੋਲਿਆ।



"ਤੂੰ ਸਿੱਧਾ ਮਰ ਬਈ ਉਥੇ ਕੁੜੀ ਨੂੰ ਪੋਟੀ ਕਹਿੰਦੇ ਨੇ...ਐਵੇਂ ਪੁੱਠੇ ਚੱਕਰਾਂ 'ਚ ਪਿਆ ਫਿਰਦੈ।"

"ਸਿੱਧੀ ਵੀ ਕੋਈ ਗੱਲ ਹੁੰਦੀ ਐ। ਸਿੱਧਾ ਤਾਂ ਮਾਸਟਰ ਦਾ ਸਬਕ ਹੁੰਦੈ-ਤੁਸੀਂ ਗੱਲ ਸੁਣਾਉਣ ਵਾਸਤੇ ਕਿਹਾ ਸੀ, ਅਸੀਂ ਯਾਦਗਾਰੀ ਗੱਲ ਸੁਣਾ ਦਿੱਤੀ। ਆਪਣੀ ਤਾਂ ਆਦਤ ਹੈ ਯਾਦਗਾਰੀ ਗੱਲ ਕਰਨ ਦੀ।"

ਕਿਸੇ ਨੇ ਤੁਰਸ਼ੀ ਆਉਂਦੀ ਵੇਖ ਲਈ-"ਅਹੁ ਆ ਗਈ ਮੇਲੇ ਦੀ ਰੌਣਕ।"

ਸਭ ਦਾ ਧਿਆਨ ਸੜਕ ਵੱਲ ਗਿਆ। ਤੁਰਸ਼ੀ ਸਚਮੁੱਚ ਆ ਰਹੀ ਸੀ। ਕਾਲਾ ਗੁਲਾਬੀ ਫੁੱਲਾਂ ਵਾਲਾ ਸੂਟ, ਦੂਰ ਤੋਂ ਪਤਾ ਨਹੀਂ ਸੀ ਲਗਦਾ ਉਹਨੇ ਸਲਵਾਰ ਪਾਈ ਹੈ ਜਾਂ ਲਹਿੰਗਾ। ਤੰਗ ਕੁੜਤੀ ਵਿਚ ਫਸਿਆ ਮੋਟਾ ਸਰੀਰ। ਗੂਹੜਾ ਕਾਲਾ ਰੰਗ ਤੁਰਸ਼ੀ ਦਾ ਆਪਣਾ, ਦੂਰੋਂ ਪਤਾ ਨਹੀਂ ਸੀ ਲਗਦਾ ਕਿ ਉਹਦਾ ਸੂਟ ਕਿਥੋਂ ਸ਼ੁਰੂ ਹੁੰਦਾ ਹੈ ਤੇ ਆਪ ਕਿਥੇ ਖ਼ਤਮ ਹੁੰਦੀ ਹੈ।

"ਹੁਣ ਸੁਣਾਊਗੀ ਲਪਜ।" ਕਿਸੇ ਨੇ ਕਿਹਾ।

ਮਰਦਾਂ ਵਿਚ ਬੈਠ ਕੇ ਤੁਰਸ਼ੀ ਅਜਿਹੇ ਲਫਜ਼ ਬੋਲਦੀ ਸੀ ਜਿਸ ਤਰ੍ਹਾਂ ਦੇ ਲਫ਼ਜ਼ ਸੁਣ ਕੇ ਤੀਵੀਆਂ ਸ਼ਰਮਾ ਜਾਂਦੀਆਂ ਹਨ। ਮਰਦ ਵੀ ਔਰਤਾਂ ਦੇ ਸਾਹਮਣੇ ਅਜਿਹੇ ਲਫ਼ਜ਼ ਬੋਲਣ ਤੋਂ ਸ਼ਰਮਾ ਜਾਂਦੇ ਹਨ। ਲੋਕ ਉਸ ਦੇ ਉਹ 'ਲਪਜ' ਸੁਣ ਕੇ ਆਨੰਦ ਲੈਂਦੇ। ਤੁਰਸ਼ੀ ਆ ਕੇ ਕੁਰਸੀ ਉੱਤੇ ਬੈਠ ਗਈ। ਸਭ ਉਸ ਦੇ ਦੁਆਲੇ ਹੋ ਗਏ।

"ਕਾਪੀ ਵਿਖਾ ਨਾ ਹੁਣ।" ਕਿਸੇ ਨੇ ਕਿਹਾ।

ਤੁਰਸ਼ੀ ਨੇ ਆਪਣੀਆਂ ਕੁੜੀਆਂ ਦੀ ਐਲਬਮ ਬਣਾ ਰੱਖੀ ਸੀ। ਤਸਵੀਰਾਂ ਦੇ ਪਿਛਲੇ ਪਾਸੇ ਕੁੜੀਆਂ ਦੇ ਫੋਨ ਨੰਬਰ ਦਰਜ ਸਨ। ਉਸ ਨੂੰ ਕਿਸੇ ਨੇ ਕਾਪੀ ਕਹਿ ਦਿੱਤਾ ਸੀ।

"ਮਾਂ ਤੋਂ ਪੈਸੇ ਲੈ ਕੇ ਆਇਐਂ?...ਮੁਫ਼ਤ ਦਾ ਚਾਸਕੂ। ਆ ਜਾਂਦੇ ਆ ਮੁਫ਼ਤ ਦੇ ...।" ਤੁਰਸ਼ੀ ਨੇ ਗਾਲ੍ਹ ਕੱਢ ਕੇ ਕਿਹਾ।

"ਮਾਲ ਵੇਖ ਕੇ ਪੈਸੇ ਨਿਕਲਣਗੇ ਜੇਬਾਂ ਵਿਚੋਂ।" ਇਕ ਅਵਾਜ਼ ਆਈ।

ਇਸ ਭੀੜ ਤੋਂ ਰਤਾ ਕੁ ਹਟ ਕੇ ਦੋ ਸਜਦੇ ਫਬਦੇ ਜਵਾਨ ਰੋਟੀ ਖਾ ਕੇ ਵਿਹਲੇ ਹੋਏ ਬੈਠੇ ਸਨ। ਉਨ੍ਹਾਂ ਨੇ ਤੁਰਸ਼ੀ ਨੂੰ ਆਪਣੇ ਕੋਲ ਆਣ ਦਾ ਇਸ਼ਾਰਾ ਕਰ ਦਿੱਤਾ। ਤੁਰਸ਼ੀ ਉਠ ਕੇ ਉਨ੍ਹਾਂ ਵੱਲ ਤੁਰ ਪਈ। ਉਹ ਜਾਣਦੀ ਸੀ ਕਿ ਇਹ ਦੋਵੇਂ ਜਵਾਨ ਪੈਸੇ ਵਾਲੀਆਂ ਅਸਾਮੀਆਂ ਨੇ। ਭੀੜ ਵਿਚੋਂ ਕਿਸੇ ਨੇ ਕਿਹਾ-"ਹੁਣ ਖੁੱਲ੍ਹੇਗੀ ਕਾਪੀ।"

ਤੁਰਸ਼ੀ ਉਨ੍ਹਾਂ ਜਵਾਨਾਂ ਨੂੰ ਐਲਬਮ ਵਿਖਾਉਣ ਲੱਗ ਗਈ। ਐਲਬਮ ਵੇਖਣ ਵਾਲਿਆਂ ਦੀ ਭੀੜ ਜੁੜ ਗਈ। ਇਕ ਛੋਟੀ ਜਿਹੀ ਉਮਰ ਦਾ ਕਲੀਨਰ ਐਲਬਮ ਨੂੰ ਡੂੰਘੀ ਰੁਚੀ ਨਾਲ ਵੇਖ ਰਿਹਾ ਸੀ।

"ਆਹ ਵੇਖੋ ਨੰਨ੍ਹਾ ਆਸ਼ਕ...ਕਿਵੇਂ ਮਰੀ ਜਾਂਦੈ...ਇਹਦੇ ਪੋਤੜੇ ਹਾਲੇ ਗਿੱਲੇ ਪਏ ਆ...ਤੇਰੀ ਮਾਂ ਨੂੰ ਆਖ਼ ਤੇਰਾ ਕੋਈ ਬੰਨ੍ਹ-ਸੁਬ ਕਰ ਦੇਵੇ।" ਸਾਰੇ ਹੱਸ ਪਏ। ਮੁੰਡਾ ਸ਼ਰਮਿੰਦਾ ਹੋ ਗਿਆ।

ਸਰੋਤਿਆਂ ਨੂੰ ਹਸਦੇ ਵੇਖ ਕੇ ਤੁਰਸ਼ੀ ਨੂੰ ਸ਼ਾਬਾਸ਼ ਮਿਲ ਗਈ ਤੇ ਉਹ ਸ਼ਬਦ ਬੋਲਣ ਲੱਗ ਪਈ ਜਿਨ੍ਹਾਂ ਨੂੰ ਉਸ ਦੇ ਸਰੋਤੇ 'ਲਪਜ' ਕਹਿੰਦੇ ਸਨ। ਉਸ ਦੇ ਲਪਜ ਬੋਲਦੀ ਤੇ ਹੁੰਗਾਰੇ ਵਿਚੋਂ ਉਠਦਾ ਹਾਸਾ ਤੇ ਸ਼ੋਰ ਸੁਣਦੇ ਬੀਟ ਵਾਲੇ ਪੁਲਸ ਵਾਲੇ ਵੀ ਆ ਕੇ ਭੀੜ ਦਾ ਹਿੱਸਾ ਬਣ ਗਏ। ਦੇਸੇ ਢਾਬੇ ਵਾਲੇ ਦਾ ਭਾਈ ਮਹੇਸ਼ੀ ਵੀ ਦੇਸੇ ਕੋਲ ਪੁੱਜ ਗਿਆ, ਉਹਨੇ ਤੁਰਸ਼ੀ ਦੀਆਂ ਗੱਲਾਂ ਸੁਣੀਆਂ।

"ਇਹ ਤੁਰਸ਼ੀ ਜਾਪਦੀ ਏ?" ਮਹੇਸ਼ੀ ਨੇ ਆਪਣੇ ਭਾਈ ਦੇਸੇ ਨੂੰ ਪੁੱਛਿਆ।

"ਉਹੀ ਹੈ। ਹੋਰ ਏਸ ਤਰ੍ਹਾਂ ਗੱਲਾਂ ਕੌਣ ਜਨਾਨੀ ਕਰ ਸਕਦੀ ਏ।" ਇਹ ਸਾਡੇ ਕੰਮ ਵਾਸਤੇ ਬਹੁਤ ਠੀਕ ਰਹੇਗੀ।

"ਇਹਨੂੰ ਬੁਲਾਵੀਂ ਰਤਾ।" ਮਹੇਸ਼ੀ ਨੇ ਕਿਹਾ।

ਦੇਸੇ ਨੇ ਇਕ ਕਾਮੇ ਨੂੰ ਭੇਜ ਕੇ ਤੁਰਸ਼ੀ ਨੂੰ ਬੁਲਾ ਲਿਆ।

"ਬੈਠ ਤੁਰਸ਼ੀ।" ਦੇਸੇ ਨੇ ਕਿਹਾ।

ਤੁਰਸ਼ੀ ਬੈਠ ਗਈ।

"ਇਨ੍ਹਾਂ ਨੂੰ ਜਾਣਦੀ ਏ?" ਦੇਸੇ ਨੇ ਪੁੱਛਿਆ।

"ਲਓ ਜੀ ਹੋਰ ਪੁੱਛੋ- ਇਨ੍ਹਾਂ ਨੂੰ ਕੌਣ ਨਹੀਂ ਜਾਣਦਾ। ਚੁੰਗੀਆਂ ਦੇ ਬਾਦਸ਼ਾਹ ਬਾਊ ਮਹੇਸ਼ੀ ਜੀ।" ਤੁਰਸ਼ੀ ਨੇ ਕਿਹਾ।

"ਲਾਲਾ ਮਹੇਸ਼ ਚੰਦ।" ਦੇਸੇ ਨੇ ਸੁਧਾਰ ਕੀਤਾ।

"ਇਹੀ ਮੈਂ ਸਮਝਿਆ ਸੀ। ਦੱਸੋ ਕਿਵੇਂ ਸੱਦਿਆ?" ਤੁਰਸ਼ੀ ਬੋਲੀ।

"ਇਨ੍ਹਾਂ ਨੂੰ ਤੇਰੇ ਨਾਲ ਕੰਮ ਏ। ਜਾਣਦੀ ਏਂ, ਇਨ੍ਹਾਂ ਸ਼ਹਿਰ ਦੀਆਂ ਸਾਰੀਆਂ ਚੁੰਗੀਆਂ ਦਾ ਠੇਕਾ ਲਿਆ ਹੋਇਆ-ਤਿੰਨ ਕਰੋੜ ਦਾ।" ਦੇਸੇ ਨੇ ਦੱਸਿਆ।

ਲਾਲਾ ਮਹੇਸ਼ ਚੰਦ ਨੇ ਗੱਲ ਸਾਫ਼ ਕਰਨ ਵਾਸਤੇ ਦੱਸਿਆ ਕਿ ਚੁੰਗੀ ਟੈਕਸ ਉਗਰਾਹੀ ਕਰਨ ਵਾਸਤੇ ਸਾਨੂੰ ਬਹੁਤ ਸਾਰੇ ਬੰਦਿਆਂ ਦੀ ਜ਼ਰੂਰਤ ਰਹਿੰਦੀ ਜੇ। ਉਹ ਇਹ ਕੰਮ ਕਰੇਗੀ।

ਤੁਰਸ਼ੀ ਹੈਰਾਨ ਰਹਿ ਗਈ। ਉਹ ਅਨਪੜ੍ਹ ਔਰਤ ਕੀ ਕੰਮ ਕਰ ਸਕਦੀ ਹੈ। ਨਾ ਪੜ੍ਹਨਾ ਲਿਖਣਾ ਆਵੇ, ਨਾ ਹਿਸਾਬ ਕਿਤਾਬ ਆਵੇ।

"ਨਹੀਂ ਬਾਊਜੀ ਮੈਂ ਜਿਥੇ ਹਾਂ, ਉਥੇ ਹੀ ਠੀਕ ਹਾਂ।" ਤੁਰਸ਼ੀ ਨੇ ਕਿਹਾ।

"ਤਨਖ਼ਾਹ ਮਿਲੇਗੀ।" ਲਾਲਾ ਮਹੇਸ਼ ਚੰਦ ਨੇ ਕਿਹਾ, "ਅਸਲ ਵਿਚ ਚੁੰਗੀ 'ਤੇ ਔਰਤਾਂ ਵੀ ਲੰਘਦੀਆਂ ਨੇ। ਉਨ੍ਹਾਂ ਨਾਲ ਗੱਲ ਕਰਨ ਵਾਸਤੇ ਔਰਤ ਹੀ ਠੀਕ ਰਹੇਗੀ। ਤੇਰੇ ਨਾਲੋਂ ਤੇਜ਼ ਤਰਾਰ ਗੱਲ ਕੌਣ ਕਰ ਸਕਦਾ ਏ।"

"ਸਾਰਾ ਦਿਨ ਕੰਮ ਕਰਨਾ ਪਿਆ ਕਰੂ?" ਤੁਰਸ਼ੀ ਨੇ ਪੁੱਛਿਆ।



"ਨਹੀਂ ਸਵੇਰੇ ਦਸ ਵਜੇ ਤੋਂ ਸ਼ਾਮ ਦੇ ਚਾਰ ਵਜੇ ਤੱਕ।" ਲਾਲਾ ਮਹੇਸ਼ ਚੰਦ ਨੇ ਕਿਹਾ।

"ਕਿਹੜੇ ਕਿਹੜੇ ਨਾਕੇ 'ਤੇ ਕੰਮ ਕਰਨਾ ਪਊ?" ਤੁਰਸ਼ੀ ਨੇ ਪੁੱਛਿਆ।

"ਤੈਨੂੰ ਕਿਹੜਾ ਨਾਕਾ ਪਸੰਦ ਜੇ?"

"ਦਿੱਲੀ ਵਾਲੀ ਸੜਕ ਉੱਤੇ।" ਤੁਰਸ਼ੀ ਨੇ ਦੱਸ ਦਿੱਤਾ।

ਤੁਰਸ਼ੀ ਨੇ ਸੋਚਿਆ, ਉਸ ਨਾਕੇ ਉਤੇ ਵੀ ਵੱਡਾ ਢਾਬਾ ਹੈ। ਬਹੁਤ ਟਰੱਕ ਰੁਕਦੇ ਨੇ ਰੌਣਕ ਵਾਲਾ ਢਾਬਾ ਹੈ। ਚਾਰ ਤੋਂ ਦਸ ਵਜੇ ਤੱਕ ਇਕ ਸ਼ਿਫਟ ਉਥੇ ਲੱਗ ਜਾਇਆ ਕਰੇਗੀ। ਉਹ ਖ਼ੁਸ਼ ਹੋ ਗਈ।

"ਤਨਖ਼ਾਹ ਕਿੰਨੀ?"

"ਦੋ ਹਜ਼ਾਰ।" ਮਹੇਸ਼ ਚੰਦ ਨੇ ਕਿਹਾ। ਸੌਦਾ ਬਣ ਗਿਆ।

ਸ਼ਸ਼

ਰਤਨ ਵੀ ਕਮੇਟੀ ਦੀ ਥਾਂ ਤੋਂ ਉੱਜੜ ਕੇ ਆਇਆ ਸੀ। ਉਸ ਥਾਂ ਨੂੰ ਕਮੇਟੀ ਨੇ ਕਿਸੇ ਵੱਡੀ ਕੰਪਨੀ ਨੂੰ ਵੇਚ ਦਿੱਤਾ ਸੀ। ਜਿਸ ਉਤੇ ਕੰਪਨੀ ਕਈ ਮੰਜ਼ਿਲਾਂ ਦੀ ਵੱਡੀ ਦੁਕਾਨ (ਮਾਲ) ਬਣਾਵੇਗੀ। ਜਿੱਥੇ ਹਰ ਕਿਸਮ ਦਾ ਮਾਲ ਮਿਲਿਆ ਕਰੇਗਾ। ਛੋਟੀਆਂ ਦੁਕਾਨਾਂ ਵਾਲੇ ਇਹ ਗੱਲਾਂ ਸੁਣ-ਸੁਣ ਕੇ ਡਰੇ ਹੋਏ ਸਨ।

ਇਸ ਵਾਰ ਰਤਨ ਨੇ ਰੇਲਵੇ ਦੀ ਜ਼ਮੀਨ ਉੱਤੇ ਆਪਣਾ ਬਸੇਰਾ ਬਣਾਇਆ। ਇਹ ਜਗ੍ਹਾ ਕਦੀ ਵਿਕੇਗੀ ਨਹੀਂ। ਨਾ ਹੀ ਇਸ ਜ਼ਮੀਨ ਉਤੇ ਕੋਈ ਮਕਾਨ ਬਣੇਗਾ। ਛੇਤੀ ਕਿਤੇ ਇਹ ਜਗ੍ਹਾ ਖਾਲੀ ਨਹੀਂ ਕਰਨੀ ਪਵੇਗੀ।

ਇਸ ਵਾਰ ਰਤਨ ਨੇ 'ਵੱਡਾ ਘਰ' ਬਣਾਉਣ ਦੀ ਵਿਉਂਤ ਕੀਤੀ। ਰਤਨ ਨੇ ਲੰਮਾ ਚੌੜਾ ਘੇਰ ਵਲਿਆ। ਸਰਕੰਡੇ ਦੀਆਂ ਦੀਵਾਰਾਂ ਕੀਤੀਆਂ। ਉਸ ਵਲੇ ਹੋਏ ਘੇਰ ਨੂੰ ਕਮਰਿਆਂ ਵਿਚ ਤਕਸੀਮ ਕਰ ਦਿੱਤਾ। ਸੌਣ ਦਾ ਕਮਰਾ, ਬੈਠਕ, ਬੱਚਿਆਂ ਦਾ ਕਮਰਾ, ਰਸੋਈ, ਗੁਸਲਖ਼ਾਨਾ ਅਤੇ ਇਕ ਕਮਰਾ ਆਪਣੀ ਖੋਤੀ ਰਾਣੀ ਦਾ। ਇਹ ਸਾਰੇ ਕਮਰੇ ਸਜੇ ਹੋਏ ਸਨ, ਫਰਨੀਚਰ ਨਾਲ, ਪਲੰਘਾਂ, ਕੁਰਸੀਆਂ, ਸੋਫ਼ੇ ਆਦਿ ਨਾਲ। ਪਰ ਸਭ ਦੇ ਸਭ ਟੁੱਟੇ ਭੱਜੇ। ਰਹਿੰਦੇ ਉਹ ਸਾਰੇ ਇਕ ਕਮਰੇ ਵਿਚ ਪਰਾਲੀ ਵਛਾ ਕੇ। ਖੋਤੀ ਰਾਣੀ ਆਪਣੇ ਕਮਰੇ ਵਿਚ ਖੁੱਲ੍ਹੀ ਫਿਰਦੀ ਰਹਿੰਦੀ। ਇਸ ਕਮਰੇ ਵਿਚ ਰਤਨ ਆਪਣੀ ਕੰਮ 'ਤੇ ਜਾਣ ਵਾਲੀ ਵਰਦੀ- ਇਕ ਡੈਨਮ ਦੀ ਜੀਨ ਤੇ ਜੈਕਟ, ਫਟੇ-ਪੁਰਾਣੇ ਐਂਕਲਿਟ ਤੇ ਹੈਟ ਰਖਦਾ। ਘਰ ਦਾ ਇਹ ਸਾਮਾਨ ਰਤਨ ਦੀਆਂ ਉਸ ਵੇਲੇ ਦੀਆਂ ਯਾਦਾਂ ਸਨ ਜਦ ਉਹ ਕਬਾੜੀ ਦਾ ਕੰਮ ਕਰਿਆ ਕਰਦਾ ਸੀ। ਕਬਾੜ ਦੇ ਕਾਰੋਬਾਰ ਨੇ ਹੀ ਉਹਨੂੰ ਸ਼ਾਨਦਾਰ ਮਕਾਨ ਦਾ ਸੁਪਨਾ ਦਿੱਤਾ। ਉਸ ਸੁਪਨੇ ਦਾ ਹੀ ਨਮੂਨਾ ਟੁੱਟੇ ਭੱਜੇ ਸਾਮਾਨ ਦੇ ਰੂਪ ਵਿਚ ਉਹਨੇ ਸਹੇਜ ਰੱਖਿਆ ਸੀ।

ਰਤਨ ਨੇ ਕੰਮ 'ਤੇ ਜਾਣ ਦੀ ਤਿਆਰੀ ਸ਼ੁਰੂ ਕੀਤੀ, ਜਿਸ ਨੂੰ ਉਹ ਸ਼ਿਕਾਰ 'ਤੇ ਜਾਣਾ ਕਿਹਾ ਕਰਦਾ ਸੀ। ਮਰੀਆ ਉਸ ਦੀ ਪਤਨੀ ਨੂੰ ਪਤਾ ਲੱਗਿਆ ਤਾਂ ਉਸ ਦੇ ਕੋਲ ਆ ਗਈ।

"ਚੋਰੀ ਕਰਨ ਚੱਲਿਐਂ। ਹੱਡੀਆਂ ਦੀ ਚੋਰੀ। ਮੁਸ਼ਕ ਦਾ ਘਰ। ਚੋਰੀ ਕਰਨੀ ਤਾਂ ਕਿਸੇ ਚੱਜ ਹਾਲ ਦੀ ਚੀਜ਼ ਦੀ ਕਰਿਆ ਕਰ।" ਮਰੀਆ ਜਾਣਦੀ ਸੀ ਪੰਚਾਇਤਾਂ ਨੇ ਮਰੇ ਹੋਏ ਡੰਗਰ ਚੁੱਕਣ ਦੇ ਠੇਕੇ ਦੇ ਰੱਖੇ ਸਨ। ਰਤਨ ਉਨ੍ਹਾਂ ਹੱਡਾ-ਰੋੜੀਆਂ ਵਿਚ ਹੱਡੀਆਂ ਚੋਰੀ ਕਰਕੇ ਲਿਆਉਂਦਾ ਸੀ।

"ਕਿਸੇ ਦਿਨ ਫੜਿਆ ਗਿਆ ਨਾ, ਅਗਲੇ ਹੱਥ ਪੈਰ ਤੋੜ ਕੇ ਮੰਜੇ ਉੱਤੇ ਪਾ ਦੇਣਗੇ-ਚੂਕਦਾ ਰਿਹਾ ਕਰੀਂ ਪਿਆ ਪਿਆ।"

"ਭਲੀਏ ਲੋਕੇ ਇਹ ਐਸੀ ਚੀਜ਼ ਹੈ ਜਿਸ ਦੀ ਚੋਰੀ ਹੋ ਜਾਣ 'ਤੇ ਕੋਈ ਪੈਰਵੀ ਨਹੀਂ ਕਰਦਾ। ਪੁਲਸ ਵਾਲੇ ਰਪੋਟ ਨਹੀਂ ਲਿਖਦੇ। ਕੋਈ ਇਨ੍ਹਾਂ ਦੀ ਪਹਿਰੇਦਾਰੀ ਨਹੀਂ ਕਰਦਾ।" ਰਤਨ ਨੇ ਦਲੀਲ ਦਿੱਤੀ।

ਰਤਨ ਨੇ ਉਹਨੂੰ ਇਕ ਲਿਫਾਫਾ ਦਿੱਤਾ। ਜਿਸ ਵਿਚ ਚਾਰ ਆਂਡੇ ਸਨ।

"ਲੈ ਚਾਰ ਪੰਜ ਮੰਨ ਬਣਾ ਦੇ। ਰਾਤ ਵੀ ਪੈ ਸਕਦੀ ਐ।"

ਰਤਨ ਖੋਤੀ ਰਾਣੀ ਵਾਲੇ ਕਮਰੇ ਵਿਚ ਗਿਆ। ਆਪਣੇ ਸਿਵਲ ਕੱਪੜੇ ਲਾਹ ਕੇ ਜੀਨ ਜੈਕਟ ਪਹਿਨ ਲਈ। ਐਂਕਲਿਟ ਚੜ੍ਹਾ ਲਈ ਤੇ ਹੈਟ ਨੂੰ ਛੰਡ ਕੇ ਸਿਰ ਉੱਤੇ ਰੱਖ ਲਿਆ। ਰਾਣੀ ਦੀ ਕੰਡ ਉੱਤੇ ਪੁਰਾਣਾ ਕੱਪੜਾ ਵਿਛਾ ਕੇ ਵਹਿੰਗੀ ਪਾ ਦਿੱਤੀ। ਆਪਣੀ ਲੰਮੀ ਡਾਂਗ ਜਿਸ ਵਿਚ ਪੇਚਾਂ ਵਾਲਾ ਨੇਜਾ ਕੱਸਿਆ ਜਾ ਸਕਦਾ ਸੀ, ਲੱਭ ਕੇ ਲਿਆਂਦੀ। ਛੋਟੇ ਮੋਟੇ ਸਾਮਾਨ ਨਾਲ ਤਿਆਰ ਬੋਰੀ ਦਾ ਬਣਿਆ ਥੈਲਾ ਵਹਿੰਗੀ ਨਾਲ ਬੰਨ੍ਹ ਦਿੱਤਾ। ਫ਼ੌਜੀਆਂ ਵਾਲੀ ਬੋਤਲ ਪਾਣੀ ਦੀ ਭਰ ਲਈ।

ਪੂਰੀ ਤਿਆਰੀ ਤੋਂ ਬਾਅਦ ਰਤਨ ਰਾਣੀ ਨੂੰ ਲੈ ਕੇ ਸੜਕ 'ਤੇ ਨਿਕਲਿਆ ਤਾਂ ਉਸ ਦੀ ਵਰਦੀ ਦੀ ਬਦਬੂ ਨੇ ਸੜਕ ਉਹਦੇ ਵਾਸਤੇ ਖਾਲੀ ਕਰ ਦਿੱਤੀ। ਬੱਚੇ ਭਾਰਤ ਰਤਨ-ਭਾਰਤ ਰਤਨ ਕਹਿ ਕੇ ਨੱਠ ਜਾਂਦੇ।

ਸ਼ਰਾਬ ਦਾ ਬਾਦਸ਼ਾਹ ਮਲਿਕ ਆਪਣੀ ਹਵੇਲੀ ਅੱਗੇ ਬਣੇ ਥੜ੍ਹੇ ਉੱਤੇ ਬੈਠਾ ਸੀ। ਉਸੇ ਵੇਸ-ਭੂਸ਼ਾ ਵਿਚ ਇਕ ਹੋਰ ਆਦਮੀ ਉਹਦੇ ਕੋਲ ਬੈਠਾ ਸੀ। ਰਤਨ ਨੂੰ ਵੇਖ ਕੇ, ਮਲਿਕ ਨੇ ਕਿਹਾ।

"ਅਹਿ ਜਾਂਦਾ ਵੇ ਸਵੱਛ ਭਾਰਤ ਰਤਨ।"

ਸ਼ਰਾਬ ਦੇ ਬਾਦਸ਼ਾਹ ਦੇ ਦੋਸਤ ਨੇ ਸਦੀਆਂ ਦੀ ਇਕੱਠੀ ਹੋਈ ਨਫ਼ਰਤ ਉਗਲ ਦਿੱਤੀ- "ਦੇਸ਼ ਵਿਚ ਕੋਈ ਕਾਇਦਾ ਕਾਨੂੰਨ ਨਹੀਂ। ਇਨ੍ਹਾਂ ਨੂੰ ਸ਼ਹਿਰ ਤੋਂ ਬਾਹਰ ਕੱਢਿਆ ਜਾਵੇ। ਸਾਰਾ ਗੰਦ ਵੋਟਾਂ ਦੀ ਰਾਜਨੀਤੀ ਕਰਕੇ ਹੁੰਦੈ। ਕੋਈ ਪੁੱਛਣ ਵਾਲਾ ਨਹੀਂ, ਸ਼ਹਿਰ ਦੇ ਨੰਬਰ ਇਕ ਆਦਮੀ ਦਾ ਵੀ ਇਕ ਵੋਟ ਤੇ ਇਕ ਕਚਰੇ ਦਾ ਵੀ ਇਕ। ਕੁਝ ਕੁੱਢਰ ਲੋਕ ਦੇਸ਼ ਨੂੰ ਏਸ ਰਸਤੇ ਤੋਰ ਗਏ। ਭੁਗਤ ਅਸੀਂ ਰਹੇ ਹਾਂ।"



ਰਤਨ ਜਵਾਬ ਦੇਣਾ ਚਹੁੰਦਾ ਸੀ ਪਰ ਆਲ਼ੇ-ਦੁਆਲ਼ੇ ਕੋਈ ਸੁਣਨ ਵਾਲਾ ਨਹੀਂ ਸੀ। ਇਕੱਲੇ ਬੰਦੇ ਨੂੰ ਦਿੱਤੀ ਗਾਲ੍ਹ ਵੀ ਬੇਸਵਾਦੀ ਲਗਦੀ ਹੈ। ਉਹ ਚੁੱਪ-ਚਾਪ ਨਿਕਲ ਗਿਆ।

ਵੱਡੀ ਸੜਕ ਤੱਕ ਇਹ ਕੁੜੱਤਣ ਉਹਦੇ ਅੰਦਰ ਰਿੱਝ ਰਹੀ ਸੀ। ਉਹਨੇ ਝੁਕ ਕੇ ਮਿੱਟੀ ਦੀ ਚੁਟਕੀ ਉਠਾਈ ਤੇ ਥੱਲੇ ਕੇਰਨੀ ਸ਼ੁਰੂ ਕਰ ਦਿੱਤੀ। ਇਹ ਵੇਖਣ ਵਾਸਤੇ ਕਿ ਹਵਾ ਕਿਸ ਰੁਖ਼ ਵਗ ਰਹੀ ਹੈ। ਪੱਛੋਂ ਚਲ ਰਹੀ ਸੀ। ਉਸ ਨੇ ਰਾਣੀ ਨੂੰ ਸੜਕ ਦੇ ਪੱਛਮ ਵੱਲ ਕਰ ਲਿਆ ਤਾਂ ਕਿ ਸੜਕ 'ਤੇ ਚੱਲਣ ਵਾਲਿਆਂ ਨੂੰ ਪਤਾ ਚੱਲੇ ਕਿ ਰਤਨ ਜਾ ਰਿਹਾ ਹੈ। "ਸਾਲੇ ਸਾਡੀਆਂ ਵੋਟਾਂ ਖ਼ਤਮ ਕਰਨ ਨੂੰ ਫਿਰਦੇ ਨੇ।"

ਸ਼ਸ਼

ਪਿੰਡ ਦੀ ਹੱਡਾ-ਰੋੜੀ ਨਹਿਰ ਦੇ ਪਾਰ ਸੀ। ਉਹਨੇ ਪਟੜੀ ਉੱਤੇ ਖਲੋ ਕੇ ਵੇਖਿਆ ਨਹਿਰ ਸੁੱਕੀ ਹੋਈ। ਮਸਾਂ ਗਿੱਟੇ-ਗਿੱਟੇ ਝਾਰਾ ਵਗਦਾ ਸੀ। ਹੱਡੀਆਂ ਦਾ ਢੇਰ ਲੱਗਿਆ ਹੋਇਆ ਸੀ। ਨੇੜੇ-ਤੇੜੇ ਕੋਈ ਆਦਮੀ ਨਹੀਂ। ਇਕ ਕਿੱਕਰ ਹੇਠ ਤਿੰਨ-ਚਾਰ ਕੁੱਤੇ ਸੁੱਤੇ ਪਏ ਸਨ। ਰਤਨ ਜਾਣਦਾ ਸੀ ਕਿ ਮਾਸ ਖਾ-ਖਾ ਕੇ ਹੱਡਾ-ਰੋੜੀ ਦੇ ਕੁੱਤੇ ਬਘਿਆੜਾਂ ਵਾਂਗ ਖ਼ੂੰਖਾਰ ਹੋ ਗਏ ਹਨ ਤੇ ਇਕੱਲੇ-ਦੁਕੱਲੇ ਆਦਮੀ ਉਤੇ ਹਮਲਾ ਵੀ ਕਰ ਦਿੰਦੇ ਹਨ।

ਉਹ ਪਰਤ ਕੇ ਰਾਣੀ ਕੋਲ ਆਇਆ ਤਾਂ ਤਿੰਨ ਪਾਲੀ ਮੁੰਡੇ ਚਾਹ ਬਣਾਉਣ ਦੀ ਤਿਆਰੀ ਕਰ ਰਹੇ ਸਨ।

"ਬਾਈ ਚਾਹ ਪੀਏਂਗਾ, ਤਾਂ ਤੇਰਾ ਵੀ ਪਾਣੀ ਪਾ ਲਈਏ?" ਵੱਡੇ ਮੁੰਡੇ ਨੇ ਪੁੱਛਿਆ।

"ਹਾਂ, ਪਾ ਲਓ। ਮਿੱਠਾ ਤੇ ਚਾਹ-ਪੱਤੀ ਮੇਰੇ ਕੋਲ ਵੀ ਹੈਗੇ ਆ। ਲੈ ਲਵੋ।" ਰਤਨ ਨੇ ਕਿਹਾ।

ਵੱਡੇ ਮੁੰਡੇ ਨੇ ਰਤਨ ਨੂੰ ਧਿਆਨ ਨਾਲ ਵੇਖਿਆ ਤੇ ਮਲ਼ਵੀ▲ ਜ਼ਬਾਨ ਨਾਲ ਕਿਹਾ, "ਨਹੀਂ ਸਾਡੇ ਕੋਲ ਸਭ ਕੁਸ਼ ਵਾਧੂ ਹੈਗਾ।"

ਚਾਹ ਪੀਂਦੇ ਪਾਲੀ ਮੁੰਡੇ ਰਤਨ ਦੇ ਦੋਸਤ ਬਣ ਗਏ। ਤੇ ਰਤਨ ਨੇ ਉਨ੍ਹਾਂ ਨੂੰ ਆਪਣੇ ਨਾਲ ਜਾਣ ਲਈ ਤਿਆਰ ਕਰ ਲਿਆ। ਚਾਰ ਬੰਦਿਆਂ ਨੂੰ ਵੇਖ ਕੇ ਹੱਡਾਰੋੜੀ ਵਿਚ ਪਏ ਕੁੱਤੇ ਡਰ ਕੇ ਚਲੇ ਜਾਣਗੇ।

"ਬਾਈ ਤੂੰ ਹੱਡੀਆਂ ਦਾ ਕਰੇਂਗਾ ਕੀ?" ਵੱਡੇ ਮੁੰਡੇ ਨੇ ਪੁੱਛ ਲਿਆ।

"ਵੇਚਾਂਗਾ। ਚੰਗੇ ਪੈਸੇ ਮਿਲ ਜਾਂਦੇ ਆ।"

"ਹੱਡੀਆਂ ਤਾਂ ਇਕ ਹੋਰ ਥਾਂ ਵੀ ਪਈਆਂ ਨੇ। ਨਹਿਰ ਪਾਰ ਕਰਨ ਦੀ ਲੋੜ ਨਹੀਂ ਪੈਂਦੀ।" ਛੋਟੇ ਮੁੰਡੇ ਨੇ ਕਿਹਾ।

"ਓਸ ਸਰਾਂ ਵਿਚ। ਓਸ ਕਿੱਕਰ ਹੇਠਾਂ।" ਛੋਟੇ ਮੁੰਡੇ ਨੇ ਇਸ਼ਾਰੇ ਨਾਲ ਦੱਸਿਆ।

ਦੋਵੇਂ ਵੱਡੇ ਮੁੰਡੇ ਤੇ ਰਤਨ ਵੇਖਣ ਵਾਸਤੇ ਚਲੇ ਗਏ। ਸਰਾਂ ਵਿਚੋਂ ਕੁਝ ਆਵਾਜ਼ਾਂ ਆ ਰਹੀਆਂ ਸਨ। ਰਤਨ ਸਮਝ ਗਿਆ। ਕੁੱਤੇ ਹੱਡੀਆਂ ਚੂੰਡ ਰਹੇ ਸਨ। ਬੰਦਿਆਂ ਨੂੰ ਵੇਖ ਕੇ ਦੋ ਕੁੱਤੇ ਗੁਰਰ-ਗੁਰਰ ਕਰਨ ਲੱਗੇ। ਤਿੰਨ ਡਾਂਗਾ ਵਾਲੇ ਬੰਦੇ ਵੇਖ ਕੇ ਖਿਸਕ ਗਏ।

ਸਿਰਾਂ ਨੂੰ ਵੇਖ ਕੇ ਲਗਦਾ ਸੀ ਦੋ ਛੋਟੀ ਉਮਰ ਦੇ ਵੱਛੇ ਕੱਟੇ ਗਏ ਸਨ। ਕਿੱਕਰ ਨਾਲ ਲਟਕਾ ਕੇ ਖੱਲਾਂ ਲਾਹੀਆਂ ਗਈਆਂ ਸਨ। ਰੇਤ ਉੱਤੇ ਸੁੱਕੇ ਹੋਏ ਲਹੂ ਦੇ ਨਿਸ਼ਾਨ ਸਨ। ਰਤਨ ਰਾਣੀ ਨੂੰ ਲੈ ਕੇ ਆਇਆ। ਹੱਡੀਆਂ ਨੂੰ ਕਿਵੇਂ ਲੱਦਿਆ ਜਾਵੇ, ਉਸ ਵਿਉਂਤ ਮੁਤਾਬਕ ਕੁਹਾੜੀ ਨਾਲ ਹੱਡੀਆਂ ਕੱਟਣ ਲੱਗਾ। ਦੋਵੇਂ ਮੁੰਡੇ ਨਜ਼ਾਰਾ ਵੇਖਦੇ ਰਹੇ।

ਹੱਡੀਆਂ ਲੱਦ ਕੇ ਰਤਨ ਨੇ ਵਹਿੰਗੀ ਨੂੰ ਝੂਣ ਕੇ ਵੇਖਿਆ। ਹੱਡੀਆਂ ਇਕ ਦੂਜੀ ਵਿਚ ਚੰਗੀ ਤਰ੍ਹਾਂ ਫਸ ਗਈਆਂ ਸਨ। ਰੱਸੇ ਨਾਲ ਬੰਨ੍ਹ ਦੇਣ ਦੀ ਜ਼ਰੂਰਤ ਹੀ ਨਹੀਂ ਲਗਦੀ ਸੀ। ਰੱਬ ਦਾ ਨਾਂ ਲੈ ਕੇ ਉਹ ਰਵਾਨਾ ਹੋ ਗਿਆ।

ਰਤਨ ਛੋਟੇ ਰਸਤੇ ਪੈ ਗਿਆ। ਵੱਡੀ ਸੜਕ ’ਤੇ ਡਰ ਸੀ-ਠੇਕੇਦਾਰ ਨਾ ਘੇਰ ਲਵੇ। ਟੇਢੇ-ਮੇਢੇ ਰਾਹਾਂ ’ਤੇ ਚਲਦਾ ਉਹ ਸ਼ਹਿਰ ਦੇ ਨਜ਼ਦੀਕ ਪੁੱਜ ਗਿਆ। ਅੱਗੇ ਰਸਤਾ ਅਜਿਹਾ ਸੀ ਕਿ ਉਸ ਨੂੰ ਸੜਕ ਉਤੇ ਜਾਣਾ ਪੈਣਾ ਸੀ। ਜੇ ਇਕ ਪਾਸੇ ਹੋ ਕੇ ਸ਼ਹਿਰ ਵਿਚ ਦਾਖ਼ਲ ਹੁੰਦਾ ਤਾਂ ਬਹੁਤ ਤੰਗ ਗਲੀਆਂ ਤੇ ਘਰਾਂ ਦੇ ਅੱਗੋਂ ਦੀ ਲੰਘਣਾ ਪੈਂਦਾ। ਉਹਨੇ ਰਾਣੀ ਨੂੰ ਚੁੰਗੀ ਵੱਲ ਮੋੜ ਲਿਆ। ਚੁੰਗੀ ਵਾਲਾ ਫਾਟਕ ਲੰਘਣ ਲੱਗਾ, ਅੱਗੇ ਤੁਰਸ਼ੀ ਆ ਖੜ੍ਹੀ।

“ਕਿਉਂ ਜੀਜਾ, ਸਾਲੀ ਨੂੰ ਮਿਲਣ ਤੋਂ ਬਿਨਾਂ ਲੰਘਣ ਲੱਗਾ ਸੈਂ।” ਤੁਰਸ਼ੀ ਨੇ ਕਿਹਾ। ਉਹ ਰਤਨ ਨੂੰ ਜੀਜਾ ਕਿਹਾ ਕਰਦੀ ਸੀ।

“ਬਿਨਾਂ ਮਿਲਣ ਤੋਂ ਕਿਵੇਂ ਲੰਘ ਜਾਂਦਾ। ਤੇਰੇ ਵਰਗੀਆਂ ਸਾਲੀਆਂ ਕਿਤੇ ਰੋਜ਼-ਰੋਜ਼ ਮਿਲਦੀਆਂ ਨੇ।” ਰਤਨ ਨੇ ਤੁਰਸ਼ੀ ਦੀ ਸੁਰ ਵਿਚ ਜਵਾਬ ਦਿੱਤਾ।

“ਲੈ ਫੜ ਸਾਲੀ ਨੂੰ ਮਿਲਣ ਦੀ ਫੀਸ ਦੇਹ ਫੇਰ।” ਤੁਰਸ਼ੀ ਪਰਚੀ ਫੜਾ ਕੇ ਬੋਲੀ।

“ਇਹ ਕੀ ਐ?”

“ਇਹ ਚੁੰਗੀ ਦੀ ਪਰਚੀ ਐ-ਹੋਰ ਕੀ ਐ ਮੇਰੇ ਕੋਲ। ਮੈਂ ਚੁੰਗੀ ’ਤੇ ਨੌਕਰੀ ਕਰ ਲਈ ਹੈ।” ਤੁਰਸ਼ੀ ਨੇ ਦੱਸਿਆ।

“ਹੱਡੀਆਂ ’ਤੇ ਕੋਈ ਚੁੰਗੀ ਲਗਦੀ ਐ!”

“ਕਿਉਂ ਹੱਡੀਆਂ ਵਿਕਦੀਆਂ ਨਹੀਂ। ਘੱਟੋ-ਘੱਟ ਹਜ਼ਾਰ ਰੁਪਏ ਦੀਆਂ ਵੇਚੇਂਗਾ।” ਤੁਰਸ਼ੀ ਨੇ ਦਲੀਲ ਦਿੱਤੀ। ‘ਹਜ਼ਾਰ ’ਚੋਂ ਦਸ ਰੁਪਏ ਦਿੰਦੇ ਨੂੰ ਵੱਟ ਚੜ੍ਹਦੇ ਨੇ।’

“ਮੇਰੇ ਕੋਲ ਹੈ ਨਹੀਂ, ਦਸ ਪੈਸੇ ਵੀ।” ਰਤਨ ਨੇ ਕਿਹਾ।



ਉਹ ਸੜਕ ਦੇ ਵਿਚਕਾਰ, ਖੜੋਤੇ ਸਨ। ਤੁਰਸ਼ੀ ਰਾਣੀ ਦਾ ਰੱਸਾ ਫੜ ਕੇ ਸੜਕ ਤੋਂ ਇਕ ਪਾਸੇ ਹੋ ਗਈ। ਉਸ ਪਾਸੇ ਚੁੰਗੀ ਦਾ ਦਫ਼ਤਰ ਤੇ ਇਕ ਵੱਡਾ ਢਾਬਾ ਸੀ।

ਤੁਰਸ਼ੀ ਨੂੰ ਲਾਲਾ ਮਹੇਸ਼ ਚੰਦ ਨੇ ਇਕ ਗੁਣ ਦੀ ਮਾਲਕ ਬਣਾ ਦਿੱਤਾ। ਉਸ ਨੇ ਕਹਿ ਦਿੱਤਾ ਕਿ ਤੁਰਸ਼ੀ ਵਰਗੀ ਗੱਲ ਕਿਸੇ ਨੂੰ ਨਹੀਂ ਕਰਨੀ ਆਉਂਦੀ। ਇਹਦੇ ਵਰਗੀ ਵਸੂਲੀ ਕੋਈ ਨਹੀਂ ਕਰ ਸਕਦਾ। ਹੁੰਦੇ-ਹੁੰਦੇ ਗੱਲ ਏਥੋਂ ਤੱਕ ਪਹੁੰਚ ਗਈ ਕਿ ਤੁਰਸ਼ੀ ਕਹੇ, ‘ਭੁਗਤਾਨ ਕਰਨ ਤੋਂ ਬਿਨਾਂ ਉਹ ਜਾਣ ਨਹੀਂ ਦੇਵੇਗੀ।’ ਤੇ ਰਤਨ ਕਹੇ, ‘ਉਹਦੀ ਜੇਬ ਵਿਚ ਪੈਸਾ ਵੀ ਨਹੀਂ।’ ਲਾਲਾ ਮਹੇਸ਼ ਚੰਦ ਨੇ ਜੋ ਗੁਣ ਤੁਰਸ਼ੀ ਨੂੰ ਬਖ਼ਸ਼ ਦਿੱਤਾ ਸੀ, ਉਸ ਨੂੰ ਸੱਚ ਹੁੰਦਾ ਵੀ ਤੁਰਸ਼ੀ ਨੇ ਸਾਬਤ ਕਰਨਾ ਸੀ। ਇਸ ਲਈ ਉਹ ਸਖ਼ਤ ਹੋ ਗਈ। ਰਾਣੀ ਦੀ ਵਾਗ ਫੜ ਕੇ ਖੜ੍ਹੀ ਹੋ ਗਈ।

ਦੁਕਾਨਾਂ ਵਾਲੇ ਸ਼ੋਰ ਕਰਨ ਲੱਗੇ ਕਿ ਇਸ ਬਦਬੂ ਦੀ ਖ਼ਾਣ ਨੂੰ ਏਥੋਂ ਹਟਾਓ। ਢਾਬੇ ਵਿਚ ਖਾਣਾ ਖਾਂਦੇ ਲੋਕ ਉਠ-ਉਠ ਕੇ ਜਾਣ ਲੱਗੇ। ਰਤਨ ਨੂੰ ਇਸ ਤੋਂ ਹੱਲਾਸ਼ੇਰੀ ਮਿਲ ਰਹੀ ਸੀ।

ਰਤਨ ਨੇ ਵਹਿੰਗੀ ਨੂੰ ਇਕ ਪਾਸੇ ਤੋਂ ਚੁੱਕਿਆ ਤੇ ਵਹਿੰਗੀ ਜ਼ਮੀਨ ਉੱਤੇ ਜਾ ਪਈ। ਹੱਡੀਆਂ ਫਰਸ਼ ਉੱਤੇ ਖਿੱਲਰ ਗਈਆਂ। ਬਦਬੂ ਚਾਰੇ ਪਾਸੇ ਫ਼ੈਲ ਗਈ। ਆਲੇ-ਦੁਆਲੇ ਦੇ ਲੋਕਾਂ ਨੇ ਹਾਹਾਕਾਰ ਮਚਾ ਦਿੱਤੀ।

“ਲਓ ਮੇਰਾ ਮਾਲ ਰੱਖ ਲਓ। ਪੈਸੇ ਲਿਆ ਕੇ ਮੈਂ ਛੁਡਾ ਲਵਾਂਗਾ।” ਰਤਨ ਨੇ ਕਿਹਾ। ਵਹਿੰਗੀ ਰਾਣੀ ਦੀ ਕੰਡ ਉੱਤੇ ਸਜਾਈ ਤੇ ਚਲਦਾ ਬਣਿਆ।

ਇਸ ਦੀ ਕਿਸੇ ਨੂੰ ਉਮੀਦ ਨਹੀਂ ਸੀ। ਢਾਬਾ, ਖਾਲੀ ਹੋ ਗਿਆ। ਦੁਕਾਨਾਂ ਵਿਚੋਂ ਨਿਕਲ ਕੇ ਲੋਕ ਸੜਕ ਦੇ ਦੂਜੇ ਪਾਸੇ ਜਾ ਖੜ੍ਹੇ ਹੋਏ।

ਹੁਣ ਕੀ ਕੀਤਾ ਜਾਵੇ, ਜਦ ਤਕ ਲੋਕਾਂ ਨੂੰ ਪਤਾ ਲੱਗਾ, ਰਤਨ ਪਤਾ ਨਹੀਂ ਕਿਧਰ ਚਲਾ ਗਿਆ।

**ਮੋਬਾਈਲ : 96462-59638**

**ਦੇਖੋ ਪੰਨਾ ਨੰ. 146 ਦਾ ਬਾਕੀ**

ਕਹਾਣੀ ਉਤਮ-ਪੁਰਖੀ ਬਿਰਤਾਂਤ-ਸ਼ੈਲੀ ਵਿਚ ਪੇਸ਼ ਹੋਈ ਹੈ I ਕਹਾਣੀ ਦੀ ਮੁੱਖ-ਪਾਤਰ ਸੀਰਤ “ਮੈਂ” ਦੇ ਹਵਾਲੇ ਨਾਲ ਕਹਾਣੀ ਪੇਸ਼ ਕਰਦੀ ਹੈ I

**ਹਵਾਲੇ ਅਤੇ ਟਿੱਪਣੀਆਂ**

1. ਪ੍ਰਵਚਨ, ਜਨਵਰੀ-ਮਾਰਚ 2020, ਹਰਪ੍ਰੀਤ ਸੇਖਾ,‘ਉਹ ਰਾਤ’ਪੰਨਾ 84
2. ਉਹੀ, ਪੰਨਾ 80

ਅਸਿਸਟੈਂਟ ਪ੍ਰੋਫ਼ੈਸਰ
ਖ਼ਾਲਸਾ ਕਾਲਜ ਅੰਮ੍ਰਿਤਸਰ
+91 9878781032

# ਸਾਡੇ ਹਿੱਸੇ ਦਾ ਹਿੰਦੁਸਤਾਨ/ਅਤਰਜੀਤ

ਗਾਂ ਦੇ ਡੰਡਾ ਮਾਰਨ ਵਾਲ਼ਾ ਤਾਂ ਉਹ ਮਾਰ ਬੈਠਾ, ਪਰ ਕੀ ਪਤਾ ਸੀ ਕਿ ਨਿੱਕੀ ਜਿੰਨੀ ਗੱਲ- 'ਬਾਤ ਦਾ ਬਤੰਗੜ' ਬਣ ਜਾਵੇਗੀ। ਧਰਮ ਦੇ ਦੋ ਰਾਖਿਆਂ, ਮੱਥੇ ਉੱਪਰ ਕੇਸਰ ਦਾ ਲਾਲ ਟਿੱਕਾ ਲਾਈ ਕੋਠੇ ਤੋਂ ਸੂਰਜ ਨੂੰ ਪਾਣੀ ਦੇ ਕੇ ਉੱਤਰਿਆ ਭਗਤ ਰਾਮ ਅਤੇ ਬ੍ਰਹਿਮਣ ਜਾਤੀ ਦਾ ਬੱਸ ਕੰਡਕਟਰ ਸੋਮ ਨਾਥ ਉਸ ਦੇ ਗਲ਼ ਪੈ ਗਏ। ਬੋਲੇ ਵੀ ਇਉਂ-ਖਾ ਜਾਣ ਵਾਲ਼ਿਆਂ ਵਾਂਗ-ਨਿਰੀ ਜ਼ਹਿਰ ਉਗਲੱਛਦੇ, ਬੇਇੱਜ਼ਤੀ ਕਰਨ ਵਾਲ਼ੇ ਸ਼ਬਦ-"ਮਾਹਟਰਾ! ਕਿਉਂ ਕਸਾਪੁਣਾ ਕਰਦੈਂ? ਕੀ ਹੋ ਗਿਆ ਜੇ ਭੁੱਖੀ ਮਰਦੀ ਬੂਟਿਆਂ ਨੂੰ ਮੂੰਹ ਮਾਰ ਗਈ? ਪਤੰਦਰਾ ਧੇਹ ਕਰਕੇ ਧਰ ਦਿੱਤੀ ਸੋਟੀ ਵਿਚਾਰੀ ਦੇ। ਵੱਡਾ ਮਾਹਟਰ ਬਣਿਆ ਫਿਰਦੈਂ।" ਪੁਲਸੀਆ ਰਾਮ ਪ੍ਰਕਾਸ਼ ਵੀ ਕੋਲ਼ ਦੀ ਲੰਘਿਆ ਜਾਂਦਾ ਰੁਕ ਗਿਆ ਸੀ ਤੇ ਦੰਦ ਜਿਹੇ ਵਿਖਾਉਂਦਾ ਖੜ੍ਹਾ ਸਭ ਕੁੱਝ ਦੇਖਦਾ ਸੁਣਦਾ ਰਿਹਾ ਸੀ।

ਕੋਲ਼ੋਂ ਲੰਘੇ ਜਾਂਦੇ ਥਾਣੇਦਾਰ ਰਾਮ ਪ੍ਰਕਾਸ਼ ਤੋਂ ਉਸ ਨੂੰ ਉਮੀਦ ਸੀ ਕਿ ਉਹ ਠੰਡਾ ਛਿੜਕੇਗਾ ਪਰ ਉਹ ਚੁੱਪ ਕਰਕੇ ਅੱਖਾਂ ਵਿੱਚ ਮੁਸਕੜੀਏਂ ਹੱਸਦਾ ਅਗਾਂਹ ਤੁਰ ਗਿਆ ਸੀ। ਵਿਨੋਦ ਕੁਮਾਰ ਤੋਂ ਰਿਹਾ ਨਾ ਗਿਆ-ਉਹ ਉੱਚੀ ਉੱਚੀ ਬੋਲਣ ਲੱਗ ਪਿਆ ਜਿਵੇਂ ਕਮਲ ਚੜ੍ਹ ਗਿਆ ਹੋਵੇ- " ਦੇਖੋ ਜੇ ਕਿਸੇ ਨੂੰ ਬਹੁਤਾ ਤਰਸ ਆਉਂਦੈ ਤਾਂ ਆਪਣੇ ਘਰ ਰੱਖ ਕੇ ਸੇਵਾ ਕਰੇ ਨਾਲ਼ੇ 'ਲਾਜ ਕਰਾ ਲੇ।"

ਇਸ ਤੋਂ ਪਹਿਲਾਂ ਵੀ ਕਈ ਵਾਰ ਅਵਾਰਾ ਫਿਰਦੇ ਪਸ਼ੂਆਂ, ਖ਼ਾਸ ਕਰਕੇ ਗਊਆਂ ਬਾਰੇ ਉਸਦੇ ਮਨ ਵਿੱਚ ਪੁੱਠੇ-ਸਿੱਧੇ ਵਿਚਾਰ ਆਉਂਦੇ ਰਹਿੰਦੇ ਸਨ। ਉਸ ਨੂੰ ਪੰਜਾਬ ਦੇ ਕਿਸੇ ਭੂਤਪੂਰਬ ਮੁੱਖ ਮੰਤਰੀ ਦਾ ਫ਼ੈਸਲਾ ਵਧੀਆ ਲੱਗਦਾ ਸੀ, ਜਿਸ ਵਿੱਚ ਉਸ ਨੇ ਅਜਿਹੇ ਪਸ਼ੂਆਂ ਦਾ ਨਿਬੇੜਾ ਕਰਨ ਮੀਟ ਪਲਾਂਟ ਲਗਵਾਇਆ ਸੀ ਪਰ ਕੱਟੜ ਪੰਥੀਆਂ ਨੇ ਵਿਰੋਧ ਦੀ ਹਨ੍ਹੇਰੀ ਹੀ ਝੁਲਾ ਦਿੱਤੀ ਸੀ ਤੇ ਪਲਾਂਟ ਬੰਦ ਕਰਨਾ ਪੈ ਗਿਆ ਸੀ। ਉਸ ਨੂੰ ਯਾਦ ਆ ਰਿਹਾ ਸੀ ਕਿ ਪਿੰਡਾਂ ਵਿੱਚ ਕੁੱਝ ਲੋਕ ਆਇਆ ਕਰਦੇ ਸਨ ਤੇ ਗਲ਼ੀਆਂ ਵਿੱਚ ਹੋਕਾ ਦਿਆ ਕਰਦੇ ਸਨ-"ਕੋਈ ਕੱਟਾ ਮੱਝ ਵੇਚ ਲਉ ਭਾਈ।" ਲੋਕ ਕਟੇ ਅਤੇ ਬੁੱਢੀਆਂ ਹੋ ਚੁੱਕੀਆਂ ਮੱਝਾਂ ਦੇ ਸੰਗਲ ਉਨ੍ਹਾਂ ਵਪਾਰੀਆਂ ਨੂੰ ਫੜਾ ਦਿੰਦੇ ਸਨ। ਕੋਈ ਟਾਵਾਂ ਕਿਸਾਨ ਹੀ ਮੌਲੇ ਜਾਂ ਖੋਲੀ ਦਾ ਰੱਸਾ ਲਾਹੁੰਦਾ ਸੀ। ਹੁਣ ਕਿਸਾਨ ਦੇ ਡੇਰੀਆਂ ਵਾਲ਼ੇ ਵੀ ਕੀ ਕਰਨ? ਕਿੱਥੇ ਖਪਾਉਣ ਉਹ ਅਮਰੀਕਨ ਨਸਲ ਦੇ ਢੱਠੇ-ਢੱਠੀਆਂ ਨੂੰ? ਨਾ ਗਾਵਾਂ ਨਾ ਮੱਝਾਂ।

ਗਲ਼ੀ ਦੇ ਬਾਕੀ ਲੋਕਾਂ ਨੂੰ ਭਾਵੇਂ ਸਾਰੀ ਗੱਲ ਦਾ ਪਤਾ ਲੱਗ ਗਿਆ ਸੀ ਪਰ ਉਹਨਾਂ ਵਿੱਚੋਂ ਕੋਈ ਨਾ ਉਸਦੇ ਵਿਰੋਧ ਵਿੱਚ ਆਇਆ, ਨਾ ਪੱਖ ਵਿੱਚ। ਬਾਹਰ ਗਲ਼ੀ ਵਿੱਚ ਕਈ ਜਣੇ ਖੜ੍ਹੇ ਦੇਖਦੇ ਰਹੇ ਬੱਸ। ਉਨ੍ਹਾਂ ਨੂੰ ਅੰਦਰੀਂ ਵੜਦੇ ਵੇਖ ਕੇ ਉਹ ਵੀ ਮਨ ਮਸੋਸ ਕੇ ਅੰਦਰ ਆ ਵੜਿਆ। ਹੁਣ ਉਸ ਦੇ ਮਨ ਵਿੱਚ ਇਹ ਵਿਚਾਰ ਘੁੰਮ ਰਹੇ ਸਨ ਕਿ ਉਸ ਨੂੰ ਇਹ ਆਖ ਦੇਣੇ ਚਾਹੀਦੇ ਸਨ- "ਵੀਹ ਸਾਲ ਚਿੱਤੜ ਘਸਾਏ ਐ ਡਿਗਰੀਆਂ ਤਾਂ ਮਿਲ਼ੀਐਂ। ਤੂੰ ਨਾ ਲੈ ਲੀਆਂ ਸੂਰਜ ਨੂੰ ਪਾਣੀ ਪਾ-ਪਾ ਕੇ ਡਿਗਰੀਆਂ। ਐਵੇਂ ਨੀ ਮਾਸਟਰ ਬਣਿਆ, ਚਿੱਤੜ ਉੱਚੜ ਜਾਂਦੇ ਸੀ ਤੱਪੜ 'ਤੇ ਬੈਠੇ ਦੇ।" ਇਹ ਸ਼ਬਦ ਨਾ ਆਖ ਸਕਣ ਦਾ ਵੀ ਉਸ ਨੂੰ ਜਿਵੇਂ ਹੁਣ ਝੋਰਾ ਲੱਗਾ ਹੋਇਆ ਸੀ।

ਵਿਸ਼ਵ ਵਾਤਾਵਰਨ ਦਿਵਸ 'ਤੇ ਉਸਨੇ ਆਪਣੀ ਗਲ਼ੀ ਵਿੱਚ ਕੰਧ ਦੇ ਨਾਲ਼ ਦੋ ਕਿਆਰੀਆਂ ਬਣਾ ਕੇ ਅਤੇ ਜੰਗਲਾ ਲਵਾ ਕੇ ਫੁੱਲਦਾਰ ਬੂਟੇ ਅਤੇ ਕੁੱਝ ਵੱਡੇ ਝਾੜੀਦਾਰ ਸ਼ਿੰਗਾਰ ਬੂਟੇ ਲਾ



ਦਿੱਤੇ ਸਨ। ਅੱਜ ਕੀ ਹੋਇਆ ਕਿ ਇਕ ਢਾਈ ਕੁ ਹੱਡੀਆਂ ਵਾਲ਼ੀ ਅਵਾਰਾ ਗਾਂ, ਜੋ ਸੜਕ 'ਤੇ ਘਸ ਘਸ ਕੇ ਜ਼ਖ਼ਮੀ ਹੋਏ ਖੁਰਾਂ ਕਰਕੇ, ਤੁਰਨ ਤੋਂ ਵੀ ਆਰੀ ਸੀ, ਐਨੀ ਉੱਚੀ ਗਰਿੱਲ ਦੇ ਉੱਤੋਂ ਦੀ ਪਤਾ ਨਹੀਂ ਕਿਵੇਂ ਮੂੰਹ ਪਾ ਕੇ ਵੱਡੇ ਸ਼ਿੰਗਾਰ-ਬੂਟੇ ਮੁੱਛ ਗਈ ਸੀ। ਉਸਨੂੰ ਇਸ ਦਾ ਬਹੁਤ ਦੁੱਖ ਹੋਇਆ ਸੀ, ਬੂਟਿਆਂ ਉੱਪਰ ਰੂਪ ਵੀ ਲੋਹੜੇ ਦਾ ਚੜ੍ਹਿਆ ਸੀ, ਸਵੇਰੇ ਉੱਠ ਕੇ ਜ਼ਰੂਰ ਵੇਖਣ ਆਉਂਦਾ। ਉੱਪਰੋਂ ਗਿੱਠ-ਗਿੱਠ ਲਾਪਰੇ ਬੂਟੇ ਦੇਖ ਕੇ ਉਸ ਦਾ ਮਨ ਵਲੂੰਧਰਿਆ ਗਿਆ ਤੇ ਹਰਖ ਜਿਹੇ ਵਿੱਚ ਉਸ ਨੇ ਗਾਂ ਦੇ ਪੁੜੇ 'ਤੇ ਡੰਡਾ ਮਾਰ ਦਿੱਤਾ ਜੋ ਧਰਮ ਦਾ ਮੁੱਦਾ ਬਣ ਗਿਆ।

ਹਰ ਰੋਜ਼ ਵੇਖਦਾ ਸੀ ਉਹ ਗਲ਼ੀ ਗੁਆਂਢ ਦੀਆਂ ਔਰਤਾਂ ਅਤੇ ਕੁੱਝ ਮਰਦਾਂ ਨੂੰ ਉਸ ਗਾਂ ਦੇ ਮੂੰਹ ਵਿੱਚ ਆਟੇ ਦਾ ਪੇੜਾ ਜਾਂ ਰੋਟੀ ਦਾ ਟੁਕੜਾ ਪਾਉਂਦਿਆਂ ਨੂੰ। ਕੁੱਝ ਔਰਤਾਂ ਤਾਂ ਉਸ ਦੇ ਪੈਰੀਂ ਹੱਥ ਵੀ ਲਾਉਦੀਆਂ ਸਨ। ਦੂਜੇ ਚੌਥੈ ਇਹ ਗਾਂ ਉਸ ਦੇ ਬੂਹੇ ਅੱਗੇ ਮੋਕ ਮਾਰ ਕੇ ਸਵੱਛ ਭਾਰਤ ਕਰ ਜਾਂਦੀ ਸੀ, ਜਿਵੇਂ ਉਸ ਨਾਲ਼ ਹੀ ਕੋਈ ਵੈਰ ਕੱਢ ਰਹੀ ਹੋਵੇ। ਐਨ ਉਸ ਦੇ ਬਾਰ ਵਿੱਚ।

ਹੁਣ ਇਹ ਜਿਹੜੀ ਹਿੰਦੁਸਤਾਨ ਵਿੱਚ 'ਜੈ ਸ੍ਰੀ ਰਾਮ' ਅਤੇ 'ਗਊ ਮਾਤਾ ਦੀ ਜੈ' ਦੀ ਮੁਹਾਰਨੀ ਪੜ੍ਹੀ ਜਾ ਰਹੀ ਸੀ, ਉਸ ਨੂੰ ਪ੍ਰੇਸ਼ਾਨ ਕਰਨ ਲੱਗੀ ਸੀ। ਉਹ ਸਵੇਰੇ ਰੋਜ਼ ਗਾਰਡਨ ਵਿੱਚ ਸੈਰ ਕਰਨ ਜਾਂਦਾ ਸੀ, ਜਿੱਥੇ ਕੁੱਝ ਖਾਕੀ ਨਿੱਕਰਾਂ ਵਾਲ਼ਿਆਂ ਨੂੰ ਇਹ ਨਾਅਰੇ ਲਾਉਂਦਿਆਂ ਨੂੰ ਉਹ ਰੋਜ਼ ਵੇਖਦਾ ਸੀ। ਬੇਸ਼ੱਕ ਹਰ ਕੋਈ ਆਪਣੇ ਆਪ ਵਿੱਚ ਮਸਤ ਉਨ੍ਹਾਂ ਕੋਲ਼ੋਂ ਲੰਘ ਜਾਂਦਾ ਸੀ, ਪਰ ਵਿਨੋਦ ਕੁਮਾਰ ਇਸ ਵਰਤਾਰੇ ਤੋਂ ਸੋਚਾਂ ਵਿੱਚ ਪਿਆ ਹੋਇਆ ਸੀ। ਉਸ ਨੂੰ ਨਾਅਰੇ ਲਾਉਣ ਵਾਲ਼ਿਆਂ ਦੇ ਤੌਰ ਸਹਿਜ ਨਹੀਂ ਸਨ ਜਾਪੇ, ਭੜਕਾਹਟ ਅਤੇ ਨਫ਼ਰਤ ਭਰੇ ਲੱਗੇ ਸਨ, ਲਾਲ ਸੂਹੇ ਚਿਹਰੇ ਤੇ ਘਸੁੰਨ ਹਵਾ ਵਿੱਚ ਲਹਿਰਾਏ ਹੋਏ। "ਠੀਕ ਹੈ, ਉਨ੍ਹਾਂ ਦਾ ਇਸ਼ਟ ਹੈ, ਵਿਸ਼ਵਾਸ ਹੈ, ਲਾਉਣ ਨਾਅਰੇ ਪਰ ਸਹਿਜਤਾ ਵੀ ਤਾਂ ਕੋਈ ਚੀਜ਼ ਹੁੰਦੀ ਐ। ਹੁਣੇ ਈ ਗਾਂ ਬਾਹਲੀ ਪਵਿੱਤਰ ਹੋ ਗਈ। ਠੀਕ ਐ ਮੰਨ ਲਿਆ ਬਈ ਪਵਿੱਤਰ ਹੈ ਪਰ ਇਹ ਸਾਡੀ ਦੇਸੀ ਗਾਂ ਦੀ ਵੀ ਨਸਲ ਨਹੀਂ। ਦੇਸੀ ਗਾਂ ਨੂੰ ਤਾਂ ਸਾਡੇ ਖੇਤੀ ਨਾਲ਼ ਜੁੜੇ ਲੋਕ ਵੀ ਗਊ ਮਾਤਾ ਕਹਿੰਦੇ ਹੁੰਦੇ ਸੀ। ਉਹਨਾਂ ਨੂੰ ਬਲ਼ਦ ਜੋ ਦਿੰਦੀ ਸੀ।" ਉਸ ਦਿਨ ਤੋਂ ਉਸ ਨੇ ਸੈਰ ਕਰਨ ਦਾ ਰਸਤਾ ਹੀ ਬਦਲ ਲਿਆ ਸੀ, ਨਹੀਂ ਸੀ ਦੇਖਣਾ ਚਾਹੁੰਦਾ ਇਹ ਸਾਰਾ ਕੁੱਝ। ਇਹਨਾਂ ਵਿਚਾਰਾਂ ਤੋਂ ਉਹ ਖਹਿੜਾ ਵੀ ਛੁਡਾਉਣਾ ਚਾਹੁੰਦਾ ਪਰ ਇਹ ਵਿਚਾਰ ਤਾਂ ਜਿਵੇਂ ਕਿਵੇਂ ਉਸ ਦੇ ਸਿਰ ਉੱਪਰ ਸਵਾਰ ਹੀ ਹੋ ਗਏ ਸਨ।

ਖ਼ੁਦ ਬ੍ਰਹਿਮਣ ਪਰਿਵਾਰ ਵਿੱਚ ਪੈਦਾ ਹੋਇਆ ਵਿਨੋਦ ਕੁਮਾਰ ਗਊ ਨੂੰ ਮਾਤਾ ਦਾ ਦਰਜ਼ਾ ਨਹੀਂ ਸੀ ਦਿੰਦਾ। ਉਸ ਨੇ ਪੜ੍ਹਿਆ ਸੀ ਕਿ ਵੈਦਿਕ ਯੁੱਗ ਵਿੱਚ ਗਊ ਮਾਸ ਦਾ ਯੱਗ ਕੀਤਾ ਜਾਂਦਾ ਸੀ। ਹੁਣ ਵੀ ਕੇਰਲਾ, ਬੰਗਾਲ ਤੇ ਕਈ ਹੋਰ ਖੇਤਰਾਂ ਵਿੱਚ ਬਹੁਤ ਹਿੰਦੂ ਗਊ ਦਾ ਮਾਸ ਖਾਂਦੇ ਹਨ, ਮੁਸਲਿਮ ਭਾਈਚਾਰਾ ਤਾਂ ਖਾਂਦਾ ਹੀ ਹੈ। ਦਿੱਲੀ ਮੁਸਲਿਮ ਇਲਾਕੇ ਵਿੱਚ ਪਹਿਲੀ ਵਾਰ ਉਸ ਨੇ ਵੇਖਿਆ ਸੀ ਕਿ ਕਿਵੇਂ ਗਾਂਵਾਂ ਵੱਢ ਕੇ ਟੰਗੀਆਂ ਹੋਈਆਂ ਸਨ। ਇਸ ਗੱਲ ਨੂੰ ਵੀਹ ਪੱਚੀ ਸਾਲ ਹੋ ਗਏ ਹੋਣਗੇ, ਜਦੋਂ ਉਹ ਮੁਸਲਮਾਨੀ ਇਲਾਕੇ ਵਿੱਚੋਂ ਲੰਘਿਆ ਸੀ। ਉਸ ਇਲਾਕੇ ਵਿੱਚ ਬਹੁਤ ਘਰ ਹਿੰਦੂਆਂ ਦੇ ਵੀ ਸਨ। ਉਸ ਦੀ ਭੂਆ ਦਾ ਘਰ ਉਸ ਇਲਾਕੇ ਵਿੱਚ ਹੀ ਸੀ। ਉਸ ਤੋਂ ਬਾਅਦ ਵੀ ਉਹ ਅਨੇਕਾਂ ਵਾਰ ਭੂਆ ਨੂੰ ਮਿਲਣ ਗਿਆ ਸੀ ਤੇ ਹਰ ਵਾਰ ਖੁੱਲ

ਕੇ ਟੰਗੀਆਂ ਗਊਆਂ ਨੂੰ ਵੇਖਦਾ ਰਿਹਾ ਸੀ। ਹਰ ਵਾਰ ਉਹ ਤੇ ਉਸ ਦੀ ਭੂਆ ਦਾ ਪੁੱਤ ਤੇ ਹੋਰ ਲੋਕ, ਕੋਲੋਂ ਦੀ ਬੇਧਿਆਨੇ ਹੀ ਲੰਘ ਜਾਂਦੇ ਸਨ। ਦੁਨੀਆਂ ਦਾ ਕੋਈ ਮੁਲਕ ਅਜਿਹਾ ਨਹੀਂ ਜਿੱਥੇ ਗਾਂ ਦਾ ਮਾਸ ਨਾ ਖਾਧਾ ਜਾਂਦਾ ਹੋਵੇ। ਸਾਡੇ ਹੀ ਪਤਾ ਨੀ ਇਹਨਾਂ ਲੋਕਾਂ ਨੂੰ ਕੀ ਫਿਟਕ ਵੱਜੀ ਐ?"

ਇੱਥੇ ਸ਼ਹਿਰ ਵਿੱਚ ਆ ਕੇ ਉਸ ਨੇ ਸਭ ਤੋਂ ਪਹਿਲਾ ਕੰਮ ਨੇਮ ਪਲੇਟ ਤੋਂ ਆਪਣੇ ਨਾਂ ਨਾਲ਼ ਲੱਗਿਆ ਸ਼ਰਮਾ ਸ਼ਬਦ ਹਟਾਇਆ ਸੀ। ਨਿੱਤਨੇਮ ਨਾਲ਼ ਗੁਰਦੁਆਰੇ ਜਾਣ ਵਾਲ਼ੇ ਵਿਨੋਦ ਕੁਮਾਰ ਨੇ ਹੁਣ ਗੁਰਦੁਆਰੇ ਜਾਣਾ ਕਿਉਂ ਬੰਦ ਕੀਤਾ, ਉਸ ਨੇ ਕਿਸੇ ਨਾਲ਼ ਇਹ ਗੱਲ ਸਾਂਝੀ ਵੀ ਨਹੀਂ ਕੀਤੀ। ਬਸਤੀ ਵਿੱਚ ਸਿਰਫ਼ ਦੋ ਬੰਦੇ ਸਨ, ਜੋ ਉਸ ਨਾਲ਼ ਗੁਰੂ ਘਰ ਵਿੱਚ ਵਾਕਫ਼ ਹੋਏ ਸਨ-ਬਿਸ਼ਨ ਸਿੰਘ ਅੰਮ੍ਰਿਤਧਾਰੀ ਸਿੰਘ ਤੇ ਸੇਵਾ ਮੁਕਤ ਹੌਲਦਾਰ ਚਰੰਜੀ ਲਾਲ ਸ਼ਰਮਾ, ਜੋ ਵਿਨੋਦ ਕੁਮਾਰ ਨਾਲ਼ ਹੋਏ ਵਚਨ ਬਿਲਾਸ ਤੋਂ ਕਾਫ਼ੀ ਪ੍ਰਭਾਵਤ ਹੁੰਦੇ ਆਏ ਸਨ। ਕਈ ਦਿਨਾਂ ਬਾਅਦ ਉਹ ਦੋਵੇਂ ਉਸ ਨੂੰ ਸਕੂਲੋਂ ਆਉਂਦੇ ਨੂੰ ਮਿਲ ਗਏ ਸਨ।

"ਮਾਸਟਰ ਜੀ ਕੀ ਗੱਲ ਹੁਣ ਕਦੇ ਗੁਰੂ ਘਰ ਨੀ ਆਏ?" ਬਿਸ਼ਨ ਸਿੰਘ ਨੇ ਪੁੱਛਿਆ ਸੀ।

" ਆਇਆ ਕਰੋ ਗੁਰੂ ਘਰ, ਸੰਗਤ ਨੂੰ ਸੁਣਾਇਆ ਕਰੋ, ਕੋਈ ਵਚਨ ਬਿਲਾਸ। ਥੋਨੂੰ ਤਾਂ ਪਰਮਾਤਮਾ ਨੇ ਬਹੁਤ ਗਿਆਨ ਬਖ਼ਸ਼ਿਆ ਹੋਇਆ ਐ ਜੀ।" ਹੌਲਦਾਰ ਚਰੰਜੀ ਲਾਲ ਨੇ ਕਿਹਾ ਸੀ। ਆਪਣੀ ਪ੍ਰਸੰਸਾ ਸੁਣ ਕੇ ਵਿਨੋਦ ਕੁਮਾਰ ਜਿਵੇਂ ਹੁੱਬ ਹੀ ਤਾਂ ਗਿਆ ਸੀ। ਸੁਣ ਕੇ ਵਿਨੋਦ ਕੁਮਾਰ ਦੇ ਚਿਹਰੇ ਉੱਪਰ ਵਿਅੰਗਮਈ ਮੁਸਕ੍ਰਾਹਟ ਤੈਰ ਗਈ ਸੀ। ਨਾ ਚਾਹੁੰਦਿਆਂ ਵੀ ਉਸ ਨੇ ਦਿਲ ਦੀ ਗੱਲ ਆਖ ਹੀ ਦਿੱਤੀ-"ਸੰਗਤਾਂ ਨੀ ਸੁਣਦੀਆਂ ਜੀ ਵਚਨ-ਬਿਲਾਸ। ਸੰਗਤਾਂ ਤਾਂ ਆਉਂਦੀਆਂ ਹੀ ਅਰਦਾਸ ਮੌਕੇ ਨੇ ਫੇਰ ਦੇਗ ਲੈ ਕੇ ਸਭ ਨੂੰ ਭੱਜਣ ਦੀ ਕਾਹਲ ਹੁੰਦੀ ਹੈ। ਮੈਂ ਤਾਂ ਵੇਖ ਲਿਆ ਹੈ।" ਤੇ ਉਹ ਉਹਨਾਂ ਦੇ ਚਿਹਰਿਆਂ 'ਤੇ ਪਏ ਪ੍ਰਭਾਵ ਵੇਖਦਾ ਰਿਹਾ। ਸੰਗਤਾਂ ਨੂੰ ਤਾਂ ਨਿਸ਼ਾਨ ਸਾਹਿਬ ਤੇ ਪਲੰਘ ਸਾਹਿਬ ਦੇ ਬਾਹੀਆਂ ਪਾਵੇ ਘੁੱਟਣ ਤੋਂ ਹੀ ਵਿਹਲ ਨੀ ਮਿਲ਼ਦੀ ਜੀ।"

ਬਿਸ਼ਨ ਸਿੰਘ ਨੇ ਉਸ ਦੀ ਹਾਮੀ ਭਰੀ ਸੀ-"ਗੱਲ ਤਾਂ ਥੋਡੀ ਰੋੜ ਅਰਗੀ ਐ ਮਾਹਟਰ ਜੀ। ਹੁਕਮਨਾਮਾ ਵੀ ਨੀ ਸੁਣਦੇ ਚੱਜ ਨਾਲ਼। ਬੱਸ ਗੋਲਕ ਵਿੱਚ ਢਾਲਾ ਸੁੱਟਿਆ। ਦੇਗ ਲਈ ਤੇ ਬੱਸ। ਗੁਰੂ ਘਰ ਵਿੱਚ ਹਾਜ਼ਰੀ ਲੱਗ ਗਈ। ਐਨਾ ਕੁ ਸ਼ਰਧਾ ਈ ਐ ਸੰਗਤਾਂ ਨੂੰ।"

ਅਜੇ ਉਸ ਦੀ ਗੱਲ ਵਿਚਾਲੇ ਹੀ ਸੀ ਚਰੰਜੀ ਲਾਲ ਬੋਲ ਪਿਆ। ਉਸਨੇ ਸਹਿਵਨ ਹੀ ਵਿਨੋਦ ਕੁਮਾਰ 'ਤੇ ਸੁਆਲ ਕੀਤਾ ਸੀ-"ਮਾਸਟਰ ਜੀ ਇਹ ਜਿਹੜਾ ਰਾਮ ਰਾਮ ਦਾ ਰੌਲ਼ਾ ਪਿਆ ਹੋਇਆ ਹੈ, ਥੋਡਾ ਕੀ ਵਿਚਾਰ ਹੈ?"

ਵਿਨੋਦ ਕੁਮਾਰ ਨੂੰ ਝਟਕਾ ਜਿਹਾ ਵੱਜਾ ਕਿ ਇਕ ਹਿੰਦੂ ਹੋ ਕੇ ਇਹ ਕੀ ਪੁੱਛ ਰਿਹਾ? ਪਲ ਕੁ ਸੋਚ ਕੇ ਉਸਨੇ ਝਿਜਕਦਿਆਂ ਜਿਹੇ ਜਵਾਬ ਦਿੱਤਾ ਸੀ-"ਮੈਂ ਸਮਝਦਾ ਹਾਂ ਕਿ ਰਾਮ ਸਾਡੇ ਮੁਲਕ ਦੇ ਗਿਆਨ ਅਨੁਸਾਰ ਸਰਵ ਵਿਆਪਕ ਸ਼ਬਦ ਹੈ। ਰਾਮ, ਰਹੀਮ, ਅੱਲਾ, ਪ੍ਰਮਾਤਮਾ, ਰੱਬ, ਈਸ਼ਵਰ, ਵਾਹਿਗੁਰੂ ਜੋ ਮਰਜ਼ੀ ਸਮਝ ਲਉ, ਇਕੋ ਅਰਥ ਰੱਖਦੇ ਹਨ ਤੇ ਇਹ ਭਾਰਤੀ ਸਭਿਆਚਾਰ ਦਾ ਅੰਗ ਹਨ। ਮਿਥਿਹਾਸ ਦੇ ਰਾਮ ਚੰਦਰ ਰਾਜੇ ਨੂੰ ਹੀ ਰਾਮ ਮੰਨ ਛੱਡਿਆ ਹੈ ਸਕੀਰਨ ਲੋਕਾਂ ਨੇ।



ਗੁਰਬਾਣੀ ਵਿੱਚ ਗੁਰੂ ਸਾਹਿਬਾਨ ਨੇ ਸਰਵ ਵਿਆਪੀ ਰਾਮ ਹੀ ਪੇਸ਼ ਕੀਤਾ ਹੈ।" ਦੋਵੇਂ ਹੱਥ ਜੋੜ ਕੇ ਆਗਿਆ ਮੰਗਦਿਆਂ ਜਦੋਂ ਉਹ ਤੁਰਨ ਲੱਗਾ ਤਾਂ ਉਸਦਾ ਜੀਅ ਤਾਂ ਇਹ ਕਹਿਣ ਨੂੰ ਵੀ ਕਰਦਾ ਸੀ ਕਿ ਉਹ ਆਖੇ-"ਬਾਲਮੀਕ ਸਾਹਿਬ ਜੋ ਉੱਚ ਕੋਟੀ ਦੇ ਕਵੀ ਹੋਏ ਹਨ, ਉਨ੍ਹਾਂ ਨੇ ਰਾਮਾਇਣ ਕਾਵਿ ਨਾਟਕ ਦੀ ਰਚਨਾ ਕੀਤੀ, ਕਿਤੇ ਵੀ ਰਾਮ ਨੂੰ ਅਵਤਾਰ 'ਨੀ ਲਿਖਿਆ। ਤੁਲਸੀ ਨੇ ਕਈ ਕੁੱਝ ਨਵਾਂ ਪਾ ਕੇ ਰਾਮ ਨੂੰ ਭਗਵਾਨ ਦਾ ਦਰਜਾ ਦੇਣ ਦੀ ਕੋਸ਼ਿਸ਼ ਕੀਤੀ ਸੀ। ਇਹ ਸਾਰਾ ਵਿਗਾੜ ਤੁਲਸੀ ਨੇ ਆਰੀਅਨਾਂ ਨੂੰ ਸਰੇਸ਼ਠ ਦਰਸਾਉਣ ਲਈ ਪਾਇਆ ਹੈ।" ਰਸਤੇ ਵਿੱਚ ਇਹ ਵਿਚਾਰ ਉਸ ਦੇ ਦਿਮਾਗ਼ ਵਿੱਚ ਚੱਕਰ ਲਾਉਂਦੇ ਰਹੇ। ਉਸਦਾ ਧਿਆਨ ਸਾਲ ਕੁ ਪਹਿਲਾਂ ਦੇ ਬੀਤੇ ਵੱਲ ਖਿੱਚਿਆ ਗਿਆ।

ਸ਼ੁਰੂ ਸ਼ੁਰੂ ਵਿੱਚ ਉਸ ਨੇ ਗੁਰੂ ਘਰ ਦੀ ਸੰਗਤ ਵਿੱਚ ਵੀ ਵਾਹਵਾ ਥਾਂ ਬਣਾ ਲਈ ਸੀ, ਸਥਾਨਕ ਗੁਰਦੁਆਰੇ ਦਾ ਮਹੰਤ ਵੀ ਖਾਸਾ ਵਿਦਵਾਨ ਸੀ ਤੇ ਹੁਕਮਨਾਮੇ ਦੀ ਵਿਆਖਿਆ ਵੀ ਕਰਿਆ ਕਰਦਾ ਸੀ। ਵਿਨੋਦ ਕੁਮਾਰ ਦੀ ਉਸ ਨਾਲ਼ ਵਾਹਵਾ ਸੱਥਰੀ ਪੈਂਦੀ ਸੀ, ਪਰ ਫਿਰ ਬਸਤੀ ਦੇ ਇਕ ਘੜੰਮ ਚੌਧਰੀ ਅੰਮ੍ਰਿਤਧਾਰੀ ਚੋਪੜਾ ਸਾਹਿਬ ਨੇ ਇਕ ਨੀਮ ਪਾਗ਼ਲ ਜਿਹੇ ਬੰਦੇ ਨੂੰ ਸ਼ਿੰਗਾਰ ਕੇ ਧੀਆਂ ਭੈਣਾਂ ਦੀਆਂ ਗਾਲ਼ਾਂ ਕਢਾ ਕੇ, ਉਸ ਭਲੇ ਗੁਰਮੁਖ ਮਹੰਤ ਉੱਪਰ ਕਈ ਤਰ੍ਹਾਂ ਦੀਆਂ ਤੁਹਮਤਾਂ ਲਾ ਕੇ ਗੁਰਦੁਆਰੇ ਵਿਚੋਂ ਖਦੇੜ ਦਿੱਤਾ ਸੀ। ਉਸ ਦਿਨ ਤੋਂ ਕਿਸੇ ਵਿਰੋਧ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਵਿਨੋਦ ਕੁਮਾਰ ਨੇ ਗੁਰਦੁਆਰੇ ਜਾਣਾ ਬੰਦ ਕਰ ਦਿੱਤਾ ਸੀ।

ਕਿਸੇ ਤਰ੍ਹਾਂ ਚੋਪੜਾ ਸਾਹਿਬ ਗੁਰਦੁਆਰੇ ਦੀ ਰਾਜਨੀਤੀ 'ਤੇ ਹਾਵੀ ਹੋ ਕੇ ਉੱਪਰ ਵਾਲ਼ੀ ਰਾਜਨੀਤੀ ਵਿੱਚ ਕੁੰਡੀ ਪਾਉਣੀ ਚਾਹੁੰਦਾ ਸੀ। ਉਪਰਲੀ ਰਾਜਨੀਤੀ ਦੇ ਸਰਗਨਾ ਦੀ ਨੂੰਹ ਜਦੋਂ ਰਾਜਨੀਤੀ ਵਿੱਚ ਪੈਰ ਰੱਖਣ ਲੱਗੀ ਤਾਂ ਚੋਪੜਾ ਸਾਹਿਬ ਨੇ ਆਪਣੀ ਘਰ ਵਾਲ਼ੀ ਨੂੰ ਰਾਜਨੀਤੀ ਲਈ ਸ਼ਿੰਗਾਰ ਲਿਆ। ਜਦ ਉਹ ਮੰਤਰੀ ਬੀਬਾ ਜੀ ਸ਼ਹਿਰ ਵਿੱਚ ਆਈ, ਤਾਂ ਉਸਦੀ ਖਾਨਦਾਨੀ ਹਕੂਮਤ ਵਿਰੁੱਧ ਆਂਙਣਬਾੜੀ ਵਰਕਰਾਂ ਨੇ ਆਪਣੀਆਂ ਮੰਗਾ ਉਹਦੇ ਅੱਗੇ ਰੱਖਣ ਲਈ ਪ੍ਰਦਰਸ਼ਨ ਦਾ ਪ੍ਰੋਗਰਾਮ ਉਲੀਕ ਲਿਆ। ਚੋਪੜੀ ਸਾਹਿਬਾ ਨੇ ਕੁੜੀਆਂ ਦੀਆਂ ਗੁੱਤਾਂ ਨੂੰ ਮਰੋੜੇ ਦੇ ਦੇ ਭੁਆਂਟਣੀਆਂ ਖਵਾ ਕੇ ਬੀਬਾ ਜੀ ਦਾ ਦਿਲ ਜਿੱਤ ਲਿਆ। ਬੱਸ ਉਦੋਂ ਤੋਂ ਚੋਪੜੇ-ਚੋਪੜੀ ਦੀ ਸਰਕਾਰੇ ਦਰਬਾਰੇ ਕੁੰਡੀ ਅੜ ਗਈ। ਚੋਪੜੇ ਚੋਪੜੀ ਦੇ ਨਾਲ਼ ਰਲ਼ ਗਈ ਸੀ ਜਥੇਦਾਰ ਆਖੇ ਜਾਂਦੇ ਐਫ਼. ਸੀ. ਆਈ. ਦੇ ਚੌਥੇ ਦਰਜ਼ਾ ਕਰਮਚਾਰੀ ਦੀ ਘਰ ਵਾਲ਼ੀ, ਜਿਸ ਨੂੰ ਗੁਰਦੁਆਰੇ ਦੀ ਕਰਤਾ ਧਰਤਾ ਤੇ ਸੁਖਮਨੀ ਸੁਸਾਇਟੀ ਦੀ ਪ੍ਰਧਾਨ ਬਣਾ ਦਿੱਤਾ ਗਿਆ। ਚੌਥਾ ਦਰਜ਼ਾ ਕਰਮਚਾਰੀ ਦਾ ਬੰਗਲੇ ਵਰਗਾ ਘਰ ਧਾਰਮਿਕ ਪਾਹ ਦੇ ਕੇ ਪਵਿੱਤਰ ਕਰ ਲਿਆ ਗਿਆ। ਘਰ ਕਿਵੇਂ ਬਣਿਆ, ਤੇ ਕਿਵੇਂ ਧੁਰ ਛੱਤ ਤੱਕ ਮਹਿੰਗੀਆਂ ਟਾਈਲਾਂ ਅਤੇ ਵਾਧਰਿਆਂ ਉੱਪਰ ਰੰਗ-ਬਿਰੰਗੇ ਸ਼ੀਸ਼ੇ ਲਾ ਕੇ ਪਟਿਆਲੇ ਵਾਲ਼ੇ ਰਾਜੇ ਦਾ ਮੋਤੀ ਮਹਿਲ ਬਣਾਇਆ ਗਿਆ-ਕਿਸੇ ਨੂੰ ਕੀ? ਗੁਰੂ ਘਰ ਦੀ ਸੇਵਾ ਨੇ ਸਭ ਕੁੱਝ ਢਕ ਦਿੱਤਾ। ਪਰ ਵਿਨੋਦ ਕੁਮਾਰ ਦੇ ਇਹ ਬੰਗਲਾ ਅੱਖਾਂ ਵਿੱਚ ਚੁਭਦਾ ਰਹਿੰਦਾ ਸੀ। ਓਸੇ ਮਹਿਕਮੇ ਵਿੱਚ ਵਿਨੋਦ ਕੁਮਾਰ ਦਾ ਇਕ ਰਿਸ਼ਤੇਦਾਰ ਬਲਦੇਵ ਰਾਮ ਵੀ ਮੁਲਾਜ਼ਮ ਸੀ, ਜੋ ਦਸਦਾ ਸੀ ਕਿ ਕਣਕ ਦੀਆਂ ਬੋਰੀਆਂ ਉੱਪਰ ਪਾਣੀ ਛਿੜਕ ਛਿੜਕ ਕੇ ਅਰਬਾਂ ਦਾ ਗਬਨ ਇਸ ਸ਼ਹਿਰ ਦੇ ਗੋਦਾਮਾਂ ਵਿੱਚ ਤੀਹ ਚਾਲ਼ੀ ਸਾਲਾਂ ਵਿੱਚ ਕੀਤਾ ਜਾ ਚੁੱਕਾ ਸੀ। ਵੱਡੇ ਅਫ਼ਸਰਾਂ ਨੇ ਵੀ ਬਥੇਰੇ ਹੱਥ ਰੰਗੇ ਸਨ। ਬਥੇਰੇ ਘਰ ਭਰੇ ਸਨ। ਹੁਣ ਤਾਂ ਉਹ ਕਰਮਚਾਰੀ

ਕਹਿਣ ਵੀ ਲੱਗ ਪਿਆ ਸੀ–"ਹੁਣ ਤਾਂ ਬਾਈ ਸਿਆਂ ਖਾ ਖਾ ਆਫ਼ਰਨ ਵਾਲ਼ੇ ਹੋਏ ਪਏ ਆਂ।" ਸਾਰੀ ਗੱਲ ਨਿੱਖਰੀ ਹੋਣ ਦੇ ਬਾਵਜੂਦ ਵਿਨੋਦ ਕੁਮਾਰ ਨੇ ਭੋਲ਼ਾ ਜਿਹਾ ਬਣਦਿਆਂ ਪੁੱਛਿਆ ਸੀ–

"ਨਾ ਮਹਿਕਮਾ ਅੱਖਾਂ ਮੀਚੀ ਬੈਠਾ ਰਿਹਾ?"

"ਮਹਿਕਮਾ?" ਖਿਦ ਖਿਦ ਕਰਦਾ ਬਲਦੇਵ ਰਾਮ ਹੱਸ ਪਿਆ ਸੀ–" ਜਦੋਂ ਛੱਪੜ ਵਿੱਚ ਸਾਰੀਆਂ ਮੱਛੀਆਂ ਹੀ ਗੰਦੀਆਂ ਹੋਣ ਤਾਂ ਕਿਵੇਂ ਪਛਾਣੋਗੇ ਬਈ ਕਿਹੜੀ ਮੱਛੀ ਵਿੱਚੋਂ ਮੁਸ਼ਕ ਆਉਂਦੀ ਐ ਵੱਡੇ ਭਾਈ? ਆਵਾ ਈ ਊਤਿਆ ਪਿਆ ਵੀਰ ਜੀ।" ਮੇਜ ’ਤੇ ਹੱਥ ਮਾਰ ਕੇ ਉਹ ਫੇਰ ਖੀ ਖੀ ਕਰ ਕੇ ਹੱਸ ਪਿਆ ਸੀ। ਵਿਨੋਦ ਕੁਮਾਰ ਨੂੰ ਹਾਸੀ ਤਾਂ ਨਾ ਆਈ ਪਰ ਉਸਦੀ ਸ਼ਕਲ ਹਸਦਿਆਂ ਵਰਗੀ ਜ਼ਰੂਰ ਹੋ ਗਈ ਸੀ ਤੇ ਉਸ ਨੇ ਦੁਹਾਂ ਹੱਥਾਂ ਦੀਆਂ ਉਂਗਲਾਂ ਨੂੰ ਫੈਲਾਉਂਦਿਆਂ, ਹੱਥਾਂ ਨੂੰ ਗੇੜਾ ਜਿਹਾ ਦੇ ਕੇ ਹੈਰਾਨੀ ਵਿੱਚ ਸਿਰ ਇਕ ਪਾਸੇ ਨੂੰ ਸੁੱਟ ਲਿਆ।

"ਹੋਰ ਸੁਣ ਲਉ। ਇੱਥੇ ਤਾਂ ਢਕੀ ਹੀ ਰਿੱਝਦੀ ਹੈ ਵੀਰ ਮੇਰਿਆ। ਜਥੇਦਾਰਨੀ ਨੇ ਪੰਜ ਕੁੜੀਆਂ ਦਾ ਢਿੱਡ ਵਿੱਚ ਕਤਲ ਕਰਕੇ ਲਿਐ ਮੁੰਡਾ। ਹੁਣ ਹਰ ਸਾਲ ਆਖੰਡ ਪਾਠ ਕਰਾ ਕੇ ਲੱਖ ਡੇਢ ਲੱਖ ਰੁਪਏ ਦੇ ਨੇੜੇ ਖ਼ਰਚ ਕਰਦੈ ਜਥੇਦਾਰ। ਅਖੇ ਦਸਵੰਧ ਕੱਢਣਾ ਜ਼ਰੂਰੀ ਹੈ, ਸਿੰਘਾਂ ਲਈ। ਤਕਰੀਬਨ ਸਾਰਾ ਸ਼ਹਿਰ ਤੇ ਮਹਿਕਮੇ ਦੇ ਸਭ ਨਿੱਕੇ ਵੱਡੇ ਅਫ਼ਸਰ ਆਉਂਦੇ ਐ ਭੋਗ ’ਤੇ। ਅੱਧ ਤੋਂ ਬਹੁਤਾ ਤਾਂ ਮੁੰਡੇ ਨੂੰ ਮਿਲ਼ੇ ਸ਼ਗਨਾਂ ਨਾਲ਼ ਮੁੜ ਈ ਆਉਂਦਾ। ਇਕ ਵਾਰ ਜਾ ਕੇ ਵੇਖੋ ਜੇ ਨਜ਼ਾਰਾ ਨਾ ਆ ਜੇ ਤਾਂ।" ਗੱਲ ਗੱਲ ’ਤੇ ਖਿੜ ਖਿੜ ਹਸਦਾ ਬਲਦੇਵ ਰਾਮ ਪੋਤੜੇ ਫਰੋਲਣ ਲੱਗਿਆ ਹੋਇਆ ਸੀ।

ਉਸ ਦਾ ਧਿਆਨ ਕਈ ਸਾਲ ਪਹਿਲਾਂ ਦੀ ਘਟਨਾ ਨੇ ਖਿੱਚ ਲਿਆ। ਉਸ ਦੀ ਹਾਸੀ ਨਿੱਕਲਣ ਵਾਲ਼ੀ ਹੋ ਗਈ ਪਰ ਉਹ ਗੰਭੀਰ ਜਿਹਾ ਹੋ ਕੇ ਉਸ ਘਟਨਾ ਬਾਰੇ ਸੋਚਦਾ ਰਿਹਾ। ਉਹ ਗੁਰੂ ਘਰ ਤੋਂ ਆਪਣੇ ਘਰ ਆਇਆ ਹੀ ਸੀ ਕਿ ਤਿੰਨ ਚਾਰ ਜਣੇ ਨੀਲੇ ਚੋਲ਼ੇ ਪਾਈ ਉਸਨੂੰ ਬੂਹੇ ਵਿੱਚ ਹੀ ਘੇਰ ਕੇ ਖੜ੍ਹ ਗਏ–"ਵ੍ਹਾਗੁਰੂ ਜੀ ਕਾ ਖ਼ਾਲਸਾ ਸ਼੍ਰੀ ਵ੍ਹਾਗੁਰੂ ਜੀ ਕੀ ਫ਼ਤਿਹ॥" ਇਕ ਜਣਾ ਵੱਡੇ ਸਾਰੇ ਨੀਲੇ ਪੱਗੜ ਵਾਲ਼ਾ ਮੂਹਰੇ ਹੋ ਕੇ ਬੋਲਿਆ ਸੀ ਪਰ ਪਿੱਛੇ ਬੋਲਣ ਵਾਲ਼ਿਆਂ ਨੇ ਕੇਵਲ ਇਕ ਸ਼ਬਦ ‘ਫ਼ਤਿਹ’ ਹੀ ਉਚਾਰਿਆ ਸੀ। ਅੱਗੋਂ ਵਿਨੋਦ ਕੁਮਾਰ ਨੇ ਫੜਾਕ ਕਰਕੇ ਇਹ ਬੋਲ ਉਨ੍ਹਾਂ ਦੇ ਮੱਥੇ ਵਿੱਚ ਮਾਰੇ–"ਖ਼ਾਲਸਿਉ ਫ਼ਤਿਹ ਵਿੱਚ ਸ਼੍ਰੀ ਸ਼ਬਦ ਕਿੱਥੋਂ ਲਿਆ ਵਾੜਿਆ, ਨਾਲ਼ੇ ਆਹ ਵ੍ਹਾਗੁਰੂ ਕੀ ਹੁੰਦੈ?" ਖ਼ਾਲਸਿਆਂ ਨੂੰ ਜਵਾਬ ਤਾਂ ਕੋਈ ਅਹੁੜਿਆਂ ਨਾ, ਵ੍ਹਾਗੁਰੂ! ਵ੍ਹਾਗੁਰੂ!! ਕਹਿੰਦੇ ਹੱਥ ਜੋੜਕੇ ਖੜ੍ਹ ਗਏ ਤੇ ਵੱਡੇ ਪੱਗੜ ਵਾਲ਼ੇ ਨੇ ਹੀ ਆਖਣਾ ਸ਼ੁਰੂ ਕੀਤਾ– ਸਿੰਘ ਸਾਹਿਬ ਗੁਰਦੁਆਰਾ ਲੱਕੜਸਰ ਸਾਹਿਬ ਦੀ ਕਾਰ ਸੇਵਾ ਚੱਲ ਰਹੀ ਹੈ, ਸ਼ਰਧਾ ਅਨੁਸਾਰ ਭੇਟਾ ਦਿਉ।"

"ਖ਼ਾਲਸਾ ਜੀ ਇਹ ਲੱਕੜਸਰ ਸਾਹਿਬ ਗੁਰਦੁਆਰਾ ਕਿੱਥੇ ਹੈ? ਇਹਦਾ ਇਤਿਹਾਸ ਕੀ ਹੈ? ਦੱਸੋ ਜ਼ਰਾ।" ਵੱਡੇ ਪੱਗੜ ਵਾਲ਼ੇ ਨੇ ਜਵਾਬ ਦੇਣ ਦੀ ਬਜਾਏ ਫਰੇਮ ਅਤੇ ਸ਼ੀਸ਼ੇ ਵਿੱਚ ਜੜਿਆ ਨੀਲੇ ਅੱਖਰਾਂ ਵਿੱਚ ਛਪਿਆ ਇਸ਼ਤਿਹਾਰ ਜਿਹਾ ਉਸ ਦੇ ਮੂਹਰੇ ਕਰ ਦਿੱਤਾ। ਉਸ ਇਸ਼ਤਿਹਾਰ ਨੁਮਾ ਸਰਟੀਫਿਕੇਟ ਵਿੱਚ ਕੋਈ ਵੀ ਤੱਥ ਅਜਿਹਾ ਨਹੀਂ ਸੀ ਜਿਸ ਉਪਰ ਯਕੀਨ ਕੀਤਾ ਜਾ ਸਕਦਾ।



"ਮੰਗਣ ਦਾ ਕੋਈ ਹੋਰ ਢੰਗ ਲੱਭ ਲਉ, ਸਿੱਖੀ ਦੇ ਪਹਿਰਾਵੇ ਨੂੰ ਕਿਉਂ ਕਲੰਕਤ ਕਰਦੇ ਹੋ?" ਇਸ ਗੱਲ ’ਤੇ ਵੀ ਉਹ ਵ੍ਹਾਗੁਰੂ! ਵ੍ਹਾਗੁਰੂ!! ਕਰਦੇ ਅਗਾਂਹ ਤੁਰ ਗਏ। ਉਨ੍ਹਾਂ ਨੂੰ ਬੜੀ ਹੀ ਬੇਹਿਯਾਈ ਨਾਲ਼ ਤੁਰੇ ਜਾਂਦਿਆਂ ਨੂੰ ਉਹ ਕਾਫ਼ੀ ਦੇਰ ਖੜ੍ਹਾ ਟੀਰਾ ਜਿਹਾ ਝਾਕਦਾ ਰਿਹਾ ਸੀ। ਉਸ ਨੇ ਵੇਖਿਆ ਕਿ ਕਈ ਘਰਾਂ ਦੇ ਬੂਹੇ ਉਨ੍ਹਾਂ ਨੇ ਖੜਕਾਏ। ਕਿਸੇ ਨੇ ਵੀ ਉਨ੍ਹਾਂ ਨੂੰ ਖਾਲੀ ਨਹੀਂ ਸੀ ਮੋੜਿਆ। ਗਲ਼ੀ ਵਿੱਚੋਂ ਲੰਘਣ ਵਾਲ਼ੇ ਥਾਣੇਦਾਰ ਗੁਆਂਢੀ ਨੂੰ ਉਹ ਆਖੇ ਬਿਨਾ ਨਾ ਰਹਿ ਸਕਿਆ–

"ਆਹ ਦੇਖ ਲਉ ਸਰਦਾਰ ਜੀ, ਕੀ ਪਾਖੰਡ ਧਾਰਿਐ ਲੋਕਾਂ ਨੇ?" ਕੋਈ ਪੁੱਛਣ ਵਾਲ਼ਾ ਹੈ ਇਹਨਾਂ ਨੂੰ ਬਈ ਲੱਕੜਸਰ ਸਾਹਿਬ ਗੁਰਦੁਆਰਾ ਕਿੱਥੇ ਹੈ?"

"ਚਲੋ ਜੀ ਜਿਵੇਂ ਕਿਸੇ ਦਾ ਰਾਂਝਾ ਰਾਜੀ ਹੁੰਦੈ, ਕਰੀ ਜਾਂਦੈ। ਆਪਾਂ ਤਾਂ ਗੁਰੂ ਦਾ ਬਾਣਾ ਦੇਖ ਕੇ ਦੇ ’ਤੇ ਪੰਜਾਹ ਰੁਪਏ।" ਇਸ ਰਾਂਝਾ ਰਾਜ਼ੀ ਕਰਨ ਅਤੇ ਹਰ ਮੰਦੀ ਚੰਗੀ ਘਟਨਾ ਤੋਂ ਅੱਖਾਂ ਬੰਦ ਕਰ ਕੇ ਰੱਖਣ ਦੇ ਇਸ ਰੁਝਾਨ ਤੋਂ ਵੀ ਵਿਨੋਦ ਕੁਮਾਰ ਬਹੁਤ ਅਵਾਜ਼ਾਰ ਸੀ–" ਉਇ ਭਲਿਉ! ਚੰਗੇ ਨੂੰ ਚੰਗਾ ਤੇ ਮਾੜੇ ਨੂੰ ਮਾੜਾ ਕਹਿੰਦਿਆਂ ਤੁਹਾਡੀ ਜ਼ੁਬਾਨ ਨੂੰ ਤਾਲਾ ਕਿਉਂ ਲੱਗ ਜਾਂਦੈ?" ਮਨ ਹੀ ਮਨ ਕਹਿੰਦਿਆਂ ਉਹ ਅੰਦਰ ਆ ਵੜਿਆ।

*****

ਅੱਜ ਤਾਂ ਜਿਵੇਂ ਉਸ ਦੇ ਦਿਮਾਗ਼ ਨੂੰ ਟੇਕ ਹੀ ਨਹੀਂ ਸੀ ਆ ਰਹੀ। ਉਸ ਦਾ ਚੇਤਾ ਘੁੰਮ ਗਿਆ ਜਦੋਂ ਕੁੱਝ ਦਿਨ ਪਹਿਲਾਂ ਬਿਸ਼ਨ ਸਿੰਘ ਤੇ ਹੌਲਦਾਰ ਚਰੰਜੀ ਲਾਲ ਉਸ ਨੂੰ ਮਿਲ਼ਣ ਆਏ ਸਨ। ਫਿਕਰਮੰਦੀ ਜਿਹੀ ਜਾਹਿਰ ਕਰਦਿਆਂ ਬਿਸ਼ਨ ਸਿੰਘ ਨੇ ਕਿਹਾ ਸੀ–"ਮਾਹਟਰ ਜੀ ਆਹ ਗਾਂ ਗੂੰ ਜੀ ਦਾ ਕੀ ਮਸਲਾ ਖੜ੍ਹਾ ਹੋ ਗਿਆ। ਕੰਡਕਟਰ ਸੋਮ ਨਾਥ ਹਿੰਦੂ ਪਰਿਵਾਰਾਂ ’ਚ ਤੁਹਾਡੇ ਵਿਰੁੱਧ ਪ੍ਰਚਾਰ ਕਰਨ ਲੱਗਿਆ ਹੋਇਐ ਅਖੇ ਗਊ ਮਾਤਾ ਦੇ ਡਾਂਗ ਮਾਰੀ।" ਸੁਣ ਕੇ ਵਿਨੋਦ ਕੁਮਾਰ ਬੇਚੈਨ ਹੋ ਕੇ ਕੰਬ ਜਿਹਾ ਗਿਆ ਸੀ। ਅੰਦਰੋਂ ਕੁੱਝ ਕੁ ਭੈਅ ਜਿਹਾ ਵੀ ਹਾਵੀ ਹੋ ਗਿਆ ਸੀ। ਸਿਰ ਨੀਵਾਂ ਸੁੱਟ ਕੇ ਉਹ ਸੋਚਾਂ ਜਿਹੀਆਂ ਵਿੱਚ ਉਲਝ ਗਿਆ। ਫਿਰ ਥੋੜ੍ਹਾ ਹੌਸਲਾ ਕਰਕੇ ਬੋਲਿਆ ਸੀ–

"ਬਿਸ਼ਨ ਸਿੰਘ ਜੀ ਮੈਂ ਤਾਂ ਏਸ ਗੱਲੋਂ ਹੈਰਾਨ ਆਂ ਬਈ ਇਹ ਲੋਕ ਚੰਗਾ ਬੀਜਦੇ ਨੂੰ ਵੀ ਨਹੀਂ ਬਖ਼ਸ਼ਦੇ।" ਏਨੀ ਕਹਿ ਕੇ ਇਕ ਦਮ ਚੁੱਪ ਹੋਏ ਵਿਨੋਦ ਕੁਮਾਰ ਦੀ ਧਰਤੀ ਵੱਲ ਨਜ਼ਰਾਂ ਟਿਕਾਈ, ਖ਼ਿਆਲਾਂ ਦੀ ਚਕਰੀ ਇਕੋ ਥਾਂ ਘੁੰਮਣ ਲੱਗੀ ਸੀ। ਇਸ ਪ੍ਰਭਾਵ ਤੋਂ ਮੁਕਤ ਹੋਣ ਦੀ ਇੱਛਾ ਹੋਣ ਦੇ ਬਾਵਜੂਦ ਮੁੜ ਮੁੜ ਉਹੋ ਵਿਚਾਰ ਉਸ ਦੇ ਦਿਮਾਗ਼ ਵਿੱਚ ਘੋਰੂ ਪਾਉਣ ਲੱਗੇ। ਗਾਂ ਦੇ ਡੰਡਾ ਮਾਰਨ ਵਾਲ਼ੀ ਉਹੀ ਘਟਨਾ ਉਸ ਦੇ ਮਨ ’ਤੇ ਹਾਵੀ ਹੋਈ ਪਈ ਸੀ, ਜਿਸ ਤੋਂ ਬਿਸ਼ਨ ਸਿੰਘ ਨੇ ਫ਼ਿਕਰ ਮਹਿਸੂਸ ਕਰਦਿਆਂ ਪੂਰੇ ਜੋਸ਼ ਵਿੱਚ ਕਿਹਾ–"ਮਾਹਟਰ ਜੀ ਫ਼ਿਕਰ ਵਿੱਚ ਪੈਣ ਦੀ ਕੋਈ ਲੋੜ ਨੀ ਹੈਗੀ। ਸਾਰੇ ਹਿੰਦੂ ਨੀ ਉਹਦੇ ਵਰਗੇ, ਕਹਿੰਦਾ ਸੀ, ਅਸੀਂ ਸੰਘ ਕੋਲ਼ ਜਾਵਾਂਗੇ। ਅਸੀਂ ਹੈਗੇ ਆਂ ਥੋਡੇ ਨਾਲ। ਕੌਡੀ ਦੇ ਬੰਦੇ ਨੀ ਜਿਨ੍ਹਾਂ ਨੂੰ ਲਈ ਫਿਰਦੈ ਨਾਲ਼। ਆਹ ਭਗਤ ਰਾਮ ਨੂੰ ਵੀ ਕੌਣ ਨੀ ਜਾਣਦਾ?"

ਬਿਸ਼ਨ ਸਿੰਘ ਦੇ ਸ਼ਬਦਾਂ ਨੇ ਇਕ ਵਾਰ ਤਾਂ ਉਸ ਦਾ ਡਿੱਗ ਰਿਹਾ ਹੌਸਲਾ ਥਾਂ ਸਿਰ ਕਰ ਦਿੱਤਾ ਸੀ, ਪਰ ਉਨ੍ਹਾਂ ਦੇ ਚਲੇ ਜਾਣ ਪਿੱਛੋਂ ਫਿਰ ਦਿਮਾਗ਼ ਚਕਰਾ ਗਿਆ ਸੀ। ਕਿਸੇ ਵੀ ਅਣਸੁਖਾਵੀਂ ਹੋਣ ਦਾ ਖ਼ਤਰਾ ਕਈ ਦਿਨ ਉਸ ਦੇ ਆਲ਼ੇ ਦੁਆਲ਼ੇ ਚੱਕਰ ਲਾਉਂਦਾ ਰਿਹਾ।

ਸੋਮ ਨਾਥ ਨਾਲ ਪਈ ਫਿੱਕ ਦਾ ਕਾਰਨ ਬਣੀ, ਪਛਲੇ ਦਿਨੀ ਹੋਈ ਘਟਨਾ ਚੇਤੇ ਆ ਗਈ , ਜਦੋਂ ਉਸ ਨਾਲ਼ ਉਸਦਾ ਪਹਿਲੀ ਵਾਰ ਵਾਹ ਪਿਆ ਸੀ। ਸਾਮ੍ਹਣੇ ਘਰ ਵਾਲ਼ਿਆਂ ਦੀ ਕੁੜੀ ਨੇ ਚੂਰਨ ਦੀਆਂ ਗੋਲ਼ੀਆਂ ਦੇ ਭੁਲੇਖੇ ਚੂਹੇ ਮਾਰਨ ਵਾਲ਼ੀਆਂ ਗੋਲ਼ੀਆਂ ਦਾ ਫੱਕਾ ਮਾਰ ਲਿਆ ਸੀ। ਪਤਾ ਲੱਗਦੇ ਹੀ, ਹਰਫਲ਼ਿਆ ਵਿਨੋਦ ਕੁਮਾਰ ਉਸ ਘਰ ਗਿਆ ਸੀ। ਵੇਖਿਆ ਕਿ ਘਰ ਵਿੱਚ ਬਾਕੀ ਜੀਅ ਕਿਧਰੇ ਬਾਹਰ ਅੰਦਰ ਗਏ ਹੋਏ ਸਨ। ਉਸਨੇ ਲੂਣ ਘੋਲ਼ ਕੇ ਕਾਫ਼ੀ ਸਾਰਾ ਪਾਣੀ ਕੁੜੀ ਨੂੰ ਧੱਕੇ ਨਾਲ਼ ਪਿਆ ਕੇ ਉਲ਼ਟੀਆਂ ਕਰਵਾਈਆਂ ਸਨ। ਉਸਦੀ ਮਾੜੀ ਹਾਲਤ ਵੇਖ ਕੇ ਉਹ ਬੌਂਦਲ਼ ਜਿਹਾ ਗਿਆ ਪਰ ਤਾਂ ਵੀ ਉਸ ਨੇ ਹਿੰਮਤ ਕਰਕੇ ਆਪਣਾ ਸਕੂਟਰ ਕੱਢਿਆ ਤੇ ਕੰਡਕਟਰ ਸੋਮ ਨਾਥ ਨੂੰ ਬੇਨਤੀ ਕੀਤੀ ਕਿ ਉਹ ਕੁੜੀ ਨੂੰ ਸਕੂਟਰ ਦੇ ਮਗਰ ਬਿਠਾ ਕੇ ਮਗਰੋਂ ਸੰਭਾਲ ਕੇ ਬੈਠ ਜਾਵੇ ਤੇ ਹਸਪਤਾਲ ਛੁਡਾ ਕੇ ਆਵੇ। ਸੋਮ ਨਾਥ ਕੁੱਝ ਸਮਾਂ ਚੁੱਪ ਚਾਪ ਖੜ੍ਹਾ ਰਿਹਾ ਤਾਂ ਵਿਨੋਦ ਕਮਾਰ ਨੇ ਦੁਬਾਰਾ ਜ਼ੋਰ ਦੇ ਕੇ ਕਿਹਾ ਸੀ-"ਗੱਲ ਕੀ ਐ ਯਾਰ? ਮੈਂ ਜ਼ਿੰਮੇਵਾਰ ਆਂ ਯਾਰ ਸਭ ਕਾਸੇ ਦਾ, ਗਲ਼ੀ ਗੁਆਂਢ ਐ ।" ਤਾਂ ਉਹ ਗੁਣਗੁਣੀ ਜਿਹੀ ਆਵਾਜ਼ ਵਿੱਚ ਬੋਲਿਆ ਸੀ-"ਹਸਪਤਾਲ ਵਿੱਚ ਮੈਨੂੰ ਕੌਣ ਜਾਣਦੈ? ਮੈਂ ਮ...ਮ..."

"ਮੇਰੇ ਨਾਲ਼ ਤਾਂ ਛੁਡਾ ਆਉ ਕੁੜੀ ਨੂੰ, ਗੱਲ ਮੈਂ ਆਪੇ ਸਾਂਭ ਲੂੰ ਯਾਰ। ਐਡੀ ਕੀ ਗੱਲ ਐ? ਛੱਡ ਕੇ ਆ ਜੀਂ। ਕੁੜੀ ਦੀ ਜਾਨ ਬਚਾਉਣੀ ਜ਼ਰੂਰੀ ਹੈ। ਕੁਛ ਤਾਂ ਇਨਸਾਨੀਅਤ ਚਾਹੀਦੀ ਬੰਦੇ 'ਚ ਯਾਰ।" ਵਿਨੋਦ ਕੁਮਾਰ ਨੂੰ ਇਕ ਤਰ੍ਹਾਂ ਚੀਹ ਚੜ੍ਹ ਗਈ ਸੀ।

"ਪੁਲਸ ਮੈਨੂੰ ਬਿਆਨਾਂ 'ਚ ਘੜੀਸੀ ਫਿਰੂ ਮਾਹਟਰ ਜੀ।" ਕੰਡਕਟਰ ਤੁਰ ਗਿਆ ਸੀ ਤੇ ਕਾਹਲੀ ਨਾਲ਼ ਘਰ ਦਾ ਬੂਹਾ ਲੰਘ ਕੇ ਅੰਦਰ ਵੜ ਗਿਆ ਸੀ। ਅਖੀਰ ਉਸ ਨੂੰ ਇਕ ਦੋਧੀ ਨੂੰ ਰੋਕਣਾ ਪਿਆ ਸੀ। ਉਸ ਦੇ ਮੋਟਰ ਸਾਈਕਲ ਤੋਂ ਢੋਲ ਉਤਰਵਾ ਕੇ ਵਿਨੋਦ ਕੁਮਾਰ ਨੇ ਜੱਫਾ ਭਰ ਕੇ ਕੁੜੀ ਨੂੰ ਮੋਟਰ ਸਾਈਕਲ ਦੀ ਸੀਟ 'ਤੇ ਸੁੱਟਿਆ ਸੀ ਤੇ ਆਪ ਉਸ ਨੂੰ ਬੁੱਕਲ ਵਿੱਚ ਲੈ ਕੇ ਮਗਰ ਬੈਠ ਗਿਆ ਸੀ। ਭਲੇ ਵੇਲ਼ੇ ਨੂੰ ਹਸਪਤਾਲ ਪਹੁੰਚਣ ਨਾਲ਼ ਕੁੜੀ ਦੀ ਜਾਨ ਬਚ ਗਈ ਸੀ। ਵਿਨੋਦ ਕੁਮਾਰ ਨੇ ਇਕ ਵਾਰ ਤਾਂ ਕੁੜੀ ਆਪਣੀ ਲਿਖਾ ਦਿੱਤੀ ਪਰ ਜਦੋਂ ਉਸ ਦੇ ਮਾਂ ਬਾਪ ਆਏ ਤਾਂ ਮਾਮਲਾ ਉਨ੍ਹਾਂ ਨੇ ਸੰਭਾਲ ਲਿਆ ਸੀ।

"ਕਿੱਧਰ ਗਈ ਇਨਸਾਨੀਅਤ? ਭਲਿਉ ਲੋਕੋ ਬੰਦਾ ਬੰਦੇ ਦੀ ਦਾਰੂ ਹੁੰਦੈ। ਪਰ ਜੇ ਬੰਦਾ ਹੋਵੇ ਤਾਂ ਹੀ ਨਾ। ਅੰਨ ਪਾੜਨ ਵਾਲ਼ੇ ਤਾਂ ਬਥੇਰੇ ਫਿਰਦੇ ਐ, ਘਾਟ ਤਾਂ ਬੰਦਿਆਂ ਦੀ ਮਾਰਦੀ ਐ।" ਉਹ ਦਿਨ ਹੱਦ, ਵਿਨੋਦ ਕੁਮਾਰ ਨੇ ਸੋਮ ਨਾਥ ਤੋਂ ਪੱਕੇ ਤੌਰ 'ਤੇ ਹੀ ਪਾਸਾ ਵੱਟ ਲਿਆ ਸੀ ਤੇ ਉਸ ਨਾਲ਼ ਕਦੀ ਵੀ ਜ਼ੁਬਾਨ ਸਾਂਝੀ ਨਹੀਂ ਸੀ ਕੀਤੀ। ਵਿਨੋਦ ਕੁਮਾਰ ਦੀ ਇਹ ਕਮਜ਼ੋਰੀ ਸੀ ਕਿ ਜਿਸ ਨੂੰ ਦਿਲੋਂ ਲਾਹ ਦਿਤਾ ਬੱਸ ਲਾਹ ਦਿੱਤੇ;ਸਗੋਂ ਕਈ ਵਾਰ ਵੇਖਕੇ ਮੂੰਹ ਦੂਜੇ ਪਾਸੇ ਕਰ ਲੈਂਦਾ ਸੀ। ਇਹੋ ਜਿਹੇ ਕਾਰਨਾਂ ਕਰਕੇ ਉਹ ਗਲ਼ੀ ਗੁਆਂਢ ਵਿੱਚ ਇਕੱਲਤਾ ਦਾ ਸ਼ਿਕਾਰ ਹੋਈ ਜਾ ਰਿਹਾ ਸੀ। ...ਤੇ ਫਿਲਮ ਦੇ ਦ੍ਰਿਸ਼ਾਂ ਵਾਂਗ ਕਿੰਨੇ ਸਾਰੇ ਪਾਤਰ ਉਸ ਦੇ ਦਿਮਾਗ਼ ਉੱਪਰ ਸਵਾਰ ਹੋ ਰਹੇ ਸਨ।



ਕਈ ਘਟਨਾਵਾਂ ਸਨ ਜੋ ਉਸ ਦਾ ਪਿੱਛਾ ਨਹੀਂ ਸੀ ਛੱਡਦੀਆਂ। ਕਿੰਨੀ ਵਾਰ ਮੂਹਰੇ ਆ ਚੁੱਕੀਆਂ ਸਨ। ਇਕ ਘਟਨਾ ਚੇਤੇ ਕਰਕੇ ਤਾਂ ਉਸਨੂੰ ਹਾਸੀ ਹੀ ਆ ਗਈ ਜਦੋਂ ਉਸ ਨੂੰ ਯਾਦ ਆਇਆ ਕਿ ਮਰਨ ਵਾਲ਼ਾ ਮੋਦਨ ਸਿੰਘ ਡਰਾਈਵਰ ਉਹਦੇ ਕੋਲ਼ ਆ ਕੇ ਫਰਿਆਦ ਕਰਨ ਵਾਲ਼ਿਆਂ ਵਾਂਗ ਬੋਲਿਆ ਸੀ-"ਮਾਹਟਰ ਜੀ ਆਹ ਜਗਦੇਵ ਤੇ ਬੂਟਾ ਗਲ਼ੀ ਵਿੱਚ ਬੈਂਚ ਡਾਹੁਣ ਦੀ ਗੱਲ ਕਰ ਰਹੇ ਐ, ਬਹੁਤ ਮਾੜੀ ਗੱਲ ਐ। ਥੋਨੂੰ ਪਤਾ ਈ ਐ ਬਈ ਇਹ ਦੋਵੇਂ ਬੰਦੇ ਕੁਰਸੀਆਂ ਡਾਹ ਕੇ ਬੈਠੇ ਹੁੰਦੇ ਐ ਨਾ ਰੋਜ਼, ਪੱਕੀ ਗੱਲ ਐ ਬਈ ਬੁੜ੍ਹੀਆਂ ਨੂੰ ਤੁਰੀਆਂ ਜਾਂਦੀਆਂ ਵੇਖ ਕੇ, ਬੂਟੇ ਨੂੰ ਮੈਂ ਆਪ ਸੁਣਿਐ ਕਹਿੰਦੇ ਨੂੰ, "ਵੇਖ ਤੁਰਦੀ ਕਿਵੇਂ ਐ? ਆਹ ਵੇਖ ਸਾਲੀ ਦੇ ਮੁੰਮੇ ਜਿਵੇਂ ਮਾਵਾ ਦਿੱਤਾ ਹੁੰਦੈ। ਚਿੱਤੜ ਦੇਖੋ ਕਿਵੇਂ ਪਤਾਸ਼ੇ ਭੋਰਦੀ ਜਾਂਦੀ ਐ।' ਹੁਣ ਪੈਸੇ 'ਕੱਠੇ ਕਰਦੇ ਫਿਰਦੇ ਐ, ਅਖੇ ਸੀਮਿੰਟ ਦੇ ਬੈਂਚ ਲਿਆਉਣੇ ਐ। ਸਾਰਾ ਸਿਆਲ਼ ਰਾਹ ਵਿੱਚ ਬੈਠਿਆ ਕਰਨਗੇ। ਤੁਸੀਂ ਦੱਸੋ ਬਈ ਇਹ ਚੰਗੀ ਗੱਲ ਐ?"

"ਮੋਦਨ ਸਿਆਂ ਭਾਈ, ਜਦੋਂ ਆਪਣੇ ਘਰ ਪੈਸੇ ਲੈਣ ਆਉਣ, ਨਾ ਦੇਇਉ। ਮੱਲੋ ਮੱਲੀ ਤਾਂ ਕੱਢ ਨੀ ਸਕਦੇ ਜੇਬ 'ਚੋਂ।" ਮੋਦਨ ਸਿੰਘ ਬਾਰੇ ਵੀ ਉਹ ਜਾਣਦਾ ਸੀ ਜੋ ਰੋਜ਼ ਦਾ ਬਹੁਤਾ ਨਹੀਂ ਤਾਂ ਅੱਧ ਪਾ ਭੁੱਕੜ ਖਾ ਕੇ ਹੀ ਤੁਰਨ ਜੋਗਾ ਹੁੰਦਾ ਸੀ। ਤੋੜ ਕੇ ਦਿੱਤੇ ਜਵਾਬ ਦੀ ਔਖ ਮੰਨੀ ਸੀ ਮੋਦਨ ਸਿੰਘ ਨੇ। ਇਸ ਔਖ ਨੂੰ ਉਸਦਾ ਚਿਹਰਾ ਬਿਆਨ ਕਰ ਰਿਹਾ ਸੀ ਤੇ ਕੌੜ ਕੌੜ ਝਾਕਦੀਆਂ ਅੱਖਾਂ ਬਹੁਤ ਕੁੱਝ ਕਹਿ ਗਈਆਂ ਸਨ। ਫਿਰ ਹਫ਼ਤਾ ਵੀ ਨਹੀਂ ਸੀ ਬੀਤਿਆ, ਗਲ਼ੀ ਵਿੱਚ ਤਿੰਨ ਬੈਂਚ ਆ ਡੱਠੇ ਸਨ ਤੇ ਮੋਦਨ ਸਿੰਘ ਵੀ ਉਨ੍ਹਾਂ ਦੇ ਵਿਚਕਾਰਲੇ ਬੈਂਚ 'ਤੇ ਬੈਠਾ ਹੁੰਦਾ ਸੀ-"ਆਹ ਚਲਦੀ ਐ ਅੱਜ ਕੱਲ੍ਹ ਰਾਜਨੀਤੀ, ਅਗਲੇ ਨੂੰ ਮੂਹਰੇ ਕਰ ਕੇ ਆਪ ਪਿੱਛੇ ਹੋ ਜਾਉ। ਵਾਹ ਉਇ ਮੋਦਨ ਸਿਆਂ!"

*****

ਉਹ ਕੀ ਵੇਖਦਾ ਹੈ ਕਿ ਗਲ਼ੀ ਵਿੱਚ ਬਹੁਤ ਸਾਰੇ ਲੋਕਾਂ ਦੀ ਭੀੜ ਜਮ੍ਹਾਂ ਹੋ ਗਈ ਹੈ। ਲੋਕ ਹੱਥਾਂ ਵਿੱਚ ਡਾਂਗਾਂ ਚੁੱਕੀ ਉਸ ਦੇ ਬੂਹੇ ਅੱਗੇ ਜਮ੍ਹਾ ਹੋਏ ਹੋਏ ਹਨ ਤੇ ਉਸ ਦੇ ਖ਼ਿਲਾਫ਼ ਬੁਰਾ ਭਲਾ ਬੋਲੀ ਜਾਂਦੇ ਹਨ। ਉਹ ਰੌਲਾ ਸੁਣ ਕੇ ਬਾਹਰ ਨਿੱਕਲਿਆ ਹੈ। ਭੀੜ ਵਿੱਚ ਜ਼ਿਆਦਾ ਤਰ ਲੋਕ ਖਾਕੀ ਨਿੱਕਰਾਂ, ਅੰਗਰੇਜ਼ਾਂ ਵਾਲੀਆਂ ਅੱਧੀਆਂ ਪੈਂਟਾਂ ਵਾਲ਼ੇ ਹੀ ਹਨ ਤੇ ਤਿੱਖੀਆਂ ਚੁੰਝਾਂ ਵਾਲ਼ੀਆਂ ਕਾਲ਼ੀਆਂ ਟੋਪੀਆਂ ਹਨ ਸਿਰਾਂ 'ਤੇ।। ਉਹ ਥੋੜ੍ਹਾ ਹੀ ਅੱਗੇ ਵਧਿਆ ਸੀ ਕਿ ਪਿੱਛਲੇ ਪਾਸਿਉਂ ਇਕ ਡਾਂਗ ਉਸ ਦੇ ਸਿਰ ਵਿੱਚ ਆ ਵੱਜੀ। ਮਾਰ ਤਾ ਉਇ! ਉਸ ਦੇ ਮੂੰਹੋਂ ਜ਼ੋਰ ਦੀ ਨਿੱਕਲ਼ਿਆ। ਸਵਿੱਤਰੀ ਭੱਜ ਕੇ ਆਈ।

"ਹੈਂ ਜੀ, ਕੀ ਹੋਇਆ?" ਭੜੱਕ ਕਰਕੇ ਉਸ ਦੀ ਜਾਗ ਖੁੱਲ੍ਹ ਗਈ ਤੇ ਉਸ ਨੇ ਮਹਿਸੂਸ ਕੀਤਾ ਕਿ ਉਹ ਪਸੀਨੇ ਨਾਲ਼ ਬੁਰੀ ਤਰ੍ਹਾਂ ਨੁੱਚੜ ਰਿਹਾ ਸੀ। ਵੇਖਦੇ ਸਾਰ ਸਵਿੱਤਰੀ ਦਾ ਕਾਲਜਾ ਇਕ ਤਰ੍ਹਾਂ ਸੂਤਿਆ ਹੀ ਗਿਆ-

"ਕੀ ਗੱਲ ਪਹਿਲਾਂ ਤਾਂ ਕਦੇ ਐਂ ਹੋਇਆ ਨੀ। ਅੱਜ ਕੀ ਗੱਲ ਹੋਗੀ?"

"ਦਬਾਅ ਜਿਆ ਆ ਗਿਆ ਸੀ। ਸੌਂ ਜਾ ਤੂੰ ਜਾ ਕੇ।"

ਸਵਿੱਤਰੀ ਨੇ ਫਰਿੱਜ ਵਿੱਚੋਂ ਪਾਣੀ ਲਿਆ ਕੇ ਦਿੱਤਾ।

"ਚੱਲ ਸੌਂ ਜਾ, ਜਾ ਕੇ। ਠੀਕ ਆਂ ਮੈਂ।" ਗਲਾਸ ਫੜ ਕੇ ਉਸ ਨੇ ਕਿਹਾ। ਪਾਣੀ ਪੀ ਕੇ ਉਸ ਨੇ ਕੁੱਝ ਸਹਿਜ ਹੋਣ ਦਾ ਯਤਨ ਕੀਤਾ ਪਰ ਸਹਿਜ ਨਾ ਹੋ ਸਕਿਆ। ਧਿਆਨ ਹੋਰ ਪਾਸੇ ਲਾਉਣ ਲਈ, ਉਸ ਨੇ ਕੈਨੇਡਾ ਰਹਿੰਦੇ ਆਪਣੇ ਦੋਸਤ ਬਚਿੱਤਰ ਨੂੰ ਫੋਨ ਕਰਨ ਲਈ ਘੜੀ ਵੇਖੀ। ਗੱਲ ਕਰਨ ਦਾ ਸਮਾਂ ਸੀ, ਬਚਿੱਤਰ ਕੋਲ਼। ਉਸ ਨੇ ਮਿੱਸ ਕਾਲ ਦੀ ਰਿੰਗ ਮਾਰ ਦਿੱਤੀ। ਬਚਿੱਤਰ ਨੇ ਉੱਧਰੋਂ ਫੋਨ ਖੜਕਾ ਦਿੱਤਾ। ਬਹੁਤ ਸਾਰੀਆਂ ਗੱਲਾਂ ਦੇ ਦੌਰਾਨ ਭਾਰਤ ਵਿੱਚ ਬਣੇ ਹਾਲਾਤ ਉੱਪਰ ਗੱਲ ਛਿੜ ਪਈ। ਹੋਰ ਗੱਲਾਂ ਦੇ ਨਾਲ ਗਊ ਦਾ ਵਿਸ਼ਾ ਵੀ ਛਿੜ ਪਿਆ। ਗਊ ਹੀ ਤਾਂ ਮਾਤਾ ਦੀ ਥਾਂ ਅੱਜ ਕੱਲ੍ਹ ਹਊਆ ਬਣੀ ਹੋਈ ਸੀ, ਮੌਤ ਮੌਤ ਦਾ ਹੋਕਾ ਦਿੰਦੀ।

"ਪੰਡਤਾ ਤੂੰ ਤਾਂ ਚੰਗੀ ਤਰ੍ਹਾਂ ਸਮਝਦਾ ਈ ਐਂ, ਇਹ ਤਾਂ ਜਦੋਂ ਖੇਤੀ-ਬਾੜੀ ਵਾਸਤੇ ਬਲਦਾਂ ਵੱਛਿਆਂ ਦੀ ਲੋੜ ਪੈ ਗਈ ਤਾਂ ਗਊ ਨੂੰ ਪਵਿੱਤਰ ਮੰਨ ਲਿਆ ਗਿਆ। ਤੂੰ ਇਹ ਦੇਖ ਲੈ ਬਈ ਸਾਰੀ ਦੁਨੀਆਂ ਵਿੱਚ ਗਊ ਦਾ ਮਾਸ ਖਾਧਾ ਜਾਂਦਾ ਹੈ ਤੇ ਇਹ ਵੀ ਕਿ ਵਿਦੇਸ਼ਾਂ ਵਿੱਚ ਵਸਦੇ ਭਾਰਤੀ ਲੋਕਾਂ 'ਚੋਂ ਬਹੁਤਿਆਂ ਦੇ ਫਰਿਜ ਬੀਫ਼ ਜਾਂ ਗਊ ਮਾਸ ਨਾਲ਼ ਭਰੇ ਹੁੰਦੇ ਐ। ਸਾਡਾ ਤਾਂ ਆਪ ਸਾਰਾ ਟੱਬਰ ਗਾਂ ਦਾ ਮਾਸ ਖਾਂਦੈ, ਭਰਾ ਮੇਰਿਆ ਏਥੇ ਤਾਂ ਪਸੰਦ ਹੀ ਗਾਂ ਦਾ ਮਾਸ ਕੀਤਾ ਜਾਂਦੈ। ਇਹ ਤਾਂ ਹਿੰਦੁਸਤਾਨ ਦੀ ਧਰਤੀ 'ਤੇ ਰਹਿੰਦੇ ਲੋਕਾਂ ਨੂੰ ਹੀ ਬਿਮਾਰੀ ਪਈ ਹੋਈ ਹੈ, ਜੋ ਥੋੜ੍ਹੇ ਕੁ ਸਾਲਾਂ ਵਿੱਚ ਗਾਂ ਗਾਂ ਹੋਣ ਲੱਗ ਪਈ ਹੈ। ਮੰਨ ਲਉ ਗਊ ਮਾਤਾ ਹੈ, ਪਰ ਇਹ ਦੱਸੋ ਕਿ ਦੋਗਲੀ ਨਸਲ ਦੀਆਂ ਅਮਰੀਕਨ ਗਾਂਵਾਂ ਸਾਡੀਆਂ ਕੀ ਲੱਗਦੀਆਂ ਹਨ, ਜੋ ਨਾ ਗਾਂਵਾਂ ਹਨ ਤੇ ਨਾ ਹੀ ਮੱਝਾਂ।" ਬਚਿੱਤਰ ਦਾ ਹਾਸਾ ਫੋਨ ਵਿੱਚ ਛਣਕਣ ਲੱਗ ਪਿਆ। ਫੋਨ ਕਰਦਿਆਂ ਵੀ ਹੱਸੀ ਜਾਣਾ ਉਸ ਦੀ ਆਦਤ ਸੀ। ਉਸਦੀ ਹਾਸੀ ਦਾ ਰੰਗ ਵਿਨੋਦ ਕੁਮਾਰ ਦੇ ਚਿਹਰੇ ਉੱਪਰ ਵੀ ਫੈਲ ਗਿਆ। ਬਚਿੱਤਰ ਬੋਲੀ ਜਾ ਰਿਹਾ ਸੀ-"ਮੰਨ ਲਉ ਕਿ ਗਊ ਸਾਡੀ ਮਾਂ ਹੈ। ਤਾਂ ਫਿਰ ਇਹ ਦੱਸੋ ਬਈ ਕੋਈ ਆਪਣੀ ਮਾਂ ਨੂੰ ਇਉਂ ਸੜਕਾਂ 'ਤੇ ਭੁੱਖੀ ਮਰਨ ਦਿਊਗਾ। ਕੋਈ ਮਾਂ ਨੂੰ ਘਰੋਂ ਕੱਢੂਗਾ, ਜਿਵੇਂ ਇਹ ਸੈਂਕੜੇ ਤੇ ਹਜ਼ਾਰਾਂ ਹੀ ਸੜਕਾਂ 'ਤੇ ਅਵਾਰਾ ਫਿਰਦੀਆਂ ਹਨ? ਕੋਈ ਆਪਣੀ ਮਾਂ ਨਾਲ਼ ਅਵਾਰਾ ਸ਼ਬਦ ਲੱਗਿਆ ਪਸੰਦ ਕਰੂਗਾ? ਜਿੰਨਾ ਚਿਰ ਦੁੱਧ ਦਿੰਦੀ ਹੈ, ਗਊ ਮਾਤਾ, ਜਦੋਂ ਦੁੱਧ ਦੇਣੋ ਹਟ ਗਈ, ਮਾਰੋ ਡੰਡਾ ਕੱਢੋ ਬਾਹਰ। ਫਿਰ ਇਹ ਮੜ੍ਹੇਈ ਮਾਂ ਵੀ ਨਹੀਂ ਰਹਿੰਦੀ।"

ਅੱਗੋਂ ਵਿਨੋਦ ਕੁਮਾਰ ਨੇ ਤੁਕ ਨਾਲ਼ ਤੁਕ ਜੋੜ ਦਿੱਤੀ-"ਆਹ ਗਊਸ਼ਾਲਾ ਵਾਲ਼ਿਆਂ ਨੂੰ ਵੇਖ ਲਉ-ਅਖੇ ਗਊਆਂ ਦਾ ਸਰਾਪ ਨੀ ਲਹਿ ਸਕਦਾ ਭਾਵੇਂ ਲੱਖ ਤੀਰਥਾਂ 'ਤੇ ਨ੍ਹਾ ਲੀਂ। ਦੁੱਧ ਦੇਣ ਵਾਲ਼ੀਆਂ ਗਊਸ਼ਾਲਾ ਵਿੱਚ ਤੇ ਬਾਕੀ ਦੀਆਂ ਪਾਪ ਧੋਣ ਲਈ ਸੜਕਾਂ 'ਤੇ।"

"ਜੇ ਗਾਂ ਮਾਤਾ ਹੈ ਤਾਂ ਅਵਾਰਾ ਫਿਰਦੇ ਢੱਠੇ ਕੀ ਲੱਗਦੇ ਨੇ? ਰੋਝ ਵੀ ਤਾਂ ਗਾਂ ਦੀ ਹੀ ਨਸਲ ਵਿੱਚੋਂ ਹੈ, ਜਿਸ ਨੂੰ ਪਲਾਂ ਵਿੱਚ ਗੋਲ਼ੀ ਮਾਰ ਕੇ ਢੇਰੀ ਕਰ ਦਿੰਦੇ ਨੇ ਸ਼ਿਕਾਰੀ। ਉਦੋਂ ਤਾਂ ਕੋਈ ਬੋਲਦਾ ਨੀ। ਅਸੀਂ ਕੈਨੇਡਾ ਵਿੱਚ ਬੈਠੇ ਵੀ ਇਹ ਗੱਲ ਸਮਝਦੇ ਹਾਂ ਕਿ ਮੁਸਲਿਮ ਭਾਈਚਾਰੇ ਅਤੇ ਛੋਟੀਆਂ ਜਾਤਾਂ ਦੇ ਗਰੀਬ ਗੁਰਬੇ ਦੇ ਖ਼ਿਲਾਫ਼ ਸਾਜਿਸ਼ੀ ਮਾਹੌਲ ਪੈਦਾ ਕੀਤਾ ਜਾ ਰਿਹੈ ਪੰਡਤਾ।"

ਵਿਨੋਦ ਕੁਮਾਰ ਨੂੰ ਵੀ ਗੱਲ ਕਹਿਣ ਦਾ ਹੌਸਲਾ ਪੈ ਗਿਆ-"ਭੀੜਾਂ ਇਕੱਠੀਆਂ ਹੋ ਰਹੀਆਂ ਹਨ। ਅਜੇ ਪਤਾ ਨੀ ਕੀ ਹੋਣੈ, ਪਰ ਮੁਲਕ ਦੇ ਹਾਲਾਤ ਚੰਗੇ ਨਹੀਂ ਬਚਿੱਤਰਾ। ਡਰ ਲੱਗਣ ਲੱਗ ਪਿਐ ਯਾਰ ਹੁਣ ਤਾਂ। ਗਾਂਵਾਂ ਵਿੱਚ ਵੱਜ ਕੇ ਹਰ ਰੋਜ਼ ਮੋਟਰ ਸਾਈਕਲਾਂ ਸਕੂਟਰਾਂ



ਵਾਲ਼ੇ ਦੁਰਘਟਨਾਵਾਂ ਦਾ ਸ਼ਿਕਾਰ ਹੋਈ ਜਾਣ, ਬੰਦੇ ਜਿੰਨੇ ਮਰਜ਼ੀ ਮਰੀ ਜਾਣ, ਕੋਈ ਪਰਵਾਹ ਨੀ, ਕੋਈ ਫ਼ਿਕਰ ਨਹੀਂ ਪਰ ਅਵਾਰਾ ਗਾਂਵਾਂ ਤੇ ਢੱਠਿਆਂ ਦੇ ਪਿੰਡੇ ਤੋਂ ਇਕ ਵਾਲ਼ ਵੀ ਨਹੀਂ ਪੁੱਟਿਆ ਜਾਣਾ ਚਾਹੀਦਾ। ਕਿਹੋ ਜਿਹੀ ਵਿਡੰਮਨਾ ਹੈ ਯਾਰ!? ਆਹ ਜਿਹੜੀ ਭਾਰਤ ਵਿੱਚ ਹਵਾ ਵਗਾਉਣ ਦਾ ਯਤਨ ਕੀਤਾ ਜਾ ਰਿਹਾ ਸੀ, ਬਹੁਤ ਖ਼ਤਰਨਾਕ ਐ ਵੀਰ ਮੇਰਿਆ, ਕਾਲ਼ਜਾ ਮੂੰਹ ਨੂੰ ਆਉਂਦੈ। ਇਹ ਰਾਹ ਖ਼ੂਨ ਦੀਆਂ ਨਦੀਆਂ ਵੱਲ ਜਾਂਦਾ ਲੱਗਦੈ। ਘੁੱਗ ਵਸਦੇ ਮੁਸਲਿਮ ਭਾਈਚਾਰੇ 'ਤੇ ਬਿਪਤਾ ਦੇ ਪਹਾੜ ਕਿਸੇ ਵੇਲ਼ੇ ਵੀ ਟੁੱਟ ਸਕਦੇ ਐ।"

"ਪੰਡਤਾ ਏਥੇ ਕੈਨੇਡਾ ਬੈਠਾ ਵੀ ਮੈਂ ਸਮਝਦਾਂ ਸਾਰੀ ਗੱਲ, ਪਰ ਹੁਣ ਤਾਂ ਗੱਲ ਹੱਦਾਂ ਬੰਨੇ ਟੱਪ ਗਈ ਐ। ਆਉਣ ਵਾਲ਼ਾ ਸਮਾਂ ਬਹੁਤ ਭਿਆਨਕ ਆ ਰਿਹੈ। ਜਮਹੂਰੀਅਤ ਦੇ ਪਰਦੇ ਹੇਠ ਕਸਾਪੁਣਾ ਆਰੰਭ ਹੋ ਗਿਆ ਹੈ, ਭਰਾਵਾ। ਬਥੇਰਾ ਕੁੱਛ ਸੋਸ਼ਲ ਮੀਡੀਆ 'ਤੇ ਆ ਰਿਹੈ।" ਉਸ ਨੂੰ ਉਮੀਦ ਸੀ ਕਿ ਬਚਿੱਤਰ ਨਾਲ ਗੱਲ ਕਰਕੇ ਉਸਦਾ ਮਨ ਹੌਲ਼ਾ ਹੋ ਜਾਏਗਾ ਪਰ ਉਹ ਤਾਂ ਹੋਰ ਵੀ ਫਿੱਸਣ 'ਤੇ ਆਇਆ ਪਿਆ ਸੀ। ਲੰਮੀ ਚੌੜੀ ਗੱਲ ਬਾਤ ਤੋਂ ਬਾਅਦ ਫੋਨ ਰੱਖਣ ਸਮੇਂ ਵੀ ਵਿਨੋਦ ਕਮਾਰ ਤੋਂ ਉੱਚੀ ਸਾਰੀ ਆਵਾਜ਼ ਵਿੱਚ ਬੋਲਿਆ ਗਿਆ-"ਬੇੜਾ ਗਰਕ ਹੋਣ 'ਤੇ ਆਇਆ ਪਿਐ ਬਚਿੱਤਰ ਭਰਾਵਾ।"

ਸਵਿੱਤਰੀ ਦੀ ਫੇਰ ਜਾਗ ਖੁੱਲ੍ਹ ਗਈ ਸੀ। ਉਸ ਨੂੰ ਵਿਨੋਦ ਕੁਮਾਰ ਦੇ ਆਖਰੀ ਬੋਲ ਹੀ ਸੁਣੇ ਸਨ।

"ਮੈਨੂੰ ਕਿਹੈ ਜੀ ਕੁੱਛ?" ਨਿਆਣੇ ਨੂੰ ਛਾਤੀ ਨਾਲ਼ੋਂ ਤੋੜ ਕੇ ਉਹ ਕਾਹਲ਼ੀ ਨਾਲ਼ ਉਹਦੇ ਕੋਲ਼ ਆਈ।

"ਨਹੀਂ ਕੋਈ ਗੱਲ ਨੀ ਤੂੰ ਸੌਂ ਜਾ ਜਾ ਕੇ, ਕੋਈ ਐਸੀ ਗੱਲ ਨਹੀਂ।"

"ਗੱਲ ਕਿਉਂ ਨੀ ਮੇਰੇ ਕੋਲ਼ੋਂ ਕਿਉਂ ਉਹਲਾ ਰੱਖਦੇ ਓ?"

"ਓ ਨਹੀਂ ਭਲੀਏ ਲੋਕੇ, ਬਚਿੱਤਰ ਨਾਲ਼ ਗੱਲ ਹੋ ਰਹੀ ਸੀ ਕੈਨੇਡਾ।"

*****

ਧਿਆਨ ਪਾਸੇ ਹਟਾਉਣ ਲਈ ਉਸ ਨੇ ਫੇਸਬੁੱਕ ਖੋਲ੍ਹ ਲਈ। ਵੇਖਿਆ ਤਾਂ ਅਨੇਕ ਕਿਸਮ ਦੀਆਂ ਵੀਡੀਉ ਵਾਇਰਲ ਹੋਈਆਂ ਹੋਈਆਂ ਸਨ। ਤਕਰੀਬਨ ਸਾਰੀਆਂ ਵਿੱਚ ਹੀ ਗੁੰਡਾਗਰਦੀ, ਭੀੜ ਵੱਲੋਂ ਹਿੰਸਕ ਕਾਰਵਾਈਆਂ, ਦਲਿਤਾਂ ਜਾਂ ਮੁਸਲਮਾਨ ਮੁੰਡਿਆਂ ਦੀ ਮਾਰ ਕੁੱਟ ਅਤੇ ਕਤਲ ਕਰਨ ਦੀਆਂ ਘਟਨਾਵਾਂ। ਕਿਸੇ ਵੀਡੀਉ ਵਿੱਚ ਬਜਰੰਗ ਦਲ, ਕਿਸੇ ਵਿੱਚ ਸ਼ਿਵ ਸੈਨਾ, ਕਿਸੇ ਵਿੱਚ ਆਰ. ਐੱਸ. ਐੱਸ. ਦੇ ਗੁੰਡਿਆਂ ਵੱਲੋਂ ਹੀ ਇਨ੍ਹਾਂ ਘਟਨਾਵਾਂ ਨੂੰ ਅੰਜਾਮ ਦਿੱਤਾ ਹੋਇਆ ਸੀ। ਤਾਜ਼ੀ ਤਾਜ਼ੀ ਵੀਡੀਉ ਵਿੱਚ ਇਕ ਲੜਕੇ ਨੂੰ ਖੰਭੇ ਨਾਲ਼ ਬੰਨ੍ਹ ਕੇ ਕੁੱਟਿਆ ਜਾ ਰਿਹਾ ਸੀ ਤੇ ਹਜੂਮ ਉਸ ਕੋਲੋਂ ਜ਼ਬਰਦਸਤੀ 'ਜੈ ਸ੍ਰੀ ਰਾਮ' ਅਤੇ 'ਜੈ ਹਨੂਮਾਨ' ਦੇ ਨਾਅਰੇ ਲਗਵਾ ਰਿਹਾ ਸੀ। ਬੜਾ ਦੁਖੀ ਹੋਇਆ ਸੀ, ਮਨ ਵਿਨੋਦ ਕੁਮਾਰ ਦਾ। ਕਾਲਜੇ ਵਿੱਚ ਛੁਰੀ ਹੀ ਤਾਂ ਫਿਰ ਗਈ ਸੀ। ਉਸਨੇ ਦੰਦ ਘੁੱਟ ਕੇ ਕਸੀਸ ਵੱਟੀ ਸੀ-"ਇਹ ਕਿਹੜੇ ਧਰਮ ਦੀ ਰਾਖੀ ਕਰ ਰਹੇ ਨੇ ਬਦਮਾਸ਼ ਕੰਜਰ ਗੁੰਡੇ?" ਉਸ ਦੇ ਮਨ ਵਿੱਚ ਹੋਰ ਵੀ ਗੰਦੀਆਂ ਗਾਲ੍ਹਾਂ ਉਸਲ਼ਵੱਟੇ ਲੈਣ ਲੱਗੀਆਂ। ਗਾਲ੍ਹਾਂ ਉਸ ਦੇ ਸੁਭਾਅ ਦਾ ਹਿੱਸਾ ਨਹੀਂ ਸਨ ਪਰ ਅੱਜ ਵਾਰ ਵਾਰ ਉਸ ਦੇ ਜ਼ਿਹਨ ਵਿੱਚ ਘੜਮੱਸ ਪਾ ਰਹੀਆਂ ਸਨ। ਇਹ ਪੋਸਟ ਉਸ ਨੇ ਸ਼ੇਅਰ ਕਰ ਦਿੱਤੀ। ਸਾਰੇ ਦਿਨ ਵਿੱਚ

ਦੇਖਿਆ, ਚਾਰ ਸਾਢੇ ਚਾਰ ਹਜ਼ਾਰ ਫਰੈਂਡਾਂ ਵਿੱਚੋਂ ਇਕ ਨੇ ਸ਼ੇਅਰ ਕੀਤੀ ਤੇ ਕੁੱਲ ਮਿਲਾ ਕੇ ਵੀਹ ਕੁ ਲਾਈਕ ਅਤੇ ਸਿਰਫ਼ ਪੰਜ ਟਿੱਪਣੀਆਂ ਸਨ। ਚਾਰ ਸਾਢੇ ਚਾਰ ਹਜ਼ਾਰ ਫਰੈਂਡ ! ਹੁੰ !!!

ਇਕ ਹੋਰ ਪੋਸਟ ਜੋ ਉਸ ਨੇ ਸ਼ੇਅਰ ਕੀਤੀ ਸੀ, ਵਿੱਚ ਮੋਢੇ ਤੀਰ ਕਮਾਨ ਪਾਈ ਰਾਮ ਨੂੰ ਹੱਥ ਬੰਨ੍ਹੀ ਖੜ੍ਹਾ ਵਿਖਾਇਆ ਗਿਆ ਸੀ ਜੋ ਕਹਿ ਰਿਹਾ ਸੀ–"ਮੇਰੇ ਨਾਂ 'ਤੇ ਇਹ ਗੁੰਡਾਗਰਦੀ ਬੰਦ ਕਰੋ। ਮੈਂ ਤੁਹਾਨੂੰ ਕਦੋਂ ਕਿਹਾ ਸੀ ਬਈ ਮੇਰੇ ਨਾਂ 'ਤੇ ਮਨੁੱਖਤਾ ਦਾ ਕਤਲ ਕਰੋ।" ਇਸ ਉੱਪਰ ਵੀ ਨਾ-ਮਾਤਰ ਹੀ ਪ੍ਰਤੀਕਰਮ ਸੀ।

ਕੱਲ੍ਹ ਹੀ ਉਸਦੇ ਇਕ ਫੇਸਬੁੱਕੀਏ ਦੋਸਤ ਨੇ ਹਿੰਦੀ ਵਿੱਚ ਪੋਸਟ ਪਾਈ ਸੀ, ਜੋ ਜਾਪਦਾ ਸੀ ਕਿ ਕਿਸੇ ਮੈਗਜ਼ੀਨ ਵਿੱਚੋਂ ਫੋਟੋ ਖਿੱਚ ਕੇ ਪਾਈ ਸੀ। ਮੈਗਜ਼ੀਨ ਦੀ ਸੰਪਾਦਕੀ ਦਾ ਇਕ ਪੈਰਾ ਸੀ। "ਅਬ ਤੋਂ ਐਸਾ ਲਗ ਰਹਾ ਹੈ ਜੈਸੇ ਦੇਸ਼ ਭਗਤੀ ਕੇ ਨਾਮ ਪਰ ਖ਼ੂਨ ਕੀ ਨਦੀਆਂ ਵਹਾਨੇ ਕਾ ਛੜਯੰਤਰ ਰਚਾ ਜਾ ਰਹਾ ਹੈ। ਵਿਕਾਸ ਕੇ ਨਾਮ ਪਰ ਗਰੀਬ ਲੋਗੋਂ ਕੇ ਜਲ ਜੰਗਲ ਔਰ ਜ਼ਮੀਨ ਮਲਟੀ ਕਾਰਪੋਰੇਸ਼ਨਜ਼ ਕੋ ਕੌਡੀਉਂ ਕੇ ਭਾਅ ਲੁਟਾਏ ਜਾ ਰਹੇ ਹੈਂ, ਆਦਿਵਾਸੀ ਲੋਗੋਂ ਕੇ ਗਾਉਂ ਕੇ ਗਾਉਂ ਸੁਰੱਖਿਆ ਬਲੋਂ ਔਰ ਸਲਵਾ ਜੁਡਮ ਕੇ ਗੁੰਡੋਂ ਕੀ ਮੱਦਦ ਸੇ ਜਲਾਏ ਜਾ ਰਹੇ ਹੈਂ। ਜੋ ਸੱਤਾਧਾਰੀ ਹਾਕਮੋਂ ਕੀ ਹਾਂ ਮੇਂ ਹਾਂ ਨਹੀਂ ਮਿਲਾਤਾ,ਔਰ ਜ਼ੁਲਮ ਕੇ ਖ਼ਿਲਾਫ਼ ਬੋਲਤਾ ਹੈ, ਦੇਸ਼ ਧਰੋਹੀ, ਸ਼ਹਿਰੀ ਨਕਸਲੀ ਯਾ ਮਾਉਵਾਦੀ ਬੋਲ ਕਰ ਜੇਲ੍ਹੋਂ ਮੇ ਬੰਦ ਕੀਆ ਜਾ ਰਿਹਾ ਹੈ। ਅਬ ਗਾਏ ਕੇ ਨਾਮ ਪਰ ਮੁਸਲਿਮ ਭਾਈਚਾਰੇ ਕੇ ਲੋਗੋਂ ਕੋ ਕਤਲ ਕੀਆ ਜਾ ਰਹਾ ਹੈ। ਦਲਿਤ ਭਾਈਚਾਰੋਂ ਕਾ ਅਬ ਭੀ ਮੰਦਰੋਂ ਮੇਂ ਪਰਵੇਸ਼ ਕਰਨਾ ਮਨ੍ਹਾ ਹੈ। ਔਰ ਤੋ ਔਰ ਮਰੀ ਹੂਈ ਗਾਏ ਕੀ ਖਾਲ ਉਤਾਰ ਰਹੇ ਦਲਿਤ ਲੋਗੋਂ ਕੋ ਭੀ ਪੀਟ ਪੀਟ ਕਰ ਮਾਰ ਡਾਲਾ ਗਿਆ। ਦਲਿਤੋਂ ਕੀ ਪੂਰੀ ਕੀ ਪੂਰੀ ਬਸਤੀ ਹੀ ਜਲਾ ਦੀ ਗਈ। ਯੇਹ ਕਹਾਂ ਕਾ ਜਮਹੂਰੀ ਤੰਤਰ ਹੈ? ਸਭੀ ਮੁਸਲਮਾਨੋ ਕੋ ਏਕ ਸਾਥ ਆਤੰਕਵਾਦੀ ਘੋਸ਼ਤ ਕੀਆ ਜਾ ਰਹਾ ਹੈ, ਦੇਸ਼ ਧਰੋਹੀ। ਅਗਰ ਕੋਈ ਵੰਦੇ ਮਾਤਰਮ ਨਹੀਂ ਕਹੇਗਾ, ਵੁਹ ਦੇਸ਼ ਧਰੋਹੀ ਹੈ, ਉਸ ਕੋ ਭਾਰਤ ਮੇਂ ਰਹਿਨੇ ਕਾ ਕੋਈ ਅਧਿਕਾਰ ਨਹੀਂ, ਜਬ ਕਿ ਭਾਰਤ ਮੇਂ ਰਹਿਨੇ ਵਾਲ਼ੇ ਮੁਸਲਮਾਨ ਕਹਿ ਰਹੇ ਹੈਂ ਕਿ ਵੋਹ ਹਿੰਦੁਸਤਾਨੀ ਹੈਂ। ਹਮਾਰੇ ਪੂਰਵਜ ਆਪਨੀ ਮਰਜ਼ੀ ਸੇ ਯਹਾਂ ਠਹਿਰੇ ਥੇ। ਪਾਕਿਸਤਾਨ ਨਹੀਂ ਗਏ ਥੇ। ਭਾਰਤ ਮਾਤਾ ਹੀ ਉਨ ਕਾ ਮੁਲਕ ਹੈ ਲੇਕਿਨ ਭੀੜ ! ਬੱਸ ਭੀੜ ਤੰਤਰ ਕਾ ਰਾਜ ਹੀ ਸਥਾਪਤ ਹੋ ਗਿਆ ਹੈ ਚਾਰੋਂ ਤਰਫ਼। ਭੀੜ ! ਭੀੜ !! ਭੀੜ !!! ਅਬ ਗਰੀਬੀ, ਭੁੱਖਮਰੀ, ਬੇਰੁਜਗਾਰੀ ਆਦਿ ਸਬ ਮੁਲਕ ਕੇ ਏਜੰਡੇ ਪਰ ਨਹੀਂ ਰਹਾ। ਸਿਰਫ਼ ਗਾਏ ਔਰ ਬਾਬਰੀ ਮਬਜਿਦ ਕੇ ਇਲਾਵਾ ਮੁਸਲਮਾਨੋ ਔਰ ਦਲਿਤੋਂ ਕਾ ਮੁੱਦਾ ਹੀ ਬਾਕੀ ਰਹਿ ਗਿਆ ਹੈ। ਯੇਹ ਸਭ ਕੁੱਛ ਸਰਕਾਰ ਕੀ ਪੁਸ਼ਤ ਪਨਾਹੀਂ ਮੇ ਹੋ ਰਹਾ ਹੈ। ਸਭ ਸੇ ਜ਼ਿਆਦਾ ਜ਼ੁਲਮ ਕੀ ਬਾਤ ਯਹ ਹੈ ਸਰਕਾਰ ਹੀ ਸਾਰਾ ਕੁੱਛ ਕਰਵਾ ਰਹੀ ਹੈ।"

ਉਸ ਨੇ ਇਸ ਪੋਸਟ ਨੂੰ ਵੀ ਲਾਈਕ ਹੀ ਨਹੀਂ ਸੀ ਕੀਤਾ ਸਗੋਂ ਸ਼ੇਅਰ ਵੀ ਕੀਤੀ ਸੀ ਅਤੇ ਆਪਣੇ ਮਨ ਦੇ ਇਹ ਵਿਚਾਰ ਵੀ ਹਿੰਦੀ ਵਾਲ਼ਾ ਕੀ ਬੋਰਡ ਕੱਢ ਕੇ ਟਿੱਪਣੀ ਵਜੋਂ ਅੰਕਤ ਕਰ ਦਿੱਤੇ ਸਨ–"ਮੈਂ ਇਨ ਵਿਚਾਰੋਂ ਕਾ ਸਮਰਥਨ ਕਰਤਾ ਹੂੰ ਔਰ ਸਭੀ ਤਰਹ ਕੇ ਕੱਟਰ ਧਰਮੀਉ ਕੀ ਪੁਰਜ਼ੋਰ ਸ਼ਬਦੋਂ ਸੇ ਨਿੰਦਾ ਕਰਤਾ ਹੂੰ। ਅਸਲ ਮੇਂ ਯਹ ਲੋਗ ਮੁਲਕ ਕੋ ਫਿਰ ਸੇ ਬਾਂਟਨਾ ਚਾਹਤੇ ਹੈਂ। ਧਰਮ ਕੇ ਨਾਮ ਪਰ ਯੇਹ ਬਹੁਤ ਬੜਾ ਅਪਰਾਧ ਕਰ ਰਹੇ ਹੈਂ ਵੁਹ ਵੀ ਰਾਮ ਕੇ ਨਾਮ ਪਰ। ਕਿਆ ਰਾਮ ਇਤਨਾ ਜ਼ਾਲਮ ਹੋ ਸਕਤਾ ਹੈ?"



ਇਸ ਸਭ ਕਾਸੇ ਦੀ ਨਿੰਦਿਆ ਕਰਦੀ ਪੋਸਟ ਪਾ ਕੇ ਉਸਨੇ ਤਸੱਲੀ ਜਿਹੀ ਮਹਿਸੂਸ ਕੀਤੀ ਸੀ, ਜਿਵੇਂ ਮਾਨਵਤਾ ਦੇ ਉਦੇਸ਼ ਲਈ ਉਸ ਨੇ ਬਹੁਤ ਵੱਡਾ ਕਾਰਜ ਕਰ ਦਿੱਤਾ ਹੋਵੇ।

ਆਥਣੇ ਜਿਹੇ ਜਦੋਂ ਪ੍ਰਤੀਕਰਮ ਜਾਣਨ ਲਈ ਉਸ ਨੇ ਆਪਣੀ ਪਰੋਫ਼ਾਈਲ ਖੋਲ੍ਹ ਕੇ ਪ੍ਰਤੀਕਰਮ ਵੇਖੇ, ਤਾਂ ਸਾਰੇ ਦਿਨ ਵਿੱਚ ਇਸ ਪੋਸਟ ਉੱਪਰ ਵੀ ਤਿੰਨ ਟਿੱਪਣੀਆਂ, ਅਤੇ ਪੰਦਰਾਂ ਲਾਈਕ ਦਾ ਨਿਸ਼ਾਨ ਆਇਆ ਸੀ। ਸੁਤੇ ਹੀ ਉਸ ਦੇ ਮੂੰਹੋਂ ਨਿੱਕਲਿਆ ਸੀ–"ਵਾਹ ਉਇ ਫੇਸਬੁੱਕੀਏ ਦੋਸਤੋ।" ਕਿਉਂ ਨੀ ਬੋਲਦੇ?" ਭਗਵਾਂ ਸ਼ਬਦ ਉਸਦੇ ਜ਼ਿਹਨ ਵਿੱਚ ਖੌਰੂ ਪਾਉਣ ਲੱਗਾ। "ਪੰਜਾਬ ਵਿੱਚ ਵੀ ਡਰਪੋਕਾਂ ਦੀ ਫ਼ਸਲ ਉੱਗ ਪਈ ਹੈ ਜਿਸ ਪੰਜਾਬ ਨੂੰ ਯੋਧਿਆਂ ਦੀ ਧਰਤੀ ਕਿਹਾ ਜਾਂਦਾ ਹੈ। ਯੋਧੇ। ਫੇਸਬੁੱਕੀਏ ਯੋਧੇ ! ਊਤ ਲਾਣਾ।" ਮਨ ਵਿੱਚ ਨਹੀਂ ਸਗੋਂ ਇਹ ਸ਼ਬਦ ਉਸ ਨੇ ਜ਼ੋਰ ਨਾਲ ਬੋਲੇ ਵੀ।

ਅਗਲੇ ਦਿਨ ਉਸਨੇ ਤਜਰਬੇ ਵਜੋਂ ਸ਼ਰਾਰਤ ਜਿਹੀ ਨਾਲ਼ ਇਕ ਪੋਸਟ ਪਾ ਦਿੱਤੀ ਕਿਸੇ ਭੰਗੜਾ ਕਲਾਕਾਰ ਦੀ ਫੋਟੋ ਨਾਲ਼ ਪਾ ਕੇ–"ਮੈਨੂੰ ਬਹੁਤ ਵਧੀਆ ਭੰਗੜਾ ਪਾਉਣਾ ਆਉਂਦਾ ਹੈ।" ਪੋਸਟ ਪਾ ਕੇ ਉਹ ਆਪਣੇ ਆਪ ਨਾਲ਼ ਹੀ ਹਸਦਾ ਰਿਹਾ। ਹਾਲਾਂ ਕਿ ਉਸ ਨੇ ਜੀਵਨ ਵਿੱਚ ਕਦੇ ਵੀ ਨੱਚ ਕੇ ਨਹੀਂ ਸੀ ਵੇਖਿਆ। ਚੰਗਾ ਗਾ ਜ਼ਰੂਰ ਲੈਂਦਾ ਸੀ। ਬੱਸ ਫਿਰ ਕੀ ਸੀ ਸੈਂਕੜੇ ਹੀ ਲਾਈਕ ਤੇ ਸੌ ਤੋਂ ਉੱਪਰ ਟਿੱਪਣੀਆਂ ਦੀਆਂ ਲੱਗ ਗਈਆਂ ਕਤਾਰਾਂ–"ਵਾਹ ਕਿਆ ਕਮਾਲ ਕਰ ਰਹੇ ਹੋ ! ਬਹੁਤ ਅੱਛੇ ! ਵਾਹ ਜੀ ਵਾਹ ਕਿਆ ਖ਼ੂਬ ! ਆਫ਼ਰੀਨ !" ਤੇ ਹੋਰ ਪਤਾ ਨਹੀਂ ਕਿੰਨਾ ਕੁੱਝ।

ਇੱਥੇ ਲਿਆ ਕੇ ਖੜ੍ਹਾ ਦਿੱਤੀ ਹੈ ਸੋਸ਼ਲ ਮੀਡੀਏ ਨੇ ਲੋਕ-ਮਾਨਸਿਕਤਾ। ਗੱਲ ਏਨੀ ਕੁ ਵੀ ਨਹੀਂ ਸੀ, ਸੋਸ਼ਲ ਮੀਡੀਆ ਕੁੱਝ ਚੰਗਾ ਵੀ ਕਰ ਰਿਹਾ ਸੀ। ਕੁੱਝ ਹੀ ਦਿਨ ਹੋਏ ਸਨ ਵਟਸਐਪ 'ਤੇ ਉਸਨੇ ਇਕ ਵੀਡੀਓ ਵਾਇਰਲ ਹੋਈ ਵੇਖੀ ਸੀ, ਜਿਸ ਵਿੱਚ ਇਕ ਜੱਜ ਭਾਰਤੀ ਸੰਸਕ੍ਰਿਤੀ ਦਾ ਮਜ਼ਾਕ ਉਡਾ ਰਿਹਾ ਸੀ ਤੇ ਵੱਡੇ ਵੱਡੇ ਵਿਦਵਾਨਾਂ, ਪ੍ਰੋਫੈਸਰਾਂ ਨੂੰ ਝਿੜਕਾਂ ਦੇ ਰਿਹਾ ਸੀ–"ਮੈਂ ਸਾਫ਼ ਕਹਿਤਾ ਹੂੰ ਕਿ ਆਪ ਕੇ ਦਿਮਾਗੋਂ ਮੇ ਗੋਬਰ ਬਰ੍ਹਾ ਹੂਆ ਹੈ, ਧਰਮ ਕਾ, ਜਾਤ-ਪਾਤ ਔਰ ਨਫ਼ਰਤ ਕਾ। ਗਾਏ ਹਮਾਰੀ ਮਾਂ ਕੈਸੇ ਹੋ ਗਈ। ਮਾਂ ਤੋਂ ਵੁਹ ਹੋਤੀ ਹੈ ਜਿਸ ਕੀ ਕੋਖ ਸੇ ਹਮ ਨੇ ਜਨਮ ਲੀਆ ਹੈ, ਜਿਸ ਕੇ ਸਤਨੋਂ ਮੇਂ ਸੇ ਦੂਧ ਪੀਆ ਹੈ। ਕਿਆ ਏਕ ਜਾਨਵਰ ਜਾਂ ਪਸ਼ੂ ਵੀ ਮਾਂ ਹੋ ਸਕਦਾ ਹੈ। ਔਰ ਇਤਨੀ ਸਾਰੀ ਮਾਉਂ ਕਿਸ ਕੀ ਹੋਤੀ ਹੈਂ। ਹੈ ਨਾ ਬਰ੍ਹਾ ਹੂਆ ਗੋਬਰ ਦਿਮਾਗ਼ੋਂ ਮੇਂ। ਅਜੀਬ ਸੰਸਕ੍ਰਿਤੀ ਹੈ ਜਹਾਂ ਕੀ ! ਜਿਸ ਕਿਸੀ ਕੇ ਉੱਪਰ ਸ਼ੱਕ ਪੜੇ ਕਿ ਯਹਿ ਗਾਏ ਕਾ ਮਾਸ ਖਾਤਾ ਹੈ, ਪੀਟ ਪੀਟ ਕਰ ਮਾਰ ਡਾਲੋ। ਗਾਏ ਕੀਮਤੀ ਹੋ ਗਈ ਆਦਮੀ ਨਹੀਂ। ਸਦੀਉਂ ਸੇ ਲੋਗ ਗਾਏ ਕਾ ਮਾਸ ਖਾਤੇ ਚਲੇ ਆ ਰਹੇ ਹੈਂ। ਸਾਰੀ ਦੁਨੀਆਂ ਮੇਂ ਗਾਏ ਕਾ ਮਾਸ ਖਾਇਆ ਜਾ ਰਹਾ ਹੈ। ਹਮਾਰੇ ਮੁਲਕ ਮੇਂ ਭੀ ਏਕ ਖ਼ਾਸ ਸਮੁਦਾਏ ਕੇ ਲੋਗ ਗਾਏ ਕਾ ਮਾਸ ਖਾਤੇ ਹੈਂ। ਅਬ ਉਨ ਕੋ ਘਰੋਂ ਮੇ ਜਾ ਕਰ ਮਾਰਾ ਪੀਟਾ ਜਾ ਰਹਾ ਹੈ। ਕਹਾਂ ਕਾ ਧਰਮ ਹੈ ਯੇਹ। ਮੈਂ ਕੇਰਲਾ ਮੇਂ ਗਯਾ ਥਾ, ਔਰ ਵਹਾਂ ਪਰ ਮੈਂ ਨੇ ਗਾਏ ਕਾ ਮਾਸ ਖਾਇਆ ਹੈ। ਵਹਾਂ ਔਰ ਲੋਗ ਵੀ ਗਾਏ ਕਾ ਮਾਸ ਖਾਤੇ ਹੈਂ। ਮੈਂ ਹਿੰਦੂ ਹੂੰ ਔਰ ਗਾਏ ਕਾ ਮਾਸ ਖਾਇਆ ਹੈ। ਮੈਂ ਅਬ ਬੀ ਖਾ ਸਕਤਾ ਹੂੰ। ਗਾਏ ਗਾਏ ਕਿਆ ਹੈ ਯੇਹ, ਦਿਮਾਗੋਂ ਮੇਂ ਗੋਬਰ ਭਰਾ ਹੋਨੇ ਕੇ ਸਿਵਾਏ? ਬਹੁਤ ਹਿੰਦੂ ਲੋਗ ਹੈਂ ਜੋ ਗਾਏ ਕਾ ਮਾਸ ਖਾਤੇ ਹੈਂ।" ਇਹ ਵੀਡੀਓ ਉਸ ਨੇ ਦਿਨ ਵਿੱਚ ਕਈ ਵਾਰ ਦੇਖੀ।

"ਬੜੀ ਜੁਰਅਤ ਕੀਤੀ ਐ ਬਈ ਏਸ ਜੱਜ ਨੇ।"– ਵਿਨੋਦ ਕੁਮਾਰ ਨੇ ਮਨ ਵਿੱਚ ਕਿਹਾ। ਇਕ ਦਮ ਫੋਨ ਵਿੱਚ ਟੰਨ ਹੋਈ। ਖੋਲ੍ਹ ਕੇ ਵੇਖਿਆ–

"ਉਹੋ ! ਬੇੜਾ ਗਰਕ ਉਇ ਕਮੀਨਿਉ !" ਸੋਸ਼ਲ ਮੀਡੀਆ ਉੱਪਰ ਫੈਲੀ ਖ਼ਬਰ ਨੇ ਵਿਨੋਦ ਕੁਮਾਰ ਨੂੰ ਝੰਜੋੜ ਕੇ ਰੱਖ ਦਿੱਤਾ। ਕਤਲ ਕਰ ਦਿੱਤਾ ਉਹ ਜੱਜ ਵੀ ਖਾਕੀ ਨਿੱਕਰਾਂ ਵਾਲਿਆਂ ਨੇ।

*****

ਸਭ ਕੁੱਝ ਗੰਧਲ ਚੌਦੇਂ ਹੋਈ ਜਾ ਰਿਹਾ ਸੀ। ਦੋ ਕੁ ਮਹੀਨੇ ਹੋਏ ਹੋਣਗੇ, ਜਦੋਂ ਸੜਕ ਦੇ ਨਾਲ਼ ਲੱਗਦੀ ਮਿਊਸਿਪਲ ਕਾਰਪੋਰੇਸ਼ਨ ਦੀ ਸੜਕ ਦੇ ਨਾਲ਼ ਲੱਗਦੀ ਜਗ੍ਹਾ ਉੱਪਰ ਕਿਸੇ ਵਿਅਕਤੀ ਨੇ ਸੌ ਪੰਜਾਹ ਇੱਟਾਂ ਚਿਣ ਕੇ ਮੰਦਰ ਬਣਾਉਣ ਦੀ ਤਿਆਰੀ ਕੀਤੀ ਹੋਈ ਸੀ। ਕਿਸੇ ਨੇ ਵੀ ਉਸ ਨੂੰ ਰੋਕਣ ਦਾ ਯਤਨ ਨਹੀਂ ਕੀਤਾ। ਪੁਰਾਣੇ ਜਿਹੇ ਲੋਹੇ ਦਾ ਪੱਤਰਾ, ਉੱਪਰ ਕਾਲ਼ਾ ਰੰਗ ਕਰਕੇ, ਉੱਪਰ ਸਿਰ ਮੂੰਹ ਅਤੇ ਲਾਲ ਰੰਗ ਨਾਲ਼ ਵੱਡੀ ਸਾਰੀ ਜੀਭ ਜਿਹੀ ਬਣਾ ਕੇ ਇੱਟਾਂ ਦੇ ਸਹਾਰੇ ਖੜ੍ਹਾ ਕਰ ਦਿੱਤਾ ਸੀ, ਤਾਂ ਵਿਨੋਦ ਕੁਮਾਰ ਨੇ ਇਸ ਦਾ ਮਜ਼ਾਕ ਉਡਾਇਆ ਸੀ। ਪਤਾ ਨਹੀਂ ਉਹ ਲੋਕ ਕੌਣ ਸਨ, ਜੋ ਗਲ਼ੀ ਮੁਹੱਲੇ ਵਿੱਚ ਮੰਦਰ ਉਸਾਰਨ ਲਈ ਉਗਰਾਹੀ ਕਰਨ ਆਏ ਸਨ। ਉਸਨੇ ਫੰਡ ਦੇਣ ਤੋਂ ਇਨਕਾਰ ਤਾਂ ਕੀਤਾ ਹੀ ਸੀ, ਪਰ ਇਹ ਸ਼ਬਦ ਵੀ ਬੋਲ ਦਿੱਤੇ ਸਨ–"ਭਾਈ ਸਾਹਿਬ ਇਹ ਕਦੋਂ ਦਾ ਪਵਿੱਤਰ ਸਥਾਨ ਬਣ ਗਿਆ? ਕੀ ਮਹਿਮਾ ਹੈ ਇਸ ਥਾਂ ਦੀ ਜਿੱਥੇ ਇਹ ਲੋਹੇ ਦਾ ਪੱਤਰਾ ਖੜ੍ਹਾ ਕਰਕੇ ਕਾਲ਼ੀ ਮਾਤਾ ਦਾ ਭਰਮ ਪੈਦਾ ਕਰ ਰਹੇ ਹੋ?" ਸਾਰੀ ਗਲ਼ੀ ਦੇ ਲੋਕਾਂ ਨੇ ਫੰਡ ਦਿੱਤਾ ਸੀ, ਇੱਥੋਂ ਤੱਕ ਕਿ ਸਿੱਖਾਂ ਅਤੇ ਹੋਰ ਬਰਾਦਰੀ ਦੇ ਲੋਕਾਂ ਨੇ ਵੀ ਉਨ੍ਹਾਂ ਨੂੰ ਖਾਲੀ ਨਹੀਂ ਸੀ ਮੋੜਿਆ। ਸਿਰਫ਼ ਵਿਨੋਦ ਕੁਮਾਰ ਸੀ, ਜਿਸ ਨੇ ਇਨਕਾਰ ਕੀਤਾ ਸੀ । ਹੋਰ ਵੀ ਅਨੇਕਾਂ ਗੱਲਾ ਸਨ ਜੋ ਉਸ ਨੂੰ ਆਪਣੀ ਇਸ ਬਸਤੀ ਵਿੱਚ ਇਕੱਲਤਾ ਵਿੱਚ ਧੱਕ ਰਹੀਆਂ ਸਨ।

ਜਗਰਾਤੇ ਵਾਲ਼ੇ ਦਿਨ ਜਦੋਂ ਗਲ਼ੀ ਵਿੱਚ ਜੋਤ ਆਉਂਦੀ ਸੀ, ਉਹ ਤੇ ਸਵਿੱਤਰੀ ਨੱਚਣ ਵਾਲ਼ਿਆਂ ਵਿੱਚ ਸ਼ਾਮਿਲ ਨਹੀਂ ਸੀ ਹੁੰਦੇ, ਇਕ ਦੂਜੇ ਵੱਲ ਦੇਖ ਕੇ ਦੰਦ ਕੱਢਣ ਲੱਗ ਪੈਂਦੇ ਸਨ। ਭੌਂਪੂ ਵਾਜਿਆਂ ਦੇ ਸ਼ੋਰ ਵਿੱਚ ਕੰਨ ਪਾੜਦੇ ਪਟਾਕਿਆਂ ਦੀ ਦਾੜ ਦਾੜ ਵਿੱਚ ਆ ਰਹੀ ਦੋ ਘੋੜਿਆਂ ਵਾਲ਼ੀ ਬੱਘੀ ਉੱਪਰ ਬਾਰਾਂ ਚੌਦਾਂ ਕੁ ਸਾਲ ਦੀ ਕੁੜੀ ਦੇ ਸਾੜ੍ਹੀ ਪਵਾ ਕੇ ਸ਼ੇਰਾਂ ਵਾਲ਼ੀ ਮਾਤਾ ਬਣਾਇਆ ਹੁੰਦਾ, ਜਿਸ ਨੂੰ ਵੇਖ ਕੇ ਦੂਜੇ ਲੋਕਾਂ ਵਾਂਗ ਉਹ ਇਕ ਦੂਜੇ ਤੋਂ ਮੂਹਰੇ ਹੋ ਕੇ ਕੁੜੀ ਦੇ ਚਰਨ ਨਹੀਂ ਸੀ ਛੂੰਹਦੇ। ਪਿੱਛੇ ਖੜ੍ਹੇ ਹੱਸੀ ਜਾਂਦੇ ਸਨ।

ਤਾਂ ਵੀ ਸਵਿੱਤਰੀ ਇਸ ਗੱਲ ਦਾ ਖ਼ਿਆਲ ਰੱਖਦੀ ਸੀ ਤੇ ਅਕਸਰ ਕਹਿੰਦੀ ਰਹਿੰਦੀ ਸੀ– "ਜੀ ਆਹ ਵੱਡੀ ਕੋਠੀ ਵਾਲ਼ਿਆਂ ਨੇ ਜਾਂ ਅਹੁ ਫਲਾਣਿਆਂ ਨੇ ਸੁਖਮਨੀ ਸਾਹਿਬ ਦਾ ਪਾਠ ਕਰਾਉਣੈ। ਆਖ ਕੇ ਗਏ ਐ। ਜਾਂ ਉਹ ਕਹਿੰਦੀ, ਫਲਾਣਿਆਂ ਦੇ ਭਜਨ ਮੰਡਲੀ ਆਉਣੀ ਐ, ਤਿਆਰ ਹੋ ਲਉ, ਜਾਣੈ। ਐਵੇਂ ਇੱਚੜਾਂ ਜੀਆਂ ਨਾ ਭੇੜਿਓ।"

"ਠੀਕ ਐ ਬਾਬਾ ਠੀਕ ਐ। ਮੈਂ ਚੱਲੂੰਗਾ ਤੇਰੇ ਨਾ ਧਰਮ ਨੂੰ ਆਂਚ ਆ ਜੇ, ਸਵਿੱਤਰੀ ਦੇਵੀ ਜੀ।"

ਗਲ਼ੀ ਗੁਆਂਢ ਵਿੱਚ ਕਿਸੇ ਵੀ ਪ੍ਰੋਗਰਾਮ ਵਿੱਚ ਕਰਵਾਏ ਜਾਂਦੇ ਹਰੇਕ ਪ੍ਰੋਗਰਾਮ ਵਿੱਚ ਉਹ ਜ਼ਰੂਰ ਸ਼ਾਮਿਲ ਹੁੰਦਾ ਸੀ। ਗਲ਼ੀ ਗੁਆਂਢ ਜਦ ਵੀ ਕੋਈ ਭਜਨ ਮੰਡਲੀ ਬੁਲਾਈ ਜਾਂਦੀ ਤਾਂ ਉਹ



ਲੋਕਾਚਾਰ ਵਜੋਂ ਹਾਜ਼ਰੀ ਭਰਦਾ। ਸਾਜ਼ਾਂ ਦੇ ਘੜਮੱਸ ਵਿੱਚ ਫਿਲਮੀ ਤਰਜ਼ਾਂ 'ਤੇ ਗਾਏ ਜਾਂਦੇ ਮਾਤਾ ਦੀਆਂ ਭੇਟਾ ਦੇ ਗੀਤਾਂ ਦੇ ਬੋਲ ਤਾਂ ਸਮਝ ਨਾ ਆਉਂਦੇ, ਫਿਲਮੀ ਗੀਤ ਮਨਾਂ ਵਿੱਚ ਵੱਜ ਰਿਹਾ ਹੁੰਦਾ ਤੇ ਦਰਸ਼ਕ ਖ਼ਾਸ ਕਰਕੇ ਔਰਤਾਂ ਗੀਤਾਂ ਉੱਪਰ ਧਮਾਲ ਪਾਉਣ ਲੱਗਦੇ ਤਾਂ ਉਹਦੇ ਕੋਲ਼ੋਂ ਹੋਰ ਚਿਰ ਉੱਥੇ ਰੁਕਿਆ ਨਾ ਜਾਂਦਾ। ਉਹ ਘਰ ਆ ਕੇ ਸੌਣ ਦਾ ਯਤਨ ਕਰਦਾ ਪਰ ਵੱਡੇ ਵੱਡੇ ਸਪੀਕਰਾਂ ਵਾਲ਼ੇ ਬਕਸਿਆਂ ਦੀ ਸ਼ੋਰ ਪਾਉਂਦੀ ਆਵਾਜ਼ ਵਿੱਚ ਸਾਰੀ ਰਾਤ ਕਰਵਟਾਂ ਬਦਲਦਿਆਂ ਲੰਘਾਉਣ ਲਈ ਮਜਬੂਰ ਕਿਸੇ ਨੂੰ ਕੁੱਝ ਨਾ ਕਹਿ ਸਕਦਾ, ਅੰਦਰੇ ਅੰਦਰ ਕੁੜ੍ਹਦਾ ਰਹਿੰਦਾ। ਉਹ ਇਸ ਗੱਲੋਂ ਵੀ ਹੈਰਾਨ ਹੁੰਦਾ ਕਿ ਸੁਪਰੀਮ ਕੋਰਟ ਦਾ ਸ਼ੋਰ ਪ੍ਰਦੂਸ਼ਨ ਬੰਦ ਕਰਨ ਦਾ ਹੁਕਮ ਕਿਸੇ ਦੇ ਚਿੱਤ ਚੇਤੇ ਨਹੀਂ ਹੁੰਦਾ। ਸਿੱਖ ਕਿਹੜਾ ਘੱਟ ਨੇ ਸਪੀਕਰ ਲਾਉਣ ਵਿੱਚ, ਹਾਲਾਂ ਕਿ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਹੋ ਚੁੱਕਾ ਹੈ। ਕੌਣ ਪਰਵਾਹ ਕਰਦੈ ਹੁਕਮਨਾਮਿਆਂ ਦੀ? ਹੋਰ ਤਾਂ ਹੋਰ ਸਰਕਾਰੀ ਤੰਤਰ ਗੱਲ ਤਾਂ ਕਰਦਾ ਹੈ ਕਿ ਸ਼ੋਰ ਪ੍ਰਦੂਸ਼ਨ ਨਹੀਂ ਹੋਣਾ ਚਾਹੀਦਾ ਪਰ ਜਦੋਂ ਕੰਨ ਪਾੜਵੀਆਂ ਆਵਾਜ਼ਾਂ ਵਿੱਚ ਡੀਜ਼ੇ ਵੱਜ ਰਹੇ ਹੁੰਦੇ ਹਨ ਤਾਂ ਇਹ ਤੰਤਰ ਵੀ ਸਿਰ ਹੇਠ ਕੂਹਣੀ ਰੱਖ ਕੇ ਮਿਸਕਮੀਣਾ ਹੋਇਆ ਦਿਖਾਈ ਦਿੰਦਾ ਹੈ।

ਗੁਰਦੁਆਰੇ ਵਾਲ਼ਿਆਂ ਨੂੰ ਵੀ ਉਸਨੇ ਜੋਹ ਕੇ ਵੇਖ ਲਿਆ ਸੀ। ਗੁਰਮਤਿ ਵਿੱਚ ਪੂਰਨ ਭਰੋਸਾ ਰੱਖਣ ਵਾਲ਼ਾ ਹੋਣ ਦੇ ਬਾਵਜੂਦ ਗੁਰਦੁਆਰੇ ਵਿੱਚੋਂ ਆਉਂਦੀ ਪਾਠਾਂ ਦੀ ਕੰਨ ਪਾੜਵੀਂ ਆਵਾਜ਼ ਉਸਨੂੰ ਅਵਾਜ਼ਾਰ ਕਰਦੀ। ਇਕ ਦਿਨ ਉਸ ਨੇ ਦੋ ਛੋਟੇ ਬਕਸਿਆਂ ਵਾਲ਼ੇ ਸਪੀਕਰ, ਬਾਜ਼ਾਰੋਂ ਖ਼ਰੀਦ ਕੇ ਗੁਰਦੁਆਰੇ ਲਿਜਾ ਰੱਖੇ ਸਨ ਤੇ ਬੇਨਤੀ ਕੀਤੀ ਸੀ–"ਸਿੰਘ ਸਾਹਿਬ ਹੁਣ ਤਾਂ ਅਕਾਲ ਤਖ਼ਤ ਸਾਹਿਬ ਤੋਂ ਵੀ ਹੁਕਮਨਾਮਾ ਜਾਰੀ ਹੋ ਚੁੱਕਾ ਹੈ, ਸਪੀਕਰਾਂ ਦੀ ਆਵਾਜ਼ ਅੰਦਰੇ ਅੰਦਰ ਰੱਖਣ ਦਾ। ਮੇਰੀ ਆਹ ਸੇਵਾ ਪਰਵਾਨ ਕਰ ਲਉ। ਬਾਹਰਲੇ ਸਪੀਕਰਾਂ ਦੀ ਆਵਾਜ਼ ਘਟਾ ਦਿਉ।" ਦੋਵੇਂ ਹੱਥ ਜੋੜੀ ਉਹ ਕਿੰਨਾ ਚਿਰ ਖੜ੍ਹਾ ਰਿਹਾ ਸੀ।

"ਮਾਹਟਰ ਜੀ ਜੋ ਸੰਗਤ ਕਹੂਗੀ, ਹੋ ਜਾਊਗਾ। ਸੰਗਤ ਤਾਂ ਕਹਿੰਦੀ ਐ ਬਈ ਥੋੜ੍ਹੀ ਆਵਾਜ਼ ਕੰਮ ਕਰਦਿਆਂ ਨੂੰ ਸੁਣਦੀ ਨੀ। ਸੰਗਤ ਨੇ ਅਰਦਾਸ ਦੇ ਮੌਕੇ ਆਉਣਾ ਹੁੰਦੈ।" ਮਹੰਤ ਨੇ ਗੱਲ ਨਿਬੇੜ ਦਿੱਤੀ ਸੀ।

"ਇਹ ਚੰਗੀ ਸੰਗਤ ਹੈ ਜੋ ਬਾਣੀ ਸੁਣਨ ਨਹੀਂ ਆਉਂਦੀ, ਸਿਰਫ਼ ਦੇਗ ਵਰਤਾਉਣ ਦੇ ਸਮੇਂ ਹੀ ਗੁਰੂ ਘਰ ਆਉਂਦੀ ਹੈ। ਘਰਾਂ ਵਿੱਚ ਅਲਾਰਮ ਲਾਇਆ ਜਾ ਸਕਦੈ। ਚੰਗੀ ਸਿੱਖੀ ਰਹਿਤ ਮਰਿਆਦਾ ਹੈ ਇਹ !" ਆਪਣੇ ਸੁਭਾਅ ਮੁਤਾਬਿਕ ਉਸ ਨੇ ਫੜਾਕ ਕਰਕੇ ਇਹ ਸ਼ਬਦ ਨਵੇਂ ਗ੍ਰੰਥੀ ਮੂਹਰੇ ਪਰੋਸ ਦਿੱਤੇ।

"ਸੰਗਤ ਦਾ ਹੀ ਹੁਕਮ ਹੈ ਬਈ ਦਿਨ ਚੜ੍ਹੇ ਅਰਦਾਸ ਕੀਤੀ ਜਾਵੇ। ਸਵੇਰੇ ਸਵੇਰੇ ਘਰ ਵਿੱਚ ਕੰਮ ਬਹੁਤ ਹੁੰਦੇ ਐ ਨਾ ਜੀ।" ਗ੍ਰੰਥੀ ਸਿੰਘ ਨੇ ਛਾਤੀ ਤੋਂ ਬਾਹਰ ਵੱਲ ਨਿੱਕਲ਼ੀ ਗੋਗੜ ਨੂੰ ਖੁਰਕਦਿਆਂ ਕਿਹਾ ਸੀ। ਉਸ ਵਕਤ ਚੰਗੇ ਸੂਰ ਵਾਂਗ ਫਿੱਟਿਆ, ਨਾਲ ਦੀ ਗਲ਼ੀ ਵਾਲ਼ਾ, ਅੰਮ੍ਰਿਤਧਾਰੀ ਜੇਲ੍ਹ ਦਾ ਕਲਰਕ ਹੌਲਦਾਰ ਵੀ ਹਾਜ਼ਰ ਸੀ, ਜਿਸ ਬਾਰੇ ਇਹ ਵੀ ਚਰਚਾ ਸੀ ਕਿ ਕੈਦੀਆਂ ਦਾ ਕੋਈ ਸਾਮਾਨ ਭੇਟਾ ਲਏ ਬਗੈਰ ਅੰਦਰ ਨਹੀਂ ਜਾਣ ਦਿੰਦਾ। ਜਿਸ ਕੈਦੀ ਦੀ ਕੈਦ ਪੂਰੀ ਹੋ ਗਈ ਹੋਵੇ, ਦਸ ਹਜ਼ਾਰ ਲਏ ਬਗੈਰ ਕਾਗਜ਼ ਪੂਰੇ ਨਹੀਂ ਕਰਦਾ। ਸੁਣ ਕੇ ਕਿਵੇਂ ਦੋਵੇਂ ਹੱਥ ਜੋੜ ਕੇ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਨ ਲੱਗ ਪਿਆ ਸੀ। ਵਿਨੋਦ ਕੁਮਾਰ ਦੇਖ ਰਿਹਾ

ਸੀ ਕਿ ਪੁਰਾਣੀ ਕੋਠੀ ਢਾਹ ਕੇ ਤਿੰਨ ਮੰਜ਼ਲੀ ਕੋਠੀ ਪਾ ਰਿਹਾ ਸੀ। ਅੰਨ੍ਹਾ ਪੈਸਾ ਪਾਣੀ ਵਾਂਗ ਵਹਾਇਆ ਜਾ ਰਿਹਾ ਸੀ। ਜਿਸ ਧਰਮ ਵੱਲ ਉਹ ਭਾਵੁਕਤਾ ਦੀ ਹੱਦ ਤੱਕ ਖਿੱਚਿਆ ਗਿਆ ਸੀ, ਦੇ ਹਾਲ ਨੇ ਵੀ ਉਸ ਨੂੰ ਨਿਰਾਸ਼ ਕੀਤਾ ਸੀ। "ਹਿੰਦੂਆਂ ਨੂੰ ਤਾਂ ਸਿੱਖ ਬੁੱਤ ਪੂਜ ਕਹਿ ਕੇ ਨਿੰਦਦੇ ਨੈ ਤੇ ਆਪ....ਨਿਸ਼ਾਨ ਸਾਹਿਬ ਦੀ ਪਾਈਪ ਤੇ ਪੰਲੰਘ ਦੇ ਬਾਹੀਆਂ ਪਾਵਿਆਂ ਦੀ ਥਕਾਵਟ ਲਾਹੁਣ ਨੂੰ ਬੁੱਤ ਪੂਜਾ ਨਹੀਂ ਮੰਨਦੇ। ਹੈ ਨਾ ਕਮਾਲ!" ਮਨ ਵਿੱਚ ਇਹ ਵਿਚਾਰ ਆਏ ਬਿਨਾ ਨਾ ਰਹੇ।

*****

ਵਿਨੋਦ ਕੁਮਾਰ ਨੇ ਜਦੋਂ ਲੰਮੀ ਝਾਤੀ ਮਾਰ ਕੇ ਵੇਖਿਆ ਤਾਂ ਉਸ ਨੂੰ ਗਲ਼ੀ ਮੁਹੱਲੇ ਦਾ ਕੋਈ ਵੀ ਬੱਚਾ ਦਸਵੀਂ ਤੋਂ ਉੱਪਰ ਵਿਦਿਆ ਹਾਸਲ ਕਰਨ ਵਾਲ਼ਾ ਨਾ ਦਿੱਸਿਆ। ਉਨ੍ਹਾਂ ਦੇ ਬਾਪ ਜ਼ਿਆਦਾ ਤਰ ਪੁਲਸ ਮਹਿਕਮੇ ਦੇ ਕਰਮਚਾਰੀ ਸਨ। ਥਾਣੇਦਾਰ ਬਚਿੱਤਰ ਸਿੰਘ ਦੇ ਨਾਲ਼ ਵਾਲ਼ਾ ਘਰ ਟ੍ਰੱਕ ਡਰਾਈਵਰ ਗਾਮੇ ਦਾ, ਓਸ ਤੋਂ ਚਾਰ ਘਰ ਛੱਡ ਕੇ ਕੰਨਡਕਟਰ ਸੋਮ ਨਾਥ ਦਾ ਤੇ ਨਾਲ ਥਾਣੇਦਾਰ ਰਾਮ ਪ੍ਰਕਾਸ਼ ਦਾ। ਉਸ ਤੋਂ ਅੱਗੇ ਸਬਜ਼ੀ ਆਦਿ ਦੀਆਂ ਰੇੜ੍ਹੀਆਂ ਲਾਉਣ ਵਾਲ਼ੇ ਭਈਏ ਜੋ ਛੋਟੇ ਛੋਟੇ ਕੁਆਟਰ ਨੁਮਾ ਕਮਰਿਆਂ ਵਿੱਚ ਰਹਿਣ ਵਾਲ਼ਿਆਂ ਦਾ ਗੁਆਂਢ ਸੀ। ਸਭ ਦੇ ਨਿਆਣੇ ਹਾ ਹਾ ਹੀ ਹੀ ਕਰਦੇ ਗਲ਼ੀ ਵਿੱਚ ਇਕ ਤਰ੍ਹਾਂ ਅਵਾਰਾ ਘੁਮਦੇ ਫਿਰਦੇ, ਚੀਕਾਂ ਮਾਰਦੇ ਦੁੜੰਗੇ ਮਾਰਦੇ। ਬਹੁਤਿਆਂ ਦੇ ਹੱਥਾਂ ਵਿੱਚ ਅੱਜ ਕੱਲ੍ਹ ਸਮਾਰਟ ਫੋਨ ਵੇਖ ਕੇ ਉਹ ਹੈਰਾਨ ਹੁੰਦਾ ਕਿ ਮਾਪਿਆਂ ਨੇ ਵੀ ਉਨ੍ਹਾਂ ਦੀਆਂ ਵਾਗਾਂ ਖੁੱਲ੍ਹੀਆਂ ਛੱਡੀਆਂ ਹੋਈਐਂ। ਮੋਟਰ ਸਾਈਕਲਾਂ 'ਤੇ ਸਕੂਲ ਜਾਂਦੇ ਐ ਤੇ ਗਲ਼ੀ ਵਿੱਚ ਕਈ ਕਈ ਮੋਟਰ ਸਾਈਕਲ ਬਰਾਬਰ ਲਾ ਕੇ ਮੁਬਾਈਲ ਫੋਨਾਂ ਉੱਪਰ ਠੋਲ੍ਹੇ ਜਿਹੇ ਮਾਰਦੇ ਹੀ ਦਿਖਾਈ ਦਿੰਦੇ ਹਨ। ਜਾਂ ਜਦੋਂ ਰੰਗ ਵਿੱਚ ਆਏ ਹੁੰਦੇ ਤਾਂ ਉੱਚੀ ਉੱਚੀ ਹੋ ਹੋ ਕਰਦੇ ਆਸਮਾਨ ਸਿਰ 'ਤੇ ਚੁੱਕ ਲੈਂਦੇ ਦਿਸਦੇ ਐ। ਗਲ਼ੀ ਵਿੱਚ ਚਾਰ ਚਾਰ ਪੰਜ ਪੰਜ ਮੋਟਰ ਸਾਈਕਲ ਖੜ੍ਹਾਏ ਹੋਣ ਕਰਕੇ ਕਈ ਵਾਰੀ ਤਾਂ ਕੋਲੋਂ ਲੰਘਣਾ ਵੀ ਔਖਾ ਹੋ ਜਾਂਦਾ। ਵਾਰ ਵਾਰ ਹਾਰਨ ਮਾਰਨ ਨਾਲ਼ ਮਸਾਂ ਪਾਸੇ ਹੁੰਦੇ ਐ। ਕਮਾਲ ਤਾਂ ਇਹ ਸੀ ਕਿ ਮੁਲਕ ਦੇ ਹਾਲਾਤ ਬਾਰੇ ਕੋਈ ਗੱਲ ਕਰਨ ਨੂੰ ਹੀ ਤਿਆਰ ਨਹੀਂ। ਇਕ ਮਾਂ ਦਾ ਰੁਦਨ ਵੀ ਇਕ ਵਾਰ ਉਸਦੇ ਕੰਨਾਂ ਵਿੱਚ ਪਿਆ ਸੀ-"ਭੈਣੇ ਕੀ ਕਰੀਏ ਡਰ ਲੱਗਦੈ। ਇਕੋ ਇਕ ਜੁਆਕ ਐ। ਜੋ ਮੰਗਦੈ ਦੇਣਾ ਪੈਂਦੈ। ਡਰ ਲੱਗਦੈ ਬਈ ਹੋਰ ਨਾ ਕੁੱਛ ਕਰ ਲਵੇ।"

ਦੂਜੀ ਔਰਤ ਨੇ ਵੀ ਕੁੱਝ ਏਸੇ ਤਰ੍ਹਾਂ ਦਾ ਪ੍ਰਭਾਵ ਜਾਹਰ ਕੀਤਾ ਸੀ-"ਡਰਾਉਂਦੇ ਬਹੁਤ ਐ ਭੈਣੇ ਜੁਆਕ। ਕੀ ਕਰੀਏ? ਕੁੱਛ ਨੀ ਕਰਨ ਜੋਗੇ। ਮੂਹਰੇ ਬੋਲਦੇ ਜਮਾ ਈ ਨੀ ਸੰਗੇਤ ਮੰਨਦੇ। ਹਾਰ ਕੇ ਚੁੱਪ ਕਰ ਜਾਈਦੈ। ਸਾਰਾ ਆਹ ਅੱਗ ਲੱਗੜਾ ਮੁਬੈਲ ਫੋਨ ਐ, ਹਰ ਵੇਲ਼ੇ ਫੋਨ 'ਤੇ ਉਂਗਲਾਂ ਜੀਆਂ ਮਾਰੀ  ਜਾਂਦੇ ਐ।"

ਸਵੇਰੇ ਸੈਰ ਕਰਕੇ ਆਇਆ। ਸੈਰ ਕਰਦਿਆਂ ਗੁਰਨਾਮ ਸਿੰਘ, ਉਸਦਾ ਨਿੱਘਾ ਮਿੱਤਰ ਵੀ ਮਿਲ਼ ਗਿਆ ਸੀ। ਮਜ਼੍ਹਬੀ ਸਿੱਖ, ਪ੍ਰਭਾਵਸ਼ਾਲੀ ਸ਼ਖਸੀਅਤ ਦਾ ਮਾਲਕ ਗੁਰਨਾਮ ਸਿੰਘ। ਜਦ ਵੀ ਉਹ ਵਿਨੋਦ ਕੁਮਾਰ ਦੇ ਘਰ ਆਇਆ ਜਾਂ ਵਿਨੋਦ ਕੁਮਾਰ ਉਹਦੇ ਘਰ ਗਿਆ, ਦੁਹਾਂ ਨੇ ਜ਼ਰੂਰਤ ਨਾ ਹੋਣ 'ਤੇ ਵੀ ਇਕੋ ਥਾਲ਼ੀ ਵਿੱਚ ਰੋਟੀ ਖਾਧੀ। ਸੈਰ ਕਰਦਿਆਂ ਆਦਿਵਾਸੀ ਅਤੇ



ਦਲਿਤ ਭਾਈਚਾਰਿਆਂ ਦੀ ਮੰਦੀ ਹਾਲਤ ਬਾਰੇ ਵੀ ਸੋਸ਼ਲ ਮੀਡੀਆ 'ਤੇ ਦਿਖਾਏ ਜਾ ਰਹੇ ਬਾਰੇ ਗੱਲਾਂ ਹੁੰਦੀਆਂ ਰਹੀਆਂ। ਹੁਣ ਘਰ ਆ ਕੇ ਬਹੁਤ ਕੋਸ਼ਿਸ਼ ਕੀਤੀ, ਇਨ੍ਹਾਂ ਗੱਲਾਂ ਤੋ ਭਾਰ ਮੁਕਤ ਹੋਣ ਦੀ ਪਰ ਉਸ ਦੀ ਪ੍ਰਸ਼ਾਨੀ ਨੂੰ ਮੋੜਾ ਨਹੀਂ ਸੀ ਪੈ ਰਿਹਾ। ਸੈਰ ਤੋਂ ਆ ਕੇ ਉਸ ਨੇ ਤੇਜ਼ ਚੱਲਦੇ ਪੱਖੇ ਦੀ ਹਵਾ ਨਾਲ਼ ਖਿੱਲਰੀ ਪਈ ਅਖ਼ਬਾਰ ਚੁੱਕੀ ਤਾਂ ਸਭ ਤੋਂ ਪਹਿਲਾਂ ਇਕੋ ਪੰਨੇ ਉੱਪਰ ਉਸ ਦੀ ਨਿਗਾਹ ਗਈ। ਬਲਾਤਕਾਰ ਅਤੇ ਯੂ. ਪੀ. ਵਿੱਚ ਦਲਿਤਾਂ ਨੂੰ ਨਲ਼ਕੇ ਤੋਂ ਪਾਣੀ ਨਾ ਭਰਨ ਦੇਣ ਦੀਆਂ ਚਾਰ ਪੰਜ ਖ਼ਬਰਾਂ ਦੇ ਸੰਖੇਪ ਟੋਟੇ ਨਜ਼ਰੀਂ ਪਏ। ਅੰਦਰੋਂ ਪੂਰੀਆਂ ਖ਼ਬਰਾਂ ਪੜ੍ਹੀਆਂ। ਇਹ ਚੌਥੀ ਖ਼ਬਰ ਸੀ ਜਿਸ ਵਿੱਚ ਲੜਕੀਆਂ ਨੂੰ ਸਮੂਹਿਕ ਬਲਾਤਕਾਰ ਕਰਨ ਬਾਅਦ ਕਤਲ ਕੀਤਾ ਗਿਆ ਸੀ, ਉਹ ਵੀ ਆਪਣੇ ਆਪ ਨੂੰ ਅਤਿ ਦਾ ਧਰਮੀ ਅਖਵਾਉਣ ਵਾਲ਼ੇ ਮੁੱਖ ਮੰਤਰੀ ਦੇ ਰਾਜ ਵਿੱਚ।

"ਬੇੜਾ ਗਰਕ।" ਉਸਦੇ ਮੂੰਹੋਂ ਨਿੱਕਲਿਆ। " ਉਫ਼! ਢਾਈ ਸਾਲ ਦੀ ਬੱਚੀ। ਕਿਹੋ ਜਿਹੀ ਜ਼ਿਹਨੀਅਤ ਬਣ ਰਹੀ ਹੈ ਲੋਕਾਂ ਦੀ? ਬਘਿਆੜ ਬਣਦਾ ਜਾ ਰਿਹੈ ਆਦਮੀ। ਆਦਮੀ ਕਹਿਣਾ ਤਾਂ ਆਦਮੀਅਤ ਦਾ ਨਿਰਾਦਰ ਹੈ। ਅੱਸੀ ਸਾਲਾ ਬਿਰਧ ਔਰਤ ਨਾਲ਼ ਕੁਕਰਮ, ਉਫ਼! ਨਿੱਘਰ ਗਿਆ ਸਮਾਜ।" ਅੱਗੇ ਇਕ ਹੋਰ ਦੁਖਾਂਤਕ ਖ਼ਬਰ। ਇਕ ਮੁਸਲਮਾਨ ਲੜਕਾ ਆਪਣੀ ਗਊ ਨੂੰ ਚਾਰਨ ਲਿਜਾ ਰਿਹਾ ਸੀ ਕਿ ਭੀੜ ਦੇ ਅੜਿੱਕੇ ਚੜ੍ਹ ਗਿਆ। ਭੀੜ ਕਹਿ ਰਹੀ ਸੀ ਕਿ ਇਹ ਗਊ ਨੂੰ ਬੁੱਚੜਖਾਨੇ ਲਿਜਾ ਰਿਹਾ ਸੀ, ਜਿੱਥੇ ਇਸ ਗਊ ਨੂੰ ਵੱਢਿਆ ਜਾਣਾ ਸੀ। ਸਾਰੇ ਮੁਸਲੇ ਗਾਂ ਦਾ ਮਾਸ ਖਾਂਦੇ ਐ, ਏਸ ਕਰਕੇ ਇਹਨਾਂ ਦਾ ਭਾਰਤ ਵਿੱਚ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ। ਮੁਸਲਿਉ ਪਾਕਿਸਤਾਨ ਚਲੇ ਜਾਉ।"

ਭੀੜ ਨੇ ਪਹਿਲਾਂ ਮੁੰਡੇ ਤੋਂ ਪਹਿਲਾਂ ਭਾਰਤ ਮਾਤਾ ਦੀ ਜੈ ਦਾ ਨਾਹਰਾ ਬੁਲਵਾਇਆ। ਉਸ ਨੇ ਖੁਸ਼ੀ ਖੁਸ਼ੀ ਦੋਵੇਂ ਬਾਂਹਾਂ ਉੱਪਰ ਉਲਾਰ ਕੇ ਭਾਰਤ ਮਾਤਾ ਦੀ ਜੈ ਆਖ ਦਿੱਤਾ ਪਰ ਜਦੋਂ ਉਸਨੂੰ ਜੈ ਸ੍ਰੀ ਰਾਮ ਕਹਿਣ ਲਈ ਮਜਬੂਰ ਕੀਤਾ ਗਿਆ ਤਾਂ ਉਹ ਅੜ ਗਿਆ। ਮਾਰਨ ਤੋਂ ਪਹਿਲਾਂ ਉਸ ਨੂੰ ਕਿਹਾ ਗਿਆ-"ਮੁਸਲਮਾਨਾਂ ਨੂੰ ਹਿੰਦੁਸਤਾਨ ਵਿੱਚ ਰਹਿਣ ਦਾ ਕੋਈ ਅਧਿਕਾਰ ਨਹੀਂ। ਹਿੰਦੁਸਤਾਨ ਹਿੰਦੂਆਂ ਦਾ ਮੁਲਕ ਹੈ। ਭਾਰਤ ਨਹੀਂ ਹਿੰਦੁਸਤਾਨ। ਇਸ ਵਿੱਚ ਤੇਰੇ ਲਈ ਕੋਈ ਥਾਂ ਨਹੀਂ, ਪਾਕਿਸਤਾਨ ਵਿੱਚ ਚਲਾ ਜਾਹ।" ਮੁੰਡੇ ਨੇ ਦਲੇਰੀ ਨਾਲ਼ ਕਿਹਾ ਸੀ-"ਪਾਕਿਸਤਾਨ ਮੇਰਾ ਮੁਲਕ ਨਹੀਂ। ਮੇਰਾ ਮੁਲਕ ਇਹ ਭਾਰਤ ਮਾਤਾ ਹੈ। ਸਾਡੇ ਵੱਡ ਵਡੇਰੇ ਪਾਕਿਸਤਾਨ ਨਹੀਂ ਸੀ ਗਏ, ਆਪਣੀ ਮਰਜ਼ੀ ਨਾਲ਼ ਭਾਰਤ ਮਾਤਾ ਦੀ ਗੋਦ ਵਿੱਚ ਰਹੇ ਸਨ।" ਉਸ ਨੂੰ ਫਿਰ ਵੀ ਬਖਸ਼ਿਆ ਨਾ ਗਿਆ। ਬੱਸ ਫਿਰ ਕੀ  ਸੀ, ਭੀੜ ਨੇ ਗਊ ਦਾ ਮੁੱਦਾ ਬਣਾ ਕੇ, ਉਸ ਮੁੰਡੇ ਨੂੰ ਕੁੱਟ ਕੁੱਟ ਕੇ ਥਾਂਏਂ ਕਤਲ ਕਰ ਦਿੱਤਾ। ਗੁੰਡਾ ਟੋਲਾ ਉਸ ਦੀ ਲਾਸ਼ ਉੱਪਰ ਚੜ੍ਹ ਕੇ ਜੈ ਸ੍ਰੀ ਰਾਮ ਦੇ ਜੈਕਾਰੇ ਛੱਡਦਾ ਰਿਹਾ। ਇਸ ਤੋਂ ਅੱਗੇ ਉਸ ਦਾ ਅਖ਼ਬਾਰ ਪੜ੍ਹਨ ਨੂੰ ਜੀਅ ਹੀ ਨਾ ਕੀਤਾ। ਉਸ ਦੇ ਕਾਲਜੇ ਨੂੰ ਕੁੱਝ ਕੁੱਝ ਹੋ ਰਿਹਾ ਸੀ, ਜਿਵੇਂ ਦਿਲ ਹੇਠਾਂ ਨੂੰ ਡਿੱਗ ਰਿਹਾ ਹੋਵੇ। ਉਸ ਨੇ ਛਾਤੀ ਨੂੰ ਘੁੱਟ ਕੇ ਸਾਵਾਂ ਹੋਣ ਦਾ ਯਤਨ ਕੀਤਾ ਪਰ ਉਸ ਦਾ ਮਨ ਟਿਕਾ ਹੀ ਨਹੀਂ ਸੀ ਫੜ ਰਿਹਾ।

ਉਠ ਕੇ ਉਸਨੇ ਘੜੇ ਵਿੱਚੋਂ ਪਾਣੀ ਦਾ ਗਿਲਾਸ ਭਰ ਕੇ ਪੀਤਾ ਤੇ ਕੁੱਝ ਸਮੇਂ ਲਈ ਕੁਰਸੀ 'ਤੇ ਬੈਠੇ ਨੇ ਲੱਤਾਂ ਨਿਸਾਲ਼ ਕੇ ਸਹਿਜ ਹੋਣ ਦਾ ਯਤਨ ਕੀਤਾ। ਥੋੜ੍ਹਾ ਸ਼ਾਂਤ ਹੋ ਕੇ ਉਸ ਨੇ ਫਿਰ ਅਖ਼ਬਾਰ ਚੁੱਕ ਲਿਆ ਤੇ ਸੰਪਾਦਕੀ ਵਾਲ਼ਾ ਪੰਨਾ ਉਸ ਦੇ ਸਾਹਮਣੇ ਫੈਲਿਆ ਪਿਆ ਸੀ। ਅੱਜ

ਦੀ ਸੰਪਾਦਕੀ ਦਾ ਸਿਰਲੇਖ ਸੀ 'ਜ਼ੁਬਾਨਬੰਦੀ'। ਅੱਗੇ ਲਿਖਿਆ ਸੀ-" ਅੱਜ ਕੱਲ੍ਹ ਲੋਕਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਜੋ ਆਜ਼ਾਦੀ ਸੰਵਿਧਾਨ ਨੇ ਦਿੱਤੀ ਸੀ, ਲਿਖਣ-ਬੋਲਣ, ਪਹਿਨਣ ਅਤੇ ਖਾਣ-ਪੀਣ ਦੀ ਆਜ਼ਾਦੀ, ਉਸ ਨੂੰ ਖ਼ਤਰਾ ਖੜ੍ਹਾ ਹੋ ਗਿਆ ਹੈ। ਇਕ ਖ਼ਾਸ ਤਬਕਾ ਦੇਸ਼ ਦੀ ਰਾਜਨੀਤੀ ਉੱਪਰ ਹਾਵੀ ਹੋ ਕੇ ਮੁਲਕ ਨੂੰ ਸਿਰਫ਼ ਇਕੋ ਭਗਵੇਂ ਰੰਗ ਵਿੱਚ ਰੰਗਣ ਦਾ ਯਤਨ ਕਰ ਰਿਹਾ ਹੈ। ਅਗਲੇ ਪੈਰੇ ਵਿੱਚ ਲੇਖਕਾਂ-ਬੁੱਧੀਜੀਵੀਆਂ ਦਾ ਜ਼ਿਕਰ ਸੀ ਜੋ ਅੱਧੀ ਦਰਜਨ ਦੇ ਕਰੀਬ ਕਤਲ ਕਰ ਦਿੱਤੇ ਗਏ ਸਨ ਦਰਜਨ ਦੇ ਕਰੀਬ ਹੋਰ ਹਨ, ਜੋ ਇਸ ਸਿਸਟਮ ਦੇ ਵਿਰੁੱਧ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ 'ਦੇਸ਼ ਧਰੋਹੀ' ਆਦਿ ਦਾ ਫਤਵਾ ਲਾ ਕੇ ਜੇਲ੍ਹਾਂ ਵਿੱਚ ਬੰਦ ਕੀਤਾ ਗਿਆ ਹੈ। ਕਿਸੇ ਨੂੰ ਸ਼ਹਿਰੀ ਨਕਸਲੀ ਅਤੇ ਕਿਸੇ ਨੂੰ ਮਾਓਵਾਦੀਆਂ ਨਾਲ਼ ਰਲ਼ਿਆ ਕਹਿ ਕੇ ਅੰਦਰ ਕੀਤਾ ਜਾ ਰਿਹਾ ਹੈ। ਨੱਵੇ ਪ੍ਰਤੀਸ਼ਤ ਅਪਾਹਜ ਦਿੱਲੀ ਦੇ ਇਕ ਪ੍ਰੋਫੈਸਰ ਨੂੰ ਵੀ ਉਮਰ ਕੈਦ ਕਰਕੇ ਅੰਡਾ ਸੈੱਲ ਵਿੱਚ ਬੰਦ ਕੀਤਾ ਹੋਇਆ ਹੈ ਤੇ ਦਰਜਨਾਂ ਹੀ ਲੇਖਕ, ਪ੍ਰੋਫੈਸਰ, ਪੱਤਰਕਾਰਾਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਹੋ ਚੁੱਕੇ ਹਨ। ਕਿਸੇ ਔਰਤ ਵਕੀਲ ਨੇ ਸੁਪਰੀਮ ਕੋਰਟ ਵਿੱਚ ਇਸ ਧੱਕੇ ਦੇ ਖ਼ਿਲਾਫ਼ ਅਪੀਲ ਕੀਤੀ ਹੋਈ ਸੀ, ਜਿਸ ਨੂੰ ਘੇਰ ਕੇ ਭਗਵੇਂ ਬ੍ਰਿਗੇਡ ਨੇ ਜ਼ਲੀਲ ਕਰਨ ਦੀ ਹੱਦ ਹੀ ਕਰ ਦਿੱਤੀ। ਇਕ ਹੋਰ ਵਕੀਲ ਜੋ ਉਸ ਔਰਤ ਵਕੀਲ ਨਾਲ਼ ਇਸ ਮਾਮਲੇ ਦੀ ਪੈਰਵਾਈ ਕਰ ਰਿਹਾ ਸੀ, ਦੇ ਮੂੰਹ 'ਤੇ ਸਿਆਹੀ ਡੋਲ੍ਹ ਦਿੱਤੀ ਗਈ ਤੇ ਨਾਅਰੇ ਲਾਏ ਗਏ-"ਦੇਸ਼ ਧਰੋਹੀ ਮੁਰਦਾਬਾਦ!"

ਹੋਰ ਤਾਂ ਹੋਰ ਅੰਧ ਵਿਸ਼ਵਾਸਾਂ ਵਿਰੁੱਧ ਆਵਾਜ਼ ਉਠਾਉਣ ਵਾਲ਼ੀ ਇਕ ਭਗਵਾਂ ਵੱਡੀ ਧਾਰਮਿਕ ਸ਼ਖ਼ਸੀਅਤ ਨੂੰ ਵੀ ਭਗਵੀਂ ਬ੍ਰਿਗੇਡ ਵਾਲਿਆਂ ਨੇ ਘੇਰ ਕੇ ਬਹੁਤ ਮਾਰਿਆ। ਬਾਬਰੀ ਮਸਜਿਦ ਬਾਰੇ ਵੀ ਬਹੁਤ ਕੁੱਝ ਬੋਲਿਆ ਸੀ ਸੁਆਮੀ। ਉਹ ਤੱਥਾਂ ਦੇ ਹਵਾਲੇ ਦੇ ਕੇ ਕਹਿੰਦਾ ਸੀ ਕਿ ਕਿਸੇ ਵੀ ਪੁਸਤਕ ਜਾਂ ਗ੍ਰੰਥ ਵਿੱਚ ਲਿਖਿਆ ਵਿਖਾਉ ਕਿ ਬਾਬਰੀ ਮਸਜਿਦ ਰਾਮ ਮੰਦਰ ਨੂੰ ਢਾਹ ਕੇ ਬਣਾਈ ਗਈ ਸੀ। ਕੁੱਝ ਦਿਨ ਹੋਏ ਉਸ ਨਾਲ਼ ਵਾਪਰੀ ਇਸ ਘਟਨਾ ਦੀ ਵੀਡੀਓ ਵੀ ਵਾਇਰਲ ਹੋਈ ਸੀ, ਜਿਸ ਵਿੱਚ ਉਸ ਨੇ ਅਮਰਨਾਥ ਗੁਫ਼ਾ ਵਾਲ਼ੇ ਸ਼ਿਵ ਲਿੰਗ ਬਾਰੇ ਕਿਹਾ ਸੀ ਕਿ ਪੁਜਾਰੀ ਵਰਗ ਨੇ ਲੋਕ ਮਾਨਸਿਕਤਾ ਦਾ ਸ਼ੋਸ਼ਣ ਕੀਤਾ ਹੈ। ਬਰਫ਼ ਦਾ ਸ਼ਿਵਲਿੰਗ ਉਪਰੋਂ ਡਿਗਦਾ ਪਾਣੀ ਦਾ ਟੇਪਾ ਹੈ ਜੋ ਠੰਢ ਕਾਰਨ ਜੰਮ ਜਾਂਦਾ ਹੈ। ਜੇਕਰ ਕੁੱਝ ਲੋਕ ਸੁਆਮੀ ਜੀ ਦੇ ਉੱਪਰ ਨਾ ਡਿੱਗਦੇ ਤਾਂ ਸ਼ਾਇਦ ਗੁੰਡੇ ਉਨ੍ਹਾਂ ਦਾ ਵੀ ਕਤਲ ਹੀ ਕਰ ਦਿੰਦੇ।" ਸੰਪਾਦਕੀ ਪੜ੍ਹ ਕੇ ਉਸ ਦਾ ਮਨ ਹੋਰ ਵੀ ਉਚਾਟ ਹੋ ਗਿਆ ਤੇ ਉਸ ਨੇ ਤਹਿ ਕਰਕੇ ਅਖ਼ਬਾਰ ਪਾਸੇ ਕਰਕੇ ਰੱਖ ਦਿੱਤਾ। ਇਕ ਖ਼ਾਸ ਤਰ੍ਹਾਂ ਦੀ ਪੀੜ ਨਾਲ਼ ਉਹ ਗਲ਼ ਤੱਕ ਭਰ ਗਿਆ। ਉਸ ਨੇ ਗਲ਼ੀ ਵਿੱਚ ਅੱਠ ਦਸ ਘਰ ਛੱਡ ਕੇ ਧਾਰਮਿਕ ਬਿਰਤੀ ਦੇ ਅਤੇ ਸਾਊ ਸ਼ਰੀਫ਼ ਜਿਹਾ ਮੰਨੇ ਜਾਂਦੇ ਬਹਾਲ ਸਿੰਘ ਕੋਲ਼ ਜਾ ਕੇ ਮਨ ਹੌਲ਼ਾ ਕਰਨ ਦਾ ਮਨ ਬਣਾ ਲਿਆ-

"ਸਰਦਾਰ ਬਹਾਲ ਸਿੰਘ ਜੀ! ਕੀ ਹੋਈ ਜਾਂਦੈ ਮੁਲਕ ਵਿੱਚ। ਅੱਜ ਦੀ ਅਖ਼ਬਾਰ ਦੀਆਂ ਖ਼ਬਰਾਂ ਪੜ੍ਹ ਹੀ ਲਈਆਂ ਹੋਣਗੀਆਂ?"

ਬਹਾਲ ਸਿੰਘ ਨੇ ਬੜੇ ਹੀ ਅੰਦਾਜ਼ ਵਿੱਚ ਬਣਾ ਸੰਵਾਰ ਕੇ ਜਵਾਬ ਦਿੱਤਾ ਸੀ-

" ਜੋ ਕਰਨਗੇ ਸੋ ਭਰਨਗੇ, ਤੂੰ ਕਿਉਂ ਭਇਆ ਉਦਾਸ। ਮਾਸਟਰ ਜੀ ਇਹ ਜੱਗ ਏਸ ਤਰ੍ਹਾਂ ਹੀ ਚੱਲੀ ਜਾਂਦੈ। ਕਲਪਨਾ ਕਰੀਏ ਤਾਂ ਇਕ ਦਿਨ ਵੀ ਸੁਖ ਦਾ ਨੀ ਲੰਘਣਾ। ਏਸ ਕਰਕੇ



ਸਭ ਕੁੱਛ ਓਸ ਅਕਾਲ ਪੁਰਖ ਵਾਹਿਗੁਰੂ 'ਤੇ ਛੱਡ ਦਿਉ। ਆਪੇ ਵੇਖੂਗਾ ਮਹਾਰਾਜ। ਬਾਣੀ .'ਚ ਲਿਖਿਐ-ਜਿਸ ਨੋ ਆਪ ਖੁਆਏ ਕਰਤਾ ਖਸਿ ਲਏ ਚੰਗਿਆਈ। ਪ੍ਰਮਾਤਮਾ ਦੇ ਘਰ ਦੇਰ ਹੈ ਹਨ੍ਹੇਰ ਨਹੀਂ। ਮਹਾਰਾਜ ਸਜ਼ਾ ਜ਼ਰੂਰ ਦਿਊ ਪਾਪੀਆਂ ਨੂੰ। ਸਭ ਕੁੱਝ ਦੇਖ ਰਿਹਾ ਅਕਾਲ ਪੁਰਖ ਵਾਹਿਗੁਰੂ।"

ਵਿਨੋਦ ਕੁਮਾਰ ਦਾ ਮਨ ਦੋਵੇਂ ਹੱਥ ਮੱਥੇ 'ਤੇ ਮਾਰ ਕੇ ਚੀਕਣ ਨੂੰ ਕੀਤਾ-"ਫੇਰ ਤਾਂ ਗੁਰੂ ਨਾਨਕ ਨੂੰ ਰਾਜਿਆਂ ਤੇ ਮੁਕੱਦਮਾਂ ਬਾਰੇ ਬਾਣੀ ਰਚਣ ਦੀ ਲੋੜ ਹੀ ਨਹੀਂ ਸੀ। ਗੁਰੂ ਸਾਹਿਬਾਨ ਨੂੰ ਜ਼ੁਲਮ ਦੇ ਵਿਰੁੱਧ ਤਲਵਾਰ ਵੀ ਨਹੀਂ ਸੀ ਚੁੱਕਣੀ ਚਾਹੀਦੀ।" ਉਸ ਦੇ ਮਨ ਵਿੱਚ ਪ੍ਰਸ਼ਨ ਉੱਠਿਆ ਜੋ ਉਸ ਨੇ ਬਹਾਲ ਸਿੰਘ ਦੇ ਮੂੰਹ 'ਤੇ ਮਾਰਨਾ ਚਾਹਿਆ-ਫਿਰ ਆਹ ਅੰਮ੍ਰਿਤ ਕਾਹਦੇ ਲਈ?" ਪਰ ਉਹ 'ਸਤਿ ਸ੍ਰੀ ਅਕਾਲ' ਆਖ ਕੇ ਚੁੱਪ-ਚਾਪ ਵਾਪਸ ਪਰਤ ਆਇਆ।

ਬਹਾਲ ਸਿੰਘ ਦੇ ਘਰੋਂ ਨਿੱਕਲਣ ਵੇਲ਼ੇ ਉਸ ਤੋਂ ਰਿਹਾ ਨਾ ਗਿਆ। ਮੱਥੇ 'ਤੇ ਹੱਥ ਮਾਰਦਿਆਂ ਉਸ ਨੇ ਮਨ ਹੀ ਮਨ ਕਿਹਾ, "ਕਰ ਲਉ ਘਿਉ ਨੂੰ ਛਾਣਨੀ। ਏਸ ਨੂੰ ਸਿੱਖੀ ਦਾ ਨਾਂ ਦਿੱਤਾ ਜਾਂਦੈ ਬਈ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਉਠਾਉਣ ਦੀ ਕੋਈ ਲੋੜ ਨਹੀਂ। ਆਪੇ ਸਭ ਕੁੱਝ ਵਾਹਿਗੁਰੂ ਵੇਖਦਾ ਹੈ। ਫਿਰ ਤਾਂ ਗੁਰੂ ਸਾਹਿਬਾਨ ਨੇ ਐਵੇਂ ਹੀ ਕੀਤੀਆਂ ਕੁਰਬਾਨੀਆਂ! ਕੀ ਲੋੜ ਪਈ ਸੀ ਸਰਬੰਸ ਵਾਰਨ ਦੀ। ਕਹਿ ਦਿੰਦੇ ਬਈ ਆਪੇ ਵਾਹਿਗੁਰੂ ਸਜ਼ਾ ਦਿਊ,ਜ਼ਾਲਮਾਂ ਨੂੰ। ਕਦੋਂ ਜ਼ਮੀਰ ਜਾਗੇਗੀ ਜਨਤਾ ਦੀ। ਕਦੋਂ ਸੁਰਤ ਕਰੇਗੀ ਇਹ ਅੰਨ੍ਹੀ ਰੱਈਅਤ।"

ਘਰ ਆ ਕੇ ਉਸ ਨੇ ਆਪਣਾ ਸੈਮਸੰਗ ਖੋਲ੍ਹਿਆ। ਮੁਬਾਈਲ ਡੈਟਾ ਔਨ ਕੀਤਾ। ਪ੍ਰੇਸ਼ਾਨ ਤਾਂ ਉਹ ਪਹਿਲਾਂ ਹੀ ਬਹੁਤ ਸੀ ਪਰ ਬੁਰੀਆਂ ਖ਼ਬਰਾਂ ਦੇ ਸੋਸ਼ਲ ਮੀਡੀਆ ਉੱਪਰ ਆਏ ਹੜ੍ਹ ਦਰਮਿਆਨ ਉਸਦਾ ਆਪਣਾ ਜੀਅ ਹੀ ਕਿਧਰੇ ਨਿੱਕਲ ਜਾਣ ਨੂੰ ਕਰਨ ਲੱਗ ਪਿਆ ਸੀ, ਜਾਵੇ ਤਾਂ ਕਿੱਥੇ? ਕਿਤੇ ਵੀ ਤਾਂ ਢੋਈ ਨਹੀਂ ਸੀ। ਕਿਸ ਮੁਲਕ ਨੂੰ ਉਹ ਆਪਣਾ ਮੁਲਕ ਆਖੇ। ਪੰਜਾਂ ਕੁ ਸਾਲਾਂ ਵਿੱਚ ਹੀ ਉਸ ਨੂੰ ਲੱਗਣ ਲੱਗ ਪਿਆ ਸੀ ਜਿਵੇਂ ਹਿੰਦੁਸਤਾਨ ਕੋਈ ਜਿੰਨ ਰਾਖਸ਼ ਬਣ ਗਿਆ ਹੋਵੇ।

ਉਸ ਦਾ ਧਿਆਨ ਲਿਖਾਰੀ ਸਭਾ ਦੇ ਪ੍ਰਧਾਨ ਗ਼ਜ਼ਲਕਾਰ ਪਰਮਵੀਰ ਸਿੰਘ ਵੱਲ ਗਿਆ। ਉਸ ਦੇ ਮਨ ਵਿੱਚ ਆਇਆ ਕਿ ਪ੍ਰਧਾਨ ਕੋਲ ਜਾ ਕੇ ਮਨ ਹੌਲ਼ਾ ਕੀਤਾ ਜਾ ਸਕਦਾ ਹੈ। ਉਸ ਨੇ ਸਕੂਟਰ ਬਾਹਰ ਕੱਢਿਆ ਤੇ ਅੰਦਰ ਵੱਲ ਝਾਕਿਆ-

"ਸਵਿੱਤਰੀ! ਮੈਂ ਪ੍ਰਧਾਨ ਜੀ ਵੱਲ ਚੱਲਿਆਂ। ਥੋੜ੍ਹਾ ਚਿਰ ਲੱਗ ਸਕਦੈ। ਐਵੇਂ ਨਾ ਫੋਨ ਖੜਕਾਈ ਜਾਈਂ। ਕੋਈ ਚੀਜ਼ ਤਾਂ ਨੀ ਲਿਆਉਣੀ ਬਜ਼ਾਰੋਂ? ਬਾਜ਼ਾਰ ਵੱਲ ਹੋ ਆਊਂਗਾ।" ਤੇ ਉਹ ਕਿੱਕ ਮਾਰ ਕੇ ਬਗੈਰ ਜਵਾਬ ਉਡੀਕੇ ਬੇਚੈਨੀ ਜਿਹੀ ਵਿੱਚ ਸਕੂਟਰ 'ਤੇ ਚੜ੍ਹ ਗਿਆ।

ਪਰਮਵੀਰ ਸਿੰਘ ਸਿੱਧੂ ਘਰ ਹੀ ਮਿਲ਼ ਗਏ। ਹੱਥ ਵਿੱਚ ਹੱਥ ਪਾਈ ਪ੍ਰਧਾਨ ਜੀ ਉਸ ਨੂੰ ਡਰਾਇੰਗ ਰੂਮ ਵਿੱਚ ਲੈ ਗਏ ਤੇ ਸੋਫ਼ੇ ਤੱਕ ਲਿਜਾ ਕੇ ਹੀ ਹੱਥ ਛੱਡਿਆ। ਫਿਰ ਨਾਲ਼ ਹੀ ਖਹਿ ਕੇ ਬੈਠਦਿਆਂ ਪੁੱਛਿਆ-"ਕਿਵੇਂ ਅੱਜ ਸਵੇਰੇ ਸਵੇਰੇ? ਖੈਰ ਤਾਂ ਹੈ?" ਕੁੱਝ ਚਿਰ ਵਿਨੋਦ ਕੁਮਾਰ ਨੀਵੀਂ ਪਾਈ ਸੋਚਾਂ ਵਿੱਚ ਡੁੱਬਾ ਫਰਸ਼ ਉੱਪਰ ਵਿਛਾਈ ਦਰੀ 'ਤੇ ਨੀਝ ਲਾਈ ਚੁੱਪ ਚਾਪ ਬੈਠਾ ਰਿਹਾ। ਪ੍ਰਧਾਨ ਜੀ ਨੇ ਫ਼ਿਕਰ ਜਿਹੇ ਨਾਲ਼ ਫਿਰ ਪੁੱਛਿਆ- "ਵਿਨੋਦ ਤੂੰ ਤਾਂ ਯਾਰ ਓਦਰਨ ਵਾਲ਼ਾ ਬੰਦਾ ਹੀ ਨਹੀਂ। ਅੱਜ ਕਿਉਂ ਦਿਲ ਨੂੰ ਢੇਰੀ ਕੀਤਾ ਹੋਇਆ?"

"ਪਰਮਵੀਰ ਮਨ ਬਹੁਤ ਉਚਾਟ ਹੋਇਆ ਪਿਆ, ਲਗਾਤਾਰ ਵਾਪਰਦੀਆਂ ਘਟਨਾਵਾਂ ਕਰਕੇ। ਯਾਰ ਨਿੱਤ ਸਾਨੂੰ ਥੋੜ੍ਹਾ ਥੋੜ੍ਹਾ ਕਰਕੇ ਕਤਲ ਕੀਤਾ ਜਾ ਰਿਹਾ ਹੈ, ਸੰਵੇਦਨਸ਼ੀਲ ਤੇ ਚੇਤਨ ਬੰਦਿਆਂ ਨੂੰ। ਆਪਾਂ ਨਿਹੱਥੇ ਹੋ ਚੁੱਕੇ ਹਾਂ ਇਕ ਤਰ੍ਹਾਂ। ਪਹਿਲਾਂ ਤਾਂ ਅਖ਼ਬਾਰ ਨੇ ਦੁਖੀ ਕੀਤਾ ਫਿਰ ਫੇਸਬੁੱਕ 'ਤੇ ਇਹ ਪੋਸਟਾਂ ਪੜ੍ਹ ਕੇ ਮੇਰਾ ਤਾਂ ਖੁਦ ਮਰਨ ਨੂੰ ਜੀਅ ਕਰਨ ਲੱਗ ਪਿਆ ਯਾਰ।"

"ਵਿਨੋਦ ਕੀ ਕਹਿਨੈ? ਤੇਰੇ ਮੂੰਹੋਂ ਇਹ ਬੋਲ? ਅਫ਼ਸੋਸ ਐ ਯਾਰ! ਤੂੰ ਕਿਵੇਂ ਐਨਾ ਬੁਜ਼ਦਿਲ ਹੋ ਗਿਆ? ਹੈਂ!" ਪਰਮਵੀਰ ਨੇ ਉਸ ਨੂੰ ਬਾਂਹਾਂ ਵਿੱਚ ਲੈ ਲਿਆ। ਵਿਨੋਦ ਨੇ ਲੰਮਾ ਹਉਕਾ ਖਿੱਚਿਆ ਤੇ ਅੰਦਰੋਂ ਉੱਠੀ ਹਵਾੜ ਵਾਂਗ ਉਸ ਦੇ ਅੰਦਰੋਂ ਵਰੋਲ਼ੇ ਵਾਂਗ ਇਹ ਬੋਲ ਨਿੱਕਲ਼ੇ-

"ਉਹੋ! ਕਿੱਥੇ ਗਿਆ ਸਾਡੇ 'ਹਿੱਸੇ ਦਾ ਹਿੰਦੁਸਤਾਨ?" ਇਕ ਤਰ੍ਹਾਂ ਉਹ ਰੋਣਹਾਕਾ ਹੋਇਆ ਪਿਆ ਸੀ।

" ਠੀਕ ਕਹਿਨੈ ਤੂੰ ਵਿਨੋਦ, ਸਾਡੇ ਹਿੱਸੇ ਦੇ ਹਿੰਦੁਸਤਾਨ ਦੀ ਇਹ ਭਗਵੇਂ ਦਾੜ੍ਹੀ ਪੁੱਟਣ ਲੱਗੇ ਹੋਏ ਨੇ।"

" ਕੋਈ ਤਾਂ ਦੱਸੇ ਬਈ ਕਿੱਥੇ ਐ ਸਾਡੇ ਹਿੱਸੇ ਦਾ ਹਿੰਦੁਸਤਾਨ?" ਵਿਨੋਦ ਕੁਮਾਰ ਹੋਰ ਵੀ ਭਾਵੁਕ ਹੋ ਗਿਆ ਸੀ।

---

## ਡਾ. ਬਲਦੇਵ ਸਿੰਘ ਧਾਲੀਵਾਲ ਦੀਆਂ 2020 ਦੀਆਂ ਪਸੰਸੀਦਾ ਕਹਾਣੀਆਂ

**(ਨਵਾਂ ਜ਼ਮਾਨਾ, 27 ਦਸੰਬਰ,2020 'ਚ ਛਪੇ ਲੇਖ ਦੇ ਅਧਾਰ 'ਤੇ)**

1. **ਹਰਪ੍ਰੀਤ ਸਿੰਘ ਚਨੂੰ (ਸੱਥਰ) ਸਿਰਜਣਾ, ਅਪ੍ਰੈਲ-ਜੂਨ,** 2020
2. **ਹਰਪ੍ਰੀਤ ਸੇਖਾ (ਉਹ ਰਾਤ) ਪ੍ਰਵਚਨ, ਜਨਵਰੀ-ਮਾਰਚ,** 2020
3. **ਜਤਿੰਦਰ ਸਿੰਘ ਹਾਂਸ (ਗੰਦਲਾਂ ) ਸਿਰਜਣਾ, ਅਕਤੂਬਰ-ਦਸੰਬਰ,** 2020
4. **ਬਲਬੀਰ ਪਰਵਾਨਾ (ਕਤਰਾ ਕਤਰਾ ਮੌਤ) ਰਾਗ, ਜਨਵਰੀ-ਅਪ੍ਰੈਲ,** 2020
5. **ਸਰਘੀ (ਰਾਬਾਬੀ) ਰਾਗ, ਮਈ-ਦਸੰਬਰ,** 2020
6. **ਗੁਰਮੀਤ ਕੜਿਆਲਵੀ (ਦਰੋਣਾਚਾਰੀਆ) ਸਿਰਜਣਾ, ਜੁਲਾਈ-ਸਤੰਬਰ,** 2020
7. **ਗੁਰਮੀਤ ਪਨਾਗ (ਆਹੌਤ ਰੂਥ) ਰਾਗ, ਮਈ-ਦਸੰਬਰ,** 2020
8. **ਹਰਜੀਤ ਅਟਵਾਲ (ਵਰ੍ਹੇ ਗੰਢ ) ਪ੍ਰਵਚਨ, ਜਨਵਰੀ-ਮਾਰਚ,** 2020
9. **ਤੌਕੀਰ ਚੁਗਤਾਈ (ਮੈਂ ਤਿਲਕ ਗਿਆ ਸਾਂ) ਸਮਕਾਲੀ ਸਾਹਿਤ, ਅਪ੍ਰੈਲ-ਜੂਨ,** 2020
10. **ਸਾਂਵਲ ਧਾਮੀ (ਮਹਿਕਦੀ ਚੂੰਢੀ) ਚਿਰਾ.ਗ, ਅਪ੍ਰੈਲ-ਸਤੰਬਰ,** 2020



## ਮਸਤ/ਹਰਜੀਤ ਅਟਵਾਲ

ਮੈਂ ਬ੍ਰਿਸਟਲ ਡੇਢ ਕੁ ਘੰਟੇ ਵਿੱਚ ਪਾਰ ਕਰ ਲਿਆ। ਅੱਗੇ ਵੈਸਟਨ-ਸੁਪਰ-ਮੇਅਰ ਅੱਧੇ ਘੰਟੇ ਵਿੱਚ, ਉਸ ਤੋਂ ਅੱਗੇ ਲੀਅ-ਸੈਂਡਜ਼ ਤੱਕ ਪ੍ਰੋਜਣ ਵਿੱਚ ਪੰਦਰਾਂ ਮਿੰਟ ਲੱਗੇ। ਕੁਲ ਸਫਰ ਸਵਾ ਦੋ ਘੰਟੇ। ਏਨਾ ਕੁ ਹੀ ਨੈਵੀਗੇਟਰ ਦੱਸ ਰਿਹਾ ਸੀ। ਤੇ ਨੈਵੀਗੇਟਰ ਨੇ ਮੈਨੂੰ ਇਕ ਦਮ ਬਲਿਊ ਵੇਲ ਬੈਂਗਲੋ, ਮੇਰਾ ਹੌਲੀਡੇ ਹੋਮ, ਮੂਹਰੇ ਲੈ ਜਾ ਖੜ੍ਹਾ ਕੀਤਾ। ਇਸ ਬੰਗਲੇ ਨੂੰ ਮੈਂ ਤਸਵੀਰ ਤੋਂ ਹੀ ਪੱਛਾਣ ਲਿਆ।

ਇਹ ਟੈਰੀ ਰੋਡ ਸੀ। ਜਿਸ ਦੇ ਖੱਬੇ ਪਾਸੇ ਸਾਰੇ ਹੌਲੀਡੇ ਹੋਮਜ਼ ਸਨ, ਸੱਜੇ ਪਾਸੇ ਕੈਰਾਵੈਨਾਂ ਖੜੀਆਂ ਕਰਨ ਲਈ ਵਿਸ਼ੇਸ਼ ਜਗਾਹ। ਟੈਰੀ ਰੋਡ ਕੁਝ ਹੋਰ ਅੱਗੇ ਐਲੀਫੈਂਟ ਹਿਲਜ਼ 'ਤੇ ਜਾ ਕੇ ਖਤਮ ਹੋ ਜਾਂਦੀ ਸੀ। ਐਲੀਫੈਂਟ ਹਿਲਜ਼ ਨਾਮੀ ਪਹਾੜੀ ਦੀ ਖਿਚ ਕਾਰਨ ਹੀ ਮੈਂ ਇਥੇ ਆਇਆ ਸਾਂ। ਦੱਸ ਪਈ ਸੀ ਕਿ ਇਥੇ ਇਸ ਮੌਸਮ ਵਿੱਚ ਪੀਲੀਆਂ ਚਿੜੀਆਂ ਦੇਖਣ ਨੂੰ ਮਿਲਦੀਆਂ ਹਨ ਤੇ ਉਹਨਾਂ ਨੂੰ ਮੈਂ ਕੈਮਰੇ ਵਿੱਚ ਬੰਦ ਕਰਨਾ ਸੀ। ਅਮੈਚੁਇਅਰ ਫੋਟਗ੍ਰਾਫਰਜ਼ ਕਲੱਬ ਦਾ ਮੈਂ ਮੈਂਬਰ ਸਾਂ, ਉਥੋਂ ਹੀ ਇਹ ਜਾਣਕਾਰੀ ਮਿਲੀ ਸੀ। ਵਾਈਲਡ ਲਾਈਫ ਦੀ ਫੋਟੋਗ੍ਰਾਫੀ ਕਰਨ ਦਾ ਸ਼ੌਂਕ ਮੈਨੂੰ ਸੁਦਾਅ ਦੀ ਹੱਦ ਤੱਕ ਸੀ। ਹੁਣ ਵੀ ਮਹੀਨੇ ਦੀਆਂ ਛੁੱਟੀਆਂ ਕਰ ਕੇ ਇਥੇ ਆ ਗਿਆ ਸਾਂ। ਇਥੇ ਆਲੇ ਦੁਆਲੇ ਕਈ ਰਿਜ਼ੌਰਟ ਹਨ ਜਿਥੇ ਅਲਬੇਲੇ ਜੰਗਲੀ ਜੀਵ ਮਿਲਦੇ ਹਨ, ਖਾਸ ਕਰਕੇ ਮਸਤ ਪੰਛੀ। ਸ਼ਾਇਦ ਚਿੱਟੀ ਪੂਛ ਵਾਲੇ ਉਸ ਬਾਜ਼ ਦੀ ਤਸਵੀਰ ਵੀ ਲੈ ਸਕਾਂ ਜੋ ਤਕਰੀਬਨ ਢਾਈ ਸੌ ਸਾਲ ਬਾਅਦ ਇੰਗਲੈਂਡ ਮੁੜਿਆ ਹੈ। ਅਖ਼ਬਾਰਾਂ ਦਸ ਰਹੀਆਂ ਸਨ ਕਿ ਜਦ ਇਹ ਪੰਛੀ ਪੂਰੇ ਖੰਭ ਖਿਲਾਰਦਾ ਹੈ ਤਾਂ ਇਸ ਦਾ ਆਕਾਰ ਢਾਈ ਮੀਟਰ ਦੇ ਕਰੀਬ ਹੋ ਜਾਂਦਾ ਹੈ। ਅਠਾਰਵੀਂ ਸਦੀ ਵਿੱਚ ਸ਼ਹਿਰਾਂ ਦੇ ਵਿਕਸਤ ਹੋਣ ਨਾਲ ਅਚਾਨਕ ਬਾਜ਼ ਦੀ ਇਹ ਨਸਲ ਇੰਗਲੈਂਡ ਵਿੱਚੋਂ ਅਲੋਪ ਹੋ ਗਈ ਸੀ, ਹੁਣ ਇਸ ਪੰਛੀ ਨੂੰ ਦੇਖਣ ਲਈ ਮੇਰੇ ਵਰਗੇ ਫੋਟੋਗ੍ਰਾਫਰ ਕਾਹਲੇ ਪੈ ਰਹੇ ਸਨ।

ਜਿਵੇਂ ਜੈਕ ਨੇ ਕਿਹਾ ਸੀ, ਦੋ ਵਜੇ ਤੋਂ ਬਾਅਦ ਬੰਗਲੇ ਦੀ ਚਾਬੀ ਮੈਟ ਹੇਠਾਂ ਪਈ ਹੋਵੇਗੀ। ਚਾਬੀ ਚੁੱਕੀ, ਬੂਹਾ ਖੋਹਲਿਆ। ਅੰਦਰੋਂ ਵਧੀਆ ਜਿਹੀ ਖੁਸ਼ਬੂ ਆਈ। ਜਾਪਦਾ ਸੀ ਕਿ ਤਾਜ਼ਾ ਹੀ ਸੰਵਾਰਿਆ ਹੈ। ਦੋ ਬੈੱਡ ਰੂਮ, ਇਕ ਬੈਠਕ ਤੇ ਨਾਲ ਰਸੋਈ ਤੇ ਗੁਸਲਖਾਨਾ ਆਦਿ। ਏਨੀ ਜਗਾਹ ਮੇਰੇ ਲਈ ਬਹੁਤ ਸੀ। ਛੋਟਾ ਸੀ, ਕਿਰਾਇਆ ਵੀ ਇਸੇ ਲਈ ਹੀ ਕੁਝ ਘੱਟ ਸੀ।

ਕੌਫੀ-ਟੇਬਲ 'ਤੇ ਵੈਲਕੰਮ ਹੈਂਪਰ ਪਿਆ ਸੀ ਜਿਸ ਵਿੱਚ ਫੁੱਲਾਂ ਦਾ ਗੁਲਦਸਤਾ, ਸ਼ੈਂਪੇਨ ਦੀ ਬੋਤਲ ਤੇ ਚੌਕਲੇਟ ਦਾ ਡੱਬਾ ਸੀ। ਰਸੋਈ ਵਿੱਚ ਖਾਣ-ਪੀਣ ਦਾ ਕੁਝ ਸਮਾਨ ਸੀ ਭਾਵ ਕਿ ਅੱਜ ਲਈ ਮੈਨੂੰ ਕੁਝ ਵੀ ਬਾਹਰੋਂ ਲਿਆਉਣ ਦੀ ਲੋੜ ਨਹੀਂ ਸੀ। ਵੈਸੇ ਮੈਂ ਕਾਫੀ ਸਾਰਾ ਸਮਾਨ ਨਾਲ ਲੈ ਆਇਆ ਸਾਂ। ਗੂਗਲ ਤੋਂ ਦੇਖ ਲਿਆ ਸੀ ਕਿ ਦੋ ਕੁ ਸੌ ਗਜ਼ 'ਤੇ ਇਕ ਲੋਕਲ ਦੁਕਾਨ ਵੀ ਹੈ। ਵੱਡੇ ਸਟੋਰ ਨੇੜਲੇ ਸ਼ਹਿਰ, ਵੈਸਟਨ-ਸੁਪਰ-ਮੇਅਰ ਵਿੱਚ ਸਨ। ਆਪਣੇ ਲਈ ਖਾਣਾ ਬਣਾਉਣ ਦੀ ਮੈਂ ਕਦੇ ਵੀ ਘੌਲ਼ ਨਹੀਂ ਕੀਤੀ।

ਮੈਂ ਕਾਰ ਵਿੱਚੋਂ ਸਮਾਨ ਕੱਢ ਕੇ ਟਿਕਾਇਆ। ਫਰਿਜ ਵਾਲਾ ਫਰਿਜ ਵਿੱਚ ਰੱਖਿਆ ਤੇ ਸ਼ੈਲਫ ਵਾਲਾ ਸ਼ੈਲਫ 'ਤੇ। ਵਾਈਫਾਈ ਕੁਨੈਕਟ ਕੀਤਾ, ਆਪਣਾ ਲੈਪਟੌਪ ਤੇ ਕੈਮਰੇ-ਲੈਨਜ਼ ਵਾਲਾ ਬੈਗ ਰਾਈਟਿੰਗ ਟੇਬਲ 'ਤੇ ਰੱਖੇ। ਕੈਮਰਾ ਦਾ ਸਟੈਂਡ ਵੀ ਫਿੱਟ ਕਰ ਲਿਆ। ਕੈਮਰਾ ਤੇ ਲੈਪਟੌਪ ਚਾਰਜ 'ਤੇ ਲਾ ਕੇ ਮੈਂ ਬਾਹਰ ਗਾਰਡਨ ਵੱਲ ਨਿਕਲ ਗਿਆ। ਨੀਲਾ ਸਮੁੰਦਰ ਦੂਰ ਤੱਕ ਫੈਲਿਆ ਹੋਇਆ ਸੀ। ਸਾਹਮਣੇ ਦੂਰ, ਸਮੁੰਦਰੋਂ ਪਾਰ, ਵੇਲਜ਼ ਦੀਆਂ ਪਹਾੜੀਆਂ ਦੇ ਝਾਉਲੇ ਦਿਸ ਰਹੇ ਸਨ। ਸੱਜੇ ਪਾਸੇ ਦੋ ਕੁ ਸੌ ਮੀਟਰ 'ਤੇ ਸਮੁੰਦਰ ਵਿੱਚ ਨੂੰ ਵਧੀ ਹੋਈ ਐਲੀਫੈਂਟ ਹਿੱਲ ਸੀ। ਦੂਰੋਂ ਇਵੇਂ ਜਾਪਦਾ ਸੀ ਜਿਵੇਂ ਹਾਥੀ ਸਮੁੰਦਰ ਵਿੱਚ ਪਾਣੀ ਪੀ ਰਿਹਾ ਹੋਵੇ, ਸ਼ਾਇਦ ਇਸੇ ਕਰਕੇ ਇਸ ਦਾ ਨਾਂ ਐਲੀਫੈਂਟ ਹਿੱਲ ਸੀ। ਦੋਵੇਂ ਮਹਾਂ ਯੁੱਧਾਂ ਵਿੱਚ ਇੱਥੇ ਦੁਸ਼ਮਣਾਂ ਖਿਲਾਫ ਤੋਪਖਾਨੇ ਬੀੜੇ ਰਹੇ ਸਨ ਕਿ ਕਿਤੇ ਦੁਸ਼ਮਣ ਇਸ ਪਾਸਿਓਂ ਹਮਲਾ ਨਾ ਕਰ ਦੇਵੇ। ਖੱਬੇ ਪਾਸੇ ਨੂੰ ਕਈ ਮੀਲ ਤੱਕ ਬੀਚ ਫੈਲਿਆ ਹੋਇਆ ਸੀ। ਜਿਵੇਂ ਵੈਬਸਾਈਟ 'ਤੇ ਲਿਖਿਆ ਹੀ ਸੀ ਕਿ ਇੱਥੇ ਲੋਕ ਬਹੁਤ ਘੱਟ ਹੁੰਦੇ ਹਨ ਕਿਉਂ ਕਿ ਇਹ ਸਾਰੇ ਹੌਲੀਡੇਅ ਹੋਮਜ਼ ਹੀ ਹਨ, ਇਹਨਾਂ ਤੋਂ ਬਿਨਾਂ ਇਥੇ ਲੋਕ ਬਹੁਤ ਘੱਟ ਆਇਆ ਕਰਦੇ ਹਨ। ਇਹਨਾਂ ਹੌਲੀਡੇ ਹੋਮਜ਼ ਦੇ ਗਾਰਡਨ ਵੀ ਬੀਚ ਵਾਂਗ ਹੀ ਸਨ ਇਸ ਲਈ ਆਮ ਲੋਕ ਬੀਚ ਵੱਲ ਘੱਟ ਨਿਕਲਦੇ ਹੋਣਗੇ। ਇਸ ਵੇਲੇ ਵੀ ਬੀਚ 'ਤੇ ਕੁਝ ਗਿਣਤੀ ਦੇ ਲੋਕ ਹੀ ਸਨ, ਏਨੇ ਵੱਡੇ ਬੀਚ ਤੇ ਮਸਾਂ ਵੀਹ ਕੁ ਲੋਕ ਦਿਖਾਈ ਦੇ ਰਹੇ ਸਨ, ਬਹੁਤੇ ਆਪਣੇ ਕੁੱਤਿਆਂ ਨਾਲ ਸਨ। ਕੁਝ ਕੁ ਗਜ਼ ਬਰੀਕ ਪੱਥਰ ਜਾਂ ਬੱਟੀਆਂ ਸਨ ਤੇ ਅੱਗੇ ਰੇਤਾ ਜਾਂ ਗਾਰਾ ਸੀ ਜੋ ਦੂਰ ਤੱਕ ਜਾਂਦਾ ਸੀ। ਇਹ ਗਿੱਲੀ ਜਗਾਹ ਸਮੁੰਦਰ ਦੇ ਚੜ੍ਹਨ ਦੀ ਆਮ ਹੱਦ ਸੀ।

ਪੰਜ ਵੱਜੇ ਸਨ। ਸੂਰਜ ਹਾਲੇ ਜੋਬਨ 'ਤੇ ਸੀ। ਜ਼ਰਾ ਕੁ ਸੁਸਤਾ ਕੇ ਬੀਚ ਦਾ ਚੱਕਰ ਲਾਵਾਂਗਾ।

ਅਗਲੇ ਦਿਨ ਮੈਂ ਜਲਦੀ ਉਠਿਆ। ਨਾਸ਼ਤਾ ਕਰਕੇ ਸੂਰਜ ਦੇ ਚੜ੍ਹਨ ਦੇ ਨਾਲ ਹੀ ਪਹਾੜੀ ਵੱਲ ਚਲੇ ਗਿਆ। ਕੈਮਰਾ ਤੇ ਸਾਰੇ ਲੈਨਜ਼ ਮੇਰੇ ਕੋਲ ਸਨ। ਕਾਫੀ ਸਾਰੇ ਪੰਛੀ ਦੇਖਣ ਨੂੰ ਮਿਲੇ ਪਰ ਪੀਲੀਆਂ ਚਿੜੀਆਂ ਜਿਸ ਬਾਰੇ ਮੈਨੂੰ ਮੇਰੇ ਇਕ ਫੋਟੋਗ੍ਰਾਫਰ ਦੋਸਤ ਹੈਲਨਾ ਨੇ ਦੱਸਿਆ ਸੀ, ਨਹੀਂ ਦਿਸੀਆਂ। ਕੁਝ ਨਵੇਂ ਪੰਛੀਆਂ ਦੀ ਤਸਵੀਰਾਂ ਨੇ ਮੇਰੀ ਤਸੱਲੀ ਕਰਾ ਦਿੱਤੀ ਸੀ। ਪੰਜ ਘੰਟੇ ਮੈਂ ਘੁੰਮ ਕੇ ਜ਼ਰਾ ਕੁ ਥੱਕ ਗਿਆ ਸਾਂ। ਭੁੱਖ ਵੀ ਲੱਗ ਆਈ ਸੀ। ਮੈਂ ਵਾਪਸੀ ਕਰ ਲਈ।

ਦੁਪਹਿਰ ਦਾ ਖਾਣਾ ਖਾ ਕੇ ਸੋਚਿਆ ਕਿ ਬੀਚ ਦੀ ਸੈਰ ਕੀਤੀ ਜਾਵੇ। ਮੈਂ ਕੈਮਰਾ ਗਲ਼ ਵਿੱਚ ਪਾਇਆ ਤੇ ਗਾਰਡਨ ਦਾ ਦਰਵਾਜ਼ਾ ਖੋਹਲ ਕੇ ਬੀਚ ਵੱਲ ਉਤਰ ਗਿਆ। ਮੈਂ ਪੱਥਰ ਜਿਹੇ ਲੰਘ ਕੇ ਰੇਤੇ ਉਪਰ ਆ ਗਿਆ ਤੇ ਸਮੁੰਦਰ ਦੇ ਨਾਲ ਨਾਲ ਚੱਲਣ ਲੱਗਾ। ਇਸ ਵੇਲੇ ਸਮੁੰਦਰ ਉਤਰ ਰਿਹਾ ਸੀ। ਇਸ ਦੇ ਉਤਰਾਅ-ਚੜ੍ਹਾਅ ਦੇ ਵਕਤ ਦੇ ਵਾਕਫ ਹੋਣ ਨੂੰ ਕੁਝ ਦਿਨ ਲੱਗ ਹੀ ਜਾਣੇ ਸਨ।

ਦੂਰੋਂ ਮੈਨੂੰ ਕੋਈ ਆਪਣੇ ਵੱਲ ਆਉਂਦਾ ਦਿਸਿਆ। ਜਾਪਦਾ ਸੀ ਕਿ ਉਸ ਨੇ ਕਪੜੇ ਨਹੀਂ ਪਹਿਨੇ ਹੋਏ। ਮੈਂ ਤੁਰਦਾ ਹੋਇਆ ਉਸ ਦੇ ਹੋਰ ਨੇੜੇ ਹੋਇਆ ਤਾਂ ਦੇਖਿਆ ਕਿ ਇਹ ਕੋਈ ਔਰਤ ਸੀ, ਅਲਫ ਨੰਗੀ। ਮੈਂ ਇਕ ਦਮ ਸਕਤੇ ਵਿੱਚ ਆ ਗਿਆ। ਕਿਤੇ ਇਹ ਨਿਊਡ-ਬੀਚ ਤਾਂ ਨਹੀਂ। ਜਿਸ ਨੂੰ ਸਭਿਆ ਬਣਾਉਣ ਲਈ ਨੈਚੁਰਿਸਟ-ਬੀਚ ਕਿਹਾ ਜਾਂਦਾ ਹੈ। ਉਹ ਔਰਤ



ਹੋਰ ਨੇੜੇ ਆਈ। ਛਾਂਟਵੇਂ ਜਿਸਮ ਵਾਲੀ ਜਵਾਨ ਖ਼ੂਬਸੂਰਤ ਔਰਤ ਸੀ। ਉਸ ਨੇ ਮੇਰੇ ਵੱਲ ਦੇਖਿਆ ਤੇ ਮੁਸਕ੍ਰਾਹਟ ਦਿੱਤੀ। ਮੈਂ ਇਕ ਦਮ 'ਗੁੱਡ ਆਫਟਰਨੂਨ' ਕਹਿ ਦਿੱਤਾ। ਉਸ ਨੇ ਵੀ 'ਗੁੱਡ ਆਫਟਰਨੂਨ' ਕਿਹਾ ਤੇ ਨਾਲ ਹੀ ਮੇਰੇ ਗਲ਼ ਵਿੱਚ ਕੈਮਰਾ ਦੇਖਦੀ, ਹੱਥ ਨਾਂਹ ਵਿੱਚ ਹਿਲਾਉਂਦੀ ਬੋਲੀ, "ਨੋ ਫੋਟੋ ਪਲੀਜ਼!

"ਡੌਂਟ ਵੱਰੀ! ਆਖਦਾ ਮੈਂ ਅੱਗੇ ਲੰਘ ਗਿਆ।

ਫੋਟੋ ਖਿੱਚਣ ਦੀ ਮੈਨੂੰ ਕਿੱਥੋਂ ਸੁੱਧ ਸੀ। ਮੈਂ ਤਾਂ ਉਸ ਨੂੰ ਇਸ ਹਾਲਤ ਵਿੱਚ ਦੇਖ ਕੇ ਹੀ ਸੁੰਨ ਜਿਹਾ ਹੋਇਆ ਪਿਆ ਸਾਂ।

ਮੇਰਾ ਦਿਲ ਕੀਤਾ ਕਿ ਉਸ ਨੂੰ ਪਿੱਛਿਓਂ ਵੀ ਦੇਖਾਂ। ਬਹੁਤੀਆਂ ਔਰਤਾਂ ਪਿੱਛੋਂ ਹੋਰ ਵੀ ਸੁਹਣੀਆਂ ਦਿਸਦੀਆਂ ਹਨ ਪਰ ਮੈਂ ਮੁੜ ਕੇ ਨਾ ਦੇਖਿਆ। ਮੈਨੂੰ ਜਾਪਿਆ ਕਿ ਇਵੇਂ ਦੇਖਣਾ ਉਸ ਦੇ ਖ਼ੂਬਸੂਰਤ ਜਿਸਮ ਦੀ ਤੌਹੀਨ ਕਰਨਾ ਹੋਵੇਗਾ।

ਮੈਂ ਤੁਰਿਆ ਜਾਂਦਾ ਫੋਨ ਤੋਂ ਗੂਗਲ 'ਤੇ ਚੈੱਕ ਕਰਨ ਲੱਗਾ ਕਿ ਸ਼ਾਇਦ ਇਸ ਬੀਚ 'ਤੇ ਨਿਊਡ ਲੋਕਾਂ ਲਈ ਕੋਈ ਰਿਆਇਤਾਂ ਦਿੱਤੀਆਂ ਹੋਈਆਂ ਹੋਣ। ਗੂਗਲ ਵਿੱਚ ਅਜਿਹਾ ਕੁਝ ਵੀ ਨਾ ਮਿਲਿਆ। ਐਡੇ ਵੱਡੇ ਬੀਚ 'ਤੇ ਇਵੇਂ ਇਕ ਔਰਤ ਦਾ ਨੰਗੇ ਫਿਰਨਾ ਮੇਰੇ ਲਈ ਅਜੀਬ ਗੱਲ ਸੀ। ਜ਼ਰੂਰ ਇਹ ਮਸਤ ਹੋਵੇਗੀ। ਉਸ ਦੀਆਂ ਵੱਡੀਆਂ ਕਾਲੀਆਂ ਅੱਖਾਂ ਸਵੈ-ਵਿਸਵਾਸ਼ ਨਾਲ ਭਰੀਆਂ ਪਈਆਂ ਸਨ। ਉਸ ਨੇ ਜਿਸ ਹਿਸਾਬ ਨਾਲ ਮੈਨੂੰ ਮੁਸਕ੍ਰਾਹਟ ਦਿੱਤੀ, ਸੰਖੇਪ ਜਿਹੇ ਬੋਲ ਬੋਲੇ, ਇਹ ਤਾਂ ਕੋਈ ਪੜ੍ਹੀ-ਲਿਖੀ ਔਰਤ ਹੀ ਕਰ ਸਕਦੀ ਹੈ।

ਉਸ ਨੂੰ ਮਸਤ ਸੋਚਣ ਨਾਲ ਹੀ ਮੈਨੂੰ ਮਸਤਾਂ ਦਾ ਉਹ ਪਿੰਡ ਚੇਤੇ ਆ ਗਿਆ ਜਿੱਥੇ ਬਹੁਤ ਸਾਲ ਪਹਿਲਾਂ ਮੈਂ ਕੁਝ ਸਮਾਨ ਡਿਲਿਵਰ ਕਰਨ ਗਿਆ ਸਾਂ। ਉਤਰੀ ਲੰਡਨ ਤੋਂ ਬਾਹਰ ਨਿਕਲਦਿਆਂ ਹੀ ਹਾਰਟਫੋਰਟਸ਼ਾਇਰ ਵਿੱਚ ਇਕੱਲਵਾਂਝੇ ਜਿਹੇ ਇਹ ਇਕ ਛੋਟਾ ਜਿਹਾ ਪਿੰਡ ਹੈ। ਇੱਥੇ ਸਾਰੇ ਲੋਕ ਨੰਗੇ ਰਹਿੰਦੇ ਹਨ। ਟੱਬਰਾਂ ਦੇ ਟੱਬਰ। ਬੱਚੇ, ਜਵਾਨ, ਬੁੱਢੇ, ਔਰਤਾਂ ਮਰਦ। ਸਾਰੇ ਹੀ ਨੰਗੇ। ਇੱਥੇ ਇਕ ਵੱਡਾ ਸਟੋਰ ਸੀ ਜਿੱਥੇ ਮੈਂ ਸਮਾਨ ਛੱਡਣਾ ਸੀ। ਉਸ ਸਟੋਰ ਵਿੱਚ ਨੰਗੇ ਲੋਕ ਆਮ ਵਾਂਗ ਸ਼ੌਪਿੰਗ ਕਰਦੇ ਫਿਰ ਰਹੇ ਸਨ। ਇਕ ਪੱਬ ਵੀ ਸੀ, ਬੈਂਕ ਤੇ ਹੋਰ ਸਾਰੀਆਂ ਸਹੂਲਤਾਂ ਵੀ ਸਨ। ਉੱਥੇ ਕੰਮ ਕਰਨ ਵਾਲੇ ਕੁਝ ਲੋਕਾਂ ਨੇ ਭਾਵੇਂ ਕਪੜੇ ਪਹਿਨੇ ਹੋਏ ਸਨ ਪਰ ਉਸ ਪਿੰਡ ਦੇ ਬਾਸ਼ਿੰਦੇ ਅਲਫ ਨੰਗੇ ਸਨ। ਮੈਂ ਅੱਧਾ ਕੁ ਘੰਟਾ ਉੱਥੇ ਘੁੰਮਿਆਂ ਪਰ ਕਿਸੇ ਨੇ ਵੀ ਮੇਰੇ ਵੱਲ ਨਹੀਂ ਦੇਖਿਆ। ਇਸ ਸਾਰੇ ਆਪਣੇ ਆਪ ਵਿੱਚ ਮਸਤ ਸਨ। ਇਹ ਨੈਚੁਰਿਸਟ-ਲੋਕਾਂ ਦਾ ਪਿੰਡ ਸੀ ਜੋ ਕੁਦਰਤ ਦੇ ਨੇੜੇ ਰਹਿਣਾ ਚਾਹੁੰਦਾ ਸਨ। ਜਿਹਨਾਂ ਨੂੰ ਨਵੀਂ ਸਭਿਅਤਾ ਪਸੰਦ ਨਹੀਂ ਸੀ। ਆਮ ਲੋਕਾਂ ਵਿੱਚ ਤਾਂ ਨੰਗੇ ਹੋ ਕੇ ਇਹ ਲੋਕ ਆ ਨਹੀਂ ਸਨ ਸਕਦੇ ਇਸ ਲਈ ਅਲੱਗ ਪਿੰਡ ਹੀ ਵਸਾ ਲਿਆ ਸੀ। ਬਾਅਦ ਵਿੱਚ ਮੈਨੂੰ ਪਤਾ ਲੱਗਾ ਕਿ ਸਾਧਾਰਨ ਲੋਕ ਨਹੀਂ ਹਨ। ਇਹਨਾਂ ਵਿੱਚੋਂ ਬਹੁਤ ਸਾਰੇ ਡਾਕਟਰ, ਵਕੀਲ, ਇੰਨਜੀਅਰ ਤੇ ਵੱਡੀਆਂ ਨੌਕਰੀਆਂ ਵਾਲੇ ਵੀ ਹਨ।

ਅੱਸੀਵਿਆਂ ਵਿੱਚ ਅਜਿਹੇ ਲੋਕਾਂ ਨੇ ਇਕ ਲਹਿਰ ਚੱਲੀ ਸੀ ਕਿ ਸਾਨੂੰ ਨੰਗੇ ਰਹਿਣ ਦਾ ਹੱਕ ਮਿਲਣਾ ਚਾਹੀਦਾ ਹੈ। ਇਸ ਲਹਿਰ ਦਾ ਯੌਰਪ ਵਿੱਚ ਬਹੁਤਾ ਜ਼ੋਰ ਸੀ। ਉੱਥੇ ਨੇਚੁਰਿਸਟਾਂ ਲਈ ਅਲੱਗ ਬੀਚ ਬਣਾ ਦਿੱਤੇ ਗਏ। ਇਹਨਾਂ ਲਈ ਸੈਰ-ਗਾਹਾਂ ਜਾਂ ਪਾਰਕ ਵੀ ਤੈਅ ਕਰ ਦਿੱਤੇ

ਗਏ। ਕਲੋਨੀਆਂ-ਪਿੰਡ ਉਸਰ ਗਏ। ਅਜਿਹੇ ਪਿੰਡ ਜਿਹਨਾਂ ਵਿੱਚ ਦੁਕਾਨਾਂ, ਬੈਂਕ, ਰੈਸਟੋਰੈਂਟ ਆਦਿ ਹੁੰਦੇ ਹਨ। ਅੱਜ ਵੀ ਇਹ ਪਿੰਡ ਹੋਂਦ ਵਿੱਚ ਹਨ।

ਇਸ ਲਹਿਰ ਨੇ ਬ੍ਰਤਾਨੀਆਂ ਵਿੱਚ ਵੀ ਜ਼ੋਰ ਫੜਿਆ ਸੀ। ਬਰਾਈਟਨ ਬੀਚ ਦੇ ਇਕ ਹਿੱਸੇ ਨੂੰ ਨੇਚੁਰਿਸਟ-ਬੀਚ ਘੋਸ਼ਿਤ ਕਰ ਦਿੱਤਾ ਗਿਆ। ਹੋਰ ਵੀ ਕੁਝ ਬੀਚਾਂ ਉਪਰ ਵੀ ਨੰਗੇ ਰਹਿਣ ਵਾਲੇ ਲੋਕਾਂ ਲਈ ਜਗਾਵਾਂ ਰਾਖਵੀਆਂ ਰੱਖ ਦਿੱਤੀਆਂ ਗਈਆਂ ਸਨ ਤੇ ਪਿੰਡ ਵੀ ਵਸਾ ਦਿੱਤੇ ਗਏ ਸਨ।

ਪੱਚੀ ਸਾਲ ਹੋ ਗਏ ਸਨ ਮੈਨੂੰ ਮਸਤਾਂ ਦੇ ਉਸ ਪਿੰਡ ਵਿੱਚ ਗਿਆਂ, ਮੁੜ ਕੇ ਮੈਂ ਉਧਰ ਨੂੰ ਮੂੰਹ ਨਹੀਂ ਸੀ ਕੀਤਾ। ਵੈਸੇ ਬਹੁਤ ਸਾਰੇ ਲੋਕ ਇਹਨਾਂ ਨਿਊਡ-ਬੀਚਾਂ ਉਪਰ ਇਹਨਾਂ ਨੇਚੁਰਿਸਟਾਂ ਨੂੰ ਦੇਖਣ ਚਲੇ ਜਾਇਆ ਕਰਦੇ ਹਨ ਪਰ ਮੈਨੂੰ ਚੰਗਾ ਨਹੀਂ ਲੱਗਦਾ। ਉਹਨਾਂ ਦਾ ਇਵੇਂ ਨੰਗੇ ਰਹਿਣ ਦੀ ਸੋਚ ਨਾਲ ਮੈਂ ਸਹਿਮਤ ਨਹੀਂ ਪਰ ਹਰ ਬੰਦੇ ਦੀ ਆਪਣੀ ਸੋਚ ਹੈ, ਆਪਣੀ ਮਰਜ਼ੀ। ਉਹ ਸਮਾਜ ਤੋਂ ਅਲੱਗ ਰਹਿੰਦੇ ਹਨ ਸੋ ਕਿਸੇ 'ਤੇ ਅਸਰ-ਅੰਦਾਜ਼ ਨਹੀਂ ਹੁੰਦੇ, ਕਿਸੇ ਦੀ ਰੰਜੀਦਗੀ ਨਹੀਂ ਸਹੇੜਦੇ।

ਆਮ ਪਬਲਿਕ ਵਿੱਚ ਨੰਗੇ ਫਿਰਨਾ ਗੈਰ-ਸਮਾਜਕ ਤਾਂ ਹੈ ਪਰ ਇੰਗਲੈਂਡ ਦਾ ਕਾਨੂੰਨ ਇਸ ਬਾਰੇ ਬਹੁਤਾ ਸਖਤ ਨਹੀਂ ਹੈ। ਪੁਲੀਸ ਤੁਹਾਨੂੰ ਉਦੋਂ ਤੱਕ ਨਹੀਂ ਫੜਦੀ ਜਾਂ ਰੋਕਦੀ ਜਦ ਤੱਕ ਕੋਈ ਤੁਹਾਡੀ ਸ਼ਿਕਾਇਤ ਨਾ ਕਰੇ। ਜਦ ਤੱਕ ਤੁਸੀਂ ਕਿਸੇ ਦੇ ਜਜ਼ਬਿਆਂ ਨੂੰ ਭੜਕਾਓਂ ਨਾ, ਜਦ ਤੱਕ ਆਪਣੇ ਨੰਗੇਜ਼ ਨਾਲ ਤੁਸੀਂ ਕਿਸੇ ਦਾ ਅਪਮਾਨ ਨਾ ਕਰੋਂ। ਜੇ ਕੋਈ ਸ਼ਿਕਾਇਤ ਕਰ ਦੇਵੇ ਤਾਂ ਪੁਲੀਸ ਤੁਹਾਨੂੰ ਰੋਕ ਦਿੰਦੀ ਹੈ।

ਅੱਜਕੱਲ ਦੇ ਸਮੇਂ ਵਿੱਚ ਨੰਗੇ ਹੋਣਾ ਕਈ ਹੋਰ ਅਰਥ ਵੀ ਰੱਖਦਾ ਹੈ। ਬਹੁਤ ਸਾਰੇ ਲੋਕ ਸਰਕਾਰ ਦੀ ਪਾਲਸੀਆਂ ਵਿਰੁਧ ਜਾਂ ਆਪਣੇ ਵਿਚਾਰਾਂ ਦਾ ਇਜ਼ਹਾਰ ਕਰਨ ਲਈ ਨੰਗੇ ਹੋ ਕੇ ਰੈਲੀਆਂ ਕਰਦੇ ਹਨ। ਲੰਡਨ ਵਿੱਚ ਇਕ 'ਵ੍ਰਲਡ ਨੇਕਡ ਬਾਈਕ ਰਾਈਡ' ਨਾਮੀ ਸੰਸਥਾ ਬਣੀ ਹੋਈ ਹੈ ਜਿਸ ਦੇ ਹਜ਼ਾਰਾਂ ਮੈਂਬਰ ਹਨ ਤੇ ਇਹ ਮੈਂਬਰ ਹਰ ਸਾਲ ਗਰਮੀਆਂ ਨੂੰ ਅਲਫ ਨੰਗੇ ਹੋ ਕੇ, ਸਾਈਕਲ ਚਲਾਉਂਦੇ ਹੋਏ ਲੰਡਨ ਵਿੱਚ ਰੈਲੀ ਕਰਦੇ ਹਨ। ਹਾਲੇ ਕੁਝ ਦਿਨ ਪਹਿਲਾਂ ਹੀ ਇਹਨਾਂ ਦੀ ਇਕ ਰੈਲੀ ਹੋਈ ਸੀ ਜਿਸ ਵਿੱਚ ਇਕ ਭਾਰਤੀ ਕੁੜੀ, ਜੋ ਡਾਕਟਰ ਹੈ, ਇਸ ਰੈਲੀ ਦੀ ਅਗਵਾਈ ਕਰ ਰਹੀ ਸੀ। ਅਖ਼ਬਾਰਾਂ ਵਿੱਚ ਉਸ ਦੀ ਵਾਹਵਾ ਚਰਚਾ ਰਹੀ। ਉਸ ਦੀ ਨੰਗੀ ਦੀਆਂ ਬਹੁਤ ਸਾਰੀਆਂ ਤਸਵੀਰਾਂ ਅਖ਼ਬਾਰਾਂ ਵਿੱਚ ਛਪੀਆਂ ਸਨ। ਟਵਿੱਟਰ ਤੇ ਹੋਰ ਸੋਸ਼ਲ ਮੀਡੀਆ 'ਤੇ ਗਾਲੀ-ਗਲੋਚ ਵੀ ਹੋਇਆ।

ਕਈ ਵਾਰ ਕਿਸੇ ਚਲਦੇ ਮੈਚ ਵਿੱਚ ਕੋਈ ਮਨਚਲਾ ਜਾਂ ਮਨਚਲੀ ਨੰਗੇ ਹੋ ਕੇ ਗਰਾਊਂਡ ਵਿੱਚ ਜਾ ਵੜਦੇ ਹਨ ਤੇ ਫਿਰ ਪੁਲੀਸ ਉਹਨਾਂ ਨੂੰ ਫੜ ਕੇ ਕਪੜੇ ਪੁਆ ਕੇ ਉਥੋਂ ਲੈ ਜਾਂਦੇ ਹਨ, ਜੇਲ੍ਹ ਕਦੇ ਨਹੀਂ ਭੇਜਿਆ ਜਾਂਦਾ।...

ਮੈਂ ਆਪਣਾ ਚੱਕਰ ਪੂਰਾ ਕਰਕੇ ਵਾਪਸ ਮੁੜਿਆ ਤਾਂ ਉਹ ਔਰਤ ਫਿਰ ਦਿਸ ਪਈ। ਉਹ ਵੀ ਗੇੜਾ ਲਾ ਕੇ ਵਾਪਸ ਆ ਰਹੀ ਸੀ। ਮੈਂ ਫਿਰ ਉਸ ਦੇ ਬਰਾਬਰ ਆਇਆ। ਉਸ ਨੇ ਅੰਗੂਠਾ ਦਿਖਾਉਂਦਿਆਂ ਭਰਵੀਂ ਮੁਸਕ੍ਰਾਹਟ ਦਿੱਤੀ ਤੇ ਅੱਗੇ ਲੰਘ ਗਈ।



ਉਹ ਅੰਗਰੇਜ਼ ਨਹੀਂ ਸੀ ਜਾਪਦੀ। ਉਸ ਦੇ ਗੋਰੇ ਰੰਗ ਵਿੱਚ ਰਲ਼ਾਅ ਸੀ। ਰਲ਼ਵੀ ਨਸਲ ਦੀ ਜਾਪਦੀ ਸੀ। ਜਿਵੇਂ ਮੈਕਸੀਕਨ ਜਾਂ ਪੁਰਤਗਾਲੀ ਹੋਵੇ। ਅੱਖਾਂ ਕਾਲੀਆਂ ਸਨ। ਜਿਵੇਂ-ਜਿਵੇਂ ਤੁਸੀਂ ਯੌਰਪ ਤੋਂ ਅਰਬ ਵੱਲ ਨੂੰ ਤੁਰਦੇ ਜਾਂਦੇ ਹੋ ਤਾਂ ਰੰਗ ਵਿੱਚ ਗਦਮੀਪਨ ਆਉਂਦਾ ਜਾਂਦਾ ਹੈ। ਹੋ ਸਕਦਾ ਹੈ ਉਹਨਾਂ ਕਿਸੇ ਮੁਲਕਾਂ ਵਿੱਚੋਂ ਹੋਵੇ ਪਰ ਜਿੰਨੇ ਕੁ ਬੋਲ ਉਸ ਨੇ ਮੇਰੇ ਨਾਲ ਸਾਂਝੇ ਕੀਤੇ ਉਸ ਤੋਂ ਤਾਂ ਜਾਪਦਾ ਸੀ ਕਿ ਉਹ ਲੰਡਨ ਜਾਂ ਆਲੇ-ਦੁਆਲੇ ਦੀ ਰਹਿਣ ਵਾਲੀ ਹੋਵੇਗੀ।

ਮੈਂ ਵਾਪਸ ਆਪਣੇ ਬੰਗਲੇ ਵਿੱਚ ਆਇਆ। ਯੁਟਿਊਬ ਤੇ ਗੂਗਲ 'ਤੇ ਇਹਨਾਂ ਨੰਗੇ ਰਹਿਣ ਦੀ ਪ੍ਰਵ੍ਰਿਤੀ ਬਾਰੇ ਖੋਜਣ ਲੱਗਾ। ਇਕ ਕਾਰਨ ਨੇਚੁਰਿਸਟ ਹੋਣਾ ਤਾਂ ਹੈ ਹੀ ਸੀ, ਹੋਰ ਜਿਹੜੇ ਕਾਰਨ ਹੋਥ ਲੋਗ ਰਹੇ ਸਨ ਉਹ ਕੋਈ ਖਾਸ ਨਹੀਂ ਸਨ, ਕਿਸੇ ਨੂੰ ਕਪੜਿਆਂ ਤੋਂ ਅਲਰਜੀ ਹੋ ਸਕਦੀ ਹੈ, ਕਿਸੇ ਨੂੰ ਆਪਣੇ ਸਰੀਰ ਨਾਲ ਬਹੁਤਾ ਮੋਹ ਹੋ ਸਕਦਾ ਹੈ, ਇਵੇਂ ਪਾਚਨ ਸ਼ਕਤੀ ਵਧਦੀ ਹੈ, ਇਵੇਂ ਤੁਹਾਨੂੰ ਡਰ ਨਾਲ ਲੜਨ ਦੀ ਸ਼ਕਤੀ ਮਿਲਦੀ ਹੈ। ਪਰ ਇਸ ਵਿੱਚ ਪਾਗਲਪਨ ਵਰਗਾ ਕੋਈ ਕਾਰਨ ਨਹੀਂ ਸੀ। ਹੋਰ ਕੁਝ ਹੋਵੇ ਜਾਂ ਨਾ ਪਰ ਉਸ ਨੇ ਮੇਰਾ ਬਾਕੀ ਦਾ ਦਿਨ ਖਰਾਬ ਕਰ ਕੇ ਰੱਖ ਦਿੱਤਾ ਸੀ। ਮੁੜ ਕੇ ਕੁਝ ਵੀ ਕਰਨ ਨੂੰ ਮਨ ਨਾ ਹੋਇਆ।

ਅਗਲੀ ਸਵੇਰ। ਅੱਜ ਮੈਂ ਇਥੋਂ ਵੀਹ ਕੁ ਮੀਲ 'ਤੇ ਪੈਂਦੇ ਪੰਛੀਆਂ ਲਈ ਰਾਖਵੇਂ ਰਿਜ਼ੌਰਟ ਵਿੱਚ ਜਾਣਾ ਹੈ ਪਰ ਉਠਣ ਨੂੰ ਮਨ ਨਹੀਂ ਕਰ ਰਿਹਾ। ਸਵੇਰੇ ਉਠਦਿਆਂ ਹੀ ਉਹ ਔਰਤ ਮੇਰੇ ਮਨ 'ਤੇ ਫਿਰ ਹਾਵੀ ਹੋ ਗਈ। ਮੇਰਾ ਦਿਲ ਕੀਤਾ ਕਿ ਜੈਕ ਨੂੰ, ਜੋ ਇਸ ਬੈਂਗਲੋ ਦੀ ਦੇਖ-ਰੇਖ ਕਰ ਰਿਹਾ ਸੀ, ਈਮੇਲ ਕਰਾਂ ਕਿ ਬੀਚ 'ਤੇ ਇਕ ਨੰਗੀ ਔਰਤ ਘੁੰਮਦੀ ਮਿਲੀ ਹੈ। ਫਿਰ ਸੋਚਿਆ ਕਿ ਮੈਨੂੰ ਇਸ ਨਾਲ ਕੀ ਨੁਕਸਾਨ ਹੈ।

ਦੁਪਹਿਰ ਨੂੰ ਮੈਂ ਕੈਮਰਾ ਲੈ ਕੇ ਗਾਰਡਨ ਵਿੱਚ ਆ ਗਿਆ। ਮੈਂ ਬੀਚ 'ਤੇ ਕੈਮਰਾ ਘੁਮਾਉਣ ਲੱਗਾ ਕਿ ਸ਼ਾਇਦ ਉਹ ਕਿਤੇ ਦਿਸ ਪਵੇ। ਕੈਮਰੇ ਨੂੰ ਮੈਂ ਵੱਡਾ ਲੈਂਨਜ਼ ਚਾੜ੍ਹਿਆ ਹੋਇਆ ਸੀ ਜਿਸ ਰਾਹੀਂ ਤੁਸੀਂ ਬਹੁਤ ਦੂਰ ਤੱਕ ਦੀ ਚੀਜ਼ ਨੂੰ ਇਕ ਦਮ ਨੇੜੇ ਦੇਖ ਸਕਦੇ ਹੋ। ਫਿਰ ਮੈਨੂੰ ਲੱਗਿਆ ਕਿ ਇਹ ਗਲਤ ਗੱਲ ਹੈ। ਮੈਨੂੰ ਕੈਮਰੇ ਰਾਹੀਂ ਕਿਸੇ ਦੀ ਨਿੱਜਤਾ ਵਿੱਚ ਦਖਲ ਨਹੀਂ ਦੇਣਾ ਚਾਹੀਦਾ। ਮੈਂ ਕਿਹੜਾ ਕੋਈ ਰਿਪੋਟਰ ਹਾਂ ਕਿ ਸਨਸਨੀ ਖ਼ਬਰ ਦੇਣੀ ਹੈ।

ਮੈਂ ਦੁਪਹਿਰ ਨੂੰ ਬੀਚ ਦੇ ਕੰਢੇ-ਕੰਢੇ ਚੱਕਰ ਲਾਇਆ ਪਰ ਉਹ ਨਜ਼ਰ ਨਾ ਆਈ।

ਉਸ ਤੋਂ ਅਗਲੀ ਦੁਪਹਿਰ ਮੀਂਹ ਪੈ ਗਿਆ। ਅੱਜ ਤਾਂ ਉਸ ਨੇ ਆਉਣਾ ਹੀ ਕੀ ਸੀ। ਇਹ ਨੈਚੁਰਿਸਟਸ ਵੀ ਠੰਡ ਹੋਈ 'ਤੇ ਕਪੜੇ ਪਹਿਨ ਲੈਂਦੇ ਹੋਣਗੇ। ਮੈਂ ਅੱਜ ਵੀ ਬਹੁਤਾ ਕੰਮ ਨਾ ਕਰ ਸਕਿਆ। ਕੈਮਰੇ ਦੇ ਮੈਮਰੀ ਕਾਰਡ ਤੋਂ ਸਾਰੀਆਂ ਫੋਟੋ ਲੈਪਟੌਪ 'ਤੇ ਡਾਊਨਲੋਡ ਕੀਤੀਆਂ। ਕੁਝ ਫੋਟੋਆਂ ਦੀਆਂ ਸਲਾਈਡਜ਼ ਵੀ ਬਣਾਈਆਂ। ਅਮੈਚੁਇਅਰ ਫੋਟਗ੍ਰਾਫੀ ਦੀ ਵੈਬਸਾਈਟ 'ਤੇ ਕਾਫੀ ਸਮਾਂ ਲੰਘਾਇਆ।

ਰਾਤ ਭਰ ਮੀਂਹ ਪੈਂਦਾ ਰਿਹਾ ਪਰ ਸਵੇਰੇ ਦਿਨ ਸਾਫ ਹੋ ਗਿਆ। ਸਵੇਰੇ ਹੀ ਧੁੱਪ ਚਮਕ ਉਠੀ। ਮੈਂ ਕੈਮਰਾ ਚਾਰਜ ਕੀਤਾ ਹੋਇਆ ਸੀ। ਸਾਰਾ ਸਮਾਨ ਬੈਗ ਵਿੱਚ ਪਾਇਆ ਕਿ ਕਿਸੇ ਪਾਸੇ ਜਾ ਕੇ ਆਵਾਂ ਪਰ ਸੋਚ ਇਹ ਸੀ ਕਿ ਆਪਣੇ ਆਪ ਨੂੰ ਕਈ ਕਿਸਮ ਦੇ ਝੂਠ ਬੋਲਦਾ, ਦੁਪਹਿਰ ਦੀ ਉਡੀਕ ਕਰ ਰਿਹਾ ਸਾਂ।

ਮੈਂ ਸਮੁੰਦਰ ਦੇ ਨਾਲ ਨਾਲ ਤੁਰਨ ਲੱਗਾ। ਅੱਜ ਮੈਂ ਕੈਮਰਾ ਨਹੀਂ ਸੀ ਚੁੱਕਿਆ ਕਿ ਉਸ ਨੂੰ ਕੋਈ ਇਤਰਾਜ਼ ਨਾ ਹੋਵੇ। ਮੈਨੂੰ ਲੱਗਦਾ ਸੀ ਕਿ ਉਹ ਸਾਹਮਣਿਓਂ ਆਉਂਦੀ ਦਿਸ ਪਵੇਗੀ ਪਰ ਨਾ ਦਿਸੀ। ਮੇਰਾ ਚੱਕਰ ਪੂਰਾ ਹੋ ਗਿਆ। ਵਾਪਸ ਮੁੜਿਆ ਤਾਂ ਉਹ ਮੈਨੂੰ ਇਕ ਬੰਗਲੇ ਦੇ ਪਿਛਲੇ ਗੇਟ ਵਿੱਚੋਂ ਨਿਕਲਦੀ ਦਿਸੀ। ਉਵੇਂ ਹੀ। ਅਲਫ ਨੰਗੀ। ਉਹ ਮੇਰੇ ਤੋਂ ਫਰਕ ‘ਤੇ ਸੀ ਪਰ ਉਸ ਨੇ ਹੱਥ ਹਿਲਾ ਕੇ ਦੂਰੋਂ ਹੀ ਮੈਨੂੰ ਹੈਲੋ ਕਿਹਾ। ਮੈਂ ਵੀ ਉਸ ਦਾ ਜਵਾਬ ਦਿੱਤਾ ਤੇ ਬਿਨਾਂ ਰੁਕੇ ਅੱਗੇ ਲੰਘ ਗਿਆ। ਅੰਦਰੋਂ ਮੇਰਾ ਮਨ ਕਰ ਰਿਹਾ ਸੀ ਕਿ ਉਸ ਨਾਲ ਆਮੋ-ਸਾਹਮਣਾ ਹੋਵੇ ਤੇ ਕੋਈ ਗੱਲ ਵੀ ਕਰਾਂ। ਸ਼ਾਇਦ ਉਸ ਦੇ ਇਵੇਂ ਨੰਗੀ ਫਿਰਨ ਦੇ ਕਾਰਨ ਦਾ ਪਤਾ ਚੱਲ ਸਕੇ।

ਉਸ ਸ਼ਾਮ ਮੈਂ ਬਹਿ ਕੇ ਆਪਣੇ ਆਪ ਬਾਰੇ ਸੋਚਿਆ ਕਿ ਮੇਰੀਆਂ ਇਹ ਛੁੱਟੀਆਂ ਫਜ਼ੂਲ ਹੀ ਨਾ ਜਾਣ। ਮੈਂ ਹੈਲਨਾ ਨਾਲ ਰਲ਼ ਕੇ ਅਗਲੇ ਮਹੀਨਿਆਂ ਵਿੱਚ ਤਸਵੀਰਾਂ ਦੀ ਪ੍ਰਦਸ਼ਨੀ ਲਾਉਣ ਦਾ ਪਰੋਜੈਕਟ ਬਣਾਇਆ ਹੋਇਆ ਸੀ।

ਅਗਲੇ ਦਿਨ ਮੈਂ ਮੈਨਡਿੱਪ ਹਿਲਜ਼ ਵਿੱਚ ਪੂਰਾ ਦਿਨ ਲਾਇਆ ਤੇ ਬਹੁਤ ਸਾਰੀਆਂ ਤਸਵੀਰਾਂ ਖਿੱਚੀਆਂ। ਤੇ ਉਸ ਤੋਂ ਅਗਲੇ ਦਿਨ ਮੈਂ ਕੁਆਨਟੌਪ ਹਿਲਜ਼ ਚਲੇ ਗਿਆ। ਇਥੇ ਈਗਲ ਫਾਰਮ ਸੀ। ਬਾਜ਼, ਉਲੂ ਤੇ ਕੁਝ ਹੋਰ ਜਾਨਵਰ ਜੋ ਇੰਗਲੈਂਡ ਵਿੱਚੋਂ ਖਤਮ ਹੋ ਰਹੇ ਹਨ, ਉਹਨਾਂ ਨੂੰ ਪਾਲਣ ਲਈ ਸਰਕਾਰ ਨੇ ਵਿਸ਼ੇਸ਼ ਫਾਰਮ ਬਣਾਏ ਹੋਏ ਹਨ ਤਾਂ ਜੋ ਉਹਨਾਂ ਦੀ ਨਸਲ ਖਤਮ ਨਾ ਹੋਵੇ। ਈਗਲ ਫਾਰਮ ਵਿੱਚ ਕਈ ਕਿਸਮ ਦੇ ਬਾਜ਼ ਸਨ ਪਰ ਚਿੱਟੀ ਪੂਛ ਵਾਲਾ ਬਾਜ਼ ਨਾ ਦਿਸਿਆ। ਉਥੇ ਹੋਰ ਵੀ ਬਹੁਤ ਸਾਰੇ ਫੋਟੋਗ੍ਰਾਫਰ ਗਏ ਹੋਏ ਸਨ। ਹਰ ਕੋਈ ਚਿੱਟੀ ਪੂਛ ਵਾਲੇ ਬਾਜ਼ ਦੀਆਂ ਗੱਲਾਂ ਕਰ ਰਿਹਾ ਸੀ ਪਰ ਉਸ ਦੀ ਫੋਟੋ ਕੋਈ ਨਹੀਂ ਸੀ ਖਿੱਚ ਸਕਿਆ।

ਪੰਜ ਕੁ ਵਜੇ ਮੈਂ ਵਾਪਸ ਆ ਗਿਆ।

ਵਾਪਸ ਆਉਂਦਿਆਂ ਮੈਂ ਵੈਸਟਨ-ਸੁਪਰ-ਮੇਅਰ ਦੇ ਮੌਰੀਸਨ ਵਿੱਚ ਸ਼ੌਪਿੰਗ ਕਰਨ ਚਲੇ ਗਿਆ। ਮੈਂ ਟਰਾਲੀ ਧੋਕਦਾ ਸ਼ੌਪਿੰਗ ਕਰ ਰਿਹਾ ਸਾਂ। ਇਕ ਔਰਤ ਸਾਹਮਣਿਓਂ ਆਉਂਦੀ ਦਿਸੀ। ਲੱਗਿਆ ਕਿ ਕਿਤੇ ਦੇਖੀ ਹੋਈ ਹੈ। ਉਹ ਮੇਰੇ ਵੱਲ ਦੇਖ ਕੇ ਮੁਸਕ੍ਰਾਈ। ਉਹ! ਇਹ ਤਾਂ ਉਹੀ ਔਰਤ ਹੈ ਜੋ ਬੀਚ ‘ਤੇ ਨੰਗੀ ਫਿਰਦੀ ਮਿਲੀ ਸੀ। ਹੁਣ ਪੂਰੇ ਕਪੜਿਆਂ ਵਿੱਚ ਸੀ। ਕਪੜਿਆਂ ਵਿੱਚ ਤਾਂ ਹੋਰ ਵੀ ਸੋਹਣੀ ਲੱਗ ਰਹੀ ਸੀ। ਮੈਂ ‘ਹੈਲੋ’ ਕਿਹਾ। ਜਵਾਬ ਦਿੰਦੀ ਬੋਲੀ, “ਲੀਅ ਵਿਲੇਜ ਵਾਲੀ ਦੁਕਾਨ ਵਿੱਚ ਤਾਂ ਕੁਝ ਵੀ ਨਹੀਂ ਮਿਲਦਾ, ਇਥੇ ਹੀ ਆਉਣਾ ਪੈਂਦਾ ਏ।

“ਤੁਸੀਂ ਲੋਕਲ ਹੀ ਰਹਿਣ ਵਾਲੇ ਹੋ ਜਾਂ ਛੁੱਟੀਆਂ ’ਤੇ ਆਏ ਹੋਏ ਹੋ?

“ਮੈਂ ਛੁੱਟੀਆਂ ‘ਤੇ ਹਾਂ, ਪੰਜ ਦਿਨ ਹੋਰ ਰਹਿੰਦੇ ਨੇ, ਜੇ ਜੈਕ ਮੰਨ ਗਿਆ ਤਾਂ ਸ਼ਾਇਦ ਕੁਝ ਦਿਨ ਹੋਰ ਰਹਿ ਲਵਾਂ।

ਮੈਂ ਸਮਝ ਗਿਆ ਕਿ ਇਸ ਦਾ ਬੰਗਲਾ ਵੀ ਮੇਰੇ ਨੇੜੇ ਹੀ ਹੋਵੇਗਾ ਤੇ ਇਕੋ ਕੰਪਨੀ ਦੇ ਇਹ ਸਾਰੇ ਬੰਗਲੇ ਹੋਣਗੇ। ਮੈਂ ਉਹਦੇ ਵੱਲ ਹੱਥ ਵਧਾਉਂਦਿਆਂ ਕਿਹਾ,

“ਆਏ’ਮ ਜੋਅ, ਫਰੌਮ ਵੈਸਟ ਲੰਡਨ, ਬਲਿਊ ਵੇਲ ਵਿੱਚ ਠਹਿਰਿਆਂ, 96 ਟੈਰੀ ਰੋਡ।



“ਮੈਂ ਟੀਆ, ਈਸਟ ਲੰਡਨ ਤੋਂ। ਵਿਲੋ ਟਰੀ ਵਿੱਚ ਆਂ, 20 ਟੈਰੀ ਰੋਡ। ਉਸ ਨੇ ਮੇਰੇ ਨਾਲ ਹੱਥ ਮਿਲਾਉਂਦਿਆਂ ਕਿਹਾ।

“ਫਿਰ ਤਾਂ ਆਪਾਂ ਗਵਾਂਢੀ ਹੋਏ, ਕਿਸੇ ਸਵੇਰ ਮੇਰੀ ਰਿਹਾਇਸ਼ ’ਤੇ ਆਓ, ਚਾਹ ਦੇ ਕੱਪ ‘ਤੇ।

“ਸਵੇਰੇ ਤਾਂ ਮੈਂ ਆਪਣਾ ਕੰਮ ਕਰਨਾ ਹੁੰਦਾ, ਵੈਸੇ ਤਾਂ ਮੈਂ ਛੁੱਟੀਆਂ ‘ਤੇ ਆਂ ਪਰ ਆਫਿਸ ਦਾ ਕੰਮ ਵੀ ਕਰਨਾ ਪੈਂਦਾ ਏ।

“ਫਿਰ ਸ਼ਾਮ ਨੂੰ ਆ ਜਾਵੋ, ਮੇਰੇ ਨਾਲ ਡਿਨਰ ਕਰੋ।

ਉਸ ਨੇ ਮੇਰੀ ਗੱਲ ਦਾ ਕੋਈ ਜਵਾਬ ਨਾ ਦਿੱਤਾ, ਸ਼ਾਇਦ ਓਪਰੇ ਬੰਦੇ ਵਲੋਂ ਖਾਣੇ ਦਾ ਸੱਦਾ ਚੰਗਾ ਨਾ ਲੱਗਾ ਹੋਵੇ। ਪਰ ਹਲਕਾ-ਹਲਕਾ ਮੁਸਕ੍ਰਾਉਂਦੀ ਰਹੀ। ਮੈਂ ਫਿਰ ਕਿਹਾ,

“ਕੱਲ ਸ਼ਾਮ ਆ ਜਾਓ, ਚਿਕਨ-ਰੋਸਟ ਬਣਾਵਾਂਗਾਂ, ...ਬੁਰਾ ਕੁੱਕ ਨਹੀਂ ਆਂ।

“ਸੀ ਯੂ ਲੇਟਰ! ਆਖਦੀ ਉਹ ਆਪਣੀ ਟਰਾਲੀ ਤੋਰਦੀ ਤੁਰ ਗਈ।

ਮੈਨੂੰ ਪਛਤਾਵਾ ਜਿਹਾ ਹੋ ਰਿਹਾ ਸੀ ਕਿ ਸੱਦਾ ਦੇਣ ਵਿੱਚ ਮੈਂ ਕੁਝ ਜ਼ਿਆਦਾ ਹੀ ਕਾਹਲੀ ਕਰ ਗਿਆ ਹਾਂ।...

ਮੈਂ ਆਪਣਾ ਖਾਣਾ ਬਣਾਉਣ ’ਤੇ ਬਹੁਤਾ ਵਕਤ ਨਹੀਂ ਖਰਚਿਆ ਕਰਦਾ। ਪਹਿਲਾਂ ਹੀ ਤਿਆਰ ਫ੍ਰੋਜ਼ਨ ਖਾਣੇ ਨੂੰ ਗਰਮ ਕਰ ਲਿਆ ਕਰਦਾ ਹਾਂ। ਚਿਕਨ ਰੋਸਟ ਕਰਨ ਦਾ ਬਹੁਤ ਦੁਕੱਮਣ ਹੁੰਦਾ ਹੈ। ਅੱਜ ਪਤਾ ਨਹੀਂ ਕਿਉਂ ਇਕ ਆਸ ਜਿਹੀ ਸੀ ਕਿ ਟੀਆ ਆ ਜਾਵੇਗੀ। ਜੇ ਆ ਗਈ ਤਾਂ ਇਕ ਦਮ ਕੀ ਬਣਾਵਾਂਗਾ? ਮੈਂ ਰੋਸਟ-ਚਿਕਨ ਦਾ ਸਾਰਾ ਸਮਾਨ ਤਿਆਰ ਕਰ ਲਿਆ ਕਿ ਜੇ ਆਵੇਗੀ ਤਾਂ ਓਵਨ ਵਿੱਚ ਰੱਖ ਦੇਵਾਂਗਾ। ਦੋ ਘੰਟੇ ਵਿੱਚ ਖਾਣਾ ਤਿਆਰ ਹੋ ਜਾਵੇਗਾ। ਕੁਝ ਗੱਲਾਂ ਕਰਾਂਗੇ ਤੇ ਜਦ ਤੱਕ ਖਾਣਾ ਵੀ ਤਿਆਰ।

ਸੱਤ ਕੁ ਵਜੇ ਡੋਰ ਬੈੱਲ ਹੋਈ। ਮੈਂ ਦਰਵਾਜ਼ਾ ਖੋਹਲਿਆ। ਟੀਆ ਖੜ੍ਹੀ ਸੀ। ਉਸ ਦੇ ਇਕ ਹੱਥ ਵਿੱਚ ਵਾਈਨ ਦੀ ਬੋਤਲ ਤੇ ਦੂਜੇ ਹੱਥ ਵਿੱਚ ਕੱਟੇ ਹੋਏ ਸਲਾਦ ਦਾ ਡੱਬਾ ਸੀ। ਦੋਵੇਂ ਚੀਜ਼ਾਂ ਉਸ ਨੇ ਮੈਨੂੰ ਫੜਾ ਦਿੱਤੀਆਂ। ਮੈਂ ਵੈਲਕੰਮ ਕਹਿ ਕੇ ਉਸ ਨੂੰ ਅੰਦਰ ਲੰਘਾ ਲਿਆ।

“ਤੁਹਾਡੀ ਇਹ ਜਗਾਹ ਤਾਂ ਬਹੁਤ ਨਿੱਘੀ ਏ! ਉਸ ਨੇ ਮੇਰੇ ਰਿਹਾਇਸ਼ ਨੂੰ ਅੰਦਰੋਂ ਘੋਖਦਿਆਂ ਕਿਹਾ।

“ਤੁਹਾਡੇ ਵਿਲੋ ਟਰੀ ਮੁਕਾਬਲੇ ਤਾਂ ਇਹ ਬਹੁਤ ਛੋਟੀ ਏ। ਮੈਂ ਉਸ ਦੇ ਬੰਗਲੇ ਨੂੰ ਬਾਹਰੋਂ ਦੇਖਿਆ ਸੀ ਜੋ ਕਿ ਬਹੁਤ ਵੱਡਾ ਸੀ।

“ਜੈਕ ਨੇ ਮੈਨੂੰ ਇਸ ਬੰਗਲੇ ਬਾਰੇ ਦੱਸਿਆ ਸੀ ਪਰ ਇਹ ਜਦ ਤੱਕ ਜਾ ਚੁੱਕਾ ਸੀ, ਤੁਸੀਂ ਬੁੱਕ ਕਰਾ ਲਿਆ ਹੋਵੇਗਾ।

“ਮੈਂ ਤਾਂ ਜਨਵਰੀ ਵਿੱਚ ਹੀ ਬੁੱਕ ਕਰਾ ਲਿਆ ਸੀ।

ਮੈਂ ਗੱਲਾਂ ਕਰਦਿਆਂ ਹੀ ਦੋ ਗਲਾਸਾਂ ਵਿੱਚ ਵਾਈਨ ਪਾ ਕੇ ਮੇਜ਼ ਉਪਰ ਲਿਆ ਰੱਖੇ ਤੇ ਉਸ ਦਾ ਲਿਆਂਦਾ ਸਲਾਦ ਇਕ ਪਲੇਟ ਵਿੱਚ ਪਾ ਲਿਆ ਸੀ।

ਮੈਂ ਉਸ ਤੋਂ ਇਜਾਜ਼ਤ ਲੈ ਕੇ ਚਿਕਨ ਓਵਨ ਵਿੱਚ ਰੱਖ ਦਿੱਤਾ। ਹੁਣ ਆਰਾਮ ਨਾਲ ਬਹਿ ਕੇ ਗੱਲਾਂ ਕੀਤੀਆਂ ਜਾ ਸਕਦੀਆਂ ਸਨ। ਉਸ ਨੇ ਮੇਰੇ ਖਿਲਰੇ ਪਏ ਕੈਮਰੇ-ਲੈਨਜ਼, ਪ੍ਰੋਜੈਕਟਰ ਆਦਿ ਨੂੰ ਦੇਖਦਿਆਂ ਕਿਹਾ, "ਤੁਸੀਂ ਤਾਂ ਪ੍ਰੋਫੈਸ਼ਨਲ ਫੋਟੋਗ੍ਰਾਫਰ ਜਾਪਦੇ ਹੋ?

"ਪ੍ਰੋਫੈਸ਼ਨਲ ਨਹੀਂ, ਬਸ ਸ਼ੌਂਕ ਦਾ ਹਿਸਾ ਏ। ਇਥੇ ਵੀ ਮੈਂ ਵਾਈਲਡ ਲਾਈਫ ਦੀ ਫੋਟੋਗ੍ਰਾਫੀ ਕਰਨ ਆਇਆ ਹੋਇਆਂ।

"ਬਹੁਤ ਦਿਲਚਸਪ!

"ਦਿਲਚਸਪ ਤਾਂ ਹੈ ਏ ਪਰ ਬਹੁਤ ਉਕਾਊ ਏ। ...ਇਨਸਾਨ ਦੀ ਫੋਟੋ ਲੈਣ ਵੇਲੇ ਕਹਿ ਸਕਦੇ ਹਾਂ 'ਸਮਾਈਲ ਪਲੀਜ਼' ਪਰ ਪੰਛੀ ਇਹ ਗੱਲ ਨਹੀਂ ਸਮਝਦੇ। ਆਖਦਾ ਮੈਂ ਹੱਸਿਆ।

"ਹਾਂ, ਇਹ ਗੱਲ ਤਾਂ ਠੀਕ ਏ। ਉਹ ਸਹਿਜੇ ਹੀ ਮੇਰੇ ਨਾਲ ਸਹਿਮਤ ਹੋ ਰਹੀ ਸੀ।

"ਤੇ ਤੁਸੀਂ ਸਿਰਫ ਛੁੱਟੀਆਂ 'ਤੇ ਹੀ ਆਏ ਹੋ ਜਾਂ...?

"ਮੈਂ ਛੁੱਟੀਆਂ ਤੇ ਹੀ ਆਂ ਪਰ ਕੁਝ ਦੇਰ ਪਹਿਲਾਂ ਹੀ ਮੇਰੀ ਪ੍ਰੋਮੋਸ਼ਨ ਹੋਣ ਕਰਕੇ ਮੈਂ ਯੂਕੇ ਤੋਂ ਬਾਹਰ ਛੁੱਟੀਆਂ ਲਈ ਨਹੀਂ ਜਾ ਸਕਦੀ ਸੀ। ...ਭਾਵੇਂ ਮੈਂ ਛੁੱਟੀਆਂ 'ਤੇ ਹਾਂ ਪਰ ਸਵੇਰੇ ਚਾਰ ਘੰਟੇ ਕੰਮ ਕਰਨਾ ਪੈਂਦਾ ਏ।

"ਕੀ ਕੰਮ ਕਰਦੇ ਹੋ?

"ਮੈਂ ਬਾਰਕਲੇ ਬੈਂਕ ਵਿੱਚ ਰੀਜਨਲ ਮੈਨੇਜਰ ਆਂ।

"ਕਿਹੜੀ ਬ੍ਰਾਂਚ ਵਿੱਚ? ਮੇਰਾ ਮਤਲਬ ਕਿਹੜੇ ਇਲਾਕੇ ਵਿੱਚ?

"ਮੈਂ ਬੈਂਕ ਦੀ ਬ੍ਰਾਂਚ ਵਿਚ ਨਹੀਂ, ਡੈਟਾ ਸੈਂਟਰਜ਼ ਦੀ ਮੈਨੇਜਰ ਆਂ, ਨੌਰਥੌਲਟ ਤੇ ਸਲੋਹ ਦੇ ਡੈਟਾ ਸੈਂਟਰ ਮੇਰੇ ਅੰਡਰ ਨੇ ਤੇ ਸਾਡਾ ਹੈੱਡ ਆਫਿਸ ਕਨੇਰੀ ਵਾਰਫ ਵਿੱਚ ਏ। ਮੈਨੂੰ ਇਕ ਦਿਨ ਕਿਤੇ ਤੇ ਦੂਜੇ ਦਿਨ ਕਿਤੇ ਜਾਣਾ ਪੈਂਦਾ। ਬਹੁਤਾ ਕੰਮ ਮੈਂ ਘਰੋਂ ਹੀ ਕਰਦੀ ਆਂ। ਛੁੱਟੀਆਂ ਵਿੱਚ ਵੀ ਮੈਂ ਇਕ ਤਰੀਕੇ ਨਾਲ ਕੰਮ 'ਤੇ ਹੀ ਆਂ।

"ਇਹ ਨੰਗੇ ਘੁੰਮਣਾ ਤੁਹਾਡੀ ਸੋਚ ਦਾ ਹਿਸਾ ਏ ਜਾਂ ਸ਼ੌਂਕ ਦਾ? ਮੈਂ ਗੱਲ ਨੂੰ ਘੁਮਾਉਣ ਦੀ ਥਾਂ ਸਿੱਧਾ ਸਵਾਲ ਕੀਤਾ। ਉਸ ਦੇ ਏਡੀ ਵੱਡੀ ਜੌਬ 'ਤੇ ਹੋਣ ਨੇ ਮੈਨੂੰ ਹੋਰ ਵੀ ਉਲਝਾ ਦਿੱਤਾ ਸੀ।

"ਨੰਗੇ ਨਹੀਂ, ਨੇਚੁਰਿਸਟ ਘੁੰਮਣਾ, ...ਹਾਂ, ਇਹ ਮੇਰੀ ਸੋਚ ਦਾ ਹਿਸਾ ਵੀ ਤੇ ਸ਼ੌਂਕ ਦਾ ਹਿਸਾ ਵੀ। ਇਹ ਸੋਚ, ਸ਼ੌਂਕ ਤੇ ਮੇਰੀ ਖ਼ਬਤ ਏ। ਮੈਂ ਸਮਝਦੀ ਹਾਂ ਕਿ ਮਨੁੱਖ ਨੂੰ ਕਪੜਿਆਂ ਦੇ ਬੰਧੇਜ ਵਿੱਚ ਨਹੀਂ ਰਹਿਣਾ ਚਾਹੀਦਾ। ਇਹ ਨਵਾਂ ਸਮਾਜ ਸਾਨੂੰ ਪਸੰਦ ਨਹੀਂ।

"ਇਹਦਾ ਮਤਲਬ ਤੁਸੀਂ ਨੇਚੁਰਿਸਟ ਹੋ?

"ਬਿਲਕੁਲ।

"ਮੈਨੂੰ ਪਤਾ ਕਿ ਨੇਚੁਰਿਸਟਸ ਆਮ ਸਮਾਜ ਤੋਂ ਅਲੱਗ ਰਹਿੰਦੇ ਨੇ ਪਰ ਤੁਸੀਂ ਇਥੇ ਸ਼ਰੇਆਮ ਲੋਕਾਂ ਵਿੱਚ ਫਿਰ ਰਹੇ ਹੋ, ਤੁਹਾਨੂੰ ਨਹੀਂ ਲੱਗਦਾ ਕਿ ਤੁਸੀਂ ਆਪਣਾ ਨੰਗ ਦਿਖਾ ਕੇ ਲੋਕਾਂ ਨੂੰ ਤਕਲੀਫ ਦੇ ਰਹੇ ਹੋ? ਲੋਕਾਂ ਦੀ ਨਜ਼ਰ ਵਿੱਚ ਚੁੱਭ ਰਹੇ ਹੋ।



"ਨਹੀਂ, ਮੈਨੂੰ ਨਹੀਂ ਲੱਗਦਾ ਕਿ ਅਸੀਂ ਕਿਸੇ ਦੀਆਂ ਨਜ਼ਰਾਂ ਵਿੱਚ ਚੁੱਭ ਰਹੇ ਹਾਂ। ਅਸੀਂ ਜੰਮੇ ਹੀ ਨੰਗੇ ਹਾਂ ਤਾਂ ਕਪੜਿਆਂ ਦੀ ਕੈਦ ਵਿੱਚ ਕਿਉਂ ਵੜ ਜਾਂਦੇ ਹਾਂ। ਅਸੀਂ ਸਮਾਜ ਤੋਂ ਅਲੱਗ ਤਾਂ ਰਹਿੰਦੇ ਹਾਂ ਕਿ ਸਮਾਜ ਦੇ ਕੁਝ ਲੋਕ ਇਸ ਨੂੰ ਗਲਤ ਮੰਨਦੇ ਨੇ।

"ਮੈਨੂੰ ਨੇਚੁਰਿਸਟਾਂ ਦੇ ਕਾਰਨਾਂ ਦਾ ਪਤਾ ਕਿ ਉਹ ਕਿਉਂ ਨੰਗੇ ਰਹਿਣਾ ਚਾਹੁੰਦੇ ਨੇ। ...ਠੀਕ ਏ ਤੁਸੀਂ ਆਪਣੇ ਲਈ ਰਾਖਵੀਆਂ ਜਗਾਵਾਂ 'ਤੇ ਜਾਓ ਪਰ ਇਸ ਬੀਚ 'ਤੇ ਆਮ ਲੋਕਾਂ ਵਿੱਚ ਨੇਚੁਰਿਸਟ ਫਿਰਨਾ ਕਿਥੋਂ ਤੱਕ ਸਹੀ ਏ?

"ਅਸਲ ਵਿੱਚ ਸਾਲ ਵਿੱਚ ਦੋ ਵਾਰ ਮੈਂ ਯੌਰਪ ਚਲੇ ਜਾਇਆ ਕਰਦੀ ਆਂ ਪਰ ਇਸ ਵਾਰ ਨਵੀਂ ਜੌਬ ਕਰਕੇ ਨਹੀਂ ਜਾ ਸਕੀ ਇਸ ਲਈ ਇਥੇ ਆ ਗਈ। ਮੈਨੂੰ ਕਿਸੇ ਨੇ ਦੱਸਿਆ ਸੀ ਕਿ ਇਹ ਬਹੁਤ ਖਾਮੋਸ਼ ਜਿਹੀ ਜਗਾਹ ਏ। ਫਿਰ ਮੈਂ ਜੈਕ ਨਾਲ ਵੀ ਸਾਰੀ ਗੱਲ ਕੀਤੀ ਸੀ, ਉਸ ਨੇ ਪੂਰੀ ਸਕਿਓਰਟੀ ਦਾ ਭਰੋਸਾ ਦਵਾਇਆ ਸੀ।

"ਪਰ ਏਹੋ ਜਿਹਾ ਕੀ ਹੋ ਗਿਆ ਕਿ ਤੁਹਾਡੇ ਕੋਲੋਂ, ...ਨੇਚੁਰਿਸਟ ਹੋਣ ਬਿਨਾਂ ਰਹਿ ਨਹੀਂ ਹੋਇਆ? ਏਨੀ ਸ਼ਿੱਦਤ ਕਿਉਂ?

"ਇਸ ਦਾ ਜਵਾਬ ਏ ਮੇਰੀ ਖ਼ਬਤ! ...ਮੈਂ ਨੇਚੁਰਿਸਟ ਹਾਂ ਤਾਂ ਸਾਲ ਵਿੱਚ ਕੁਝ ਦੇਰ ਕਪੜਿਆਂ ਤੋਂ ਬਿਨਾਂ ਜਿਉਣਾ ਚਾਹੁੰਦੀ ਹਾਂ, ਨਹੀਂ ਤਾਂ ਬਹੁਤ ਗੜਬੜ ਹੋ ਜਾਵੇਗੀ। ਲਗਾਤਾਰ ਕਪੜੇ ਪਹਿਨਦੇ ਰਹਿਣ ਨਾਲ ਮੈਨੂੰ ਗੁੱਸਾ ਆਉਣ ਲੱਗਦਾ ਏ, ਕੰਮ ਤੋਂ ਮਨ ਉਚਾਟ ਹੋ ਜਾਂਦਾ ਏ।

"ਤੁਸੀਂ ਨੰਗੇ ਰਹਿਣ ਦੇ ਕਿਸੇ ਫਾਇਦੇ ਬਾਰੇ ਗੱਲ ਕਰੋਂਗੇ?

"ਤੁਸੀਂ ਹਰ ਕੰਮ ਫਾਇਦੇ ਲਈ ਨਹੀਂ ਕਰਦੇ, ਕੁਝ ਕੰਮ ਰੂਹ ਦੀ ਸੰਤੁਸ਼ਟੀ ਲਈ ਹੁੰਦੇ ਨੇ। ...ਇਹ ਮਨੁੱਖੀ ਸਰੀਰ ਅਸੀਂ ਇਕ ਦੂਜੇ ਲਈ ਬੁਝਾਰਤ ਬਣਾ ਰੱਖਿਆ ਏ। ਮਰਦ ਲਈ ਔਰਤ ਦਾ ਸਰੀਰ ਤੇ ਔਰਤ ਲਈ ਮਰਦ ਦਾ ਸਰੀਰ ਸਿਰਫ ਇਕ ਗੁਪਤ ਅੰਗ ਤੱਕ ਸਿਮਟ ਆਏ ਨੇ।

"ਇਹ ਗੱਲ ਤਾਂ ਸ਼ਾਇਦ ਤੁਹਾਡੀ ਠੀਕ ਹੋਵੇ। ...ਮੈਂ ਨੇਚੁਰਿਸਟ ਪਿੰਡ ਵਿੱਚ ਗਿਆਂ, ਲੋਕ ਇਵੇਂ ਤੁਰੇ ਫਿਰਦੇ ਨੇ ਜਿਵੇਂ ਉਹਨਾਂ ਦਾ ਇਸ ਦੁਨੀਆ ਤੋਂ ਤੇ ਕਾਮ ਤੋਂ ਮਨ ਉਠ ਗਿਆ ਹੋਵੇ।

"ਨਹੀਂ, ਅਸੀਂ ਇਸ ਦੁਨੀਆ ਦਾ ਅਹਿਮ ਹਿਸਾ ਹਾਂ ਤੇ ਕਾਮ ਤੋਂ ਵੀ ਇਨਸਾਨ ਦਾ ਮਨ ਕਦੇ ਉਠਦਾ!

"ਮੈਨੂੰ ਤਾਂ ਇਵੇਂ ਹੀ ਲੱਗਦਾ, ਜਿਵੇਂ ਤੁਸੀਂ ਇਕੱਲੇ ਬੀਚ 'ਤੇ ਕਪੜੇ ਲਾਹ ਕੇ ਤੁਰੇ ਫਿਰਦੇ ਹੋ, ਫਿਰ ਤੁਸੀਂ ਹੋ ਵੀ ਇਕੱਲੇ, ਜਾਪਦਾ ਏ ਕਿ ਤੁਹਾਡੇ ਕੋਲ ਨਾ ਕੋਈ ਬੁਆਏ ਫ੍ਰੈਂਡ ਏ ਨਾ ਹੀ ਗ੍ਰਲ ਫ੍ਰੈਂਡ।

"ਏਦਾਂ ਦੀ ਗੱਲ ਨਹੀਂ, ਹੁਣੇ ਜਿਹੇ ਹੀ ਮੇਰਾ ਬੁਆਏ ਫ੍ਰੈਂਡ ਛੱਡ ਕੇ ਗਿਆ ਏ।

"ਓਹ! ਸੌਰੀ ਟੂ ਨੋਅ! ...ਕਿਉਂ ਛੱਡ ਗਿਆ? ਉਹ ਤੁਹਾਡੇ ਵਿਚਾਰਾਂ ਦਾ ਧਾਰਣੀ ਨਹੀਂ ਸੀ?

"ਏਦਾਂ ਦੀ ਗੱਲ ਨਹੀਂ, ਉਹਦੀ ਸੋਚ ਮੇਰੇ ਵਾਲੀ ਹੀ ਸੀ। ਅਸੀਂ ਡੇਢ ਕੁ ਸਾਲ ਇਕੱਠੇ ਰਹੇ, ਇਕੱਠੇ ਹੀ ਨੇਚੁਰਿਸਟ ਕਲੋਨੀਆਂ ਵਿੱਚ ਛੁੱਟੀਆਂ ਕੱਟਣ ਜਾਇਆ ਕਰਦੇ ਸਾਂ ਪਰ ਉਹ ਸਿਗਰਟਾਂ ਬਹੁਤ ਪੀਂਦਾ ਸੀ। ਮੈਂ ਕਿਹਾ ਜਾਂ ਮੈਨੂੰ ਛੱਡ ਦੇ ਜਾਂ ਫਿਰ ਸਿਗਰਟਾਂ। ਉਹ ਮੈਨੂੰ ਛੱਡ ਕੇ ਚਲੇ ਗਿਆ। ਗੱਲ ਕਰ ਕੇ ਟੀਆ ਹੱਸਣ ਲੱਗੀ।

"ਲੰਡਨ ਵਿੱਚ ਹੀ ਇਕ ਬਹੁਤ ਪੁਰਾਣਾ ਪਿੰਡ ਏ ਨੇਚੁਰਿਸਟ ਲੋਕਾਂ ਦਾ, ਕੁਝ ਬੀਚ ਵੀ ਨੇ, ਉਥੇ ਕਿਉਂ ਨਹੀਂ ਜਾਂਦੇ?

"ਇੰਗਲੈਂਡ ਵਿੱਚ ਕੁਝ ਅਜਿਹੀਆਂ ਕਲੋਨੀਆਂ ਹੈਨ ਪਰ ਸਾਡਾ ਵਿਚਾਰਧਾਰਕ ਫਰਕ ਏ, ਇਸ ਲਈ ਮੈਂ ਯੌਰਪ, ਖਾਸ ਤੌਰ 'ਤੇ ਸਪੇਨ ਜਾਣਾ ਪਸੰਦ ਕਰਦੀ ਆਂ। ...ਪਰ ਜੋਅ, ਇਕ ਗੱਲ ਦੱਸਾਂ, ਮੈਂ ਨੇਚੁਰਿਸਟ ਕਲੋਨੀ ਤੋਂ ਬਾਹਰ ਨਿਕਲ ਕੇ ਆਮ ਲੋਕਾਂ ਵਿੱਚ ਵੀ ਆਪਣੇ ਕੁਦਰਤ ਦੇ ਦਿੱਤੇ ਰੂਪ ਵਿੱਚ ਵਿਚਰਨਾ ਚਾਹੁੰਦੀ ਹਾਂ।

"ਤੁਸੀਂ ਮੈਨੂੰ ਬਹੁਤ ਹੀ ਨੌਰਮਲ ਤੇ ਵਧੀਆ ਫੀਮੇਲ ਲੱਗਦੇ ਹੋ, ਬਹੁਤ ਹੀ ਸਮਾਜਕ ਜਿਹੇ ਪਰ ਤੁਹਾਡੀ ਸ਼ਖਸੀਅਤ ਦਾ ਦੂਜਾ ਪੱਖ ਬਿਲਕੁਲ ਵੱਖਰਾ ਏ।

"ਇਹ ਤੁਹਾਨੂੰ ਹੀ ਲੱਗਦਾ ਏ, ਮੇਰਾ ਦੂਜਾ ਪੱਖ ਵੀ ਓਨਾ ਹੀ ਨੌਰਮਲ ਏ।

"ਤੁਹਾਨੂੰ ਇਹ ਸ਼ੌਂਕ ਕਿਥੋਂ ਪੈ ਗਿਆ?

"ਮੈਂ ਕਿਹਾ ਨਾ ਕਿ ਇਹ ਸ਼ੌਂਕ ਨਹੀਂ, ਜਨੂੰਨ ਏ, ਇਹ ਮੇਰੇ ਜੀਨਜ਼ ਵਿੱਚ ਹੀ ਏ। ਮੇਰਾ ਪਿਓ ਨੇਚੁਰਿਸਟ ਸੀ ਤੇ ਮਾਂ ਵੀ, ਮੇਰੇ ਪਿਓ ਨੇ ਸਪੇਨ ਤੇ ਪੁਰਤਗਾਲ ਦੇ ਬਾਰਡਰ 'ਤੇ ਇਕ ਬਹੁਤ ਵੱਡਾ ਨੇਚੁਰਿਸਟ ਪਿੰਡ ਵਸਾਇਆ ਸੀ...।

"ਤੁਹਾਡਾ ਪਿਓ ਸਪੈਨਿਸ਼ ਸੀ?

"ਮੇਰੇ ਜੀਨਜ਼ ਦਾ ਸਫਰ ਬਹੁਤ ਲੰਮਾ ਏ। ਪਿਓ ਸੂਰੀਨਾਮੀ-ਡੱਚ ਸੀ, ਉਸ ਦਾ ਪਿਓ ਮੈਕਸੀਕਨ ਸੀ ਤੇ ਉਸ ਦਾ ਪਿਓ ਸਾਊਥ ਅਮਰੀਕਾ ਦੀ ਕਿਸੇ ਹੋਰ ਡੱਚ ਕਲੋਨੀ ਤੋਂ ਸੀ। ਹਾਂ, ਮੇਰੀ ਮਾਂ ਇੰਗਲਿਸ਼ ਏ।

"ਤੁਹਾਡੇ ਮਾਂ-ਪਿਓ ਨੇਚੁਰਿਸਟ ਪਿੰਡ ਵਿੱਚ ਹੀ ਮਿਲੇ?

"ਬਿਲਕੁਲ, ਉਥੇ ਹੀ ਮੇਰੇ ਮਾਂ-ਪਿਓ ਦਾ ਵਿਆਹ ਹੋਇਆ ਤੇ ਉਥੇ ਹੀ ਮੇਰਾ ਜਨਮ ਹੋਇਆ। ਜਦ ਮੇਰਾ ਸਕੂਲ ਜਾਣ ਦਾ ਵਕਤ ਹੋਇਆ ਤਾਂ ਮੇਰੀ ਮਾਂ ਲੰਡਨ ਮੂਵ ਹੋ ਗਈ, ਉਦੋਂ ਤੱਕ ਮੇਰੇ ਮਾਂ-ਪਿਓ ਵਿੱਚ ਅਣਬਣ ਵੀ ਹੋ ਗਈ ਸੀ। ਇਵੇਂ ਅਸੀਂ ਮਾਂ-ਧੀ ਉਹ ਕਲੋਨੀ ਛੱਡ ਕੇ ਲੰਡਨ ਰਹਿਣ ਲੱਗੀਆਂ।

"ਵਾਪਸ ਸਪੇਨ ਜਾਂਦੀਆਂ ਰਹੀਆਂ ਹੋਵੋਂਗੀਆਂ, ਇਸੇ ਲਈ ਤਾਂ ਇਹ ਸ਼ੌਂਕ ਵੱਧਦਾ ਗਿਆ?

"ਮੇਰੇ ਪਿਤਾ ਦਾ ਘਰ ਏ ਉਸ ਪਿੰਡ ਵਿੱਚ, ਜਾਂਦੇ ਵਕਤ ਉਹਨੇ ਮੇਰੇ ਨਾਂ ਕਰ ਦਿੱਤਾ ਸੀ, ਮਾਂ ਤੋਂ ਬਾਅਦ ਮੈਂ ਉਥੇ ਹੀ ਚਲੇ ਜਾਣਾਂ।

ਸਾਡੀਆਂ ਇਹ ਗੱਲਾਂ ਖਾਣੇ ਦੇ ਦੌਰਾਨ ਵੀ ਚਲਦੀਆਂ ਰਹੀਆਂ। ਮੇਰੇ ਹਰ ਸਵਾਲ ਦਾ ਉਸ ਨੇ ਖਿੜੇ ਮੱਥੇ ਜਵਾਬ ਦਿੱਤਾ। ਚਿੱਟੀ ਪੂਛ ਵਾਲੇ ਬਾਜ਼ ਬਾਰੇ ਵੀ ਗੱਲਾਂ ਹੋਈਆਂ।



ਬ੍ਰਤਾਨਵੀ ਤੇ ਯੌਰਪ ਦੀ ਸਿਆਸਤ ਬਾਰੇ ਵੀ ਸਾਡੀ ਲੰਮੀ ਗੱਲਬਾਤ ਹੋਈ। ਉਹ ਇੰਗਲੈਂਡ ਦੇ ਯੂਰਪੀਅਨ ਯੂਨੀਅਨ ਵਿੱਚੋਂ ਨਿਕਲ ਆਉਣ ਤੋਂ ਬਹੁਤ ਦੁਖੀ ਸੀ।

ਮੈਂ ਆਪਣੀਆਂ ਖਿਚੀਆਂ ਫੋਟੋਆਂ ਦੀਆਂ ਸਲਾਈਡਾਂ ਉਹਨੂੰ ਦਿਖਾ ਰਿਹਾ ਸਾਂ। ਉਹ ਬਹੁਤ ਧਿਆਨ ਨਾਲ ਦੇਖ ਰਹੀ ਸੀ। ਅਚਾਨਕ ਬੋਲੀ, "ਜੋਅ, ਆਹ ਦੇਖ ਸਾਰੇ ਜਾਨਵਰ ਨੰਗੇ ਨੇ, ਇਹਨਾਂ ਦਾ ਨੰਗ ਤਾਂ ਕਿਸੇ ਸਮਾਜ ਉਪਰ ਹਮਲਾ ਨਹੀਂ ਕਰਦਾ? ਕੋਈ ਰੰਜ ਪੈਦਾ ਨਹੀਂ ਹੁੰਦਾ?

"ਟੀਆ, ਇਕ ਗੱਲ ਧਿਆਨ ਨਾਲ ਦੇਖ, ਕੁਦਰਤ ਨੇ ਇਥੇ ਵੀ ਪੂਛ ਦੇ ਕੇ ਫੀਮੇਲ ਨੂੰ ਆਪਣਾ ਨੰਗ ਢਕਣ ਦਾ ਵਸੀਲਾ ਕੀਤਾ ਹੋਇਆ ਏ! ...ਫਿਰ ਸਾਨੂੰ ਹਜ਼ਾਰਾਂ ਸਾਲ ਲੱਗ ਗਏ ਇਸ ਸਾਮਾਜ ਨੂੰ ਬੰਨ੍ਹਣ ਲਈ, ਮੁੜ ਕੇ ਜੰਗਲ ਵੱਲ ਜਾਣਾ ਕਿਥੋਂ ਤੱਕ ਸਹੀ ਹੋਵੇਗਾ?

"ਸਮਾਜ ਬੰਨ ਕੇ ਅਸੀਂ ਕੁਦਰਤ ਤੋਂ ਬਹੁਤ ਦੂਰ ਹੋ ਗਏ ਹਾਂ, ਜਿਹੜੇ ਗੁਨਾਹ ਅੱਜ ਸਮਾਜ ਵਿੱਚ ਹੋ ਰਹੇ ਨੇ ਇਹ ਜੰਗਲ ਵਿੱਚ ਕਦੇ ਨਹੀਂ ਹੁੰਦੇ।

ਇਸ ਵਿਸ਼ੇ ਨੂੰ ਲੈ ਕੇ ਸਾਡੀਆਂ ਬਹੁਤ ਸਾਰੀਆਂ ਗੱਲਾਂ ਹੋਈਆਂ ਪਰ ਅਸੀਂ ਦੋਵੇਂ ਹੀ ਕਿਸੇ ਬਹਿਸ ਵਿੱਚ ਪੈਣੋਂ ਡਰਦੇ ਵੀ ਸਾਂ। ਸਾਡੀਆਂ ਗੱਲਾਂ ਅੱਧੀ ਰਾਤ ਤੱਕ ਚਲਦੀਆਂ ਰਹੀਆਂ।

ਅਗਲੀ ਸਵੇਰ ਮੈਂ ਲੋਕਲ ਦੁਕਾਨ ਤੋਂ ਦੁੱਧ ਲੈਣ ਗਿਆ ਤਾਂ ਟੀਆ ਉਥੇ ਮਿਲ ਗਈ। ਬੋਲੀ,

"ਜੋਅ, ਮੈਂ ਪਰਸੋਂ ਚਲੇ ਜਾਣਾ।

"ਪਰ ਤੂੰ ਤਾਂ ਕਿਹਾ ਸੀ ਕਿ ਤੇਰੀਆਂ ਛੁੱਟੀਆਂ ਹਾਲੇ ਹੈਗੀਆਂ।

ਭਾਵੇਂ ਅੰਗਰੇਜ਼ੀ ਵਿੱਚ 'ਤੂੰ' ਤੇ 'ਤੁਸੀਂ' ਲਈ ਇਕੋ ਸ਼ਬਦ 'ਯੂ' ਹੁੰਦਾ ਹੈ ਪਰ ਜਿਵੇਂ ਉਸ ਨੇ ਮੇਰੇ ਨਾਲ ਨੂੰ ਲੱਗ ਕੇ ਗੱਲ ਕੀਤੀ ਤਾਂ ਮੈਨੂੰ ਲੱਗਿਆ ਕਿ ਹੁਣ ਅਸੀਂ 'ਤੁਸੀਂ' ਨਹੀਂ ਰਹੇ, 'ਤੂੰ' ਹੋ ਗਏ ਹਾਂ।

"ਹਾਂ, ਮੈਂ ਜੈਕ ਨੂੰ ਈਮੇਲ ਕੀਤੀ ਸੀ ਕਿ ਮੈਂ ਪੰਜ ਦਿਨ ਹੋਰ ਰਹਿਣਾ ਚਾਹੁੰਦੀ ਹਾਂ ਪਰ ਉਸ ਦਾ ਜਵਾਬ ਆਇਆ ਕਿ ਇਹ ਬੰਗਲਾ ਪਹਿਲਾਂ ਹੀ ਕਿਸੇ ਹੋਰ ਲਈ ਬੁੱਕ ਹੋ ਚੁੱਕਾ ਏ ਤੇ ਏਨੇ ਛੋਟੇ ਨੋਟਿਸ ਵਿੱਚ ਉਸ ਕੋਲ ਹੋਰ ਕੋਈ ਜਗਾਹ ਨਹੀਂ ਏ।

"ਟੀਆ, ਮੇਰੇ ਕੋਲ ਦੋ ਕਮਰੇ ਨੇ, ਚਾਹੇ ਤਾਂ ਇਕ ਵਿੱਚ ਤੂੰ ਰਹਿ ਸਕਦੀ ਏਂ।

ਉਹ ਸੋਚਣ ਲੱਗ ਪਈ। ਫਿਰ ਬੋਲੀ,

"ਆਪਣੇ ਵਿਚਾਰ ਨਹੀਂ ਰਲ਼ਦੇ, ਤੈਨੂੰ ਮੇਰਾ ਨੇਚੁਰਿਸਟ ਹੋਣਾ ਪਸੰਦ ਨਹੀਂ ਪਰ ਇਹੋ ਮੇਰਾ ਜੀਣ-ਢੰਗ ਏ।

"ਜੋ ਕੁਝ ਵੀ ਏ ਪਰ ਮੈਂ ਤੇਰੇ ਜੀਣ-ਢੰਗ ਵਿੱਚ ਅੜਿੱਕਾ ਨਹੀਂ ਬਣਾਂਗਾ, ਤੂੰ ਜਿਵੇਂ ਮਰਜ਼ੀ ਰਹੀਂ।

"ਦਿਨ ਦੇ ਬਾਰਾਂ ਵਜੇ ਤੱਕ ਮੇਰੀਆਂ ਵੀਡੀਓ ਮੀਟਿੰਗਜ਼ ਚੱਲਦੀਆਂ ਰਹਿੰਦੀਆਂ, ਤੈਨੂੰ ਮੁਸ਼ਕਿਲ ਆਵੇਗੀ।

"ਮੈਨੂੰ ਕੋਈ ਮੁਸ਼ਕਲ ਨਹੀਂ ਆਵੇਗੀ, ਤੇਰਾ ਅਲੱਗ ਕਮਰਾ ਹੋਵੇਗਾ, ਵੈਸੇ ਵੀ ਮੈਂ ਤਾਂ ਸਵੇਰੇ ਹੀ ਕੈਮਰਾ ਲੈ ਕੇ ਨਿਕਲ ਜਾਇਆ ਕਰਾਂਗਾ।

ਉਹ ਕੁਝ ਨਾ ਬੋਲੀ ਤੇ ਚਲੇ ਗਈ।...

ਉਹ ਪੰਜ ਦਿਨ ਮੇਰੇ ਨਾਲ ਰਹੀ। ਉਹ ਬਹੁਤ ਹਸਮੁੱਖ ਸੁਭਾਅ ਦੀ ਮਾਲਕਣ ਸੀ। ਦੁਪਹਿਰ ਤੱਕ ਉਹ ਬਹੁਤ ਰੁਝੀ ਰਹਿੰਦੀ। ਦੁਪਹਿਰ ਤੋਂ ਬਾਅਦ ਉਹ ਨੇਚੁਰਿਸਟ ਹੋ ਜਾਂਦੀ। ਘਰ ਦੇ ਅੰਦਰ ਵੀ, ਧੁੱਪ ਹੋਵੇ ਤਾਂ ਬਾਹਰ ਗਾਰਡਨ ਵਿੱਚ ਅਰਾਮ ਕੁਰਸੀ 'ਤੇ ਪਈ ਰਹਿੰਦੀ, ਬੀਚ 'ਤੇ ਘੁੰਮਣ ਚਲੇ ਜਾਂਦੀ। ਉਸ ਦਾ ਨੰਗੇਜ਼ ਹੁਣ ਮੈਨੂੰ ਅਸਹਿਜ ਨਹੀਂ ਸੀ ਕਰਦਾ ਬਲਕਿ ਮੈਂ ਨੋਟਿਸ ਹੀ ਨਹੀਂ ਸਾਂ ਕਰਦਾ ਕਿ ਜੋ ਔਰਤ ਮੇਰੇ ਘਰ ਵਿੱਚ ਤੁਰੀ ਫਿਰਦੀ ਹੈ ਤੇ ਸੋਫੇ 'ਤੇ ਬੈਠੀ ਮੇਰੇ ਨਾਲ ਗੱਲਾਂ ਕਰ ਰਹੀ ਹੈ, ਉਸ ਨੇ ਕਪੜੇ ਨਹੀਂ ਪਹਿਨੇ ਹੋਏ।

ਇਕ ਬਹੁਤ ਅਜੀਬ ਗੱਲ ਸੀ ਕਿ ਉਸ ਨੇ ਕਦੇ ਵੀ ਮੇਰੇ ਬਾਰੇ ਕੋਈ ਸਵਾਲ ਨਹੀਂ ਸੀ ਪੁੱਛਿਆ, ਨਾ ਮੇਰੀ ਨੌਕਰੀ ਬਾਰੇ, ਨਾ ਮੇਰੇ ਪਿਛੋਕੜ ਬਾਰੇ।

ਇਕ ਦਿਨ ਮੈਂ ਸਵਾਲ ਕੀਤਾ, "ਟੀਆ, ਤੇਰੇ ਸਹਿਕਾਮਿਆਂ ਨੂੰ ਪਤਾ ਕਿ ਤੂੰ ਨੇਚੁਰਿਸਟ ਏਂ?

"ਹਾਂ, ਪਤਾ ਏ, ਮੇਰਾ ਇਕ ਬੁਆਏ ਫ੍ਰੈਂਡ ਸੀ ਪੀਟਰ, ਉਸ ਨੂੰ ਮੈਂ ਇਕ ਵਾਰ ਨਾਲ ਲੈ ਗਈ ਸੀ, ਉਹਨੇ ਸਭ ਨੂੰ ਦੱਸ ਦਿੱਤਾ ਸੀ, ਪਰ ਮੈਂ ਕਦੇ ਉਹਨਾਂ ਦੇ ਸਾਹਮਣੇ ਇਸ ਵਿਸ਼ੇ 'ਤੇ ਗੱਲ ਨਹੀਂ ਕਰਦੀ। ਵੈਸੇ ਇਕ ਵਾਰ ਆਪਣੇ ਸੀਨੀਅਰ ਨਾਲ ਇਸ ਗੱਲ ਨੂੰ ਲੈ ਕੇ ਝਗੜਾ ਹੋ ਗਿਆ ਸੀ, ਜੇ ਕੋਈ ਪਰਾਈਵੇਟ ਫਰਮ ਹੁੰਦੀ ਤਾਂ ਸ਼ਾਇਦ ਮੈਨੂੰ ਨੌਕਰੀ ਤੋਂ ਕੱਢ ਦਿੱਤਾ ਜਾਂਦਾ...। ਜਿੰਨਾ ਚਿਰ ਮੈਂ ਹੇਠਲੀ ਜੌਬ 'ਤੇ ਰਹੀ ਤਾਂ ਲੋਕ ਮਜ਼ਾਕ ਕਰਦੇ ਸਨ, ਜਦ ਮੈਨੇਜਰ ਬਣ ਗਈ ਤਾਂ ਸਾਰੇ ਚੁੱਪ ਕਰ ਗਏ।...

ਉਸ ਦਿਨ ਉਸ ਨੇ ਚਲੇ ਜਾਣਾ ਸੀ। ਸਵੇਰੇ ਉਠੀ ਤੇ ਸਮਾਨ ਇਕੱਠਾ ਕਰਨ ਲੱਗੀ। ਕੁਝ ਸਮਾਨ ਉਸ ਨੇ ਕਾਰ ਵਿੱਚ ਰੱਖ ਲਿਆ। ਮੈਂ ਉਸ ਦੇ ਕਮਰੇ ਵਿੱਚ ਕੁਝ ਚੁੱਕਣ ਗਿਆ ਤਾਂ ਦੇਖਿਆ ਕਿ ਉਥੇ ਕੁਝ ਮੂਰਤੀਆਂ ਪਈਆਂ ਸਨ। ਇਕ ਸ਼ਿਵਾ ਦੀ, ਇਕ ਰਾਮ-ਸੀਤਾ ਦੀ ਤੇ ਕੁਝ ਦਿਗੰਬਰ ਮੁਨੀਆਂ ਦੀਆਂ ਵੀ। ਮੈਂ ਪੁੱਛਿਆ, "ਇਹ ਮੂਰਤੀਆਂ ਕਿੱਥੋਂ?

"ਇਹ ਮੇਰੀ ਪਰਿਵਾਰਕ ਨਿਸ਼ਾਨੀ ਏ, ਤੂੰ ਜਾਣਦਾਂ ਇਹਨਾਂ ਬਾਰੇ?

"ਕਿਉਂ ਨਹੀਂ ਜਾਣਦਾ? ...ਇਹਦਾ ਮਤਲਬ ਤੇਰੀਆਂ ਜੜ੍ਹਾਂ ਮੇਰੇ ਮੁਲਕ ਨਾਲ ਜਾ ਕੇ ਜੁੜਦੀਆਂ।

"ਮੈਂ ਸੋਚਦੀ ਸੀ ਕਿ ਤੂੰ ਕੋਈ ਗਰੀਕ ਜਾਂ ਅਰਬੀ ਹੋਵੇਂਗਾ!...

ਉਸ ਨੇ ਕਾਰ ਸਟਾਰਟ ਕੀਤੀ ਤੇ ਚਲੇ ਗਈ। ਹੈਰਾਨੀ ਦੀ ਗੱਲ ਇਹ ਸੀ ਕਿ ਉਸ ਨੇ ਨਾ ਮੇਰਾ ਫੋਨ ਨੰਬਰ ਮੈਨੂੰ ਪੁੱਛਿਆ ਤੇ ਨਾ ਹੀ ਆਪਣਾ ਦਿੱਤਾ।

ਮੈਨੂੰ ਲੱਗਿਆ ਕਿ ਮੈਂ ਕਿਸੇ ਗੱਲੋਂ ਟੀਆ ਨੂੰ ਨਾਰਾਜ਼ ਕਰ ਲਿਆ ਹੈ। ਅਣਜਾਣੇ ਵਿੱਚ ਉਸ ਦਾ ਮੈਂ ਕਿਤੇ ਸਖਤ ਵਿਰੋਧ ਕਰ ਬੈਠਾ ਹੋਵਾਂਗਾ, ਨਹੀਂ ਤਾਂ ਏਨੀ ਨੇੜਤਾ ਤੋਂ ਬਾਅਦ ਏਨੀ ਬੇਰੁਖੀ ਨਹੀਂ ਸੀ ਹੋਣੀ। ਏਨੇ ਨੰਗੇ ਸਾਧੂ ਸਮਾਜ ਵਿੱਚ ਤੁਰੇ ਫਿਰਦੇ ਹਨ ਜਾਂ ਜੈਨ ਧਰਮ ਵਰਗੇ ਕੁਝ ਧਰਮਾਂ ਦੇ ਕੁਝ ਮੋਹਰੀ ਵੀ, ਉਹਨਾਂ ਦੇ ਨੰਗੇਜ਼ ਨਾਲ ਤਾਂ ਕਦੇ ਰੰਜੀਦਗੀ ਪੈਦਾ ਨਹੀਂ ਹੋਈ, ਟੀਆ ਦਾ ਜਾਂ ਉਸ ਦੀ ਸੋਚ ਵਾਲੇ ਕੁਝ ਲੋਕਾਂ ਦਾ ਨੰਗ ਸਮਾਜ ਨੂੰ ਕਿਹੜੀ ਕੁ ਢਾਹ ਲਾ ਦੇਵੇਗਾ?



ਉਹ ਚਲੇ ਤਾਂ ਗਈ ਪਰ ਮੈਨੂੰ ਭੁੱਲੀ ਨਹੀਂ। ਕਦੇ-ਕਦੇ ਮੇਰਾ ਦਿਲ ਕਰਦਾ ਕਿ ਉਸ ਨਾਲ ਗੱਲ ਕਰ ਸਕਾਂ ਪਰ ਉਹ ਸੋਸ਼ਲ ਮੀਡੀਏ 'ਤੇ ਵੀ ਨਹੀਂ ਸੀ। ਤੇ ਉਸ ਦੇ ਪੂਰੇ ਨਾਂ ਦਾ ਵੀ ਮੈਨੂੰ ਨਹੀਂ ਸੀ ਪਤਾ। ਇਹ ਨਾਂ ਟੀਆ ਵੀ ਸ਼ਾਇਦ ਉਸ ਦਾ ਅਸਲੀ ਨਾਂ ਨਾ ਹੋਵੇ।

ਇਕ ਦਿਨ ਮੈਨੂੰ ਸੁਫਨਾ ਆਇਆ ਕਿ ਟੀਆ ਉਵੇਂ ਹੀ ਆਪਣੇ ਨੇਚੁਰਿਸਟ ਅੰਦਾਜ਼ ਵਿੱਚ ਇਕ ਬੱਘੀ ਦੀ ਉਚੀ ਸੀਟ ਤੇ ਬੈਠੀ, ਜਿਸ ਨੂੰ ਦੋ ਘੋੜੇ ਜੁਪੇ ਹੋਏ ਸਨ, ਮੇਰੇ ਕੋਲ ਦੀ ਲੰਘ ਰਹੀ ਹੈ, ਮੈਨੂੰ ਹੱਥ ਹਿਲਾ ਰਹੀ ਹੈ। ਉਸ ਦੀ ਬੱਘੀ ਸੱਜੇ ਪਾਸੇ ਨੂੰ ਮੋੜ ਮੁੜਦੀ ਹੈ ਤੇ ਉਸ ਦੀ ਜਾਣੀ ਪਛਾਣੀ ਪਿੱਠ ਮੈਨੂੰ ਦੇਰ ਤੱਕ ਦਿਸਦੀ ਰਹਿੰਦੀ ਹੈ।

ਇਸ ਸੁਫਨੇ ਤੋਂ ਬਾਅਦ ਕੁਝ ਦਿਨਾਂ ਤੱਕ ਟੀਆ ਨੂੰ ਮਿਲਣ ਦੀ ਤਲਬ ਜ਼ੋਰ ਪਾਉਂਦੀ ਰਹੀ ਪਰ ਫਿਰ ਸਭ ਭੁੱਲ ਭੁੱਲਾ ਗਿਆ।

ਸਾਲ ਲੰਘ ਗਿਆ। ਮੁੜ ਕੇ ਗਰਮੀਆਂ ਆ ਗਈਆਂ। ਲੰਡਨ ਵਿੱਚ 'ਵ੍ਲਡ ਨੇਕਡ ਬਾਈਕ ਰਾਈਡ' ਵਾਲਿਆਂ ਦੀ ਰੈਲੀ ਸੀ। ਐਤਵਾਰ ਹੋਣ ਕਰਕੇ ਮੈਂ ਵਿਹਲਾ ਸਾਂ। ਮੈਂ ਸੋਚਿਆ ਕਿ ਚਲੋ ਕੁਝ ਫੋਟੋਗ੍ਰਾਫੀ ਹੀ ਹੋ ਜਾਵੇ। ਮੈਂ ਟ੍ਰਫਾਲਗਰ ਸੁਕੈਅਰ ਪੁੱਜ ਗਿਆ। ਇਥੇ ਹੀ ਲੋਕ ਆਪਣੇ ਸਾਈਕਲ ਫੜੀ ਇਕੱਠੇ ਹੋ ਰਹੇ ਸਨ। ਜਿਸਮ ਹੀ ਜਿਸਮ। ਨੰਗ-ਧੜੰਗੇ ਜਿਸਮ। ਪੂਰੇ ਨੇਚੁਰਿਸਟ। ਇਕ ਜਿਸਮ ਮੇਰਾ ਧਿਆਨ ਖਿੱਚ ਰਿਹਾ ਸੀ, ਜਿਵੇਂ ਮੈਂ ਪਹਿਲਾਂ ਦੇਖਿਆ ਹੋਇਆ ਹੋਵੇ।

ਉਸ ਨੇ ਮੇਰੇ ਵੱਲ ਦੇਖਿਆ। ਇਕ ਪਲ ਲਈ ਉਸ ਦੀਆਂ ਅੱਖਾਂ ਝੁਕ ਗਈਆਂ ਪਰ ਫਿਰ ਉਹ ਮੇਰੇ ਵੱਲ ਦੇਖਦੀ ਅੱਗੇ ਵਧੀ ਤੇ ਹੱਥ ਕੱਢਦੀ ਬੋਲੀ, "ਹੈਲੋ ਜੋਅ, ਨਾਈਸ ਟੂ ਸੀ ਯੂ! ਚੱਲ, ਮੇਰੀ ਫੋਟੋ ਲੈ।

ਉਸ ਨੇ ਆਪਣੀਆਂ ਦੋਵੇਂ ਬਾਹਵਾਂ ਪੂਰੀਆਂ ਖਿਲਾਰੀਆਂ ਤੇ ਉਹਨਾਂ ਨੂੰ ਬਾਜ਼ ਦੇ ਪਰਾਂ ਵਾਂਗ ਹਿਲਾਉਣ ਲੱਗੀ।

ਮੈਨੂੰ ਜਾਪਿਆ, ਮੈਂ ਚਿੱਟੀ ਪੂਛ ਵਾਲੇ ਬਾਜ਼ ਦੀ ਫੋਟੋ ਲੈ ਰਿਹਾ ਹਾਂ।

---

**ਕੈਨੇਡਾ ਦੀਆਂ ਚੋਣਵੀਆਂ ਕਹਾਣੀਆਂ**
**ਸੰਪਾਦਕ : ਹਰਮਹਿੰਦਰ ਚਹਿਲ**

**ਚੋਣਵੀਂ ਬਰਤਾਨਵੀ ਪੰਜਾਬੀ ਕਹਾਣੀ**
**ਸੰਪਾਦਕ : ਹਰਜੀਤ ਅਟਵਾਲ**
**ਆਰਸੀ ਪ੍ਰਕਾਸ਼ਨ, ਦਿੱਲੀ**

## ਦੂਰੀਆਂ/ਜਿੰਦਰ

ਮੈਥੋਂ ਵੱਡੀ ਜੀਤਾਂ ਦਾ ਫੋਨ ਆਵੇ ਤਾਂ ਉਹ ਇਹ ਗੱਲ ਕਹਿਣਾ ਕਦੇ ਨਹੀਂ ਭੁੱਲਦੀ, "ਤੈਨੂੰ ਆਏ ਨੂੰ ਬਹੁਤ ਚਿਰ ਹੋ ਗਿਆ। ... ਹੁਣ ਆ ਕੇ ਮਿਲ ਵੀ ਜਾ... ਨਦੀ ਨਾਮ ਸੰਯੋਗੀ ਮੇਲੇ...।" ਜੇ ਮੈਂ ਫੋਨ ਕਰਾਂ ਤਾਂ ਮੇਰੇ ਮੂੰਹੋਂ ਵੀ ਨਿਕਲ ਜਾਂਦਾ, "ਲੈ ਤਾਂ, ਤੂੰ ਹੁਣ ਆਉਂਦੀ ਹੀ ਨ੍ਹੀਂ। ਕਦੇ ਘਰਾਂ ਦੇ ਖਲਜਗਣ ਵੀ ਮੁੱਕੇ ਆ। ਅਜੇ ਮੈਂ ਬੈਠਾਂ। ਤੇਰਾ ਆਪਣਾ ਘਰ ਆ। ਕੁੜੀਆਂ ਦਾ ਪੇਕਿਆਂ ਦਾ ਘਰ ਆਪਣਾ ਹੀ ਹੁੰਦਾ। ਮੈਂ ਕੋਈ ਬਹਾਨਾ ਨ੍ਹੀਂ ਸੁਣਨਾ, ਬਸ ਇਸੇ ਹਫਤੇ ਆ ਜਾ।"

ਹੁਣ ਨਾ ਤਾਂ ਮੈਂ ਪਹਿਲਾਂ ਵਾਂਗੂ ਸੈਲੇ ਜਾਂਦਾ ਹਾਂ, ਨਾ ਹੀ ਉਹ ਪਹਿਲਾਂ ਵਾਂਗੂ ਜਲੰਧਰ ਆਉਂਦੀ ਹੈ।

ਤਿੰਨ-ਚਹੁੰ ਮਹੀਨਿਆਂ ਬਾਅਦ, ਮੇਰੇ ਬਹੁਤਾ ਜ਼ੋਰ ਪਾਉਣ 'ਤੇ ਆਉਂਦੀ। ਗੱਲੀਂ-ਬਾਤੀਂ ਬੀਰੋ ਨੂੰ ਸੁਣਾ ਦਿੰਦੀ, "ਮੈਂ ਤਾਂ ਤਲਵਿੰਦਰ ਦੇ ਕਹੇ 'ਤੇ ਆਈ ਆਂ। ਬਾਕੀਆਂ ਲਈ ਤਾਂ ਮੈਂ ਹੋਈ ਜਾਂ ਨਾ ਹੋਈ, ਇਕ ਬਰੋਬਰ ਆਂ।" ਬੀਰੋ ਕਿਹੜੀ ਘੱਟ ਹੈ। ਉਹਦੀ ਜ਼ਬਾਨ 'ਤੇ ਪਹਿਲਾਂ ਹੀ ਜੁਆਬ ਪਿਆ ਹੁੰਦਾ, "ਦੀਦੀ, ਇਹ ਨਾ ਕਹੋ। ਦੱਸੋ ਮੈਂ ਕਦੇ ਫਰਕ ਕੀਤਾ। ਰੱਖੜੀਆਂ ਨੂੰ ਅਜੇ ਦੋ ਮਹੀਨੇ ਪਏ ਆ, ਮੈਂ ਤਾਂ ਤੁਹਾਡੇ ਦੋਹਾਂ ਭੈਣਾਂ ਲਈ ਸੂਟ ਖਰੀਦ ਰੱਖੇ। ਆਹ ਨਿਆਣਿਆਂ ਨੇ ਮੱਤ ਮਾਰ ਰੱਖੀ। ਇਹੀ ਪੇਸ਼ ਨ੍ਹੀਂ ਜਾਣ ਦਿੰਦੇ। ਜਿੰਨੇ ਵੱਡੇ ਹੋ ਗਏ ਓਨੇ ਹੀ ਸਤਾਉਣ ਲੱਗ ਪਏ। ਪੁੱਛ ਲਓ ਭਾਵੇਂ ਆਪਣੇ ਭਰਾ ਨੂੰ। ਮੈਂ ਤਾਂ ਕਿੰਨੇ ਦਿਨਾਂ ਦੀ ਕਹਿ ਰਹੀ ਆਂ ਕਿ ਚੱਲੋ ਦੀਦੀ ਨੂੰ ਮਿਲ ਕੇ ਆਈਏ। ਪਤਾ ਨ੍ਹੀਂ ਕਿਸ ਗੱਲੋਂ ਨਰਾਜ਼ ਆ।" ਜੀਤਾਂ ਵੀ ਉਸ ਨੂੰ ਅੱਗੋਂ ਬਗਲ ਲੈਂਦੀ, "ਮੇਰੇ ਕੋਲ ਆਉਣ ਦੀ ਕੀ ਲੋੜ ਆ। ਤੈਨੂੰ ਆਪਣੇ ਭੈਣ-ਭਰਾਵਾਂ ਵੱਲੋਂ ਵਿਹਲ ਮਿਲੇ ਤਾਂ ਮੇਰੇ ਵੱਲ ਆਵੇਂ। ਜੇ ਮੈਂ ਆਉਣਾ ਵੀ ਚਾਹਾਂ ਤਾਂ ਨਿਆਣੇ ਰੋਕ ਦਿੰਦੇ ਆ। 'ਲਓ ਮਾਮਾ ਤੇ ਮਾਮੀ ਤਾਂ ਆਉਂਦੇ ਨ੍ਹੀਂ, ਤੂੰ ਹੀ ਜਾਣ ਨੂੰ ਕਾਹਲੀ ਰਹਿੰਦੀ ਆਂ।' ਦੱਸ ਉਨ੍ਹਾਂ ਦੀ ਗੱਲ ਝੂਠ ਆ।" ਬੀਰੋ ਥੋੜ੍ਹਾ ਕੁ ਚਿਰ ਰੁਕ ਜਾਂਦੀ। ਕੋਈ ਹੋਰ ਗੱਲ ਲੱਭ ਲੈਂਦੀ। "ਤੁਹਾਡੀ ਨੂੰਹ ਹੈਗੀ ਘਰ ਬਾਰ ਸਾਂਭਣ ਵਾਲੀ। ਤੁਸੀਂ ਦੋ-ਚਾਰ ਦਿਨ ਕਿਤੇ ਵੀ ਰਹਿ ਆਓ। ਇਸ ਗੱਲ ਦਾ ਤਾਂ ਕੋਈ ਫਿਕਰ ਨ੍ਹੀਂ ਹੁੰਦਾ ਕਿ ਪਿੱਛੋਂ ਰੋਟੀ-ਪਾਣੀ ਕੌਣ ਪਕਾਊ।" ਇਸ ਗੱਲ ਦਾ ਜੀਤਾਂ ਕੋਲ ਕੋਈ ਜੁਆਬ ਨਾ ਹੁੰਦਾ। ਉਹ ਮੇਰੇ ਵੱਲ ਦੇਖ ਕੇ ਪਹਿਲਾਂ ਮੁਸਕਰਾਉਂਦੀ। ਫੇਰ ਹੱਥ 'ਤੇ ਹੱਥ ਮਾਰ ਕੇ ਤਾੜੀ ਮਾਰਦੀ, "ਦੇਖੀ ਫੇਰ ਨਨਾਣ-ਭਰਜਾਈ ਦੀ ਤੂੰ-ਤੂੰ, ਮੈਂ-ਮੈਂ। ਸਹੁੰ ਤੇਰੀ ਲੱਗੇ, ਜਦੋਂ ਤੂੰ ਮੇਰੀਆਂ ਗੱਲਾਂ ਦਾ ਜੁਆਬ ਦਿੰਦੀ ਆਂ ਤਾਂ ਇਕ ਵਾਰ ਰੂਹ ਰਾਜ਼ੀ ਹੋ ਜਾਂਦੀ। ਉਹ ਕਾਹਦੀ ਜਨਾਨੀ ਜਿਹੜੀ ਪਹਿਲੇ ਦਬਕੇ 'ਤੇ ਹੀ ਝਿਬ ਜਾਏ। ਅਸ਼ਕੇ ਜਾਵਾਂ ਤੇਰੇ ਬੀਰੋ ਰਾਣੀਏ। ਇਹ ਅਕਲ ਤਾਂ ਮੈਂ ਤੈਥੋਂ ਸਿੱਖੀ ਆ। ਜੇ ਤੂੰ ਮੇਰੇ ਵਰਗੀ ਬੁੱਧੂ ਹੁੰਦੀ ਤਾਂ ਤਲਵਿੰਦਰ ਕੋਲੋਂ ਕਿੱਥੇ ਇਹ ਘਰ ਚਲਾ ਹੋਣਾ ਸੀ।" ਉਹ ਉੱਠ ਕੇ ਬੀਰੋ ਨੂੰ ਜੱਫੀ ਪਾ ਲੈਂਦੀ, "ਮੇਰੀ ਇਕੋ ਇਕ ਛੋਟੀ ਭਰਜਾਈ ਬਿਲਕੁਲ ਭੱਠੇ ਦੀ ਇੱਟ ਵਰਗੀ।"

ਜੀਤਾਂ ਦੋ ਕੁ ਦਿਨ ਚਾਈਂ-ਚਾਈਂ ਲੰਘਾ ਦਿੰਦੀ। ਫੇਰ ਉਸ ਨੂੰ ਇਸ ਘਰ ਤੋਂ ਅਕੇਵਾਂ ਹੋਣ ਲੱਗਦਾ। ਉਹ ਆਪਣੇ ਆਪ ਨੂੰ ਫਾਲਤੂ ਸਮਝਣ ਲੱਗਦੀ। ਜੇ ਉਹ ਕਿਸੇ ਕੰਮ ਨੂੰ ਹੱਥ ਪਾਉਂਦੀ ਤਾਂ ਬੀਰੋ ਟੋਕ ਦਿੰਦੀ, "ਤੁਸੀਂ ਰਾਮ ਨਾ ਬੈਠੋ। ਘਰੇ ਵੀ ਕੰਮ ਕਰਦੇ ਆਏ ਹੋ। ਕੰਮ ਕਰਨ



ਨੂੰ ਮੈਂ ਹਾਂ। ਆਹ ਦੇਖੋ ਵਟਸਐਪ 'ਤੇ ਕਿਸੇ ਨੇ ਨੂੰਹ-ਸੱਸ ਦੀ ਲੜਾਈ ਦੀ ਵੀਡੀਓ ਪਾਈ ਆ। ਤੁਸੀਂ ਦੇਖ ਕੇ ਹੱਸ ਹੱਸ ਕੇ ਲੋਟ-ਪੋਟ ਹੋ ਜਾਓਗੇ। ਉਨੇ ਚਿਰ 'ਚ ਮੈਂ ਲੌਂਗ-ਲੈਚੀਆਂ ਵਾਲੀ ਚਾਹ ਬਣਾ ਕੇ ਲਿਆਈ।" ਚਾਹ ਜੀਤਾਂ ਦੀ ਬਹੁਤ ਵੱਡੀ ਕਮਜ਼ੋਰੀ ਹੈ। ਦਿਹਾੜੀ 'ਚ ਭਾਵੇਂ ਪੰਜਾਹ ਵਾਰ ਦੇ ਦਿਓ। ਜੇ ਤੁਲਸੀ ਦੇ ਪੱਤੇ, ਅਦਰਕ ਤੇ ਪੂਦਣਾ ਜਾਂ ਲੌਂਗ-ਲੈਚੀਆਂ ਪਾਈਆਂ ਹੋਣ ਤਾਂ ਉਹ ਖਿੜ ਉੱਠਦੀ। ਫੇਰ ਵੀ ਉਸ ਕੋਲੋਂ ਵਿਹਲਿਆਂ ਬੈਠਿਆਂ ਨਾ ਜਾਂਦਾ। ਉਹ ਅੰਦਰ-ਬਾਹਰ ਗੇੜੇ ਮਾਰਦੀ। ਦੇਖਦੀ ਉਸ ਗੋਚਰੇ ਕਿਹੜਾ ਕੰਮ ਕਰਨ ਵਾਲਾ ਹੈ। ਰਸੋਈ ਤੋਂ ਬਿਨਾਂ ਉਹ ਹਰ ਕਮਰੇ 'ਚ ਜਾਂਦੀ। ਬੈੱਡ ਦੀਆਂ ਚਾਦਰਾਂ ਝਾੜ ਕੇ ਵਿਛਾਉਂਦੀ। ਸੋਟੀ ਨਾਲ ਜਾਲੇ ਲਾਹੁੰਦੀ। ਚਗਾਠਾਂ ਦੇਖਦੀ ਕਿ ਕਿਤੇ ਸਿਉਂਕ ਤਾਂ ਨਹੀਂ ਲੱਗ ਗਈ। ਰੈਕ 'ਚ ਪਈਆਂ ਜੁੱਤੀਆਂ ਨੂੰ ਰੁੱਖ ਸਿਰ ਰੱਖਦੀ ਤੇ ਨਾਲ ਦੀ ਨਾਲ ਬੁੜ-ਬੁੜ ਕਰਦੀ ਰਹਿੰਦੀ, 'ਐਵੇਂ ਤਾਂ ਨ੍ਹੀਂ ਬੀਬੀ ਕਹਿੰਦੀ ਹੁੰਦੀ ਸੀ ਕਿ ਜਦੋਂ ਮੈਂ ਚੱਲੇ ਗਈ ਤੁਹਾਨੂੰ ਇਸ ਘਰ ਨੇ ਵੱਢ-ਵੱਢ ਖਾਣਾ। ਠੀਕ ਕਹਿੰਦੀ ਸੀ-ਹੁਣ ਮੇਰੀ ਵੱਢੀ ਰੂਹ ਨ੍ਹੀਂ ਲੱਗਦੀ ਇਸ ਘਰ 'ਚ। ਇੱਥੇ ਆਇਆਂ ਬਿਨਾਂ ਵੀ ਗੁਜਾਰਾ ਨ੍ਹੀਂ ਹੁੰਦਾ। ਪੇਕਿਆਂ ਦੇ ਘਰ ਤੋਂ ਵੀ ਕੋਈ ਵੱਡਾ ਟਿਕਾਣਾ ਹੋ ਸਕਦਾ?' ਫੇਰ ਆਪਣੇ ਆਪ ਨੂੰ ਜੁਆਬ ਦਿੰਦੀ, 'ਮੈਂ ਜਦੋਂ ਵਿਆਹੀ ਨ੍ਹੀਂ ਸੀ ਇਸ ਘਰ ਦੀ ਕੱਲੀ-ਕੱਲੀ ਚੀਜ਼ ਦਾ ਪਤਾ ਹੁੰਦਾ ਸੀ ਕਿ ਕਿੱਥੇ ਪਈ ਆ। ਭਾਵੇਂ ਕੋਈ ਮੇਰੀਆਂ ਅੱਖਾਂ 'ਤੇ ਪੱਟੀ ਬੰਨ ਦੇਵੇ-ਮੈਂ ਫੇਰ ਵੀ ਲੱਭ ਲੈਂਦੀ ਸੀ। ਹੁਣ ਜਦੋਂ ਦੀ ਬੀਰੋ ਆਈ ਆ, ਇਹਦੀ ਰੱਖੀ ਚੀਜ਼ ਲੱਭਦੀ ਹੀ ਨ੍ਹੀਂ। ਲੈ-ਇੱਥੇ ਨਾਹੁਣ ਵਾਲਾ ਸਾਬਣ ਪਿਆ ਹੁੰਦਾ ਸੀ। ਹੁਣ ਇਹ ਇਕ ਥਾਂ ਮਿਲਦਾ ਹੀ ਨ੍ਹੀਂ। ਜਿੱਥੇ ਕਿਸੇ ਦਾ ਜੀਅ ਕਰਦਾ, ਨਹਾ ਕੇ ਸੁੱਟ ਜਾਂਦਾ। ਇਹੀ ਹਾਲ ਕੰਘੇ ਦਾ।'

ਘੁੰਮ ਘੁੰਮਾ ਕੇ ਉਸ ਦੀ ਨਜ਼ਰ ਆਪਣੇ ਬੈਗ 'ਤੇ ਚੱਲੇ ਜਾਂਦੀ। ਉਹਦਾ ਬੈਗ ਹਮੇਸ਼ਾ ਟੀਵੀ ਦੀ ਟਰਾਲੀ ਕੋਲ ਪਿਆ ਰਹਿੰਦਾ। ਜਿੱਥੇ ਉਸ ਆ ਕੇ ਰੱਖਿਆ ਹੁੰਦਾ, ਉੱਥੇ ਜਿਉਂ ਦਾ ਤਿਉਂ ਪਿਆ ਰਹਿੰਦਾ। ਇਕ ਇੰਚ ਵੀ ਇੱਧਰ ਤੋਂ ਉੱਧਰ ਨਾ ਹੁੰਦਾ। ਬੀਬੀ ਜਿਊਂਦੀ ਹੁੰਦੀ ਸੀ ਤਾਂ ਉਸ ਦਾ ਪਹਿਲਾ ਕੰਮ ਬੈਗ ਸੰਭਾਲਣਾ ਹੁੰਦਾ ਸੀ। ਉਹ ਉਸਦਾ ਬੈਗ ਤੇ ਪਰਸ ਅਲਮਾਰੀ 'ਚ ਰੱਖ ਕੇ ਜਿੰਦਰਾ ਮਾਰਦੀ। ਉਸ ਨੂੰ ਚਾਬੀ ਫੜਾ ਦਿੰਦੀ, "ਜਦੋਂ ਤੈਨੂੰ ਲੋੜ ਪਈ, ਆਪੇ ਖੋਲ੍ਹ ਕੇ ਕੱਢ ਲਈਂ।" ਉਹ ਅੱਗੋਂ ਪੁੱਛਦੀ, "ਆਪਣੇ ਘਰ 'ਚ ਕਾਹਦਾ ਜਿੰਦਰਾ? ਇੱਥੇ ਕਿਹੜਾ ਕੋਈ ਚੋਰ ਬੈਠਾ।" ਬੀਬੀ ਸਮਝਾਉਂਦੀ, "ਧੀਏ, ਗੱਲ ਚੋਰੀ ਦੀ ਨ੍ਹੀਂ ਹੁੰਦੀ, ਫਿਕਰ ਦੀ ਹੁੰਦੀ ਆ। ਜੇ ਪੇਕੇ ਆਈ ਕੁੜੀ ਦੀ ਇਕ ਵੀ ਚੀਜ਼ ਗੁਆਚ ਜਾਵੇ ਤਾਂ ਉਹਦੀ ਸੱਸ ਉਹਦਾ ਜਿਊਣਾ ਦੁੱਭਰ ਕਰ ਦਿੰਦੀ ਆ।"

ਬੀਰੋ ਉਸ ਦੀਆਂ ਰਮਜਾਂ ਸਮਝ ਜਾਂਦੀ। ਉਹਨੂੰ ਲੱਗਣ ਲੱਗਦਾ ਕਿ ਅੱਜ ਨਹੀਂ ਤਾਂ ਕੱਲ੍ਹ ਨੂੰ ਉਸ ਚੱਲੇ ਜਾਣਾ ਹੈ। ਉਹ ਪੁੱਛਦੀ, "ਤੁਹਾਡੇ ਭਰਾ ਨੂੰ ਮੱਕੀ ਦੀ ਰੋਟੀ ਬੜੀ ਪਸੰਦ ਆ। ਮੱਕੀ ਦਾ ਆਟਾ ਤੁਹਾਡੇ ਵੱਲ ਆ ਗਿਆ?"

"ਅਗਲੇ ਮਹੀਨੇ ਆਊ। ਲੈ ਮੈਂ ਤਾਂ ਭੁੱਲ ਹੀ ਗਈ। ਮੇਰੇ ਬੈਗ 'ਚ ਸੌਂਫ ਵਾਲਾ ਗੁੜ ਪਿਆ। ਮੇਰੀ ਇਕ ਸਹੇਲੀ ਆ। ਮੈਂ ਉਹਨੂੰ ਕਹਿ ਕੇ ਸੌਂਫ ਵਾਲਾ ਗੁੜ ਬਣਵਾਉਂਦੀ ਹੁੰਦੀ ਆਂ। ਤੂੰ ਵੀ ਰੋਟੀ ਖਾਣ ਤੋਂ ਬਾਅਦ ਭੋਰਾ ਕੁ ਮੂੰਹ 'ਚ ਪਾ ਲਿਆ ਕਰ। ਇਹਦੇ ਬੜੇ ਗੁਣ ਨੇ।"

"ਨਿਆਣੇ ਤਾਂ ਮਿੱਠੇ ਵੱਲ ਮੂੰਹ ਨ੍ਹੀਂ ਕਰਦੇ।"

"ਉਨ੍ਹਾਂ ਨੂੰ ਮੈਗੀਆਂ-ਸ਼ੈਗੀਆਂ ਵਰਗੀਆਂ ਚੀਜ਼ਾਂ ਦਾ ਭੁੱਸ ਜਿਉਂ ਪੈ ਗਿਆ।"

ਛੇਤੀ ਹੀ ਉਨ੍ਹਾਂ ਦੀਆਂ ਗੱਲਾਂ ਮੁੱਕ ਜਾਂਦੀਆਂ। ਉਹ ਬੀਰੋ ਨੂੰ ਕਹਿੰਦੀ, "ਕੁੜੇ ਸੈਲੇ ਨੰਬਰ ਮਿਲਾਈਂ ਤਾਂ ਪਿਛਲਿਆਂ ਦਾ ਹਾਲ-ਚਾਲ ਵੀ ਪੁੱਛ ਲਵਾਂ। ਨ੍ਹੀਂ ਤਾਂ ਵਹੁਟੀ ਨੇ ਕਹਿਣਾ-ਪੇਕਿਆਂ ਦੇ ਜਾ ਕੇ ਸਾਡਾ ਧਿਆਨ ਹੀ ਨ੍ਹੀਂ ਰਿਹਾ। ਫੇਰ ਗੋਨੀ ਵੀ ਕਹਿ ਦਿੰਦਾ- ਮੱਝ ਛੱਪੜ 'ਚ ਵੜੀ ਨ੍ਹੀਂ ਨਿਕਲਦੀ। ਜਨਾਨੀ ਪੇਕਿਆਂ ਤੋਂ ਨ੍ਹੀਂ ਛੇਤੀ ਮੁੜਦੀ। ਮੈਂ ਵੀ ਕੀ ਕਰਾਂ! ਜੇ ਤਲਵਿੰਦਰ ਨੂੰ ਮਹੀਨੇ ਕੁ ਬਾਅਦ ਦੇਖ ਤੇ ਮਿਲ ਨਾ ਲਵਾਂ ਮਨ ਹੋਰੂ-ਹੋਰੂ ਹੁੰਦਾ ਰਹਿੰਦਾ।"

"ਤੁਹਾਡਾ ਭੈਣ-ਭਰਾ ਦਾ ਪਿਆਰ ਵੀ ਬੜਾ। ਇਹ ਤੁਹਾਨੂੰ ਬਹੁਤ ਪਿਆਰ ਤੇ ਇੱਜ਼ਤ ਕਰਦੇ ਨੇ।"

"ਮਾਂ ਜਾਇਆ ਭਰਾ ਕਿਤੇ ਮਿਲਦਾ। ਦੇਖ ਵਿਚਾਰਾ ਮੇਰੇ ਕਰਕੇ ਡਰਾਇੰਗ ਰੂਮ 'ਚ ਸੌਂਦਾ। ਮੈਨੂੰ ਤੇਰੇ ਕੋਲ ਸੌਣਾ ਪੈਂਦਾ। ਮੁੰਡੇ ਤਾਂ ਐਨੇ ਬੇਖੁਠੜੇ ਆ ਕਿ ਦੋ ਜਣੇ ਇਕ ਕਮਰੇ 'ਚ ਨ੍ਹੀਂ ਸੌਂ ਸਕਦੇ। ਅੱਜ ਮੈਂ ਡਰਾਇੰਗ ਰੂਮ 'ਚ ਸੌਊਂਗੀ। ਤੁਸੀਂ ਮੀਆਂ-ਬੀਵੀ ਆਪਣੇ ਕਮਰੇ 'ਚ ਸੌਂਏਉਂ।"

"ਮੈਂ ਤਾਂ ਕਈ ਵਾਰ ਇਨ੍ਹਾਂ ਨੂੰ ਕਿਹਾ ਕਿ ਉੱਪਰ ਦੋ ਕਮਰੇ ਬਣਾ ਲਓ। ਆਇਆਂ ਗਿਆਂ ਤੇ ਔਖ ਹੁੰਦੀ। ਇਕ ਵਾਰ ਮੇਰੇ ਦੋਵੇਂ ਭਰਾ ਤੇ ਉਨ੍ਹਾਂ ਦੇ ਪਰਿਵਾਰ ਆ ਗਏ। ਸਿਆਲ ਮਹੀਨਾ। ਵਿਚਾਰੇ ਫਰਸ਼ 'ਤੇ ਤਲਾਈਆਂ ਸੁੱਟ ਕੇ ਸੁੱਤੇ।... ਕੀ ਕਰੀਏ ਬੱਚੇ ਵੱਡੇ ਹੋ ਗਏ। ਖਰਚੇ ਵੱਧ ਗਏ।"

"ਕੋਈ ਨਾ ਮੈਂ ਗੋਨੀ ਨੂੰ ਕਹੂੰਗੀ ਕਿ ਆਪਣੇ ਮਾਮੇ ਦੀ ਮਦਦ ਕਰੇ। ਸੁਖ ਨਾਲ ਵਾਹਵਾ ਕਮਾਈ ਆ। ਜੇ ਕਿਤੇ ਉਹ ਜਿਊਂਦੇ ਹੁੰਦੇ ਤਾਂ ਤੈਨੂੰ ਕਹਿਣ ਦੀ ਲੋੜ ਹੀ ਨ੍ਹੀਂ ਪੈਣੀ ਸੀ।"

"ਅਸੀਂ ਧੀਆਂ ਕੋਲੋਂ ਪੈਸੇ ਲੈਂਦੇ ਚੰਗੇ ਲੱਗਦੇ ਆਂ। ਰੱਬ ਉਨ੍ਹਾਂ ਨੂੰ ਬਹੁਤਾ ਦੇਵੇ। ਕਮਾਈਆਂ 'ਚ ਬਰਕਤ ਪਾਵੇ।"

"ਭਾਜੀ ਵਰਗਾ ਕਿਹਨੇ ਹੋਣਾ।" ਬੀਰੋ ਕੁਝ ਪਲ ਰੁਕ ਕੇ ਫੇਰ ਕਹਿੰਦੀ।

"ਐਵੇਂ ਤਾਂ ਨ੍ਹੀਂ ਸਿਆਣਿਆਂ ਨੇ ਘਰਵਾਲੇ ਨੂੰ ਸਿਰ ਦਾ ਸਾਈਂ ਕਿਹਾ। ਜਿਹੜੀ ਮੌਜ ਆਪਣੇ ਖਸਮ ਦੇ ਸਿਰ 'ਤੇ ਹੁੰਦੀ ਆ, ਉਹ ਪੁੱਤਾਂ ਦੇ ਸਿਰ 'ਤੇ ਨ੍ਹੀਂ ਹੋ ਸਕਦੀ।"

"ਦੀਦੀ ਇਹ ਗੱਲ ਸੌ ਪਰਸੈਂਟ ਠੀਕ ਆ। ਮੇਰੀ ਵੱਡੀ ਭੈਣ ਦਾ ਮੁੰਡਾ ਇੰਗਲੈਂਡ ਰਹਿੰਦਾ। ਬਹੂ ਨੂੰ ਬਾਲ-ਬੱਚਾ ਹੋਣ ਵਾਲਾ ਸੀ। ਮੁੰਡੇ ਨੇ ਆਪਣੀ ਮਾਂ ਦੇ ਪੇਪਰ ਭੇਜ ਦਿੱਤੇ ਕਿ ਛੇ ਮਹੀਨੇ ਆ ਕੇ ਰਹਿ ਜਾਏ। ਭੈਣ ਨੂੰ ਤਾਂ ਚਾਅ ਚੜ੍ਹ ਗਿਆ। ਦੂਹਰੀ ਖੁਸ਼ੀ। ਇਕ ਇੰਗਲੈਂਡ ਜਾਣ ਦੀ ਤੇ ਦੂਜੀ ਦਾਦੀ ਮਾਂ ਬਣਨ ਦੀ। ਜੀਜੇ ਨੇ ਭੈਣ ਨੂੰ ਸਮਝਾਇਆ, 'ਦੇਖ ਇੱਥੇ ਵਰਗੀ ਮੌਜ ਉੱਥੇ ਜਾ ਕੇ ਨਾ ਭਾਲੀਂ। ਇੱਥੇ ਤੂੰ ਰੋਹਬ ਨਾਲ ਮੈਥੋਂ ਪੈਸੇ ਲੈਂਦੀ ਆਂ। ਉੱਥੇ ਤੇਰੇ ਪੁੱਤ ਤੇ ਨੂੰਹ ਦਾ ਘਰ ਹੋਣਾ। ਤੈਨੂੰ ਉਨ੍ਹਾਂ ਅਨੁਸਾਰ ਰਹਿਣਾ ਪੈਣਾ।' ਜੀਜੇ ਦੀ ਗੱਲ ਸੋਲ੍ਹਾਂ ਆਨੇ ਸੱਚੀ ਨਿਕਲੀ। ਵਾਪਸ ਆ ਕੇ ਭੈਣ ਬਾੜ-ਬਾੜ ਰੋਵੇ।"

ਉਹ ਬੀਰੋ ਕੋਲੋਂ ਆਂਢ-ਗੁਆਂਢ ਬਾਰੇ ਪੁੱਛਦੀ। ਬੀਰੋ ਕਹਿੰਦੀ, "ਦੀਦੀ, ਆਂਢ-ਗੁਆਂਢ 'ਚ ਮੈਂ ਕਦੇ ਗਈ ਹੀ ਨ੍ਹੀਂ। ਜੇ ਕਦੇ ਲੋੜ ਪਵੇ ਤਾਂ ਫੋਨ ਕਰ ਲਈਦਾ।"

"ਚਾਚੀ ਸੱਤਿਆ ਨ੍ਹੀਂ ਕਦੇ ਮਿਲੀ?"



"ਕਿਹੜੀ ਚਾਚੀ?"

"ਔਹ ਨਿੰਮ ਵਾਲਿਆਂ ਦੀ ਬੁੜੀ।"

"ਆਪਣੇ ਮੁਹੱਲੇ 'ਚ ਤਾਂ ਕਿਸੇ ਦੇ ਕੋਈ ਰੁੱਖ ਹੀ ਨ੍ਹੀਂ ਹੈਗਾ।"

'ਹੋਟ ਫਿੱਟੇ ਮੂੰਹ। ਮੈਂ ਤੈਨੂੰ ਕਿੱਦਾਂ ਸਮਝਾਵਾਂ।"

ਫੇਰ ਦੋਵੇਂ ਚੁੱਪ ਕਰ ਜਾਂਦੀਆਂ।

ਮੈਂ ਦਫਤਰੋਂ ਆਉਂਦਾ ਤਾਂ ਉਹਨੂੰ ਚਾਅ ਜਿਹਾ ਚੜ੍ਹ ਜਾਂਦਾ। ਪੁੱਛਦੀ, "ਤੂੰ ਲੇਟ ਕਿਉਂ ਹੋ ਗਿਆਂ?"

"ਨ੍ਹੀਂ ਤਾਂ। ਮੈਂ ਇਸੇ ਵੇਲੇ ਆਉਂਦਾ ਹੁਣਾਂ। ਤੈਨੂੰ ਐਵੇਂ ਭੁਲੇਖਾ ਪਿਆ। ਮੈਂ ਤਾਂ ਅੱਧਾ ਘੰਟਾ ਪਹਿਲਾਂ ਹੀ ਦਫਤਰੋਂ ਨਿਕਲ ਆਇਆ ਸੀ। ਤੇਰੇ ਲਈ ਰੈਣਕ ਬਾਜ਼ਾਰੋਂ ਚਾਟ ਲਿਆਉਣਾ ਸੀ ਨਾ।" ਮੈਂ ਰਸੋਈ 'ਚ ਜਾਂਦਾ। ਪਲੇਟਾਂ 'ਚ ਚਾਟ ਪਾ ਕੇ ਉਸ ਕੋਲ ਆ ਬੈਠਦਾ। ਖਾਂਦੀ-ਖਾਂਦੀ ਉਹ ਮੇਰੇ ਵੱਲ ਵਾਰ-ਵਾਰ ਦੇਖਦੀ ਤੇ ਕਹਿੰਦੀ, "ਹੁਣ ਇਹ ਘਰ ਪਹਿਲਾਂ ਜਿਹਾ ਨ੍ਹੀਂ ਰਿਹਾ।"

"ਮੈਂ ਤੇਰੀ ਗੱਲ ਨ੍ਹੀਂ ਸਮਝਿਆ?" ਮੈਂ ਜਾਣਦਿਆਂ ਹੋਇਆਂ ਵੀ ਪੁੱਛ ਲੈਂਦਾ।

"ਬੀਬੀ ਜਿਊਂਦੀ ਸੀ ਤਾਂ ਇਹ ਘਰ ਆਪਣਾ-ਆਪਣਾ ਲੱਗਦਾ ਸੀ। ਹੁਣ ਓਪਰਾ-ਓਪਰਾ ਲੱਗਦਾ। ਤੂੰ ਕੱਲ੍ਹ ਨੂੰ ਦਫਤਰ ਜਾਣ ਲੱਗਾ ਮੈਨੂੰ ਹੁਸ਼ਿਆਰਪੁਰ ਵਾਲੀ ਬੱਸੇ ਚੜ੍ਹਾ ਦਈਂ। ਤੈਨੂੰ ਮਿਲਣਾ ਸੀ- ਮਿਲ ਲਿਆ। ਹੋਰ ਇੱਥੇ ਮੇਰਾ ਕੌਣ ਆ।"

"ਲੈ ਤਾਂ ਇਹ ਕੀ ਗੱਲ ਹੋਈ। ਬੀਰੋ ਆ। ਨਿਆਣੇ ਆ।"

"ਕਿਸੇ ਕੋਲ ਮੇਰੇ ਕੋਲ ਬੈਠਣ ਦਾ ਟਾਈਮ ਹੀ ਨ੍ਹੀਂ। ਕੱਲ੍ਹ ਮੈਂ ਸਤੀਸ਼ ਨੂੰ ਕਿਹਾ ਕਿ ਮੈਨੂੰ ਖੱਟੀਆਂ-ਮਿੱਠੀਆਂ ਗੋਲੀਆਂ ਲਿਆ ਦੇ। ਉਹਨੇ ਮੇਰੀ ਗੱਲ ਹੀ ਨ੍ਹੀਂ ਸੁਣੀ। ਇਹੀ ਕਹੀ ਗਿਆ ਡੈਡੀ ਨੂੰ ਫੋਨ ਕਰ ਦਿਓ। ਆਉਣ ਲੱਗੇ ਫੜ ਲੈ ਆਉਣ।"

"ਨਿਆਣਿਆਂ ਦੀ ਆਪਣੀ ਦੁਨੀਆਂ ਆ। ਉਹ ਪੜ੍ਹਾਈ 'ਚ ਰੁਝੇ ਰਹਿੰਦੇ ਜਾਂ ਮੋਬਾਇਲ 'ਤੇ।"

"ਫੇਰ ਮੈਂ ਕਾਸ ਲਈ ਇੱਥੇ ਰਹਿਣਾ?"

"ਤਿੰਨ ਦਿਨ ਹੋਰ ਠਹਿਰ ਜਾ। ਮਾਮੇ ਕੋਲ ਬਿਲਗੇ ਚਲਾਂਗੇ। ਤੇਰੇ ਬਹਾਨੇ ਮੈਂ ਵੀ ਜਾ ਆਊਂਗਾ।"

"ਕੀ ਕਰਨ ਜਾਣਾ ਮਾਮੇ ਕੋਲ? ਨਾ ਕਦੇ ਉਸ ਫੋਨ ਕੀਤਾ। ਨਾ ਮਿਲਣ ਆਇਆ। ਨਾ ਕਦੇ ਕੋਈ ਸੁਖ-ਸੁਨੇਹਾ।"

"ਉਹਦੀ ਉਮਰ ਜ਼ਿਆਦਾ ਹੋ ਗਈ।"

"ਐਨੀ ਵੀ ਨ੍ਹੀਂ ਹੋਈ ਕਿ ਬੰਦਾ ਮਿਲਣੋਂ-ਗਿਲਣੋਂ ਵੀ ਜਾਵੇ।"

ਬੀਰੋ ਚਾਹ ਲੈ ਆਉਂਦੀ। ਮੈਂ ਉਹਨੂੰ ਦੱਸਦਾ, "ਜੀਤਾਂ ਕਹਿੰਦੀ ਆ ਕਿ ਮੈਨੂੰ ਸਵੇਰੇ ਬੱਸੇ ਚੜ੍ਹਾ ਦੇ।"

"ਇਨ੍ਹਾਂ ਨੂੰ ਕਾਹਦੀ ਕਾਹਲੀ ਪਈ ਆ। ਹੁਣ ਆਏ ਤਾਂ ਚਾਰ ਦਿਨ ਰਹਿ ਲੈਂਦੇ। ਘਰ 'ਚੋਂ ਮਸਾਂ-ਮਸਾਂ ਨਿਕਲਿਆ ਜਾਂਦਾ। ਇਨ੍ਹਾਂ ਦੇ ਆਉਣ ਨਾਲ ਤਾਂ ਘਰੇ ਰੌਣਕ ਆ ਜਾਂਦੀ ਆ। ਮੇਰਾ ਵੀ ਜੀਅ ਲੱਗਾ ਰਹਿੰਦਾ। ਨ੍ਹੀਂ ਤਾਂ ਕੱਲੀ ਬੈਠੀ ਮੋਬਾਇਲ ਨਾਲ ਮੱਥਾ ਮਾਰਦੀ ਰਹਿੰਦੀ। ਨਾ

ਦੀਦੀ, ਨਾ। ਮੈਂ ਤੁਹਾਨੂੰ ਪੰਦਰ੍ਹਾਂ ਦਿਨਾਂ ਤੋਂ ਪਹਿਲਾਂ ਨ੍ਹੀਂ ਜਾਣ ਦੇਣਾ। ਮੈਥੋਂ ਭਾਵੇਂ ਸੌ ਮਿੰਨਤਾਂ ਕਰਾ ਲਓ। ਤੁਸੀਂ ਪ੍ਰਾਹੁਣਿਆਂ ਵਾਂਗੂ ਨਾ ਆਇਆ ਕਰੋ। ਇਹ ਤਾਂ ਤੁਹਾਡਾ ਆਪਣਾ ਘਰ ਆ...।"

"ਨ੍ਹੀਂ ਭਾਈ, ਮੈਂ ਤਾਂ ਸੁਬ੍ਹਾ ਜਾਊਂਗੀ ਹੀ ਜਾਊਂਗੀ। ਮੇਰੀ ਵੱਡੀ ਪੋਤੀ ਰੇਣੂ ਉਦਾਸ ਹੋਈ ਹੋਣੀ ਆ। ਉਹਨੂੰ ਤਾਂ ਮੇਰੇ ਬਿਨਾਂ ਨੀਂਦ ਹੀ ਨ੍ਹੀਂ ਆਉਣੀ। ਹੁਣ ਮੈਂ ਮਿਲ ਚੱਲੀ ਆਂ ਹਾਂ, ਤੂੰ ਦੱਸ ਕਦੋਂ ਆਵੇਂਗਾ?"

"ਜਦੋਂ ਤੂੰ 'ਵਾਜ਼ ਮਾਰੀ-ਮੈਂ ਦੌੜਿਆ ਆਉਣਾ।"

"ਝੂਠਾ ਕਿਸੇ ਥਾਂ ਦਾ। ਪੰਜਾਹ ਵਾਰ ਫੋਨ ਕਰਾਂ ਤਾਂ ਇਕ ਵਾਰ ਆਉਂਦਾਂ।"

"ਬਿਨਾਂ ਕੰਮ ਤੋਂ ਆਇਆ ਨ੍ਹੀਂ ਜਾਂਦਾ।"

"ਫੇਰ ਮੈਂ ਹੀ ਵਿਹਲੀ ਆਂ।"

"ਇਹ ਤਾਂ ਤੇਰਾ ਆਪਣਾ ਘਰ ਆ। ਜਦੋਂ ਮਰਜ਼ੀ ਆ। ਤੈਨੂੰ ਕੌਣ ਰੋਕਣ-ਟੋਕਣ ਵਾਲਾ।"

"ਤੇ ਤੈਨੂੰ ਉੱਥੇ ਗਏ ਨੂੰ ਦਰਵਾਜ਼ਾ ਬੰਦ ਮਿਲਦਾ।"

ਬੀਰੋ ਮੈਨੂੰ ਬੁੱਲ੍ਹਾਂ 'ਤੇ ਉਂਗਲ ਰੱਖ ਕੇ ਚੁੱਪ ਰਹਿਣ ਦਾ ਇਸ਼ਾਰਾ ਕਰਦੀ। ਪਰ ਮੈਥੋਂ ਬਹੁਤ ਚਿਰ ਚੁੱਪ ਨਾ ਰਿਹਾ ਜਾਂਦਾ। ਮੈਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਜੇ ਮੈਂ ਉਹਨੂੰ ਗੱਲੀਂ ਨਾ ਲਾਇਆ ਤਾਂ ਉਸ ਦਾ ਮਨ ਬੇਚੈਨ ਰਹਿਣਾ। ਮੈਂ ਕਹਿੰਦਾ, "ਜੇ ਤੂੰ ਤਿੰਨ ਦਿਨ ਹੋਰ ਰਹਿ ਲਵੇਂ ਤਾਂ ਮੈਂ ਤੈਨੂੰ ਆਪ ਛੱਡ ਕੇ ਆਵਾਂਗਾ। ਸ਼ਨੀਵਾਰ ਸ਼ਾਮ ਨੂੰ ਚੱਲਾਂਗੇ। ਮੈਂ ਐਤਵਾਰ ਨੂੰ ਮੁੜ ਆਊਂਗਾ।" ਉਹ ਸੋਚੀਂ ਪੈ ਜਾਂਦੀ। ਫੇਰ ਕਹਿੰਦੀ, "ਚੱਲ ਠੀਕ ਆ। ਜੇ ਮੁੱਕਰ ਗਿਆ ਤਾਂ ਮੈਂ ਜੁੱਤੀ ਲਾਹ ਕੇ ਮਾਰਣੀ ਆ।" ਮੈਂ ਕਹਿੰਦਾ, "ਠੀਕ।" ਇਹ ਜੁੱਤੀ ਮਾਰਣਾ ਉਸ ਦਾ ਆਖਿਰੀ ਹਥਿਆਰ ਹੁੰਦਾ। ਪਰ ਉਸ ਮੇਰੇ ਜੁੱਤੀ ਤਾਂ ਕੀ ਮਾਰਨੀ ਹੈ, ਕਦੇ ਗਾਲ੍ਹ ਵੀ ਨਹੀਂ ਕੱਢੀ। ਨਾ ਹੀ ਕਦੇ ਮਿਹਣਾ ਮਾਰਿਆ। ਮੈਂ ਉੱਠ ਕੇ ਨਹਾਉਣ ਚੱਲਿਆ ਜਾਂਦਾ। ਉਹ ਆਪਣੇ ਬੈਗ 'ਚੋਂ ਕੱਪੜੇ ਕੱਢਣ ਲੱਗ ਜਾਂਦੀ। ਫੇਰ ਪਾਉਣ ਲੱਗ ਪੈਂਦੀ। ਮੇਰੇ ਵਾਪਸ ਮੁੜਦੇ ਤਕ ਉਹ ਉੱਥੇ ਹੀ ਬੈਠੀ ਰਹਿੰਦੀ। ਮੈਂ ਐਲ. ਸੀ. ਡੀ. ਤੇ ਪੈਨ-ਡਰਾਇਵ ਲਾਉਣ ਲੱਗਦਾ ਤਾਂ ਉਹ ਕਹਿੰਦੀ, "ਨ੍ਹੀਂ, ਹੁਣ ਮੈਥੋਂ ਹੋਰ ਰਿਹਾ ਨ੍ਹੀਂ ਜਾਂਦਾ। ਮੈਂ ਚੱਲੇ ਜਾਣਾ।"

* * *

ਮੈਂ ਅਣਮੰਨੇ ਮਨ ਨਾਲ ਸੈਲੇ ਜਾਂਦਾ ਹਾਂ। ਬਹੁਤੀਆਂ ਗੱਲਾਂ ਟੈਲੀਫੋਨ 'ਤੇ ਹੀ ਹੋ ਜਾਂਦੀਆਂ ਹਨ। ਜੀਤਾਂ ਵੀ ਆਪਣਾ ਆਖਿਰੀ ਬਾਣ ਚਲਾ ਹੀ ਦਿੰਦੀ ਹੈ, "ਜੇ ਤੂੰ ਆਵੇਂਗਾ ਤਾਂ ਕਿਸੇ ਨੂੰ ਪਤਾ ਚੱਲੂ ਮੇਰੇ ਪਿੱਛੇ ਵੀ ਕੋਈ ਹੈ।"

ਬੱਸ ਸਟੈਂਡ 'ਤੇ ਉੱਤਰ ਕੇ ਗੋਨੀ ਦੀ ਦੁਕਾਨ 'ਤੇ ਜਾਨਾਂ। ਉਹ ਅਕਸਰ ਆਪਣੇ ਗ੍ਰਾਹਕਾਂ 'ਚ ਰੁਝਿਆ ਹੁੰਦਾ ਜਾਂ ਉਸ ਦਾ ਬਹੁਤਾ ਧਿਆਨ ਟੀਵੀ 'ਤੇ ਆਉਂਦੇ ਸ਼ੇਅਰ ਮਾਰਕੀਟ ਦੇ ਭਾਅ ਵੱਲ ਹੁੰਦਾ। ਜੇ ਉਸ ਕੋਲ ਗ੍ਰਾਹਕ ਬੈਠਾ ਹੁੰਦਾ ਤਾਂ ਉਹ ਦੂਰੋਂ ਹੀ ਮੈਨੂੰ ਪੈਰੀ ਪੈਣਾ ਕਹਿ ਦਿੰਦਾ। ਟੈਲੀਫੂਨ ਕਰਕੇ ਠੰਢਾ ਜਾਂ ਚਾਹ ਮੰਗਾ ਲੈਂਦਾ। ਜੇ ਕੋਈ ਗ੍ਰਾਹਕ ਨਾ ਹੁੰਦਾ ਤਾਂ ਉਸਦਾ ਧਿਆਨ ਸ਼ੇਅਰ ਮਾਰਕੀਟ 'ਚ ਲੱਗਾ ਰਹਿੰਦਾ। ਜਾਂ ਮੋਬਾਇਲ 'ਤੇ ਉਂਗਲ ਘੁੰਮਾਉਂਦਾ। ਬਸ ਇੰਨਾ ਕੁ ਕਹਿੰਦਾ, "ਮਾਮਾ ਜੀ, ਐਸ ਵਾਰ ਬਹੁਤ ਚਿਰ ਬਾਅਦ ਆਏਂ।" ਮੈਂ ਉਸ ਦੇ ਕੰਮਕਾਰ ਬਾਰੇ ਦੋ-ਚਾਰ ਰਸਮੀਂ ਜਿਹੀਆਂ ਗੱਲਾਂ ਪੁੱਛਦਾ। ਮੈਨੂੰ ਲੱਗਦਾ ਕਿ ਹੁਣ ਇੱਥੇ ਬੈਠਣਾ ਫਜ਼ੂਲ ਹੈ। ਘਰ ਜਾਣ 'ਚ ਹੀ ਬੇਹਤਰੀ ਹੈ। ਫੇਰ ਉਸ ਦਾ ਕੰਮ ਹੀ ਅਜਿਹਾ ਹੈ ਕਿ ਨਾ ਤਾਂ ਉਹ ਦੁਕਾਨ ਸੁੰਨੀ ਛੱਡ ਸਕਦਾ ਹੈ। ਨਾ ਹੀ ਬੇਧਿਆਨਾ ਹੋ ਸਕਦਾ ਹੈ। ਬੇਧਿਆਨਾ ਹੋਇਆ ਨਹੀਂ ਕਿ ਵੀਹ ਪੰਜਾਹ ਹਜ਼ਾਰ ਦਾ ਨੁਕਸਾਨ ਹੋਇਆ ਲਓ। ਇਕ ਦਿਨ ਉਸ ਦੱਸਿਆ ਵੀ ਸੀ, "ਲੋਕੀ ਕਹਿੰਦੇ ਆ ਕਿ ਸੁਨਿਆਰੇ ਬੇਈਮਾਨ ਹੁੰਦੇ ਆ। ਮਾਮਾ ਜੀ, ਇਹ ਤਾਂ ਕੋਈ ਮੈਨੂੰ ਪੁੱਛ ਕੇ ਦੇਖੇ-ਜਨਾਨੀਆਂ ਕਿੰਨੀਆਂ ਚਲਾਕੀਆਂ ਕਰਦੀਆਂ। ਇਕ ਵਾਰ ਧਿਆਨ ਦੂਜੇ ਪਾਸੇ ਕਰ ਲਓ ਤਾਂ ਕੂੰਡਾ ਹੋ ਗਿਆ ਲਓ। ਹੁਣ ਮੈਂ ਦੁਕਾਨ 'ਚ ਕੈਮਰੇ ਲਵਾਏ ਆ। ਪਰ ਕੈਮਰਾ ਤਾਂ ਬੰਦਾ ਉਦੋਂ ਦੇਖੂ ਜਦੋਂ ਸ਼ੱਕ ਹੋਊ। ਜਦੋਂ ਨੂੰ ਅਗਲੀ ਕਿਤੇ ਦੀ ਕਿਤੇ ਚੱਲੀ ਜਾਂਦੀ ਆ।" "ਆਹ ਤੁਹਾਡੇ ਕਸਬੇ 'ਚ ਮੋਬਾਇਲਾਂ ਦੀਆਂ ਬੜੀਆਂ ਦੁਕਾਨਾਂ ਖੁੱਲ੍ਹ ਗਈਆਂ। ਜਲੰਧਰ ਵਾਂਗੂ ਦਸਾਂ ਦੁਕਾਨਾਂ ਮਗਰੋਂ ਮੋਬਾਇਲ ਦੀ ਦੁਕਾਨ ਆ ਜਾਂਦੀ।" ਮੈਂ ਉਸ ਨੂੰ ਪੁੱਛਦਾ। ਉਹ ਕਹਿੰਦਾ, "ਮਾਮਾ ਜੀ, ਕਿਸੇ ਦੀ ਜੇਬ 'ਚ ਭਾਵੇਂ ਪੰਜਾਹ ਰੁਪਈਏ ਨਾ ਹੋਣ, ਹੱਥ 'ਚ ਦਸ ਪੰਦਰ੍ਹਾਂ ਹਜ਼ਾਰ ਦਾ ਮੋਬਾਇਲ ਅਵੱਸ਼ ਹੁੰਦਾ। ਮੈਂ ਤਾਂ ਆਪ ਸੋਚਦਾਂ ਕਿ ਇਕ-ਦੋ ਬੰਦੇ ਰੱਖ ਕੇ ਇਕ ਮੋਬਾਇਲ ਦਾ ਸ਼ੋਅ-ਰੂਮ ਖੋਲ੍ਹ ਦਵਾਂ। ਬੜੀ ਕਮਾਈ ਆ ਇਸ ਕੰਮ 'ਚ।"

ਘਰ ਵੱਲ ਜਾਂਦਿਆਂ ਹੋਇਆਂ ਮੈਨੂੰ ਗਿਆਨ ਵਾਰ-ਵਾਰ ਯਾਦ ਆਉਂਦਾ। ਦੁਕਾਨ ਤਾਂ ਉਹ ਵੀ ਕਰਦਾ ਹੁੰਦਾ ਸੀ। ਮੈਂ ਜਾਂਦਾ ਤਾਂ ਉਹਨੂੰ ਚਾਅ ਚੜ੍ਹ ਜਾਂਦਾ, "ਜੇ ਤੂੰ ਇਸ ਹਫਤੇ ਨਾ ਆਉਂਦਾ ਤਾਂ ਮੈਂ ਤੇਰੇ ਨਾਲ ਲੜਨਾ ਸੀ। ਮੈਂ ਤਾਂ ਹੋਇਆ ਕੰਮਕਾਰ ਵਾਲਾ। ਮੈਨੂੰ ਦੱਸ-ਤੂੰ ਕਿਹੜੇ ਕੰਮਾਂ 'ਚ ਫਸਿਆਂ?" ਮੈਂ ਦੁਕਾਨ 'ਚ ਆ ਕੇ ਬੈਠਦਾ ਤਾਂ ਉਹ ਆਪ ਚਾਹ ਬਣਵਾ ਕੇ ਲਿਆਉਂਦਾ। ਨਾਲ ਹੀ ਕੋਈ ਨਾ ਕੋਈ ਚੀਜ਼ ਖਾਣ ਨੂੰ ਫੜੀ ਲਿਆਉਂਦਾ। ਮੈਂ ਘਰ ਗੇੜਾ ਮਾਰ ਕੇ ਫੇਰ ਦੁਕਾਨੇ ਆ ਬੈਠਦਾ। ਉਹ ਆਪਣਾ ਕੰਮ ਵੀ ਕਰੀ ਜਾਂਦਾ। ਕੋਈ ਨਾ ਕੋਈ ਗੱਲ ਛੇੜੀ ਰੱਖਦਾ। ਗੱਲਾਂ ਦੀ ਲੜੀ ਮੁੱਕਣ ਨਾ ਦਿੰਦਾ। ਜੇ ਕੋਈ ਕੋਲ ਬੈਠਾ ਹੁੰਦਾ ਤਾਂ ਉਹ ਕਹਿੰਦਾ, "ਯਾਰ, ਆਹ ਤਲਵਿੰਦਰ ਦਾ ਜੀਅ ਲਾਈ ਰੱਖ। ਮੈਂ ਆਹ ਹੱਥ ਵਿਚਲਾ ਕੰਮ ਨਬੇੜ ਲਵਾਂ।" ਜੇ ਵਿਹਲਾ ਹੁੰਦਾ ਤਾਂ ਅਸੀਂ ਤਾਸ਼ ਦੀ ਬਾਜ਼ੀ ਲਾਉਂਦੇ। ਉਹ ਤਾਸ਼ ਖੇਡਣ ਦਾ ਬਹੁਤ ਸ਼ੌਕੀਨ ਸੀ। ਰਾਤ ਨੂੰ ਵੇਲੇ ਸਿਰ ਦੁਕਾਨ ਬੰਦ ਕਰਦਾ। ਅੱਧੀਆ ਫੜ ਲਿਆਉਂਦਾ। ਨਾਲ ਹੀ ਫਰਾਈ ਕੀਤੀ ਹੋਈ ਮੱਛੀ। ਜੀਤਾਂ ਉਹਨੂੰ ਰੋਕਦੀ, "ਤੁਸੀਂ ਆਪ ਤਾਂ ਆਪਣਾ ਭੁੱਸ ਪੂਰਾ ਕਰਨਾ ਹੁੰਦਾ-ਹੁਣ ਇਹਨੂੰ ਵੀ ਆਪਣੇ ਵਰਗਾ ਬਣਾਉਣਾ।" ਉਸ ਦਾ ਅੱਗੋਂ ਜੁਆਬ ਹੁੰਦਾ, "ਮੈਂ ਕਿਹੜਾ ਰੋਜ਼ ਪੀਣਾਂ। ਇਹ ਤਾਂ ਇਹਦੇ ਆਏ 'ਤੇ ਨੁਕਲ ਪਾਨੀ ਕਰੀਦਾ। ਚਾਹ ਪੀ ਕੇ ਗੱਲਾਂ ਮੁੱਕ ਜਾਂਦੀਆਂ। ਗਲਾਸੀ ਪੀਤੀ ਹੋਵੇ ਤਾਂ ਗੱਲਾਂ ਦੀ ਲੜੀ ਚੱਲਦੀ ਰਹਿੰਦੀ।" ਸ਼ਾਲੂ ਤੇ ਗੋਨੀ ਆ ਕੇ ਮੇਰੇ ਪੱਟਾਂ 'ਤੇ ਬੈਠ ਜਾਂਦੇ। ਮੇਰੇ ਹੱਥੋਂ ਮੱਛੀ ਦਾ ਪੀਸ ਲੈ ਕੇ ਖਾਂਦੇ। ਗਿਆਨ ਸਰੂਰਿਆ ਜਾਂਦਾ, "ਲੈ ਬਈ ਜਦੋਂ ਤੂੰ ਆਉਣਾ ਤਾਂ ਇਨ੍ਹਾਂ ਨਿਆਣਿਆਂ ਨੂੰ ਐਨਾ ਚਾਅ ਚੜ੍ਹਦਾ ਕਿ ਰਹੇ ਰੱਬ ਦਾ ਨਾਂ। ਇਹ ਰਿਸ਼ਤਾ ਹੀ ਅਜਿਹਾ।" ਦੋਵੇਂ ਜਣੇ ਜ਼ਿੱਦ ਕਰਦੇ-ਕਰਦੇ। ਮੇਰੇ ਨਾਲ ਹੀ ਖਾਂਦੇ-ਪੀਂਦੇ। ਮੇਰੇ ਨਾਲ ਸੌਂਦੇ। ਦੋ-ਤਿੰਨ ਦਿਨ ਬੀਤਦਿਆਂ ਦਾ ਪਤਾ ਹੀ ਨਾ ਲੱਗਦਾ।

ਸਵੇਰ ਨੂੰ ਅਸੀਂ ਲੰਬੀ ਸੈਰ ਨੂੰ ਜਾਂਦੇ। ਉਸ ਦੁੱਧ ਵੀ ਲਿਆਉਣਾ ਹੁੰਦਾ ਸੀ। ਉਹ ਮੈਨੂੰ ਨਾਲ ਹੀ ਲੈ ਜਾਂਦਾ। ਨਿੱਕੀਆਂ-ਨਿੱਕੀਆਂ ਗੱਲਾਂ ਪੁੱਛਦਾ। ਕਰਦਾ। ਮੇਰੀ ਇਸ ਨੌਕਰੀ ਦੀ ਦੱਸ ਵੀ ਉਸੇ ਨੇ ਪਾਈ ਸੀ। ਅਖ਼ਬਾਰ 'ਚ ਪੋਸਟਾਂ ਦੀ ਐਡ ਆਈ ਸੀ। ਉਸ ਮੈਨੂੰ ਸਰਪੰਚਾਂ ਦੇ ਘਰੇ ਫੋਨ ਕਰਕੇ ਅਪਲਾਈ ਕਰਨ ਨੂੰ ਕਿਹਾ ਸੀ। ਚੌਥੇ ਦਿਨ ਮੈਂ ਵਾਪਸ ਜਾਣ ਨੂੰ ਕਾਹਲਾ ਪੈ ਜਾਂਦਾ। ਨਾ ਤਾਂ ਜੀਤਾਂ ਤੇ ਨਾ ਹੀ ਗਿਆਨ ਮੇਰੀ ਕੋਈ ਪੇਸ਼ ਜਾਣ ਦਿੰਦੇ। ਮੈਂ ਇਕ ਵਾਰ ਹੱਸਦਿਆਂ ਹੋਇਆਂ ਕਿਹਾ ਸੀ, "ਸਿਆਣੇ ਕਹਿੰਦੇ ਹੁੰਦੇ ਆ ਭੈਣ ਘਰ ਭਰਾ ਕੁੱਤਾ। ਸਹੁਰੇ ਘਰ ਜੁਆਈ ਕੁੱਤਾ।" ਉਸ ਮੈਨੂੰ ਸਮਝਾਇਆ ਸੀ, "ਇਹ ਗੱਲ ਉੱਥੇ ਢੁੱਕਦੀ ਆ ਜਿੱਥੇ ਦਿਲਾਂ ਦੀ ਸਾਂਝ ਨਾ ਹੋਵੇ। ਤੂੰ ਤਾਂ ਮੇਰਾ ਛੋਟਾ ਭਰਾ ਆਂ। ਦੱਸ- ਇਕ ਭਰਾ ਦੂਜੇ ਭਰਾ ਕੋਲ ਰਹਿ ਸਕਦਾ ਹੈ ਕਿ ਨ੍ਹੀਂ?" ਮੇਰੇ ਕੋਲੋਂ ਇਸ ਗੱਲ ਦਾ ਕੀ ਜੁਆਬ ਹੋ ਸਕਦਾ ਸੀ। ਫੇਰ ਉਹ ਲੰਬੀਆਂ-ਲੰਬੀਆਂ ਸਮਝੌਤੀਆਂ ਦਿੰਦਾ, "ਦੇਖ ਤੂੰ ਵਿਆਹ ਕਰਾਉਣਾ।... ਇਕ ਤਾਂ ਤੂੰ ਕਿਸੇ ਕੋਲ ਆਪਣੇ ਪਰਿਵਾਰ ਦੀ ਨਿੰਦਿਆ ਚੁਗਲੀ ਨਾ ਕਰੀਂ ਤੇ ਦੂਜਾ ਜਿੰਨਾ ਕਿਸੇ ਝਗੜੇ ਤੋਂ ਬਚਿਆ ਜਾ ਸਕਦਾ ਆ, ਬਚ ਕੇ ਰਹੀਂ। ਮੰਨ ਲੈ ਤੂੰ ਬਾਹਰੋਂ ਆਇਆਂ। ਤੂੰ ਆਪਣੀ ਘਰਵਾਲੀ ਤੋਂ ਪਾਣੀ ਦਾ ਗਲਾਸ ਮੰਗਿਆ। ਅੱਗੋਂ ਉਹ ਕਿਸੇ ਕੰਮ 'ਚ ਵਿਜੀ ਆ। ਤੂੰ ਚੁੱਪ ਕਰਕੇ ਪਾਣੀ ਦਾ ਗਲਾਸ ਭਰੀਂ ਤੇ ਪੀ ਲਈਂ। ਗੱਲ ਨਿੱਕੀ ਜਿਹੀ ਆ। ਇਸ ਨਾਲ ਝਗੜਾ ਵੱਧ ਵੀ ਸਕਦਾ। ਬੰਦੇ ਨੇ ਇਸ ਝਗੜੇ ਤੋਂ ਬਚਣਾ ਹੁੰਦਾ।" ਉਹ ਕੁਝ ਪਲ ਚੁੱਪ ਰਹਿੰਦਾ ਤੇ ਫੇਰ ਸਮਝਾਉਂਦਾ, "ਤੂੰ ਆਪਣੇ ਸਹੁਰਿਆਂ ਦੇ ਜੁਆਈ ਬਣਕੇ ਨਾ ਜਾਈਂ। ਪੁੱਤ ਬਣ ਕੇ ਜਾਈਂ। ਇਸੇ 'ਚ ਫਾਇਦਾ। ਇਸੇ ਨਾਲ ਅਪਣਤ ਵਧਦੀ ਆ। ਸੱਸ ਨੂੰ ਜਿੰਨਾ ਚਾਅ ਜੁਆਈ ਆਏ ਦਾ ਹੁੰਦਾ, ਓਨਾ ਤਾਂ ਰੱਬ ਮਿਲੇ ਦਾ ਵੀ ਨ੍ਹੀਂ ਹੁੰਦਾ। ਤੈਨੂੰ ਪਤਾ ਕਿ ਆਪਣੀ ਬੀਬੀ ਰਾਧਾ ਸੁਆਣੀ ਆ। ਉਦੋਂ ਤੁਸੀਂ ਪਿੰਡ ਰਹਿੰਦੇ ਸੀ। ਮੈਂ ਕੁਵੇਲੇ ਪਿੰਡ ਪਹੁੰਚਿਆ। ਤੁਸੀਂ ਰਾਤ ਦੀ ਰੋਟੀ ਖਾ ਚੁੱਕੇ ਸੀ। ਪਿੰਡ 'ਚੋਂ ਸਬਜ਼ੀ ਕਿੱਥੋਂ ਮਿਲਣੀ ਸੀ। ਬਿਲਗੇ ਵਾਲੀ ਭੂਆ ਆਈ ਸੀ। ਉਹ ਵੀ ਰਾਧਾ ਸੁਆਮਣ ਸੀ। ਬੀਬੀ ਨੇ ਉਹਨੂੰ ਕਿਹਾ ਸੀ, 'ਕੁੜੇ ਛੀਨੀਏ ਆਪਾਂ ਘਰੇ ਤਾਂ ਆਂਡੇ ਨ੍ਹੀਂ ਬਣਾਉਂਦੀਆਂ। ਜਾ ਸਰਬਜੀਤ ਕੇ ਘਰੇ ਬਣਾ ਲਿਆ। ਆਖਰ ਜੁਆਈ ਭਾਈ ਆਇਆ...' ਸਾਡੇ ਲੋਕਾਂ ਦੀ ਅੱਧੀ ਉਮਰ ਤਾਂ ਇਸ ਗੱਲ 'ਚ ਹੀ ਨਿਕਲ ਜਾਂਦੀ ਕਿ ਕਿਤੇ ਜੁਆਈ ਰੁੱਸ ਕੇ ਨਾ ਚਲਿਆ ਜਾਵੇ। ਕਿਤੇ ਉਹ ਸਾਡੀ ਧੀ ਨਾ ਛੱਡ ਦੇਵੇ।"

ਘਰ ਵੱਲ ਜਾਂਦਿਆਂ ਜਾਂਦਿਆਂ ਗਿਆਨ ਦੀਆਂ ਯਾਦਾਂ ਨਾਲ-ਨਾਲ ਤੁਰਦੀਆਂ। ਮੈਂ ਇਕ ਪਲ ਲਈ ਵੀ ਇਕੱਲਾ ਨਾ ਹੁੰਦਾ। ਘਰ ਪਹੁੰਚਦਾ ਤਾਂ ਜੀਤਾਂ ਲੌਬੀ ਜਾਂ ਆਪਣੇ ਕਮਰੇ 'ਚ ਬੈਠੀ ਮਿਲਦੀ। ਉਹਨੂੰ ਚਾਅ ਚੜ੍ਹ ਜਾਂਦਾ। ਮੈਂ ਫਲਾਂ ਵਾਲਾ ਲਿਫ਼ਾਫਾ ਉਸ ਦੇ ਕੋਲ ਰੱਖ ਦਿੰਦਾ ਤਾਂ ਉਹ ਉੱਚੀ ਆਵਾਜ਼ 'ਚ ਬਹੂ ਨੂੰ ਕਹਿੰਦੀ, "ਕੁੜੇ ਆਹ ਲਿਫ਼ਾਫ਼ਾ ਲੈ ਜਾ।" ਬਹੂ ਰਸੋਈ 'ਚ ਕੰਮੀਂ ਲੱਗੀ ਰਹਿੰਦੀ ਤਾਂ ਉਸ ਦੀ ਬੁੜ-ਬੁੜ ਸ਼ੁਰੂ ਹੋ ਜਾਂਦੀ, "ਲੈ ਤਾਂ, ਆਪਣੇ ਆਇਆਂ ਦਾ ਇਹਨੂੰ ਕਿੰਨਾ ਚਾਅ ਚੜ੍ਹ ਜਾਂਦਾ। ਮੇਰਾ ਕੋਈ ਆ ਜਾਵੇ ਤਾਂ ਇਹਦੇ ਮੱਥੇ ਸੌ ਵੱਟ ਪੈ ਜਾਂਦਾ।" ਉਹ ਗੋਡਿਆਂ 'ਤੇ ਹੱਥ ਰੱਖ ਕੇ ਉੱਠਦੀ ਤੇ ਰਸੋਈ 'ਚ ਜਾ ਖੜਦੀ, "ਲੈ, ਮੈਂ ਤੈਨੂੰ ਵਾਜ਼ ਮਾਰੀ ਸੀ, ਅੱਗੋਂ ਤੂੰ ਕੋਈ ਹੁੰਗਾਰਾ ਹੀ ਨ੍ਹੀਂ ਦਿੱਤਾ।" ਬਹੂ ਕਹਿੰਦੀ, "ਲਿਫ਼ਾਫਾ ਕਿੱਥੇ ਦੌੜ ਚਲਿਆ ਸੀ। ਪਹਿਲਾਂ ਮਾਮਾ ਜੀ ਨੂੰ ਚਾਹ-ਪਾਣੀ ਤਾਂ ਪੀ ਲੈਣ ਦਿਓ।" ਬਹੂ ਦੇ ਇੰਨਾ ਕਹਿਣ ਨਾਲ



ਜੀਤਾਂ ਠੰਢੀ ਹੋ ਜਾਂਦੀ। ਮੁੜ ਮੇਰੇ ਕੋਲ ਆ ਬੈਠਦੀ। ਬਹੂ ਚਾਹ ਤੇ ਖਾਣ ਵਾਲਾ ਸਾਮਾਨ ਡਾਇਨਿੰਗ ਟੇਬਲ 'ਤੇ ਸਜਾਉਣ ਲੱਗਦੀ ਤਾਂ ਉਹ ਆਵਾਜ਼ ਦਿੰਦੀ, "ਲੈ ਇਹ ਕਿਹੜਾ ਪ੍ਰਾਹੁਣਾ ਆਇਆ। ਇੱਥੇ ਹੀ ਲੈ ਆ।" ਬਹੂ ਹੁਕਮ ਦੀ ਪਾਲਣਾ ਕਰਦੀ ਕੋਲ ਆ ਬੈਠਦੀ। ਉਹ ਬਹੂ ਦੀਆਂ ਸਿਫ਼ਤਾਂ ਕਰਨ ਲੱਗੀ, "ਮੇਰੀ ਬਹੂ ਨ੍ਹੀਂ, ਇਹ ਤਾਂ ਪਿਛਲੇ ਜਨਮ ਦੀ ਧੀ ਆ। ਸ਼ਾਲੂ ਆਪਣੇ ਘਰ ਚਲੀ ਗਈ-ਇਹ ਆ ਗਈ। ਬੜੀ ਸੇਵਾ ਕਰਦੀ ਆ ਵਿਚਾਰੀ। ਸੁੱਤਿਆ ਉੱਠਦਿਆਂ ਚਾਹ ਦਾ ਗਲਾਸ ਮਿਲ ਜਾਂਦਾ। ਗਰਮਾ-ਗਰਮ ਰੋਟੀ, ਧੋਤੇ-ਧੁਆਏ ਕੱਪੜੇ। ਪ੍ਰੈਸ ਕੀਤੇ ਹੋਏ। ਤੇਰਾ ਭਾਜੀ ਮੈਨੂੰ ਇਕ ਦਿਨ ਤੋਂ ਵੱਧ ਸੂਟ ਨ੍ਹੀਂ ਪਾਉਣ ਦਿੰਦਾ ਸੀ। ਇਹ ਵੀ ਨ੍ਹੀਂ। ਇਹਨੇ ਤਾਂ ਸਭ ਕੁਸ਼ ਸੰਭਾਲ ਲਿਆ। ਜੇ ਕਿਸੇ ਕੰਮ ਨੂੰ ਹੱਥ ਵੀ ਲਾਵਾਂ ਤਾਂ ਹੱਥ ਫੜ ਲੈਂਦੀ ਆ, 'ਮੰਮੀ ਜੀ, ਵਥੇਰਾ ਕੰਮ ਕਰ ਲਿਆ। ਤੁਸੀਂ ਆਪਣੇ ਪੋਤੇ ਤੇ ਪੋਤੀ ਨਾਲ ਹੱਸੋ-ਖੇਡੋ ਤੇ ਰੱਬ ਦਾ ਨਾਂ ਲਵੋ'।"

ਮੈਨੂੰ ਲੱਗਦਾ ਕਿ ਜੀਤਾਂ ਆਪਣੇ ਘਰੇ ਸੁਖੀ ਹੈ। ਵੱਡੀ ਸ਼ਾਲੂ ਆਪਣੇ ਘਰੇ ਸੁਖੀ ਹੈ। ਗੋਨੀ ਆਗਿਆਕਾਰ ਤੇ ਸਿਆਣਾ ਮੁੰਡਾ ਹੈ। ਗਿਆਨ ਦੀ ਕਾਰ ਐਕਸੀਡੈਂਟ 'ਚ ਮੌਤ ਹੋ ਗਈ ਸੀ। ਗੋਨੀ ਨੇ ਘਰ-ਬਾਰ ਸੰਭਾਲ ਲਿਆ ਹੈ। ਹੁਣ ਪੰਦਰ੍ਹਾਂ ਮਰਲਿਆਂ ਦੀ ਕੋਠੀ ਹੈ। ਨੋਵਾ ਕਾਰ ਹੈ। ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਹੈ। ਜੇ ਕਮੀ ਹੈ ਤਾਂ ਗਿਆਨ ਦੀ ਹੈ। ਡਰਾਇੰਗ ਰੂਮ 'ਚ ਗਿਆਨ ਦੀ ਵੱਡੀ ਸਾਰੀ ਫਰੇਮ ਕੀਤੀ ਫੋਟੋ ਲੱਗੀ ਹੈ। ਉਹੀ ਮੁਸਕਰਾਉਂਦਾ ਹੋਇਆ ਚਿਹਰਾ। ਮੈਂ ਵਾਰ-ਵਾਰ ਉਸ ਵੱਲ ਦੇਖਦਾ।

"ਮਾਮਾ ਜੀ, ਕੀ ਸੋਚੀਂ ਜਾਂਦੇ ਓਂ?" ਬਹੂ ਨੇ ਮੈਨੂੰ ਪੁੱਛਿਆ।

"ਕੁਸ਼ ਨ੍ਹੀਂ ਪੁੱਤ। ਆਹ ਭਾਜੀ ਯਾਦ ਆ ਗਏ।"

ਜੀਤਾਂ ਦੀਆਂ ਅੱਖਾਂ ਭਰ ਆਈਆਂ।

ਮੇਰੀਆਂ ਆਪਣੀਆਂ ਅੱਖਾਂ 'ਚ ਪਾਣੀ ਆ ਗਿਆ।

ਜੀਤਾਂ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਬੋਲੀ, "ਆ ਤੈਨੂੰ ਸਾਰੀ ਕੋਠੀ ਦਿਖਾਵਾਂ। ਜਦੋਂ ਦੀ ਬਣੀ ਆ- ਤੂੰ ਤਾਂ ਪਹਿਲੀ ਵਾਰ ਆਇਆਂ। ਬੀਰੋ ਵੀ ਸਿਰਫ਼ ਇਕ ਵਾਰ ਆਈ ਸੀ।" ਫੇਰ ਉਹ ਇਕੱਲਾ-ਇਕੱਲਾ ਕਮਰਾ ਤੇ ਚੀਜ਼ਾਂ ਦਿਖਾਉਣ ਲੱਗੀ, "ਆਹ ਛੱਤ ਨੂੰ ਕੀ ਕਹਿੰਦੇ ਹੁੰਦੇ ਆ, ਮੈਨੂੰ ਤਾਂ ਨਾਂ ਲੈਣਾ ਨ੍ਹੀਂ ਆਉਂਦਾ, ਤੂੰ ਹੀ ਬਹੂ ਦੱਸ... ਸੀਲਿੰਗ... ਹਾਂ ਸੀਲਿੰਗ ਕਰਵਾਈ ਆ... ਆਹ ਸਾਰਾ ਫਰਨੀਚਰ ਮੋਹਾਲੀਓਂ ਲਿਆਂਦਾ। ਆਹ ਦੇਖ ਰਸੋਈ ਦਾ ਚੁੱਲ੍ਹਾ ਸਿਸਟਮ। ਹਰੇਕ ਕਮਰੇ 'ਚ ਏ.ਸੀ.। ਐਲ.ਈ.ਡੀ.। ਜਿੰਦਾਂ ਦਾ ਕੰਧਾਂ ਦਾ ਰੰਗ ਓਦਾਂ ਦਾ ਹੀ ਬੈੱਡ ਦਾ ਰੰਗ... ਮੇਰੀ ਨ੍ਹੀਂ ਹੁਣ ਕੋਈ ਸਲਾਹ ਪੁੱਛਦਾ। ਮੈਨੂੰ ਤਾਂ ਉਦੋਂ ਹੀ ਪਤਾ ਲੱਗਦਾ ਜਦੋਂ ਸਾਮਾਨ ਆ ਜਾਂਦਾ। ਗੋਨੀ ਨੂੰ ਕਹਿੰਦੀ ਰਹਿੰਦੀ ਆਂ- ਕਿਉਂ ਪੈਸੇ ਪੱਟੀ ਜਾਣਾ। ਅੱਗੋਂ ਪੋਲਾ ਜਿਹਾ ਮੂੰਹ ਬਣਾ ਕੇ ਜੁਆਬ ਦਿੰਦਾ, 'ਮੰਮੀ ਜੀ ਜੇ ਬੰਦਾ ਪੈਸੇ ਕਮਾਏ ਤਾਂ ਉਹਨੂੰ ਖਰਚੇ ਵੀ।' ਚੱਲ, ਜਿੰਦਾਂ ਇਨ੍ਹਾਂ ਨੂੰ ਚੰਗਾ ਲੱਗਦਾ ਕਰੀਂ ਜਾਣ। ਮੈਂ ਕਿਉਂ ਮੱਥੇ ਵੱਟ ਪਾਵਾਂ...।"

ਹੁਣ ਕਿਸੇ ਚੀਜ਼ 'ਚ ਵੀ ਜੀਤਾਂ ਦੀ ਮਰਜ਼ੀ ਸ਼ਾਮਿਲ ਨਹੀਂ। ਸਾਰੀ ਚੋਣ ਬਹੂ ਦੀ ਹੈ। ਕੋਈ ਸਮਾਂ ਹੁੰਦਾ ਸੀ ਕਿ ਜਦੋਂ ਮੈਂ ਆਉਂਦਾ ਤਾਂ ਜੀਤਾਂ ਮੈਨੂੰ ਬਹੁਤ ਸਾਰੀਆਂ ਨਵੀਆਂ ਖਰੀਦੀਆਂ ਚੀਜ਼ਾਂ ਦਿਖਾਉਂਦੀ। ਵਾਰ-ਵਾਰ ਪੁੱਛਦੀ, "ਆਹ ਰੰਗ ਦੇਖ ਠੀਕ ਹੈ ਨਾ ਪਰਦਿਆਂ ਦਾ... ਆਹ ਮੈਟ ਮੈਂ ਜੈਪੁਰੋਂ ਖਰੀਦਿਆ... ਨ੍ਹੀਂ, ਆਹ ਬੈੱਡ ਇੱਥੋਂ ਦਾ ਨ੍ਹੀਂ ਬਣਿਆ... ਇਹ ਤਾਂ ਤੇਰੇ ਭਾਜੀ

ਦਾ ਇਕ ਦੋਸਤ ਸ੍ਰੀਨਗਰ ਰਹਿੰਦਾ। ਇਹ ਬੈੱਡ ਉਹਨੇ ਭੇਜਿਆ... ਦੋ ਕੁ ਮਹੀਨਿਆਂ ਤਾਈਂ ਕੁਰਸੀਆਂ, ਮੇਜ਼ ਤੇ ਡਾਇਨਿੰਗ ਟੇਬਲ ਭੇਜੂ...।" ਤੇ ਫੇਰ ਜਿੱਦਾਂ ਉਹਨੂੰ ਕੋਈ ਭੁੱਲੀ ਹੋਈ ਗੱਲ ਚੇਤੇ ਆ ਗਈ ਹੋਵੇ, ਉਹ ਕਾਹਲੀ-ਕਾਹਲੀ ਪੁੱਛਦੀ, "ਤੂੰ ਦੱਸਦਾ ਸੀ ਕਿ ਦਿੱਲੀ ਕਿਸੇ ਇੰਟਰਵਿਊ 'ਤੇ ਜਾਣਾ।" ਮੈਂ ਦੱਸਦਾ, "ਉਹ ਤਾਂ ਕੈਂਸਲ ਹੋ ਗਈ। ਕੀ ਗੱਲ?" "ਲੈ ਗੱਲ ਕੀ ਹੋਣੀ ਸੀ, ਮੈਂ ਤਾਂ ਲਾਲ ਕਿਲ੍ਹੇ ਲਾਗਲੀ ਮਾਰਕੀਟ 'ਚੋਂ ਹੈਂਗਰ ਮੰਗਵਾਉਣੇ ਸੀ।" ਉਹਨੇ ਸਿਰਫ਼ ਪੰਜ ਜਮਾਤਾਂ ਪਾਸ ਕੀਤੀਆਂ ਹਨ ਪਰ ਉਹਦੀ ਸਮਝ ਦੀ ਗਿਆਨ ਵੀ ਦਾਦ ਦਿੰਦਾ ਸੀ, "ਜੇ ਕਿਤੇ ਤੂੰ ਬੀ.ਏ. ਪਾਸ ਕੀਤੀ ਹੁੰਦੀ ਤਾਂ ਮੈਨੂੰ ਬਾਂਦਰ ਵਾਂਗੂ ਟਪਾਈ ਜਾਣਾ ਸੀ।"

ਮੈਨੂੰ ਆਇਆਂ ਦੋ ਕੁ ਘੰਟੇ ਹੋ ਜਾਂਦੇ। ਬੱਚੇ ਸਕੂਲੋਂ ਆਉਂਦੇ। ਮੈਨੂੰ ਨਮਸਤੇ ਕਹਿ ਕੇ ਐਲ.ਈ.ਡੀ. 'ਤੇ ਕਾਰਟੂਨ ਦੇਖਣ ਲੱਗਦੇ ਜਾਂ ਟੈਬਲਿਟ ਲੈ ਕੇ ਗੇਮਾਂ ਖੇਡਣੀਆਂ ਸ਼ੁਰੂ ਕਰ ਦਿੰਦੇ ਜਾਂ ਆਪਣੀ ਮੰਮੀ ਵਾਲੇ ਮੋਬਾਇਲ 'ਤੇ ਨੈੱਟ ਖੋਲ੍ਹ ਲੈਂਦੇ। ਬਹੂ ਦੇ ਆਪਣੇ ਕੰਮ ਨਾ ਮੁੱਕਦੇ। ਸਾਡੀਆਂ ਗੱਲਾਂ ਮੁੱਕ ਜਾਂਦੀਆਂ। ਮੈਨੂੰ ਲੱਗਦਾ ਕਿ ਹੁਣ ਵਾਪਸ ਚਲੇ ਜਾਣਾ ਚਾਹੀਦਾ ਹੈ। ਇੱਥੇ ਕਾਸ ਲਈ ਰਹਿਣਾ ਹੈ। ਅਜੇ ਤਾਂ ਦੋ ਹੀ ਵੱਜੇ ਹਨ। ਗੋਨੀ ਨੇ ਅੱਠ ਵਜੇ ਤੋਂ ਪਹਿਲਾਂ ਨਹੀਂ ਆਉਣਾ। ਉਂਝ ਮੈਂ ਰਾਤ ਰਹਿਣ ਦਾ ਪ੍ਰੋਗਰਾਮ ਬਣਾ ਕੇ ਆਇਆ ਸੀ। ਛੋਟੇ ਬੈਗ 'ਚ ਕੁੜਤਾ-ਪਜਾਮਾ, ਬਰੁਸ਼ ਆਦਿ ਲਿਆਇਆ ਸੀ। ਮੇਰੇ ਲਈ ਸਮਾਂ ਬਿਤਾਉਣਾ ਔਖਾ ਹੋ ਜਾਂਦਾ। ਜੇ ਮੈਂ ਹੁਣ ਸੌਂ ਗਿਆ ਤਾਂ ਰਾਤ ਨੂੰ ਨੀਂਦ ਨਹੀਂ ਆਉਣੀ। ਫੇਰ ਕਿੰਨਾ ਕੁ ਸੌਂ ਸਕਦਾ ਹਾਂ!

ਮੈਨੂੰ ਇਹ ਘਰ ਓਪਰਾ-ਓਪਰਾ ਲੱਗਦਾ। ਹੁਣ ਇਹ ਘਰ ਜੀਤਾਂ ਦਾ ਨਹੀਂ, ਉਸ ਦੀ ਬਹੂ ਦਾ ਹੈ। ਉਸੇ ਦੀ ਮਰਜ਼ੀ ਨਾਲ ਚੱਲਦਾ ਹੈ। ਮੈਂ ਆਪਣੀ ਆਜ਼ਾਦੀ ਨਾਲ ਕਿਸੇ ਵੀ ਕਮਰੇ 'ਚ ਘੁੰਮ ਫਿਰ ਨਹੀਂ ਸਕਦਾ। ਗਿਆਨ ਹੁੰਦਾ ਤਾਂ ਉਸ ਕਹਿ ਦੇਣਾ ਸੀ, 'ਤੂੰ ਨਹਾ ਧੋ ਲੈ। ਘੰਟਾ ਕੁ ਆਰਾਮ ਕਰ ਲੈ। ਫੇਰ ਆਪਾਂ ਗੜ੍ਹਸ਼ੰਕਰ ਫ਼ਿਲਮ ਦੇਖਣ ਚਲਦੇ ਆਂ।'

ਮੈਨੂੰ ਸੈਂਡਲਾਂ ਦੀ ਬੱਦਰ ਲਗਾਉਂਦੇ ਹੋਏ ਨੂੰ ਦੇਖ ਕੇ ਜੀਤਾਂ ਕਹਿੰਦੀ, "ਗੋਨੀ ਕੋਲ ਦੁਕਾਨੇ ਗੇੜਾ ਮਾਰ ਆ।"

"ਉਹਨੂੰ ਤਾਂ ਮੈਂ ਮਿਲ ਆਇਆਂ।"

"ਫੇਰ ਕਿੱਥੇ ਚੱਲਿਆਂ?"

"ਵਾਪਸ ਜਲੰਧਰ।"

ਬਹੂ ਨੂੰ ਵੀ ਸੁਣ ਪੈਂਦਾ। ਉਹ ਕਹਿੰਦੀ, "ਮਾਮਾ ਜੀ, ਅੱਜ ਨ੍ਹੀਂ ਜਾਣਾ। ਕੱਲ੍ਹ ਚੱਲੇ ਜਾਇਓ। ਤੁਸੀਂ ਤਾਂ ਪ੍ਰਾਹੁਣਿਆਂ ਵਾਂਗੂ ਆਏ ਹੋ।"

"ਨ੍ਹੀਂ ਪੁੱਤ, ਮੈਨੂੰ ਕਈ ਕੰਮ ਆ।" ਮੈਂ ਝੂਠ ਬੋਲਦਾ।

ਮੈਂ ਜੀਤਾਂ ਨੂੰ ਪੰਜ ਸੌ ਦਾ ਨੋਟ ਦਿੰਦਾ ਤਾਂ ਉਹ ਅੱਖਾਂ ਭਰ ਲੈਂਦੀ, "ਚੁੱਪ ਕਰ ਕੇ ਬੈਠ ਜਾ। ਆ ਕੇ ਬਾਣੀਆਂ ਦੇ ਪ੍ਰਾਹੁਣਿਆਂ ਵਾਂਗੂ ਕਰਨ ਲੱਗਾ। ਅੱਜ ਨ੍ਹੀਂ ਕਿਤੇ ਜਾਣਾ।" ਉਸ ਦੀ ਆਵਾਜ਼ 'ਚ ਪਹਿਲਾਂ ਵਾਲਾ ਗੜਕਾ ਨਾ ਹੁੰਦਾ। ਨਾ ਹੀ ਜ਼ੋਰ।

ਜਾਣ ਲਈ ਮੈਂ ਉੱਠ ਹੀ ਖੜਦਾ। ਉਸ ਨੂੰ ਇਤਬਾਰ ਜਿਹਾ ਨਾ ਆਉਂਦਾ ਕਿ ਮੈਂ ਸੱਚੀਂਮੁੱਚੀਂ ਚੱਲਿਆ ਹਾਂ। ਫੇਰ ਉਹ ਕਹਿੰਦੀ, "ਅੱਛਾ ਚੱਲਿਆ ਜਾਈਂ। ਅਜੇ ਤਾਂ ਸਿਖਰ ਦੁਪਹਿਰਾ। ਤੂੰ ਰੋਟੀ ਵੀ ਨ੍ਹੀਂ ਖਾਧੀ। ਕੁੜੇ ਰੋਟੀ ਬਣਾ। ਮੇਰਾ ਮਾਂ ਜਾਇਆ ਸਾਡੇ ਘਰੋਂ ਭੁੱਖਾ ਹੀ



ਜਾਊਗਾ।" ਹੁਣ ਜੀਤਾਂ ਸਾਡੇ ਘਰੋਂ ਸ਼ਬਦ ਵਰਤਦੀ। ਪਹਿਲਾਂ ਤਾਂ ਉਹ 'ਮੇਰੇ' ਕਹਿੰਦੀ ਹੁੰਦੀ ਸੀ।

ਬੱਚੇ ਮੋਬਾਇਲ 'ਤੇ ਕਾਰਟੂਨ ਦੇਖਣ 'ਚ ਮਸਤ ਹੁੰਦੇ।

"ਲੈ ਐਨਾ ਕੁਝ ਖਾ ਲਿਆ।" ਮੈਂ ਕਹਿੰਦਾ।

"ਖਾਧਾ ਕਿੱਥੋਂ ਆ, ਚਿੜੀ ਵਾਂਗੂ ਡੂੰਗਿਆ।"

ਮੈਂ ਉਸ ਦੇ ਪੈਰੀਂ ਹੱਥ ਲਾਉਣ ਲਈ ਝੁੱਕਦਾ ਤਾਂ ਉਹ ਮੈਨੂੰ ਘੁੱਟ ਕੇ ਜੱਫੀ ਪਾ ਲੈਂਦੀ। ਹਟਕੋਰੇ ਭਰ-ਭਰ ਰੋਣ ਲੱਗਦੀ ਤੇ ਹੌਲੀ ਜਿਹੇ ਕਹਿੰਦੀ, "ਹੁਣ ਤਾਂ ਰਿਸ਼ਤੇ ਵੀ ਟੈਲੀਫੋਨਾਂ 'ਤੇ ਰਹਿ ਗਏ............।"

---

**ਪੰਨਾ ਨੰ. 152 ਦਾ ਬਾਕੀ**

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਹੱਥਲੀ ਕਹਾਣੀ ਪਦਾਰਥਵਾਦੀ ਜੀਵਨ-ਜਾਚ ਵਾਲੇ ਦੌਰ ਵਿਚ ਪਥਰਾਂਦੇ ਜਾ ਰਹੇ ਨਿੱਜੀ ਰਿਸ਼ਤਿਆਂ ਦੇ ਦੁਖਾਂਤ ਅਤੇ ਸਮਾਜ ਦੇ ਗ਼ਰੀਬ ਤੇ ਲਿਤਾੜੇ ਜਾ ਰਹੇ ਲੋਕਾਂ ਦੀ ਦਮਿਤ ਮਾਨਸਿਕਤਾ ਨੂੰ ਸ਼ਕਤੀਸ਼ਾਲੀ ਬਿਰਤਾਂਤ ਰਾਹੀਂ ਰੂਪਮਾਨ ਕਰਦੀ ਹੈ ਤੇ ਨਾਲ ਹੀ ਸਮਕਾਲੀ ਸਮਾਜ ਦੇ ਕਰੂਰ ਯਥਾਰਥ ਨੂੰ ਉਜਾਗਰ ਕਰ ਜਾਂਦੀ ਹੈ।

**ਹਵਾਲੇ**

1. ਗੁਰਮੀਤ ਕੜਿਆਲਵੀ, ਰੱਬ ਜੀ, 'ਚੋਂ ਕਥਾ ਸਮਰੱਥ, ਪੰਨਾ-102
2. ਉਹੀ ਪੰਨਾ, 103 3. ਉਹੀ ਪੰਨਾ, 104
4. ਉਹੀ ਪੰਨਾ, 102 5. ਉਹੀ ਪੰਨਾ, 103
6. ਉਹੀ ਪੰਨਾ, 105 7. ਉਹੀ ਪੰਨਾ,
8. ਉਹੀ ਪੰਨਾ, 106 9. ਉਹੀ ਪੰਨਾ, 106

ਅਸੋਸੀਏਟ ਪ੍ਰੋਫੈਸਰ
ਪੰਜਾਬੀ ਵਿਭਾਗ
ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ
ਦਿੱਲੀ ਯੂਨੀਵਰਸਿਟੀ
ਮੋ- 87994-16670

# ਰੱਬ ਜੀ/ਗੁਰਮੀਤ ਕੜਿਆਲਵੀ

ਉਹ ਜਦੋਂ ਵੀ ਆਉਂਦਾ ਨਿੱਜੀ ਦੁੱਖ ਬਾਰੇ ਨਵੀਂ ਗੱਲ ਛੇੜ ਲੈਂਦਾ

"ਅਪਸਰਾ! ਝੱਗਾ ਚੱਕਿਆਂ ਆਵਦਾ ਢਿੱਡ ਨੰਗਾ ਹੁੰਦਾ।"

ਫਿਰ ਉਹ ਆਪਣਾ ਝੱਗਾ ਚੱਕਦਾ ਤੇ ਨੰਗੇ ਹੋਏ ਢਿੱਡ ਬਾਰੇ ਦੱਸਣ ਲੱਗਦਾ ਮੈਨੂੰ ਉਹ ਦਿਨ ਅਜੇ ਵੀ ਯਾਦ ਹੈ ਜਦੋਂ ਉਸਨੇ ਪਹਿਲੀ ਵਾਰ ਆਪਣਾ ਢਿੱਡ ਮੇਰੇ ਸਾਹਮਣੇ ਨੰਗਾ ਕੀਤਾ ਸੀ

"ਅਪਸਰਾ! ਬਾਜੇ ਬਾਜੇ ਬੰਦੇ ਦੂਜੇ ਦੀ ਤੀਮੀ 'ਤੇ ਅੱਖ ਰੱਖ ਲੈਂਦੇ ਹੁਣ ਸ਼ਾਡੇ ਆਲੇ ਸਰਬੇ ਪੰਚ ਦੀ ਕਰਤੂਤ ਵੇਖਲਾ ਮੇਰੇ ਪਿਉ ਨੇ ਵੀਹ ਸਾਲ ਸੀਰ ਕੀਤਾ ਏਹਨਾਂ ਨਾਲ ਘਰਦਾ ਜੀਅ ਬਣਕੇ ਰਿਹਾ ਜਦੋਂ ਈ ਮੈਂ ਨੀਕਰ ਦੀ ਥਾਂ ਸ਼ੁੱਥੂ ਪਾਉਣ ਜੋਗਾ ਹੋਇਆਂ, ਉਦੋਂ ਦਾ ਮੈਂ ਸੀਰ ਕਮਾ ਰਿਹਾਂ ਹੱਥੀਂ ਕੱਢ ਕੱਢ ਕੇ ਦਾਰੂ ਪਿਆਈ ਲੀਟਰਾਂ ਦੇ ਲੀਟਰ ਤੈਨੂੰ ਕਿਹੜਾ ਭੁੱਲ ਐ ਮੌਲੇ ਬਲਦ ਵਾਗੂੰ ਕੰਮ ਕੀਤਾ ਏਸ ਘਰ ਵਾਸਤੇ ਕੀਤਾ ਕਿ ਨ੍ਹੀ ਕੀਤਾ?" ਉਹ ਮੇਰਾ ਹੁੰਗਾਰਾ ਭਰਾਉਣ ਲਈ ਰੁੱਕ ਗਿਆ ਸੀ

"ਨਾ ਰੱਬ ਜੀ, ਕੋਈ ਝੂਠ ਨਹੀਂ ਏਸ ਗੱਲ 'ਚ।" ਮੈਂ ਰੱਬ ਨੂੰ ਬੜਾ ਸੰਖੇਪ ਜਿਹਾ ਜਵਾਬ ਦਿੱਤਾ ਮੈਂ ਕਿੰਨਾ ਚਿਰ ਦਿਮਾਗ 'ਤੇ ਜ਼ੋਰ ਪਾ ਕੇ ਉਸਦਾ ਅਸਲੀ ਨਾਂ ਯਾਦ ਕਰਦਾ ਰਿਹਾ ਪਰ ਯਾਦ ਨਾ ਆਇਆ ਅਸਲੀ ਨਾਂ ਤਾਂ ਸ਼ਾਇਦ ਉਸਨੂੰ ਆਪ ਵੀ ਨਾ ਯਾਦ ਹੋਵੇ ਪਿੰਡ 'ਚ ਸਾਰੇ ਉਸਨੂੰ 'ਰੱਬ' ਜਾਂ 'ਰੱਬ ਜੀ' ਕਰਕੇ ਹੀ ਬੁਲਾਉਂਦੇ ਸਨ ਉਂਞ ਜਿਸ ਕਿਸੇ ਨੇ ਵੀ ਉਸਦਾ ਇਹ ਨਾਂ ਰੱਖਿਆ ਸੀ, ਠੀਕ ਹੀ ਰੱਖਿਆ ਸੀ ਦੀਨ ਦੁਨੀਆ ਵਲੋਂ ਬੇਪਰਵਾਹ ਹੋ ਕੇ ਆਪਣੇ ਕੰਮ 'ਚ ਲੱਗੇ ਰਹਿਣ ਵਾਲੇ ਬੰਦੇ ਲਈ ਇਹ ਨਾਂ ਜਵਾਂ ਢੁੱਕਵਾਂ ਸੀ

"ਏਹਦੀਆਂ ਸਾਰੀਆਂ ਰਿਸ਼ਤੇਦਾਰੀਆਂ 'ਚ ਮਾਨਤਾ ਸੀ ਮੇਰੀ ਏਹਦੀਆਂ ਭੈਣਾਂ ਕੋਲ ਵੀ ਮੈਂ ਈ ਜਾਂਦਾ ਆਉਂਦਾ ਸੀਗਾ ਕੋਈ ਚੀਜ਼ ਵਸਤ ਲੈ ਕੇ ਜਾਣੀ—ਕੋਈ ਲੈ ਕੇ ਆਉਣੀ ਭੈਣਾਂ-ਭਣਵਈਆਂ ਨੇ ਵੀ ਕਦੇ ਜਰੈਂਤ ਨ੍ਹੀ ਸੀ ਕੀਤੀ ਮੇਰੇ ਨਾਲ ਆਪ ਤਾਂ ਇਹ ਕਿਧਰੇ ਜਾਂਦਾ ਆਉਂਦਾ ਹੈਨੀ ਤੈਨੂੰ ਕਿਹੜਾ ਭੁੱਲ ਐ ਦਾਦਿਓ-ਬਾਬਿਓਂ ਸ਼ੋਡੇ ਲਾਣੇ 'ਚੋਂ ਈ ਐ ਪਰ ਅਪਸਰੋ, ਸ਼ੋਡੇ ਤਾਂ ਪੈਰ ਦੀ ਚੀਚੀ ਦੀ ਵੀ ਰੀਸ ਨ੍ਹੀ ਕਰ ਸਕਦਾ ਤੁਸੀਂ ਹੋਏ ਗਰੀਬ ਗੁਰਬੇ ਦੀ ਇਜ਼ਤ ਦੇ ਸਾਂਝੀ ਤੇ ਏਹ ਗਰੀਬ ਦੀ ਇਜ਼ਤ ਤਕਾਉਣ ਵਾਲਾ, ਯਾਰ ਮਾਰ।" ਉਹ ਮੇਰੇ ਜ਼ੋਰ ਲਾਉਣ 'ਤੇ ਵੀ ਕੁਰਸੀ 'ਤੇ ਨਾ ਬਹਿੰਦਾ ਤੇ 'ਅਪਸਰਾ ਆਪਣੇ ਤੋਂ ਨ੍ਹੀ ਏਹਦੇ 'ਚ ਵੜਿਆ ਜਾਂਦਾ' ਆਖਦਿਆਂ ਅਕਸਰ ਪੈਰਾਂ ਭਾਰ ਉਕੜੂ ਜਿਹੇ ਹੋ ਕੇ ਬੈਠ ਜਾਂਦਾ ਏਧਰ ਓਧਰ ਉਸਲਵੱਟੇ ਲੈਂਦਾ ਤਾਂ ਮੈਨੂੰ ਉਸਦੀ ਚਾਹ ਵਾਲੀ ਤੋੜ ਦਾ ਪਤਾ ਲੱਗ ਜਾਂਦਾ

"ਅਪਸਰਾ! ਏਹਦੇ ਚਾਚੇ ਦੀ ਕੁੜੀ ਹੁੰਦੀ ਸੀ ਨਾ ਹਮੀਰਾਂ, ਜਮਾ ਮੂਰਤ ਅਰਗੀ ਜਿਮੇ ਦੀਆਂ ਟੈਲੀਵਿਜ਼ਨ 'ਚ ਆਉਂਦੀਆਂ ਤੈਨੂੰ ਕਿਹੜਾ ਭੁੱਲ ਐ ਕੇਰਾਂ ਮੇਰੇ ਸਾਮਣ੍ਹੇ ਆ ਖੜੀ ਅੱਖਾਂ 'ਚ ਲਾਲ ਡੋਰੇ ਖਾ ਜਾਣ ਵਾਲਿਆਂ ਵਾਗੂੰ ਝਾਕੇ ਜਾਣੀਦਾ ਸਾਬਤ ਨੂੰ ਈ ਡਕਾਰਜੂ ਬੰਦੇ ਤੋਂ ਉੱਚੀਆਂ ਚਰੀਆਂ ਹਮੀਰਾਂ ਲਾਟ ਬਣੀ ਖੜੀ ਸੀ ਏਹ ਉਦੋਂ ਦੀਆਂ ਗੱਲਾਂ ਜਦੋਂ ਮੇਰਾ ਖ਼ੂਨ ਵੀ ਤੱਤਾ ਹੁੰਦਾ ਸੀ।" ਉਹ ਦੂਰ ਖਲਾਅ 'ਚ ਝਾਕਣ ਲੱਗਾ ਸੀ



"ਪਰ ਅਪਸਰਾ ਤੇਰੀ ਸਹੁੰ! ਖ਼ੂਨ 'ਚ ਉਬਾਲ ਆਇਆ ਈ ਨ੍ਹੀ ਐਵੇਂ ਆਖਾਂ, ਹਮੀਰਾਂ ਹੁਣ ਤਾਈਂ ਏਹ ਗੱਲ ਚਿਤਾਰਦੀ ਅਖੇ ਵੀਰਾ ਜੇ ਤੂੰ ਓਦਣ ਡੋਲ ਜਾਂਦਾ ਮੇਰੀ ਜਿੰਦਗੀ ਨਰਕ ਹੋ ਜਾਣੀ ਸੀ ਵਿਚਾਰੀ ਅੱਜ ਤੱਕ ਭੈਣਾਂ ਵਾਗੂੰ ਵਰਤਦੀ ਐ ਤੈਨੂੰ ਕਿਹੜਾ ਭੁੱਲ ਐ?"

ਮੈਂ ਹਿਸਾਬ ਲਾ ਲਿਆ ਸੀ ਕਿ ਉਹ ਅਸਲ ਗੱਲ ਦੱਸਣ ਤੋਂ ਪਹਿਲਾਂ ਏਧਰ ਓਧਰ ਦੀਆਂ ਮਾਰਕੇ ਖ਼ੁੱਦ ਨੂੰ ਤਿਆਰ ਕਰ ਰਿਹਾ ਸੀ ਉਸਨੇ ਢਿੱਡ ਤੋਂ ਝੱਗਾ ਚੁੱਕ ਜਰੂਰ ਦਿੱਤਾ ਸੀ ਪਰ ਨੰਗ ਅਜੇ ਵੀ ਜ਼ਾਹਰ ਨਹੀਂ ਸੀ ਕੀਤਾ

"ਅਪਸਰਾ! ਤੈਨੂੰ ਆਵਦਾ ਭਰਾ ਮੰਨਦਾਂ ਤੈਥੋਂ ਕਾਹਦਾ ਲੁਕੋ ਸਾਲੀ ਹਰਾਮ ਦੀ ਸੱਟ ਸਰਬਾ ਹੁਣ ਮੇਰੇ ਘਰਵਾਲੀ 'ਤੇ ਕਬਜ਼ਾ ਕਰੀ ਬੈਠਾ ਤੈਨੂੰ ਕਿਹੜਾ ਭੁੱਲ ਐ? ਅਸਕਰ ਨੂੰ ਤੂੰ ਵੀ ਤਾਂ ਪਿੰਡ 'ਚ ਈ ਰਹਿਨੈ ਡਿਊਟੀ ਕਰਕੇ ਆਥਣ ਨੂੰ ਘਰੇ ਤਾਂ ਆ ਈ ਜਾਨੈ ਸੁਣ ਈ ਲਿਆ ਹੋਊ ਏਧਰੋਂ ਓਧਰੋਂ।"

"ਨਾ ਵਈ ਰੱਬਾ, ਐਵੇਂ ਆਖਾਂ ਆਪਾਂ ਤਾਂ ਨ੍ਹੀ ਸੁਣੀ ਕੋਈ ਚੰਗੀ ਮਾੜੀ ਊਂ ਹੋ ਸਕਦਾ ਝੂਠ ਹੋਵੇ ਤੈਨੂੰ ਕਿਸੇ ਨੇ ਸ਼ੱਕ ਪਾਤਾ ਹੋਵੇ ਦਾਤੀ ਦੇ ਤਾਂ ਇੱਕ ਪਾਸੇ ਹੁੰਦੇ ਪਰ ਸਾਲੀ ਦੁਨੀਆਂ ਦੇ ਦੋ ਪਾਸੇ ਦੰਦੇ ਹੈ ਨਾਲੇ ਭਰਜਾਈ ਕਿਸੇ ਵੱਲ ਕਿਉਂ ਝਾਕੂ, ਤੈਨੂੰ ਕੀ ਹੋਇਆ? ਚੰਗਾ ਭਲਾ ਏਂ ਵਹਿਮ ਨ੍ਹੀ ਕਰੀਦਾ ਨਾਲੇ ਲੋਕਾਂ ਦੀਆਂ ਨ੍ਹੀ ਸੁਣੀਦੀਆਂ ਲੋਕ ਬੜੇ——।" ਰੱਬ ਜੀ ਨੂੰ ਹੌਸਲਾ ਦੇਣ ਲਈ ਇਸ ਤੋਂ ਹੋਰ ਵੱਡੇ ਸ਼ਬਦ ਮੈਨੂੰ ਨਹੀਂ ਸੀ ਅਹੁੜੇ

"ਅਪਸਰਾ! ਠਾਣੇ ਲੰਬੜ ਆਲੀ ਤੀਮੀ ਆਵਦੇ ਭਈਏ ਨਾਲ ਨ੍ਹੀ ਸੀ ਫੜੀ ਗਈ? ਤੈਨੂੰ ਕਿਹੜਾ ਭੁੱਲ ਐ? ਹੁਣ ਤੂੰ ਦੱਸ, ਠਾਣੇ ਲੰਬੜ 'ਚ ਕੀ ਘਾਟ ਐ? ਮਖ ਐਥੇ ਪਿਆ ਚੁਗਾਠਾ ਦੋ ਬੰਦਿਆਂ ਨੂੰ ਕੱਛਾਂ 'ਚ ਘੁੱਟ ਕੇ ਮਾਰ ਦੇਵੇ ਮੇਰੇ ਵਾਗੂੰ ਭੁੱਖਾ ਵੀ ਨ੍ਹੀ ਮਰਦਾ, ਘਰੇ ਦੁੱਧ ਘਿਉ ਬਥੇਰਾ ਤੈਨੂੰ ਕਿਹੜਾ ਭੁੱਲ ਐ।" ਉਹ ਮੈਨੂੰ ਨਿਰਉਤਰ ਕਰਕੇ ਤੁਰ ਗਿਆ ਸੀ

ਇਸ ਗੱਲ ਨੂੰ ਕਈ ਦਿਨ ਲੰਘ ਜਾਂਦੇ ਹਨ ਉਸ ਨਾਲ ਮੇਲ ਨਹੀਂ ਹੁੰਦਾ ਸਵੇਰੇ ਡਿਊਟੀ 'ਤੇ ਚਲਾ ਜਾਂਦਾ ਹਾਂ ਤੇ ਸ਼ਾਮੀ ਦੇਰੀ ਨਾਲ ਘਰ ਪਰਤਦਾ ਹਾਂ ਪਤਨੀ ਨਿਰਮਲ ਨੇ ਦੱਸਿਆ ਕਿ ਉਹ ਮੇਰੇ ਪਿੱਛੋਂ ਦੋ ਤਿੰਨ ਵਾਰ ਆ ਕੇ ਗਿਆ ਸੀ

ਰੱਬ ਦਾ ਮੇਰੇ ਨਾਲ ਖਾਸਾ ਸਨੇਹ ਹੈ ਮੇਰਾ ਘਰ ਸਰਬੇ ਕੇ ਰੋਹੀ ਵਾਲੇ ਖੇਤਾਂ ਨੂੰ ਜਾਂਦੇ ਰਾਹ 'ਤੇ ਪੈਂਦਾ ਹੋਣ ਕਰਕੇ ਰੱਬ ਖੇਤਾਂ ਨੂੰ ਜਾਂਦਿਆਂ ਅਕਸਰ ਮੇਰੇ ਕੋਲ ਆ ਜਾਂਦਾ ਹੈ ਉਹ ਲੰਘਦਾ ਵੜਦਾ ਮੇਰੇ ਵਲੋਂ ਕੋਠੀ 'ਚ ਲਾਈਆਂ ਸਬਜ਼ੀਆਂ ਭਾਜੀਆਂ ਦੀ ਗੋਡ-ਗੁਡਾਈ ਵੀ ਕਰ ਜਾਂਦਾ ਹੈ ਘਰ ਦੇ ਹੋਰ ਛੋਟੇ ਮੋਟੇ ਕੰਮ ਵੀ ਕਰ ਦਿੰਦਾ ਦਾਸੇ ਬੀਸੇ ਦੀ ਲੋੜ ਵੀ ਮੇਰੇ ਤੋਂ ਹੀ ਪੂਰੀ ਕਰਦਾ ਹੈ ਮੈਂ ਹੀ ਨਹੀਂ ਨਿਰਮਲ ਵੀ ਉਸਦਾ ਮਾਣ ਤਾਣ ਕਰਦੀ ਹੈ ਉਸਦੇ ਵੇਲੇ ਕੁਵੇਲੇ ਆਉਣ 'ਤੇ ਕਦੇ ਮੱਥੇ ਵੱਟ ਨਹੀਂ ਪਾਉਂਦੀ ਉਹ ਤਾਂ ਸਗੋਂ ਮੈਨੂੰ ਵੀ ਉਸਦੀ ਸਹਾਇਤਾ ਕਰਨ ਲਈ ਕਹਿੰਦੀ ਰਹਿੰਦੀ ਹੈ

ਉਸ ਦਿਨ ਛੁੱਟੀ ਸੀ ਮੈਂ ਕੇਸੀ ਇਸ਼ਨਾਨ ਕਰਨ ਤੋਂ ਬਾਅਦ ਸਿਆਲਾਂ ਦੀ ਕੋਸੀ ਕੋਸੀ ਧੁੱਪ 'ਚ ਵਾਲ ਸੁਕਾ ਰਿਹਾ ਸਾਂ ਮੇਰੇ ਚਾਰ ਚੁਫੇਰੇ ਅਖਬਾਰਾਂ ਦਾ ਝੁਰਮਟ ਸੀ ਅਮਰੀਕੀ

ਸਦਰ ਦੀ ਧੌਂਸ ਬਾਰੇ ਦੇਸ਼ ਦੇ ਪ੍ਰਸਿੱਧ ਪੱਤਰਕਾਰ ਦੇ ਲਿਖੇ ਆਰਟੀਕਲ 'ਚ ਖੁੱਭੇ ਨੂੰ ਮੈਨੂੰ ਪਤਾ ਹੀ ਨਹੀਂ ਲੱਗਾ ਰੱਬ ਕਦੋਂ ਮੇਰੇ ਕੋਲ ਆ ਖੜਿਆ ਸੀ

"ਅਪਸਰਾ! ਬਾਅਲਾ ਈ ਡੂੰਘਾ ਖੁੱਭਿਆ ਪਿਆਂ ਐਹੇ ਜੀ ਕੀ ਸੈਥਅ ਐ ਪੜ੍ਹਨ ਆਲੀ?"

"ਰੱਬ ਜੀ, ਆਹ ਜਿਹੜਾ ਮੁਲਕ ਐ ਨਾ ਅਮਰੀਕਾ, ਇਹ ਕੰਜ਼ਰ ਦਾ ਸਾਰਿਆਂ 'ਤੇ ਈ ਧੌਂਸ ਜਮਾਉਂਦਾ ਐਵੇਂ ਨਜਾਇਜ਼ ਈ ਗਰੀਬ ਦੇਸ਼ਾਂ ਨੂੰ ਤਾਂ ਉਂਗਲਾਂ 'ਤੇ ਨਚਾਉਂਦਾ।"

"ਅਪਸਰਾ! ਡਾਹਡੇ ਦਾ ਸੱਤੀ ਵੀਹੀਂ ਸੌ ਹੁੰਦਾ ਭਮੇ ਬੰਦਾ ਹੋਵੇ ਚਾਹੇ ਮੁਲਖ਼, ਮਾੜੇ ਨੂੰ ਦਬਾਉਂਦਾ ਈ ਦਬਾਉਂਦਾ ਗਰੀਬ ਦੀ ਜਨਾਨੀ ਨੂੰ ਤਾਂ ਸ਼ਾਮਲਾਟ ਈ ਸਮਝਦੈ ਹਰੇਕ ਈ ਕੋਠਾ ਛੱਤਣ ਨੂੰ ਫਿਰਦਾ ਹੁੰਦਾ ਆਹ ਸ਼ਾਡੇ ਆਲਾ ਸਰਦਾਰ ਸਰਬ ਸਿੰਹੁ ਕਿਹੜਾ 'ਮਰੀਕਾ ਨਾਲੋਂ ਘੱਟ ਐ ਸ਼ਰੇਆਮ ਧੱਕਾ ਕਰਦਾ ਤੈਨੂੰ ਕਿਹੜਾ ਭੁੱਲ ਐ—–?"

ਰੱਬ ਕੋਲ ਸੁਣਾਉਣ ਲਈ ਹੁਣ ਹੋਰ ਨਵੀਂ ਕਹਾਣੀ ਸੀ ਮੈਂ ਹੱਥ ਦਾ ਇਸ਼ਾਰਾ ਕਰਕੇ ਨਿਰਮਲ ਨੂੰ ਦੋ ਕੱਪ ਚਾਹ ਭੇਜਣ ਲਈ ਆਖ ਦਿੱਤਾ ਸੀ

"ਹੁਣ ਕੀ ਹੋ ਗਿਆ?"

"ਹੁਣ ਤਾਂ ਸਾਰਾ ਕੁਛ ਸ਼ਰੇਆਮ ਈ ਹੋ ਗਿਆ ਸਾਲਾ ਢਿੱਡ ਨੰਗਾ ਕਰਨ ਦੀ ਵੀ ਲੋੜ ਨ੍ਹੀ ਰਈ ਪਹਿਲਾਂ ਤਾਂ ਸਾਹਬੋ ਨੂੰ ਰਖੇਲ ਬਣਾ ਕੇ ਮੋਟਰ 'ਤੇ ਰੱਖਦਾ ਸੀਗਾ-ਹੁਣ ਤਾਂ ਧੱਕੇ ਨਾਲ ਘਰੇ ਈ ਆ ਪੈਂਦਾ ਦੱਸ ਦਿੱਤਾ ਹੋਊ ਦੱਸਣ ਆਲਿਆਂ ਤੈਨੂੰ ਕੋਈ ਭੁੱਲ ਐ?"

"ਨਿਹਾਇਤ ਮਾੜੀ ਗੱਲ ਹੈ ਦੋਵਾਂ ਵਾਸਤੇ ਈ।"

"ਮੈਂ ਤਾਂ ਉਹਨਾਂ ਭਾਣੇ ਮਿੱਟੀ ਈ ਆਂ-ਹੋਇਆ ਨਾ ਹੋਇਆ ਇੱਕ ਬਰੋਬਰ।"

"ਤੂੰ ਘਰੇ ਨ੍ਹੀ ਹੁੰਦਾ?"

"ਧੱਕੇ ਨਾਲ ਭੇਜ ਦਿੰਦਾ ਬੰਬੀ 'ਤੇ-ਅਖੇ ਤੈਂਅ ਘਰੇ ਕੀ ਕਰਨਾ ਜਾਹ ਜਾਕੇ ਪਾਣੀ ਲਾ ਜੀਰੀ ਸੁੱਕਜੂ।"

"ਤੂੰ ਤੁਰ ਜਾਨੈ ਚੁੱਪ ਕਰਕੇ?"

" ਮੈਂ ਸੀਰੀ ਸਾਂਝੀ ਬੰਦਾ, ਨਾਂਹ ਨੁੱਕਰ ਵੀ ਨ੍ਹੀ ਕਰ ਸਕਦਾ ਨਾਲੇ ਕਲੇਸ਼ ਤੋਂ ਡਰਦਾ ਰਹਿਨੈ ਉਹ ਕਾਲੀ ਜੀਭ ਆਲੀ ਅਸਮਾਨ ਸਿਰ 'ਤੇ ਚੱਕ ਲੈਂਦੀ ਐ ਮਰਨ ਮਾਰਨ ਦੀਆਂ ਗੱਲਾਂ ਕਰਨ ਲੱਗਦੀ ਮੈਂ ਤਾਂ ਡਰਦਾ ਰਹਿਨੈ ਵ੍ਹੀ ਜੇ ਕੁੱਛ ਕਰਗੀ ਤਾਂ ਸਾਰੀ ਉਮਰ ਜੇਲ੍ਹ 'ਚ ਸੜਦਾ ਰਹੂੰ ਜੁਆਕ ਅੱਡ ਰੁੱਲ ਜਾਣਗੇ।"

"ਆਹ ਗੱਲ ਤਾਂ ਹੈਗੀ।"

"ਤੈਨੂੰ ਕਿਹੜਾ ਭੁੱਲ ਐ? ਹਰੀਏ ਪੱਤੀ ਆਲੇ ਮਿੱਠੂ ਨਾਲ ਕੀ ਹੋਇਆ ਸੀਗਾ ਉਹ ਤੀਮੀ ਨੂੰ ਰੋਕਦਾ ਸੀਗਾ ਚੰਗੇ ਮੰਦੇ ਥਾਈਂ ਜਾਣੋ ਉਹ ਦਵਾਈ ਖਾਗੀ ਚੂਹਿਆਂ ਆਲੀ—ਵੇਖਲਾ ਮਿੱਠੂ ਵਿਚਾਰਾ ਅਜੇ ਤੱਕ ਰੋਟੀਆਂ ਭੰਨ੍ਹੀ ਜਾਂਦਾ ਜੇਲ੍ਹ ਦੀਆਂ ਜਿਹੜੀ ਜ਼ਮੀਨ ਸੀਗੀ ਦੋ ਕਿੱਲੇ ਉਹ ਕੇਸ 'ਤੇ ਲੱਗਗੀ।"

"ਯਾਰ ਰੱਬਾ, ਆਏਂ ਤਾਂ ਫਿਰ ਜਿਉਣਾ ਈ ਔਖਾ ਆ।"



"ਅਪਸਰਾ! ਹੈ ਤਾਂ ਔਖਾ ਪਰ ਜਿਉਂਈ ਜਾਨੈ ਅਸਲ ਗੱਲ ਐ, ਸਹੁਰੀ ਦੇ ਜੁਆਕਾਂ ਦਾ ਮੋਹ ਮਾਰਦਾ ਤਰਸ ਆਉਂਦਾ ਉਹਨਾਂ ਅੱਲੀਂ ਵੇਖ ਵੇਖ ਕੇ ਕਦੇ ਕਦੇ ਜੀਅ 'ਚ ਆਉਂਦਾ ਘੱਲਾਂ ਆਲੀਆਂ ਨਹਿਰਾਂ 'ਚ ਛਾਲ ਮਾਰ ਦਿਆਂ ਪਰ ਕੀ ਕਰਾਂ, ਸੋਚਦਾਂ ਜੁਆਕਾਂ ਦਾ ਕੀ ਕਸੂਰ ਉਹਨਾਂ ਨੇ ਕੀ ਵੇਖ ਲਿਆ ਜੱਗ 'ਤੇ ਆ ਕੇ।"

ਸੁਣਕੇ ਮੈਂ ਕੰਬ ਗਿਆ ਮੈਨੂੰ ਉਸਦੀ ਲਾਸ਼ ਨਹਿਰ 'ਚ ਤਰਦੀ ਹੋਈ ਦਿਖਾਈ ਦੇਣ ਲੱਗੀ

"ਕੋਈ ਨਹੀਂ—ਉੱਤਲੇ 'ਤੇ ਭਰੋਸਾ ਰੱਖੀਦਾ ਐਹੋ ਜਿਹੀ ਗੱਲ ਨ੍ਹੀ ਲਿਆਉਣੀ ਕਦੇ ਦਿਮਾਗ 'ਚ ਸਾਰਾ ਕੁੱਝ ਠੀਕ ਹੋ ਜਾਊ।" ਸੁੱਕੇ ਵਾਲਾਂ ਦਾ ਜੂੜ੍ਹਾ ਕਰਕੇ ਮੈਂ ਪਰਨਾ ਲਪੇਟ ਲਿਆ

"ਨਈਂ-ਨਈਂ, ਆਏਂ ਤਾਂ ਨ੍ਹੀ ਮਰਦਾ ਨਾਲੇ ਮਰਨਾ ਵੀ ਕਾਹਨੂੰ? ਰੱਬ ਨੇ ਮਸਾਂ ਤਾਂ ਮਾਣਸ ਦੇਹ ਦਿੱਤੀ ਐ ਆਪੇ ਕੀਤੀਆਂ ਭੁਗਤਣਗੇ ਮਾੜੀਆਂ ਕਰਨ ਆਲੇ ਅੱਗੇ ਕਿਹੜਾ ਭੁਗਤੀਆਂ ਨ੍ਹੀ ਤੈਨੂੰ ਕਿਹੜਾ ਭੁੱਲ ਐ ਗੋਲ ਕੋਠੀ ਆਲਿਆਂ ਦੇ ਬੱਠਲ ਜਿਹੇ ਨੇ ਵੀ ਆਏਂ ਅੱਤ ਚੱਕੀ ਸੀਗੀ ਸਰਬੇ ਆਗੂੰ ਸਾਰੀ ਦਿਹਾੜੀ ਪਿੰਡ ਦੀਆਂ ਜਨਾਨੀਆਂ ਦੀਆਂ ਸੁੱਥਣਾਂ ਸੁੰਘਦਾ ਰਹਿੰਦਾ ਸੀ ਟਰੈਕਟਰ ਥੱਲੇ ਆ ਕੇ ਗੀੜ ਦੀ ਹੱਡੀ ਦੇ ਮਣਕੇ ਟੁੱਟਗੇ ਤੀਮੀ ਛੱਡਕੇ ਤੁਰਗੀ ਰਿੜਕ ਰਿੜਕ ਕੇ ਮਰਿਆ ਕੁੱਤੇ ਆਲੀ ਮੌਤ ਪਏ ਪਏ ਦੇ ਕੀੜੇ ਪੈਗੇ ਸੀਗੇ ਐਥੇ ਵੇਖਲੀਂ, ਏਹਨਾਂ ਨਾਲ ਵੀ ਆਏਂ ਹੋਣੀ ਨਾ ਹੋਈ ਤਾਂ ਮੈਨੂੰ ਰੱਬ ਨਾ ਆਖੀਂ।"

ਰੱਬ ਦੇ ਜਾਣ ਬਾਅਦ ਵੀ ਕਿੰਨਾ ਚਿਰ ਉਸਦੇ ਬਾਰੇ ਹੀ ਸੋਚਦਾ ਰਿਹਾ

"ਕੁੱਝ ਨਹੀਂ ਜੂਨ ਏਸ ਵਿਚਾਰੇ ਦੀ ਵੀ।" ਨਿਰਮਲ ਨੇ ਆਖਿਆ ਤਾਂ ਮੈਂ ਹੋਰ ਵਧੇਰੇ ਪ੍ਰੇਸ਼ਾਨ ਹੋ ਗਿਆ ਸਾਂ ਇਸਦਾ ਮਤਲਬ ਰੱਬ ਦੇ ਘਰ ਦੀਆਂ ਗੱਲਾਂ ਲੋਕਾਂ ਦੇ ਚੁੱਲ੍ਹਿਆਂ ਚੌਂਕਿਆਂ ਤੱਕ ਆ ਗਈਆਂ ਸਨ

ਫਿਰ ਥੋੜੇ ਦਿਨਾਂ ਬਾਅਦ ਉਹ ਹੋਰ ਦੁਖਦਾਈ ਗੱਲ ਸੁਣਾ ਗਿਆ

"ਅਪਸਰਾ! ਹੁਣ ਤਾਂ ਸਾਰੇ ਪੜਦੇ ਈ ਚੱਕੇ ਗਏ ਰਾਤ ਨੂੰ ਮੇਰੇ ਹੁੰਦਿਆਂ ਵੀ ਆ ਜਾਂਦਾ ਉਹ ਤੇ ਸਾਹਬੋ— ਚੱਲ ਛੱਡ, ਤੈਨੂੰ ਕਿਹੜਾ ਭੁੱਲ ਐ ਦੋਵੇਂ ਕੀ ਕੀ ਗੁੱਲ ਖਲਾਉਂਦੇ ਐ, ਗੱਲ ਤਾਂ ਕੁੱਲ ਪਿੰਡ ਦੀਆਂ ਜੁੱਲੀਆਂ 'ਚ ਵੜੀ ਫਿਰਦੀ ਹੋਊ।" ਸੁਣ ਕੇ ਮੈਂ ਸੁੰਨ ਹੋ ਗਿਆ ਕੋਈ ਐਨਾ ਬੇਅਣਖਾ ਵੀ ਹੋ ਸਕਦਾ? ਸੋਚ ਕੇ ਮੇਰਾ ਸਿਰ ਚਕਰਾਉਣ ਲੱਗਾ ਮੈਨੂੰ ਕਈ ਸਾਲ ਪਹਿਲਾਂ ਪੜੀ ਜਾਂ ਸੁਣੀਂ ਘਟਨਾ ਚੇਤੇ ਆ ਗਈ ਕਿਸੇ ਨੇ ਆਪਣੀ ਪਤਨੀ ਦੇ ਆਸ਼ਕ ਦਾ ਸਿਰ ਵੱਢ ਕੇ ਥਾਣੇਦਾਰ ਦੇ ਮੇਜ਼ 'ਤੇ ਲਿਆ ਰੱਖਿਆ ਸੀ

"ਯਾਰ ਤੂੰ ਜਿਉਂਦਾ ਕਿਵੇਂ?" ਇਹ ਗੱਲ ਤਾਂ ਮੈਂ ਸੋਚਾਂ ਵਿੱਚ ਹੀ ਆਖੀ ਸੀ ਪਰ ਸ਼ਾਇਦ ਰੱਬ ਨੂੰ ਸੁਣ ਗਈ ਸੀ

"ਅਪਸਰਾ! ਮੈਨੂੰ ਪਤਾ ਤੂੰ ਕੀ ਸੋਚਦੈਂ ਰੱਬ ਕਰਨ ਨੂੰ ਤਾਂ ਕੀ ਨ੍ਹੀ ਕਰ ਸਕਦਾ ਪਰ ਬਲੂੰਗਾਂ ਅਰਗੇ ਜੁਆਕ ਦੀਂਹਦੇ ਅੱਖਾਂ ਮੂਹਰੇ ਉਹਨਾਂ ਕਰਕੇ ਈ ਨਰੈਣਾ ਬਣਿਆ ਪਿਐਂ ਨਾਲੇ ਬਾਈ ਸਿਆਂ ਮੇਰਾ ਤਾਂ ਕੋਈ ਸੁੱਚੇ ਸੂਰਮੇ ਅਰਗਾ ਭਰਾ ਵੀ ਹੈਨੀ।" ਮੈ ਸੋਚਿਆ ਰੱਬ ਰੋ ਪਵੇਗਾ ਪਰ ਉਹ ਤਾਂ ਸਾਧਾਰਨ ਰੌਅ 'ਚ ਹੀ ਗੱਲਾਂ ਕਰ ਰਿਹਾ ਸੀ ਕੀ ਪਤਾ ਅੰਦਰ ਪੀੜਾਂ ਦਾ ਕਿੰਨਾ ਕੁ

ਵੱਡਾ ਦਰਿਆ ਡੱਕੀ ਫਿਰਦਾ ਸੀ ਇਹ ਜਰੂਰੀ ਤਾਂ ਨਹੀਂ ਹੁੰਦਾ ਕਿ ਦੁੱਖ ਬੋਲ ਕੇ ਹੀ ਸੁਣਾਇਆ ਜਾਵੇ

"ਅਪਸਰਾ! ਗੱਲ ਸਾਰੀ ਸੋਚਣ ਦੀ ਹੁੰਦੀਓ ਹੁਣ ਤਾਂ ਮੈਂ ਹੋਰੂੰ ਸੋਚਦਾਂ ਤੂੰ ਪੁੱਛ ਕਿਮੇ?"

"ਮੈਨੂੰ ਤਾਂ ਏਨਾ ਹੀ ਬਹੁਤ ਐ ਕਿ ਰੱਬ ਕੁੱਝ ਸੋਚਦਾ ਤਾਂ ਹੈ।" ਮੇਰੇ ਬੋਲਾਂ ਦੇ ਵਿਅੰਗ 'ਚ ਰੱਬ ਉਲਝਿਆ ਨਹੀਂ ਸੀ

"ਸੋਚਦਾਂ ਸਾਹਬੋ ਸਰਦਾਰਾਂ ਦੀ ਨੂੰਹ ਐ—ਮੇਰੇ ਕੋਲ ਤਾਂ ਕਦੇ ਕਦਾਈਂ ਰਾਤ ਕੱਟ ਜਾਂਦੀ ਜੀਕਣ ਤੂੰ ਕਹਿਨੈ ਹੁੰਨਾ, ਬਦਲ ਲਿਆ ਕੀ ਕਹਿੰਨਾ ਹੁੰਨਾ ?"

"ਦ੍ਰਿਸ਼ਟੀਕੋਣ।"

"ਹਾਐ ਦਰਸ਼ਟੀਕੋਣ ਉਂ ਤੇਰਾ ਕੀ ਖਿਆਲ ?" ਉਹ ਕਿੰਨਾ ਚਿਰ 'ਹੀਂ—ਹੀਂ ' ਕਰਕੇ ਹੱਸਦਾ ਰਿਹਾ ਮੈਂ ਹਿਸਾਬ ਲਾਇਆ ਉਹ ਚਾਹੁੰਦਾ ਸੀ ਕਿ ਮੈਂ ਆਖਾਂ, "ਆਹ ਗੱਲ ਤਾਂ ਤੇਰੀ ਦਰੁਸਤ ਹੈ," ਪਰ ਮੈਂ ਆਖ ਨਾ ਸਕਿਆ ਮੈਂ ਸਮਝਦਾ ਸਾਂ ਆਪਣੀ ਪਤਨੀ ਬਾਰੇ ਅਜਿਹੀ ਗੱਲ ਕੋਈ ਵੀ ਨਹੀਂ ਆਖ ਸਕਦਾ ਭਾਵੇਂ ਰੱਬ ਹੀ ਕਿਉਂ ਨਾ ਹੋਵੇ ਰੱਬ ਵੀ ਇਹ ਗੱਲ ਅੰਦਰੋਂ ਨਹੀਂ ਸੀ ਆਖ ਰਿਹਾ

ਉਸ ਦਿਨ ਉਹ ਬੜੇ ਸਹਿਜ ਭਾਅ ਨਾਲ ਗੱਲਾਂ ਕਰਦਾ ਰਿਹਾ ਨਿਰਮਲ ਚਾਹ ਫੜਾਉਣ ਆਈ ਰੱਬ ਨੇ ਚਾਹ ਵਾਲਾ ਕੱਪ ਫੜਦਿਆਂ ਵਾਪਸ ਮੁੜਦੀ ਨਿਰਮਲ ਨੂੰ ਸੁਣਾਉਣ ਲਈ ਥੋੜਾ ਉੱਚੀ ਆਵਾਜ਼ 'ਚ ਆਖਿਆ, "ਨਿਰਮਲ ਭੈਣ ਜੀ ਅਰਗੀ ਤੀਮੀ ਨ੍ਹੀ ਹੋਣੀ ਸਾਰੇ ਜੱਗ ਜਹਾਨ 'ਤੇ ਅਪਸਰਾ, ਪੈਰ ਧੋ ਧੋ ਕੇ ਪੀਆ ਕਰ ਸਵੇਰੇ ਆਥਣੇ।"

ਨਿਰਮਲ ਮੇਰੇ ਵੱਲ ਟੇਡਾ ਜਿਹਾ ਵੇਖ ਕੇ ਮੁਸਕਰਾਉਂਦਿਆਂ ਚਲੀ ਗਈ ਉਸਦੇ ਦੂਰ ਜਾਂਦਿਆਂ ਹੀ ਰੱਬ ਬੜੀ ਮਰੀਅਲ ਜਿਹੀ ਆਵਾਜ਼ 'ਚ ਬੋਲਿਆ, "ਸਾਹਬੋ ਵੀ ਤਾਂ ਤੀਮੀ ਐ ਕਿੱਥੇ ਨਿਰਮਲ ਭੈਣ ਤੇ ਕਿੱਥੇ ਸਾਹਬੋ ਕੋਈ ਤੀਮੀ ਜੁਆਕ ਜੰਮ ਦੇਣ ਨਾਲ ਈ ਤਾਂ ਨ੍ਹੀ ਤੀਮੀ ਬਣ ਜਾਂਦੀ।" ਉਸ ਨੇ ਚਾਹ ਪੀ ਕੱਪ ਮੰਜੇ ਦੇ ਹੇਠ ਨੂੰ ਸਿਰਕਾ ਦਿੱਤਾ

ਇਸ ਗੱਲ ਨੂੰ ਮਹੀਨਾ ਡੂਢ ਮਹੀਨਾ ਲੰਘ ਗਿਆ ਪੰਚਾਇਤੀ ਚੋਣਾਂ ਦੀ ਡਿਊਟੀ ਕਰਕੇ ਮੈਂ ਵੀ ਕੁੱਝ ਵਧੇਰੇ ਹੀ ਰੁਝੇਵੇਂ 'ਚ ਫਸਿਆ ਰਿਹਾ ਸਵੇਰੇ ਸਾਝਰੇ ਜਾ ਕੇ ਦੇਰ ਰਾਤ ਗਏ ਘਰ ਮੁੜਦਾ ਇੱਕ ਦਿਨ ਮੈਂ ਡਿਉਟੀ 'ਤੇ ਜਾਣ ਲਈ ਗੱਡੀ ਬਾਹਰ ਕੱਢੀ ਹੀ ਸੀ ਕਿ ਸਾਹਮਣੇ ਤੋਂ ਰੱਬ ਆਉਂਦਾ ਦਿਖਾਈ ਦਿੱਤਾ ਵੇਖਣ ਨੂੰ ਉਹ ਕੁੱਝ ਰੌਂਅ ਵਿੱਚ ਲੱਗਦਾ ਸੀ

"ਬਾਈ! ਬਾਹਲੀ ਕਾਹਲੀ ਤਾਂ ਨ੍ਹੀ ਜਾਣ ਦੀ?" ਮੈਂ ਨੋਟ ਕੀਤਾ ਉਸਨੇ ਸੰਬੋਧਨ ਕਰਨ ਲਈ ਅਪਸਰੋ ਦੀ ਥਾਂ 'ਬਾਈ' ਸ਼ਬਦ ਵਰਤਿਆ ਸੀ

"ਹੈ ਤਾਂ ਕਾਹਲੀ ਈ ਪਰ ਐਨੀ ਵੀ ਨੀ ਤੂੰ ਦੱਸ ਅੱਜ ਰੱਬ ਨੇ ਕਿਵੇਂ ਦਰਸ਼ਨ ਦਿੱਤੇ ਐਨੇ ਦਿਨਾਂ ਬਾਅਦ?"

"ਸ਼ੋਡੇ ਨਾਲ ਇੱਕ ਗੱਲ ਕਰਨੀ ਸੀਗੀ।"

"ਇੱਕ ਕਿਉਂ ਦੋ ਕਰਲਾ ਚੱਲ ਪਹਿਲਾਂ ਤੇਰੀ ਸੁਣ ਲੈਨੇ ਆਂ।" ਮੈਂ ਕਾਰ ਬੰਦ ਕਰਕੇ ਚਾਬੀ ਵਾਪਸ ਪੈਂਟ ਦੀ ਜੇਬ 'ਚ ਪਾ ਲਈ ਅਸੀਂ ਵਰਾਂਡੇ 'ਚ ਕੁਰਸੀਆਂ 'ਤੇ ਆ ਬੈਠੇ



"ਫੁਰਮਾਉ ਰੱਬ ਜੀ!"

"ਬਾਈ ਇੱਕ ਕੰਮ ਸੀ।"

ਮੈਂ ਪੈਂਟ ਦੀ ਪਿੱਛਲੀ ਜੇਬ 'ਚੋਂ ਪਰਸ ਕੱਢਣ ਲੱਗਾ

"ਜੇ ਤਾਂ ਦੋ ਚਾਰ ਸੌ ਚਾਹੀਦਾ ਹੁਣੇ ਲੈ ਜਾ, ਜੇ ਜ਼ਿਆਦਾ ਦੀ ਲੋੜ ਆ ਤਾਂ ਆਥਣੇ ਫੜਲੀਂ ਮੈਂ ਬੈਂਕ 'ਚੋਂ ਕਢਾ ਲਿਆਊਂ।" ਮੈਂ ਪਰਸ 'ਚੋਂ ਸੌ ਸੌ ਦੇ ਤਿੰਨ ਨੋਟ ਕੱਢ ਕੇ ਉਸ ਵੱਲ ਵਧਾ ਦਿੱਤੇ ਰੱਬ ਨੂੰ ਜਦੋਂ ਪੈਸੇ ਧੇਲੇ ਦੀ ਜਰੂਰਤ ਪੈਂਦੀ, ਮੇਰੇ ਕੋਲੋਂ ਹੀ ਲੈ ਕੇ ਜਾਂਦਾ ਸੀ

"ਨਹੀਂ ਬਾਈ ਪੈਸੇ ਨ੍ਹੀ ਚਾਈਦੇ ਸ਼ੋਨੂੰ ਹੋਰ ਸਵਾਲ ਪਾਉਣਾ।" ਪੈਸਿਆਂ ਵਾਲਾ ਹੱਥ ਉਸਨੇ ਪਿੱਛੇ ਨੂੰ ਧੱਕ ਦਿੱਤਾ

"ਰੱਬ ਦੇ ਹੁਕਮ ਨੂੰ ਕਿਹੜਾ ਭੜੂਆ ਟਾਲ ਸਕਦਾ?" ਮੈਂ ਸ਼ਰਾਰਤ ਨਾਲ ਆਖਿਆ

"ਬਾਈ ਸਿਆਂ, ਜੇ ਲਿਆ ਕੇ ਦੇ ਸਕਦੈਂ ਤਾਂ ਇੱਕ ਰਮਾਲ ਲਿਆ ਦੇ ਸਿਰੇ ਦਾ ਮਹਿੰਗੇ ਤੋਂ ਮਹਿੰਗਾ ਸਾਲਾ ਦੂਰੋਂ ਚਲਕਾਰੇ ਮਾਰਦਾ ਹੋਵੇ ਜਾਣੀਦਾ ਜੀਹਨੂੰ ਵੇਂਹਦਿਆਂ ਸਾਰ ਕਹਿੰਦੀ ਕਹਾਉਂਦੀ ਤੀਮੀ ਗਸ਼ ਖਾ ਕੇ ਡਿੱਗਪੇ।" ਰੱਬ ਨੇ ਵਿਚਾਰਾ ਜਿਹਾ ਬਣਕੇ ਆਖਿਆ

"ਹਾ ਹਾ ਹਾ ! ਵਾਹ ਉਏ ਰੱਬਾ——!" ਉਸ ਦੀ ਅਲੋਕਾਰੀ ਮੰਗ 'ਤੇ ਮੈਂ ਖੁੱਲ੍ਹ ਕੇ ਹੱਸਿਆ

"ਬਾਈ ਹੈਦੇ 'ਚ ਹੱਸਣ ਆਲੀ ਕੀ ਗੱਲ ਐ?"

"ਰੱਬਾ! ਪਤੰਦਰਾ ਬਾਹਲੇ ਪੁਰਾਣੇ ਟਾਈਮਾਂ ਦੀਆਂ ਗੱਲਾਂ ਕਰਦਾਂ ਬਾਪੂ ਦੀ ਜਵਾਨੀ ਵੇਲੇ ਦੀਆਂ ਅੱਜਕੱਲ੍ਹ ਦੀਆਂ ਜਨਾਨੀਆਂ ਰੁਮਾਲਾਂ 'ਤੇ ਨ੍ਹੀ ਡਿਗਦੀਆਂ ਗਸ਼ ਖਾ ਕੇ ਹੁਣ ਮੋਬਾਇਲਾਂ ਦਾ ਯੁੱਗ ਹੈ।"

"ਜਿਨ੍ਹਾਂ ਨੇ ਡਿੱਗਣਾ ਹੋਵੇ ਡਿੱਗ ਪੈਂਦੀਆਂ ਹਜੇ ਵੀ ਤੈਨੂੰ ਕਿਹੜਾ ਭੁੱਲ ਐ ਨਾਲੇ ਅਪਸਰਾ ਤੈਂਅ ਕੀ ਲੈਣਾ ਹੈਸ ਗੱਲ 'ਚੋਂ ਲਿਆਕੇ ਦੇ ਸਕਦਾਂ ਤਾਂ ਦੱਸ, ਨੀ ਤਾਂ ਕੋਈ ਹੋਰ ਖੂਹ ਪੱਟਾਂ ਨਾਲੇ ਪੈਸਿਆਂ ਦੀ ਕੋਈ ਪਰਵਾਹ ਨ੍ਹੀ ਭਮੇ ਕਿੰਨੇ ਲੱਗ ਜਾਣ।"

"ਰੁਮਾਲ ਦੀ ਤਾਂ ਕੋਈ ਗੱਲ ਨਹੀਂ ਇੱਕ ਛੱਡ ਚਾਰ ਲਿਆਦੂੰ ਪਰ ਇਹ ਤਾਂ ਦੱਸ ਦੇਣਾ ਕੀਹਨੂੰ ਹੈ?"

"ਏਸ ਗੁੱਧੜ-ਗੁੰਮੇ 'ਚੋਂ ਤੈਂਅ ਕੀ ਵੜੇਵੇਂ ਲੈਣੇ? ਮੈਂ ਭਮੇ ਕਾਲੀ ਕੁੱਤੀ ਨੂੰ ਦੇਮਾ ਤੂੰ ਬੱਸ ਕੇਰਾਂ ਲਿਆ ਦੇ ਫੇਰ ਵੇਖੀਂ ਰੱਬ ਦੇ ਰੰਗ ਭੂਤ ਭੰਗੜਾ ਪੈਂਦਾ ਵਿਖਾਊਂ ਤੈਨੂੰ।" ਉਸ ਅੰਦਰੋਂ ਅਜੀਬ ਕਿਸਮ ਦਾ ਵਿਸ਼ਵਾਸ਼ ਬੋਲ ਰਿਹਾ ਸੀ

ਮੈਂ ਮੁਸਕਰਾਉਂਦਿਆਂ ਆਪਣਾ ਸੱਜਾ ਹੱਥ ਉਸਦੇ ਮੋਢੇ ਤੇ ਰੱਖ ਕੇ ਮੋਢਾ ਹਲਕਾ ਜਿਹਾ ਦਬਾ ਦਿੱਤਾ ਉਸਦੇ ਚਿਹਰੇ 'ਤੇ ਚੜਦੇ ਸੂਰਜ ਵਰਗੀ ਲਾਲੀ ਨਜ਼ਰ ਆਉਣ ਲੱਗੀ

ਉਸੇ ਦਿਨ ਮੈਂ ਸ਼ਹਿਰ ਦੀਆਂ ਬਹੁਤ ਸਾਰੀਆਂ ਦੁਕਾਨਾਂ ਘੁੰਮ ਕੇ ਇੱਕ ਬੇਸ਼ਕੀਮਤੀ ਰੁਮਾਲ ਖਰੀਦਿਆ ਤੇ ਸ਼ਾਮੀ ਘਰ ਲੈ ਆਇਆ ਉਸੇ ਦਿਨ ਹੀ ਉਹ ਲੈਣ ਵੀ ਆ ਗਿਆ ਮੈਂ ਦੇਖਿਆ ਕਿ ਉਸ ਦੇ ਚਿਹਰੇ 'ਤੇ ਮੁਸਕਾਨ ਨੱਚਦੀ ਫਿਰਦੀ ਸੀ ਜਾਣ ਲੱਗਿਆਂ ਉਹ ਦਰਵਾਜ਼ੇ 'ਤੋਂ ਵਾਪਸ ਆ ਗਿਆ

"ਬਾਈ ਸਿਆਂ, ਲੱਗਦੇ ਹੱਥ ਕੋਈ ਇਤਰ ਫਲੇਲ ਵੀ ਦੇਦੇ ਉੱਤੇ ਛਿੜਕਣ ਆਸਤੇ ਸਾਲੀਆਂ ਲਫਟਾਂ ਆਉਣ ਡੂਢ ਮੀਲ ਤੋਂ।" ਰੱਬ ਦੀ ਮੰਗ ਕਿਵੇਂ ਅਣਗੌਲਿਆਂ ਕਰ ਦਿੰਦਾ ਮੈਂ ਫਰਾਂਸ ਰਹਿੰਦੇ ਮਿੱਤਰ ਵਲੋਂ ਦਿੱਤਾ ਪਰਫਿਊਮ ਲਿਆ ਕੇ ਫੜਾ ਦਿੱਤਾ ਜਾਣ ਲੱਗੇ ਰੱਬ ਦੇ ਪੱਬ ਧਰਤੀ 'ਤੇ ਨਹੀਂ ਸੀ ਲੱਗ ਰਹੇ

ਅਗਲੇ ਦਿਨ ਸਾਝਰੇ ਹੀ ਉਸਨੇ ਮੇਰਾ ਬੂਹਾ ਆਣ ਮੱਲਿਆ ਉਹ ਕਹੀ ਮੋਢੇ 'ਤੇ ਰੱਖੀ ਖੇਤ ਜਾ ਰਿਹਾ ਸੀ ਤੇ ਕਾਹਲੀ ਵਿੱਚ ਸੀ ਉਸਨੇ ਨਹਿਰ ਦੇ ਪਾਣੀ ਦੀ ਵਾਰੀ ਲੈਣੀ ਸੀ ਮੇਰੇ ਕਹਿਣ 'ਤੇ ਵੀ ਉਹ ਮੰਜੇ 'ਤੇ ਨਾ ਬੈਠਿਆ ਤੇ ਖੜਾ ਖੜਾ ਹੀ ਰੁਮਾਲ ਦੀ ਕਾਰਗੁਜ਼ਾਰੀ ਬਾਰੇ ਦੱਸਣ ਲੱਗਾ

"ਬਾਈ ਸਿਆਂ, ਕੱਲ੍ਹ ਮੈਂ ਜਾਂਦਿਆਂ ਈ ਸਰਬੇ ਨੇੜੇ ਹੋ ਕੇ ਬੋਝੇ 'ਚੋਂ ਰੁਮਾਲ ਕੱਢਿਆ ਮਾਰ ਲਫਟਾਂ ਆਉਣ ਸਰਬੇ ਦੀਆਂ ਤਾਂ ਅੱਖਾਂ ਈ ਟੱਡੀਆਂ ਰਹਿ ਗਈਆਂ।" ਉਸਨੇ ਬਿਨਾਂ ਦੇਰੀ ਕੀਤਿਆਂ ਸਰਬੇ ਨਾਲ ਹੋਈ ਗੱਲਬਾਤ ਸੁਣਾ ਦਿੱਤੀ

"ਕੰਜ਼ਰ ਦੀਏ ਜਾਤੇ——ਹਾਅ ਤੈਂਅ ਕਿੱਥੋਂ ਲੈ ਲਿਆ ਐਨਾ ਮਹਿੰਗਾ।"

"ਮੁੱਲ ਲਿਆਂਦਾ ਸ਼ਹਿਰੋਂ।"

"ਐਨਾ ਮਹਿੰਗਾ?"

"ਯਾਰੀ ਨਾਲੋਂ ਕੁੱਛ ਮਹਿੰਗਾ ਨ੍ਹੀ ਹੁੰਦਾ।"

"ਹੈ ਕੰਜ਼ਰ ਦੀ ਜਾਤ—ਬਿਨ੍ਹਾ ਖੰਭਾਂ ਤੋਂ ਈ ਉੱਡੀ ਜਾਂਦੀ ਐ।"

"ਸਰਦਾਰਾ! ਯਾਰ ਦੀ ਯਾਰੀ ਮਗਰ ਜਾਈਦਾ, ਰੁਪਈਏ-ਪੈਸੇ ਮਗਰ ਨ੍ਹੀ ਤੈਨੂੰ ਕਿਹੜਾ ਭੁੱਲ ਐ ਕਿਸੇ ਨਾਲ ਨਵੀਂ ਨਵੀਂ ਯਾਰੀ ਲੱਗੀ ਐ, ਉਹਦੇ ਆਸਤੇ ਲਿਆਂਦਾ ਸਮਝ ਲੈ ਜਿਮੇ ਤੂੰ ਆਵਦੇ ਆਲੀ ਸਾਹਬੋ ਨੂੰ ਨਵੇਂ ਨਵੇਂ ਸੂਟ ਲਿਆ ਕੇ ਦਿੰਨਾਂ, ਆਪਾਂ ਆਵਦੇ ਆਲੀ ਨੂੰ ਆਹ ਦੇ ਦੇਣਾ।"

"ਹੀਂ-ਹੀਂ-ਹੀਂ! ਕੁੱਤੀ ਜਾਤ ਦੁਪਿਹਰੇ ਗਿੱਧਾ ਸੌਣਾ ਰੂੜੀਆਂ 'ਤੇ ਸੁਪਨੇ ਸ਼ੀਸ਼ਥ ਮਹਿਲਾਂ ਦੇ।"

ਸਰਬੇ ਨਾਲ ਹੋਈ ਬੀਤੀ ਆਪਣੀ ਗੱਲਬਾਤ ਸੁਣਾ ਕੇ ਰੱਬ ਨੇ ਮੇਰੇ ਅੰਦਰ ਉਤਸੁਕਤਾ ਵਧਾ ਦਿੱਤੀ ਸੀ ਉਹ ਤਾਂ ਫਿਰ ਕਈ ਦਿਨ ਨਾ ਬਹੁੜਿਆ ਪਰ ਮੈਂ ਰੱਬ ਜੀ ਵਲੋਂ ਰੁਮਾਲ ਨਾਲ ਨਵੇਂ ਕੱਢੇ ਸੱਪ ਦੀ ਉਡੀਕ ਕਰਨ ਲੱਗਾ ਜਿੰਨੇ ਵਿਸ਼ਵਾਸ਼ ਨਾਲ ਉਸਨੇ ਗੱਲ ਸੁਣਾਈ ਸੀ, ਮੈਨੂੰ ਪੂਰਾ ਯਕੀਨ ਹੋ ਗਿਆ ਸੀ ਕਿ ਰੱਬ ਕੋਈ ਸੱਪ ਜ਼ਰੂਰ ਕੱਢੂ

ਇੱਕ ਦਿਨ ਮੈਂ ਅਜੇ ਘਰ ਆਇਆ ਹੀ ਸੀ ਕਿ ਪਾਣੀ ਲੈ ਕੇ ਆਈ ਨਿਰਮਲ ਨਵੀਂ ਕਹਾਣੀ ਲੈ ਆਈ ਸੀ

"ਸੁਣਲੋ ਵੱਡੇ ਲੀਡਰ ਸਰਦਾਰ ਸਰਬਜੀਤ ਸਿੰਹੁ ਦੀ ਕਰਤੂਤ।"

"ਕੀ ਕਰਤਾ?"

"ਕਰਤੂਤ !"

"ਕਰਤੂਤਾਂ ਤਾਂ ਨਿੱਤ ਈ ਕਰਦਾ, ਕੋਈ ਨਵਾਂ ਚੰਦ ਚਾੜਿਆ ਤਾਂ ਦੱਸ।"



"ਭੈਣ ਜੀ ਕਮਲ ਨੂੰ ਕੁੱਟਿਆ ਬੁਰੀ ਤਰ੍ਹਾਂ ਆਂਡ-ਗੁਆਂਢ ਨੇ ਆ ਕੇ ਛੁਡਾਇਆ ਨਹੀਂ ਤਾਂ ਖੌਰੇ ਮਾਰ ਈ ਦਿੰਦਾ ਸੂਰ ਜਿਹੇ ਨੇ ਕੁੱਟ ਕੁੱਟ ਕੇ ਪੱਸਲੀਆਂ ਅੰਦਰ ਪਾਤੀਆਂ ਦਰਵੇਸ਼ਣੀ ਦੀਆਂ।"

ਸਰਬੇ ਦੀ ਘਰਵਾਲੀ ਕਮਲ ਅਤੇ ਨਿਰਮਲ ਇੱਕੋ ਪਿੰਡ ਦੀਆਂ ਹੋਣ ਕਰਕੇ ਇੱਕ ਦੂਜੇ ਦਾ ਖਾਸਾ ਮੋਹ ਕਰਦੀਆਂ ਸਰਬੇ ਦੀ ਕਮਾਈ 'ਇਜ਼ਤ' ਕਰਕੇ ਭਾਵੇਂ ਉਹਨਾਂ ਦੇ ਘਰ ਨਾਲ ਬਹੁਤਾ ਵਾਹ ਵਾਸਤਾ ਨਹੀਂ ਸੀ ਰੱਖੀਦਾ ਪਰ ਨਿਰਮਲ ਅਕਸਰ ਕਮਲ ਕੋਲ ਜਾ ਆਉਂਦੀ ਸੀ ਕਮਲ ਵੀ ਕਦੇ ਕਦਾਈਂ ਨਿਰਮਲ ਕੋਲ ਗੇੜਾ ਮਾਰ ਜਾਂਦੀ ਤੇ ਦੁੱਖ ਰੋ ਜਾਂਦੀ

"ਤੁਹਾਡੇ ਆਉਣ ਤੋਂ ਥੋੜਾ ਚਿਰ ਪਹਿਲਾਂ ਪਤਾ ਲੈ ਕੇ ਆਈ ਹਾਂ ਕੁੱਤੇ ਦੇ—— ।" ਗਾਹਲ੍ਹ ਨਿਰਮਲ ਨੇ ਮੂੰਹ 'ਚ ਹੀ ਘੁੱਟ ਲਈ

"ਨਾ ਕੁੱਟਿਆ ਕਿਹੜੀ ਗੱਲੋਂ?"

"ਆਂਹਦਾ ਇਸ਼ਕ ਲੜਾਉਂਦੀ ਐ ਕੰਮੀਆਂ ਕਮੀਣਾਂ ਨਾਲ।" ਗੁੱਸੇ ਨਾਲ ਭਰੀ ਪੀਤੀ ਨਿਰਮਲ ਤਾਂ ਏਨਾ ਆਖ ਕੇ ਚੁੱਪ ਕਰ ਗਈ ਪਰ ਮੇਰੀਆਂ ਸੋਚਾਂ ਦੀ ਰੀਲ ਘੋੜੇ ਵਾਂਗ ਸਰਪੱਟ ਦੌੜਨ ਲੱਗੀ ਮਹਿੰਗਾ ਵਿਦੇਸ਼ੀ ਰੁਮਾਲ ਫੜੀ ਰੱਬ ਮੇਰੀਆਂ ਅੱਖਾਂ ਅੱਗੋਂ ਲੰਘ ਗਿਆ

"ਸਾਰੀ ਦਿਹਾੜੀ ਹਰਲ ਹਰਲ ਕਰਦਾ ਫਿਰੂ ਕੀਹਨੂੰ ਨ੍ਹੀ ਪਤਾ ਏਹਦੀਆਂ ਭੱਦਰਕਾਰੀਆਂ ਦਾ ਸਾਰੇ ਜਹਾਨ ਦਾ ਛਟਿਆ ਲੁੱਚਾ ਲਫੰਗਾ ਤੇ ਬਦਮਾਸ਼ ਥਾਂ-ਕੁਥਾਂ ਗੰਦ 'ਚ ਮੂੰਹ ਮਾਰਨ ਵਾਲਾ ਸੂਰ ਚਵਲ ਕਿਸੇ ਥਾਂ ਦਾ।" ਕੁੱਲ ਦੁਨੀਆ ਦੇ ਵਿਸ਼ੇਸ਼ਣ ਲਾਉਂਦੀ ਗੁੱਸੇ ਨਾਲ ਭਰੀ ਪੀਤੀ ਨਿਰਮਲ ਚਾਹ ਬਣਾਉਣ ਲਈ ਰਸੋਈ 'ਚ ਚਲੀ ਗਈ

ਮੈਂ ਅਜੇ ਮੂੰਹ ਹੱਥ ਧੋ ਕੇ ਤੇ ਕੱਪੜੇ ਬਦਲ ਕੇ ਹਟਿਆ ਸਾਂ ਕਿ ਰੱਬ ਨੇ ਆਣ ਦਰਸ਼ਨ ਦਿੱਤੇ ਉਹ ਚੁੱਪ ਚਾਪ ਮੰਜੇ 'ਤੇ ਬਹਿ ਗਿਆ ਅੱਜ ਉਹ ਪਹਿਲਾਂ ਨਾਲੋਂ ਵੀ ਵਧੇਰੇ ਸ਼ਾਂਤ ਤੇ ਮਸਤ ਨਜ਼ਰ ਆਉਂਦਾ ਸੀ

"ਨਹੀਂ ਟਲਿਆ? ਵਰਤਾਤਾ ਭਾਣਾ ਰੱਬ ਜੀ ਨੇ।"

"ਵਰਤ ਈ ਗਿਆ ਤੈਨੂੰ ਕਿਹੜਾ ਭੁੱਲ ਐ।"

"ਜੇ ਭਲਾ ਨਿਰਮਲ ਨੂੰ ਪਤਾ ਲੱਗਜੇ ਵਈ ਏਸ ਭਾਣੇ 'ਚ ਮੈਂ ਵੀ ਇੱਕ ਧਿਰ ਹਾਂ, ਚੰਗੀ ਇਜ਼ਤ ਬਣੂ ਉੱਤੋਂ ਸ਼ਰੀਕੇ ਦਾ ਮਾਮਲਾ, ਜੇ ਗੱਲ ਨਿਕਲਗੀ—?" ਮੈਂ ਆਪਣਾ ਡਰ ਰੱਬ ਅੱਗੇ ਰੱਖਿਆ ਭਾਵੇਂ ਕਿ ਮੈਨੂੰ ਪਤਾ ਸੀ ਕਿ ਮੇਰਾ ਸ਼ੰਕਾ ਬਿਲਕੁੱਲ ਨਿਰਮੂਲ ਹੈ ਰੱਬ ਅੰਦਰਲੇ ਭੇਤ ਦਾ ਦੁਨੀਆ ਨੂੰ ਪਤਾ ਲੱਗਣਾ ਮੁਸ਼ਕਲ ਹੀ ਨਹੀਂ ਅਸੰਭਵ ਕੰਮ ਹੁੰਦਾ ਹੈ

"ਮੇਰੇ ਤੋਂ ਗੱਲ ਬਾਹਰ ਨਿਕਲਜੂ? ਤੈਨੂੰ ਕਿਹੜਾ ਭੁੱਲ ਐ?"

"ਪਰ ਰੱਬ ਜੀ ਇਹ ਭਾਣਾ ਵਰਤਾਇਆ ਕਿਵੇਂ?"

ਮੇਰਾ ਸੁਆਲ ਸੁਣਕੇ ਰੱਬ ਭੇਤ ਭਰੀ ਮੁਸਕਰਾਹਟ ਬੁੱਲਾਂ 'ਤੇ ਲੈ ਆਇਆ

"ਆਥਣੇ ਜਦੋਂ ਲਵੇਰੀਆਂ ਨੂੰ ਪੱਠੇ-ਦੱਥੇ ਪਾਉਣ ਗਿਆ, ਅੱਖ ਬਚਾ ਕੇ ਸਰਬੇ ਕੀ ਸਬਾਤ 'ਚ ਸੌਣ ਆਲੇ ਬਿੱਡਾਂ ਦੀ ਢੋਅ 'ਤੇ ਰੱਖ ਆਂਦਾ ਅਗਾਂਹ ਕੀ ਹੋਇਆ-ਕੀ ਨਹੀਂ ਹੋਇਆ, ਕੁੱਲ ਪਿੰਡ ਨੂੰ ਪਤਾ ਤੈਨੂੰ ਕਿਹੜਾ ਭੁੱਲ ਐ ?"

ਮੈਂ ਆਪਣਾ ਸਿਰ ਦੋਵਾਂ ਹੱਥਾਂ 'ਚ ਘੁੱਟ ਲਿਆ ਰੱਬ ਕਿੰਨੀ ਖਤਰਨਾਕ ਗੇਮ ਖੇਡ ਗਿਆ ਸੀ ਬੈੱਡ 'ਤੇ ਪਿਆ ਰੱਬ ਜੀ ਦਾ ਰੁਮਾਲ ਵੇਖ ਕੇ ਸਰਬਾ ਕਿਵੇਂ ਭੜਕਿਆ ਹੋਊ, ਇਸਦੀ ਕਲਪਨਾ ਕਰਦਿਆਂ ਹੀ ਮੈਂ ਡੌਰ ਭੌਰ ਹੋ ਗਿਆ

"ਮੈਤਾਂ ਸਰਦਾਰ ਸਰਬ ਸਿੰਹੁ ਨੂੰ ਅਸਾਸ ਈ ਕਰਾਉਣਾ ਸੀ ਮਾੜਾ ਜਿਆ ਵੇਖਲਾ ਕਿਮੇ ਤੜਫ ਉੱਠਿਆ ਜਿਮੇ ਮੱਛੀ ਪਾਣੀ ਬਿਨਾ ਤੜਫਦੀ ਹੁੰਦੀ ਐ।" ਆਖਦਿਆਂ ਉਸਨੇ ਤਸੱਲੀ ਭਰਿਆ ਲੰਮਾ ਸਾਹ ਲਿਆ

"ਅਪਸਰਾ, ਤੂੰ ਦੱਸ ਰੱਬ ਨੇ ਚੰਗਾ ਕੀਤਾ ਕਿ ਮਾੜਾ ?" ਰੱਬ ਦੇ ਸੁਆਲ ਨੇ ਮੈਨੂੰ ਸੋਚਾਂ 'ਚੋਂ ਬਾਹਰ ਕੱਢ ਲਿਆਂਦਾ ਮੈਂ ਉਸਦੇ ਸਵਾਲ ਦਾ ਜਵਾਬ ਸੋਚਣ ਲੱਗਾ ਕਦੇ ਮੇਰਾ ਜੀਅ ਕੀਤਾ ਆਖਾਂ ਕਿ ਰੱਬਾ ਤੂੰ ਸਰਬੇ ਵਰਗੇ ਇਖ਼ਲਾਕ ਤੋਂ ਗਿਰੇ ਬੰਦੇ ਨੂੰ ਅਹਿਸਾਸ ਕਰਾ ਕੇ ਬੜਾ ਚੰਗਾ ਕੀਤਾ, ਕਦੇ ਮੇਰਾ ਜੀਅ ਕਰੇ ਕਿ ਆਖਾਂ, "ਰੱਬ ਜੀ, ਯਾਰ ਤੂੰ ਰੱਬ ਵਰਗੀ ਤੀਵੀਂ ਦੇ ਕੁੱਟ ਪਵਾ ਕੇ ਚੰਗਾ ਨ੍ਹੀ ਕੀਤਾ।" ਪਰ ਦੁਚਿਤੀ ਦੇ ਭੰਵਰ 'ਚ ਘਿਰੇ ਨੇ ਮੈਂ ਕੋਈ ਜਵਾਬ ਨਾ ਦਿੱਤਾ

"ਰੱਬ ਨੇ ਚੰਗਾ ਤਾਂ ਨ੍ਹੀ ਕੀਤਾ ਅਪਸਰਾ ਪਰ ਹੋਰ ਕਰਦਾ ਵੀ ਕੀ ?" ਉਸਦੀ ਆਵਾਜ਼ ਜਿਵੇਂ ਬਹੁਤ ਡੂੰਘੇ ਖੂਹ 'ਚੋਂ ਆਈ ਸੀ ਲੜਖੜਾਉਂਦੇ ਕਦਮਾਂ ਨਾਲ ਉਹ ਬਾਹਰਲਾ ਬੂਹਾ ਲੰਘ ਗਿਆ ਸੀ

---

ਪੰਨਾ ਨੰ. 138 ਦਾ ਬਾਕੀ

ਉਸਦਾ ਤਿਆਗ ਕਰਦਿਆਂ ਸਮਾਜ ਨੂੰ ਸਹੀ ਸੇਧ ਦੇਣ ਲਈ ਲੇਖਕਾਂ ਬੁੱਧੀਜੀਵੀਆਂ ਨੂੰ ਪ੍ਰੇਰਿਤ ਕੀਤਾ ਹੈ।

> "ਉਇ ਰਹਿਣ ਦੇ ਦਿਉ ਸਾਡੇ ਹਿੱਸੇ ਦਾ ਹਿੰਦੁਸਤਾਨ, ਨੀਚ ਲੋਕੋ! ਵਿਨੋਦ ਠੀਕ ਐ, ਹੁਣ ਇਹ ਸਾਡਾ ਬੁੱਧੀਜੀਵੀਆਂ ਤੇ ਲੇਖਕਾਂ ਦਾ ਕੰਮ ਰਹਿ ਗਿਆ, ਆਪਣੇ ਹਿੱਸੇ ਦੇ ਹਿੰਦੁਸਤਾਨ ਨੂੰ ਬਚਾਉਣਾ।"

**ਯੂਨੀਵਰਸਿਟੀ ਕਾਲਜ ਆਫ ਬੇਸਿਕ**
**ਸਾਇੰਸਜ਼ ਐਂਡ ਹਿਊਮੈਨਟੀਜ਼,**
**ਗੁਰੂ ਕਾਸ਼ੀ ਯੂਨੀਵਰਸਿਟੀ,**
**ਤਲਵੰਡੀ ਸਾਬੋ** (ਬਠਿੰਡਾ)
**ਮੋਬਾ. ਨੰਬਰ- 94179-27549**



# ਉਹ ਰਾਤ/ਹਰਪ੍ਰੀਤ ਸੇਖਾ

ਉਹ ਰਾਤ ਮੇਰੇ ਅੰਦਰ ਖੁੱਭ ਗਈ ਸੀ। ਮੈਂ ਉਸ ਨੂੰ ਮੁੜ ਜਿਉਣਾ ਚਾਹੁੰਦੀ ਸੀ। ਇਸ ਬਾਰੇ ਮੈਂ ਵਿਉਂਤ ਬਣਾ ਲਈ। ਪਰ ਹਾਲੇ ਦਿਨ ਸੀ ਅਤੇ ਅਮਨ ਸੌਂ ਗਿਆ ਸੀ। ਪਹਿਲਾਂ ਉਹ ਵਹਿਸ਼ੀ ਬਣ ਗਿਆ ਸੀ। ਉਸਦੇ ਵਿਹਾਰ ਨੂੰ ਦੇਖ ਕੇ ਇੱਕ ਵਾਰ ਤਾਂ ਮੈਨੂੰ ਲੱਗਾ ਜਿਵੇਂ ਉਹ ਮੇਰੇ ਤੋਂ ਕੋਈ ਬਦਲਾ ਲੈ ਰਿਹਾ ਹੋਵੇ। ਉਸ ਵਿੱਚੋਂ ਪਸੀਨੇ ਦੀ ਬਦਬੂ ਆ ਰਹੀ ਸੀ। ਕਹਿੰਦਾ ਕਿ ਉਹ ਸੌਣ ਤੋਂ ਬਾਅਦ ਹੀ ਨਹਾਵੇਗਾ। ਮੈਨੂੰ ਬਿਲਕੁਲ ਵੀ ਚੰਗਾ ਨਹੀਂ ਸੀ ਲੱਗਾ। ਜਦੋਂ ਉਸਦਾ ਫਤੂਰ ਲੱਥਾ, ਮੈਂ ਗੁਸਲਖਾਨੇ ਵਿੱਚ ਚਲੀ ਗਈ। ਨਹਾਉਂਦਿਆਂ ਮੈਂ ਸਹਿਜ ਹੋ ਗਈ। ਸੋਚਿਆ ਕਿ ਐਨੇ ਸਾਲਾਂ ਬਾਅਦ ਮਿਲੇ ਹਾਂ, ਇਸ ਕਰਕੇ ਆਪਾ ਖੋ ਬੈਠਾ ਹੋਵੇਗਾ। ਜਦੋਂ ਮੈਂ ਨਹਾ ਕੇ ਬਾਹਰ ਨਿਕਲੀ, ਅਮਨ ਸੌਂ ਚੁੱਕਾ ਸੀ। ਮੇਰਾ ਜੀਅ ਕੀਤਾ ਕਿ ਫਰਸ਼ 'ਤੇ ਵਿਛੇ ਗੱਦੇ ਉੱਤੇ ਉਸਦੇ ਨਾਲ ਲੱਗ ਕੇ ਹੀ ਲੇਟ ਜਾਵਾਂ ਪਰ ਉਸ ਨੂੰ ਘੂਕ ਸੁੱਤਾ ਦੇਖ ਕੇ ਮੈਂ ਨਾਲ ਵਾਲੇ ਗੱਦੇ 'ਤੇ ਲੇਟ ਗਈ। ਫਰਨੀਚਰ ਮੈਂ ਹਾਲੇ ਕੋਈ ਖ਼੍ਰੀਦਿਆ ਨਹੀਂ ਸੀ, ਸੋਚਦੀ ਸੀ ਕਿ ਅਮਨ ਦੇ ਆਏ ਤੋਂ ਉਸਦੀ ਰਾਇ ਨਾਲ ਹੀ ਲਵਾਂਗੀ। ਘਰ ਦਾ ਹੋਰ ਸਾਮਾਨ ਵੀ ਖ਼੍ਰੀਦਣ ਵਾਲਾ ਸੀ। ਇਹ ਸਭ ਕੰਮ ਮੈਂ ਅਗਲੇ ਦਿਨ 'ਤੇ ਛੱਡੇ ਹੋਏ ਸਨ। ਉਸ ਦਿਨ ਤਾਂ ਪੂਰੀ ਤਰ੍ਹਾਂ ਛੁੱਟੀ ਸੀ। ਅਮਨ ਦੇ ਸੌਂ ਕੇ ਉੱਠਣ ਤੋਂ ਬਾਅਦ ਉਸ ਨੂੰ ਬਾਹਰ ਘੁਮਾਉਣ ਲੈ ਕੇ ਜਾਣਾ ਸੀ ਤੇ ਫਿਰ ਉਸ ਸੁਪਨੇ ਨੂੰ ਜਿਉਣਾ ਸੀ। ਮੈਨੂੰ ਲਗਦਾ ਸੀ ਜਿਵੇਂ ਉਹ ਮੇਰਾ ਅਸਲ ਵਿੱਚ ਵਿਆਹ ਵਾਲਾ ਦਿਨ ਹੋਵੇ। ਹਵਾਈ ਅੱਡੇ ਵੱਲ ਜਾਂਦਿਆਂ ਮੈਨੂੰ ਲੱਗਾ ਸੀ ਜਿਵੇਂ ਮੈਂ ਅਮਨ ਨੂੰ ਵਿਆਹੁਣ ਚੱਲੀ ਹੋਵਾਂ। ਰਾਹ ਵਿੱਚ ਸੋਚਦੀ ਰਹੀ ਕਿ ਜਾਣ ਸਾਰ ਉਸਦੇ ਨਾਲ ਹੀ ਚੁੰਬੜ ਜਾਵਾਂਗੀ ਪਰ ਉੱਥੇ ਪਹੁੰਚਣ ਸਾਰ ਪਤਾ ਨਹੀਂ ਕੀ ਹੋਇਆ ਕਿ ਮੈਂ ਇਸ ਤਰ੍ਹਾਂ ਨਾ ਕਰ ਸਕੀ। ਬਸ ਥੋੜ੍ਹਾ ਜਿਹਾ ਉਸਦੇ ਨਾਲ ਲੱਗ ਗਈ। ਅਮਨ ਵੀ ਕੋਈ ਦੁਆ ਸਲਾਮ ਕਰਨ ਤੋਂ ਬਿਨਾਂ ਹੀ ਪਾਸਪੋਰਟ ਮੇਰੇ ਵੱਲ ਵਧਾ ਕੇ ਬੋਲਿਆ, "ਦੇਖੀਂ ਸੀਰਤ, ਕਨੇਡਾ ਦੀ ਪੱਕੀ ਮੋਹਰ ਲੱਗ ਗਈ ਨਾ?" ਪਾਸਪੋਰਟ ਦੇਖਕੇ ਮੈਂ ਉਸ ਨੂੰ ਮੋੜ ਦਿੱਤਾ ਅਤੇ ਉਸ ਤੋਂ ਅਟੈਚੀਆਂ ਵਾਲੀ ਰੇੜ੍ਹੀ ਫੜ ਲਈ। ਅਸੀਂ ਕਾਰ ਵੱਲ ਤੁਰ ਪਏ। ਕਾਰ ਵਿੱਚ ਅਟੈਚੀ ਰੱਖ ਕੇ ਅਮਨ ਕਾਰ ਦੇ ਡਰਾਈਵਰ ਵਾਲੇ ਦਰਵਾਜ਼ੇ ਕੋਲ ਜਾ ਖੜ੍ਹਾ। ਮੈਂ ਮਜ਼ਾਕ ਨਾਲ ਚਾਬੀ ਉਸ ਵੱਲ ਕਰ ਦਿੱਤੀ। ਉਸ ਨੇ ਕਾਰ ਦੇ ਅੰਦਰ ਦੇਖਿਆ ਅਤੇ "ਓਹ ਤੇਰੀ, ਮੈਂ ਤਾਂ ਇੰਡੀਆ ਦੇ ਭੁਲੇਖੇ 'ਚ ਹੀ ਸੀ," ਆਖ ਕੇ ਸਵਾਰੀ ਵਾਲੇ ਪਾਸੇ ਚਲਿਆ ਗਿਆ ਅਤੇ ਫਿਰ ਕਾਰ ਵਿੱਚ ਬੈਠਣ ਸਾਰ ਬੋਲਿਆ, "ਹਾਲੇ ਤਾਂ ਤੇਰੀ ਸਵਾਰੀ ਹਾਂ।" ਮੈਂ ਮੁਸਕਰਾ ਪਈ। ਮੈਨੂੰ ਲੱਗਾ ਜਿਵੇਂ ਮੈਂ ਉਸ ਨੂੰ ਵਿਆਹ ਕੇ ਲੈ ਚੱਲੀ ਹੋਵਾਂ।

ਮੈਂ ਹਵਾਈ ਅੱਡੇ ਵੱਲ ਕਦੇ ਕਾਰ ਚਲਾ ਕੇ ਨਹੀਂ ਸੀ ਆਈ। ਰਾਹ ਦਸੇਰੂ ਚਲਾ ਕੇ ਮੈਂ ਆਪਣਾ ਪੂਰਾ ਧਿਆਨ ਕਾਰ ਚਲਾਉਣ ਵੱਲ ਲਾ ਦਿੱਤਾ। ਹਾਈਵੇ 91 'ਤੇ ਕਾਰ ਪਾ ਕੇ ਮੈਂ ਸੁੱਖ ਦਾ ਸਾਹ ਲਿਆ। ਹੁਣ ਕਾਫੀ ਵਾਟ ਤੱਕ ਰਾਹ ਸਿੱਧਾ ਸੀ। ਰਾਹ ਦਸੇਰੂ ਵਿੱਚੋਂ ਆਦੇਸ਼ ਦਿੰਦੀ ਆਵਾਜ਼ ਸ਼ਾਂਤ ਹੋ ਗਈ। ਅਮਨ ਬਾਹਰ ਵੱਲ ਦੇਖ ਰਿਹਾ ਸੀ। ਕਾਰ ਵਿਚਲੀ ਚੁੱਪ ਮੈਨੂੰ ਰੜਕੀ। ਮੇਰੇ ਚਿੱਤ 'ਚ ਆਈ ਕਿ ਮੈਨੂੰ ਕੋਈ ਗੱਲ ਕਰਨੀ ਚਾਹੀਦੀ ਸੀ। ਪਰ ਕੀ ਗੱਲ ਕਰਾਂ, ਇਸਦੀ ਸਮਝ ਨਹੀਂ ਸੀ ਆ ਰਹੀ। ਮੈਂ ਅਮਨ ਵੱਲ ਦੇਖਿਆ। ਉਹ ਮੈਨੂੰ ਬਦਲਿਆ-ਬਦਲਿਆ ਲੱਗਾ, ਜਿਵੇਂ ਕੋਈ ਓਪਰਾ ਮਰਦ ਹੋਵੇ। ਪਤਾ ਨਹੀਂ ਕਿਧਰੋਂ ਮੇਰੇ ਚਿੱਤ 'ਚ ਆਈ ਕਿ ਕੀ ਦਾਦੇ ਦੇ ਫੌਜ

ਵਿੱਚੋਂ ਛੁੱਟੀ ਆਇਆਂ ਦਾਦੀ ਨੂੰ ਵੀ ਓਹ ਇਸੇ ਤਰ੍ਹਾਂ ਹੀ ਲਗਦਾ ਹੋਵੇਗਾ? ਫਿਰ ਮੇਰਾ ਧਿਆਨ ਮੰਮੀ ਵੱਲ ਚਲਾ ਗਿਆ। ਮੈਂ ਸੋਚਣ ਲੱਗੀ ਕਿ ਮੰਮੀ ਨੂੰ ਕਿਵੇਂ ਲੱਗਾ ਹੋਵੇਗਾ, ਜਦੋਂ ਪਾਪਾ ਦੋ-ਢਾਈ ਸਾਲਾਂ ਬਾਅਦ ਪ੍ਰਦੇਸੋਂ ਮੁੜੇ ਹੋਣਗੇ? ਉਦੋਂ ਤਾਂ ਹੁਣ ਵਰਗੀ ਤਕਨਾਲੋਜੀ ਵੀ ਨਹੀਂ ਸੀ। ਮੈਂ ਤਾਂ ਨਿੱਤ ਅਮਨ ਨੂੰ ਫੋਨ ਕੈਮਰੇ ਰਾਹੀਂ ਦੇਖਦੀ ਤੇ ਗੱਲ ਕਰਦੀ ਸੀ ਫਿਰ ਵੀ ਇਹ ਮੈਨੂੰ ਕੋਈ ਓਪਰਾ ਲੱਗ ਰਿਹਾ ਸੀ। ਕੁਝ ਦੇਰ ਬਾਅਦ ਅਮਨ ਦੀ ਆਵਾਜ਼ ਨੇ ਹੀ ਚੁੱਪ ਤੋੜੀ। ਉਹ ਬੋਲਿਆ, "ਓਹ ਸਾਹਮਣੇ ਤਾਂ ਕੋਈ ਗੁਰੂ ਘਰ ਲਗਦੈ?"

"ਹਾਂ, ਨਾਨਕਸਰ ਗੁਰਦੁਆਰਾ ਐ," ਮੈਨੂੰ ਆਪਣਾ ਇਹ ਜਵਾਬ ਬਹੁਤ ਸੰਖੇਪ ਲੱਗਾ। ਮੈਂ ਫਿਰ ਕਿਹਾ, "ਜਿੱਦਣ ਮੈਂ ਕਨੇਡਾ ਆਈ ਸੀ, ਰੋਮੀ ਮੈਨੂੰ ਇੱਥੇ ਮੱਥਾ ਟਿਕਾਕੇ ਫਿਰ ਘਰ ਲੈ ਕੇ ਗਈ ਸੀ।" ਇਹ ਤਾਂ ਮੈਨੂੰ ਬਾਅਦ ਵਿੱਚ ਸਮਝ ਲੱਗੀ ਸੀ ਕਿ ਮੱਥਾ ਟਿਕਾਉਣ ਦਾ ਮਤਲਬ ਲੰਗਰ ਛਕਾਉਣ ਤੋਂ ਸੀ।

ਕੁਝ ਪਲਾਂ ਬਾਅਦ ਉਹ ਬੋਲਿਆ, "ਹੁਣ ਰੋਮੀ ਨੀ ਮਿਲੀ ਕਿਤੇ?"

ਰੋਮੀ ਅਮਨ ਦੇ ਪਿੰਡੋਂ ਸੀ। ਉਹ ਮੇਰੇ ਤੋਂ ਸਾਲ ਪਹਿਲਾਂ ਪੜ੍ਹਣ ਲਈ ਵੈਨਕੂਵਰ ਆਈ ਹੋਈ ਸੀ। ਅਮਨ ਨੇ ਹੀ ਉਸ ਨੂੰ ਮੇਰੀ ਜ਼ਿੰਮੇਵਾਰੀ ਸੌਂਪੀ ਸੀ। ਉਹ ਇੱਕ ਹੋਰ ਕੁੜੀ ਨਾਲ ਇੱਕ ਕਮਰੇ ਦੀ ਬੇਸਮੈਂਟ ਵਿੱਚ ਕਿਰਾਏ 'ਤੇ ਰਹਿੰਦੀ ਸੀ। ਤੀਜੀ ਉਨ੍ਹਾਂ ਨਾਲ ਮੈਂ ਹੋ ਗਈ। ਮੇਰਾ ਇੱਥੇ ਹੋਰ ਕੋਈ ਵੀ ਜਾਣਕਾਰ ਨਹੀਂ ਸੀ।

"ਉਹ ਤਾਂ ਵਿਆਹ ਕਰਵਾਉਣ ਤੋਂ ਬਾਅਦ ਹੀ ਵਿਨੀਪੈੱਗ ਚਲੀ ਗਈ ਸੀ। ਉਸ ਤੋਂ ਬਾਅਦ ਕੋਈ ਰਾਬਤਾ ਹੀ ਨਹੀਂ ਰਿਹਾ," ਮੈਂ ਜਵਾਬ ਦਿੱਤਾ।

"ਓਹਨੇ ਤਾਂ ਮਸਾਂ ਸਾਲ ਭਰ ਹੀ ਫੀਸ ਭਰੀ ਹੋਊ ਏਥੇ ਕਾਲਜ ਦੀ?" ਅਮਨ ਬੋਲਿਆ।

"ਹਾਂ ਛੇਤੀ ਪੱਕੀ ਹੋ ਗਈ ਉਹ ਤਾਂ। ਅਗਲੀ ਨੂੰ ਮਨਪਸੰਦ ਮੁੰਡਾ ਲੱਭ ਗਿਆ ਇੱਥੇ ਹੀ। ਮੈਨੂੰ ਕਿਹਾ ਕਰੇ ਕਿ ਤੂੰ ਤਾਂ ਪਹਿਲਾਂ ਹੀ ਖੰਭ ਕਟਾ ਕੇ ਆਈ ਐਂ, ਭਰੀ ਜਾ ਫੀਸਾਂ।"

ਅਮਨ ਨੇ ਮੇਰੇ ਵੱਲ ਦੇਖਿਆ, ਜਿਵੇਂ ਮੇਰੇ ਚੇਹਰੇ ਤੋਂ ਕੁਝ ਪੜ੍ਹਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਪਤਾ ਨਹੀਂ ਉਸ ਨੇ ਕੀ ਪੜ੍ਹਿਆ ਹੋਵੇਗਾ ਪਰ ਮੇਰੇ ਦਿਲ ਵਿੱਚ ਉਸ ਵੇਲੇ ਖੰਭ ਕਟਾਉਣ ਦਾ ਪਛਤਾਵਾ ਨਹੀਂ ਸੀ। ਪਹਿਲਾਂ ਇਹ ਕਦੇ-ਕਦੇ ਹੁੰਦਾ ਰਿਹਾ ਸੀ। ਖਾਸ ਕਰਕੇ ਜਦੋਂ ਅਮਨ ਨੂੰ ਦੂਜੀ ਵਾਰ ਵੀ ਕਨੇਡਾ ਸਰਕਾਰ ਵੱਲੋਂ ਵਰਕ ਪਰਮਿਟ ਵਾਲੇ ਵੀਜ਼ੇ ਤੋਂ ਇਨਕਾਰ ਹੋ ਗਿਆ ਸੀ। ਤੇ ਉਨ੍ਹੀਂ ਦਿਨੀਂ ਹੀ ਮੇਰੇ ਨਾਲ ਸਬਵੇਅ ਰੈਸਤੋਰਾਂ ਵਿੱਚ ਕੰਮ ਕਰਦਾ ਗੁਰਪ੍ਰੀਤ ਮੇਰੇ ਅੰਦਰ ਤਰਬਾਂ ਛੇੜਣ ਲੱਗਾ ਸੀ। ਮੈਂ ਬਹੁਤ ਕਸ਼ਮਕਸ਼ ਵਿੱਚੋਂ ਗੁਜ਼ਰੀ ਸੀ। ਮੇਰੇ ਸੁਪਨੇ ਵਿੱਚ ਚੰਨ-ਚਾਨਣੀ ਰਾਤ ਆਉਂਦੀ। ਪਾਰਕ ਵਿੱਚ ਖੜੋਤਿਆਂ ਮੇਰੀਆਂ ਬਾਹਾਂ ਗੁਰਪ੍ਰੀਤ ਦੇ ਗਲ ਵਿੱਚ ਹੁੰਦੀਆਂ। ਫਿਰ ਪਾਰਕ ਦੀ ਥਾਂ ਅਮਨ ਦੇ ਘਰ ਦੀ ਛੱਤ ਲੈ ਲੈਂਦੀ। ਅਮਨ ਤੇ ਗੁਰਪ੍ਰੀਤ ਦੇ ਚੇਹਰੇ ਰਲਗਡ ਹੋਣ ਲਗਦੇ। ਕਦੇ ਸੁਪਨੇ ਨੂੰ ਯਾਦ ਕਰਕੇ ਸਵਾਦ-ਸਵਾਦ ਹੋਣ ਲਗਦੀ ਤਾਂ ਦਾਦੀ ਦਾ ਚੇਹਰਾ ਮੂਹਰੇ ਆ ਜਾਂਦਾ। ਉਸ ਨੇ ਕਿਹਾ ਸੀ, "ਆਪਣੇ ਕਰਮ ਹੀ ਐਹੋ ਜੇ ਆ, ਧੀਏ। ਤੇਰਾ ਦਾਦਾ ਫੌਜ 'ਚੋਂ ਛੁੱਟੀ ਆਇਆ, ਮੈਨੂੰ ਵਿਆਹ ਕੇ ਮੁੜ ਗਿਆ। ਤੇਰਾ ਪਿਓ, ਤੇਰੀ ਮਾਂ ਨੂੰ ਵਿਆਹਕੇ ਪ੍ਰਦੇਸੀਂ ਤੁਰ ਗਿਆ ਰੁਲਣ। ਲੋਕੀਂ ਆਖਣ ਭਈਆਂ ਵਾਸਤੇ ਵਿਆਹਕੇ ਲਿਆਇਆ। ਲੋਕਾਂ ਨੇ ਫੌਜਣਾਂ ਦੀਆਂ ਵੀ ਬਥੇਰੀਆਂ ਗੱਲਾਂ ਜੋੜੀਆਂ ਹੋਈਐਂ। ਬੜੀ ਔਖੀ ਘਾਟੀ ਐ ਧੀਏ।



ਤਕੜੀ ਹੋ ਕੇ ਰਹੀਂ---।" ਉਦੋਂ ਮੈਨੂੰ ਲੱਗਾ ਸੀ ਜਿਵੇਂ ਦਾਦੀ ਯੱਬਲੀਆਂ ਮਾਰ ਰਹੀ ਹੋਵੇ ਪਰ ਇੱਥੇ ਆ ਕੇ ਦਾਦੀ ਦੀ ਗੱਲ ਵਾਰ ਵਾਰ ਯਾਦ ਆਈ ਸੀ।

ਮੇਰੇ ਵੱਲ ਪਲ ਭਰ ਦੇਖਣ ਤੋਂ ਬਾਅਦ ਅਮਨ ਕੁਝ ਚਿਰ ਚੁੱਪ ਰਿਹਾ, ਫਿਰ ਬੋਲਿਆ, "ਏਸ ਰੋਮੀ ਨੇ ਬੜਾ ਤਪਾਇਆ ਮੈਨੂੰ। ਲੋਕੀਂ ਕਿਹਾ ਕਰਨ ਕਿ ਜਿਵੇਂ ਮਾਸਟਰਾਂ ਦੀ ਰੋਮੀ ਨੀ ਮੁੜੀ ਕਨੇਡਾ ਤੋਂ ਤੇਰੇ ਵਾਲੀ ਵੀ ਨਹੀਂ ਮੁੜਦੀ। ਹੁਣ ਛੱਡਦੇ ਝਾਕ।"

ਤਪਾਇਆ ਮੈਨੂੰ ਵੀ ਸੀ ਰੋਮੀ ਨੇ। ਉਸਦਾ ਇੱਕ ਨਵਾਂ ਨਵਾਂ ਹੀ ਮਿੱਤਰ ਬਣਿਆ ਸੀ, ਜਿਸਦੀ ਕਾਰ ਵਿੱਚ ਉਹ ਮੈਨੂੰ ਹਵਾਈ ਅੱਡੇ ਤੋਂ ਲਿਆਈ ਸੀ। ਉਹ ਦੋ-ਤਿੰਨ ਰਾਤਾਂ ਬਾਅਦ ਮਲਕ ਦੇਣੇ ਸਾਡੀ ਬੇਸਮੈਂਟ 'ਚ ਆ ਜਾਂਦਾ। ਮੈਨੂੰ ਅੱਧ-ਸੁੱਤੀ ਨੂੰ ਉੱਠ ਕੇ ਬੈਠਕ ਵਿੱਚ ਸੌਣ ਜਾਣਾ ਪੈਂਦਾ। ਅੰਦਰੋਂ ਰੋਮੀ ਤੇ ਉਸਦੇ ਦੋਸਤ ਦੀ ਘੁਸਰ-ਮੁਸਰ ਸੁਣਕੇ ਮੇਰਾ ਮਨ ਮਚਲਣ ਲੱਗਦਾ। ਅਮਨ ਦੀ ਯਾਦ ਆਉਂਦੀ। ਜੀਅ ਭਟਕਦਾ। ਦਿਲ ਕਰਦਾ ਕਿ ਅਮਨ ਵੀ ਇੱਥੇ ਹੋਵੇ ਜਾਂ ਮੈਂ ਇੰਡੀਆ ਹੋਵਾਂ। ਤੇ ਜਿਸ ਦਿਨ ਸਾਨੂੰ ਮਕਾਨ ਮਾਲਕਾਂ ਨੇ ਬੇਸਮੈਂਟ ਖਾਲੀ ਕਰਨ ਲਈ ਕਿਹਾ, ਮੈਨੂੰ ਬਹੁਤ ਹੀ ਨਮੋਸ਼ੀ ਹੋਈ ਸੀ। ਉਨ੍ਹਾਂ ਨੇ ਕਿਰਾਏ 'ਤੇ ਦੇਣ ਮੌਕੇ ਦੋ ਸ਼ਰਤਾਂ ਰੱਖੀਆਂ ਸਨ। ਇੱਕ ਸਿਰਫ ਕੁੜੀਆਂ ਦੇ ਰਹਿਣ ਦੀ ਤੇ ਦੂਜੀ, ਰਾਤ-ਬਰਾਤੇ ਕੋਈ ਮੁੰਡਾ ਨਾ ਮਿਲਣ ਆਵੇ, ਦੀ । ਜਦੋਂ ਉਨ੍ਹਾਂ ਨੂੰ ਰੋਮੀ ਦੇ ਮਿੱਤਰ ਦੇ ਮਿਲਣ ਆਉਣ ਬਾਰੇ ਪਤਾ ਲੱਗਾ, ਉਨ੍ਹਾਂ ਨੇ ਸਾਨੂੰ ਬੇਸਮੈਂਟ ਖਾਲੀ ਕਰਨ ਲਈ ਆਖ ਦਿੱਤਾ। ਨਵੀਂ ਬੇਸਮੈਂਟ ਲੱਭਣ ਲਈ ਸਾਨੂੰ ਬਹੁਤ ਖੱਜਲ-ਖੁਆਰ ਹੋਣਾ ਪਿਆ। ਕੋਈ ਸਾਨੂੰ ਵੇਖਣ ਸਾਰ ਹੀ ਆਖ ਦਿਆ ਕਰੇ ਕਿ ਪਾੜ੍ਹੇ ਸਫਾਈ ਨਹੀਂ ਰੱਖਦੇ ਇਸ ਲਈ ਉਹ ਪਾੜ੍ਹਿਆਂ ਨੂੰ ਕਿਰਾਏ 'ਤੇ ਨਹੀਂ ਦਿੰਦੇ। ਕੋਈ ਕਹੇ ਪਾੜ੍ਹੇ ਰੌਲਾ-ਰੱਪਾ ਬਹੁਤਾ ਪਾਉਂਦੇ ਆ। ਭੱਜ-ਨੱਠ ਕਰਕੇ ਮਸਾਂ ਕਿਤੇ ਡੇਢ ਗੁਣਾ ਵੱਧ ਕਿਰਾਏ 'ਤੇ ਇੱਕ ਥਾਂ ਮਿਲੀ। ਪਰ ਮੈਨੂੰ ਵੱਧ ਕਿਰਾਏ ਨਾਲੋਂ ਜਿਆਦਾ ਤੰਗੀ ਇਸ ਗੱਲ ਦੀ ਸੀ ਕਿ ਰੋਮੀ ਦਾ ਮਿੱਤਰ ਇੱਥੇ ਵੀ ਰਾਤ ਨੂੰ ਆ ਜਾਂਦਾ। ਮੈਨੂੰ ਇਹੀ ਡਰ ਰਹਿੰਦਾ ਕਿ ਇਸ ਮਕਾਨ ਦੇ ਮਾਲਕ ਵੀ ਸਾਨੂੰ ਅਵਾਰਾ ਕੁੜੀਆਂ ਹੀ ਸਮਝਣ ਲੱਗਣਗੇ, ਜਿਵੇਂ ਪੁਰਾਣੇ ਮਕਾਨ ਮਾਲਕ ਨੇ ਸਮਝ ਕੇ ਸਾਨੂੰ ਕੱਢਿਆ ਸੀ। ਰੋਮੀ ਆਖਦੀ, "ਮਕਾਨ ਮਾਲਕ ਕੌਣ ਹੁੰਦੇ ਆ ਸਾਨੂੰ ਦੱਸਣ ਵਾਲੇ ਕਿ ਕੌਣ ਸਾਨੂੰ ਮਿਲਣ ਆ ਸਕਦੈ ਤੇ ਕੌਣ ਨਹੀਂ।"

ਮੈਂ ਅਮਨ ਵੱਲ ਦੇਖਿਆ। ਉਹ ਮੇਰੇ ਵੱਲ ਹੀ ਦੇਖ ਰਿਹਾ ਸੀ। ਮੈਨੂੰ ਨਹੀਂ ਪਤਾ ਉਸਦੇ ਚਿੱਤ ਵਿੱਚ ਉਸ ਵੇਲੇ ਕੀ ਚਲਦਾ ਸੀ, ਜਦੋਂ ਉਸ ਨੇ 'ਰੋਮੀ ਨੇ ਬੜਾ ਤਪਾਇਆ ਮੈਨੂੰ' ਕਿਹਾ ਸੀ। ਪਰ ਮੈਨੂੰ ਲੱਗਾ ਜਿਵੇਂ ਉਹ ਮੇਰੇ ਵੱਲ ਸ਼ੁਕਰਗੁਜ਼ਾਰ ਨਿਗਾਹਾਂ ਨਾਲ ਦੇਖ ਰਿਹਾ ਸੀ ਕਿ ਮੈਂ ਆਪਣੇ ਕੌਲਾਂ 'ਤੇ ਪੂਰੀ ਉੱਤਰੀ ਸੀ ਤੇ ਉਸ ਨੂੰ ਕਨੇਡਾ ਮੰਗਵਾ ਲਿਆ ਸੀ।

ਮੈਨੂੰ ਉਨ੍ਹਾਂ ਦਿਨਾਂ ਦੀ ਅਮਨ ਦੀ ਰੋਣਹਾਕੀ ਆਵਾਜ਼ ਚੇਤੇ ਸੀ, ਜਿਨ੍ਹਾਂ ਦਿਨਾਂ ਦੀ ਉਹ ਰੋਮੀ ਵੱਲੋਂ ਤਪਾਉਣ ਦੀ ਗੱਲ ਕਰਦਾ ਸੀ। ਸਾਢੇ ਤਿੰਨ ਸਾਲ ਹੋ ਗਏ ਸਨ ਮੈਨੂੰ ਕਨੇਡਾ ਆਇਆਂ। ਕਾਲਜ ਵਿੱਚੋਂ ਦੋ ਸਾਲ ਦਾ ਕੋਰਸ ਮੁੱਕ ਗਿਆ ਸੀ ਅਤੇ ਮੈਂ ਇੱਥੇ ਪੱਕੇ ਹੋਣ ਦੀ ਉਡੀਕ ਕਰ ਰਹੀ ਸੀ। ਫਿਰ ਹੀ ਅਮਨ ਨੂੰ ਪੱਕਾ ਸੱਦ ਸਕਦੀ ਸੀ। ਵਰਕ ਪਰਮਿਟ 'ਤੇ ਸੱਦਣ ਵਾਲਾ ਜੁਗਾੜ ਲੋਟ ਨਹੀਂ ਸੀ ਆਇਆ। ਅਮਨ ਅਕਸਰ ਹੀ ਆਖਦਾ, "ਹੁਣ ਤਾਂ ਤੂੰ ਛੇਤੀ-ਛੇਤੀ ਪੱਕੀ ਹੋਜੇਂ ਫੇਰ ਆ। ਏਥੇ ਤਾਂ ਲੋਕਾਂ ਨੇ ਮੇਰਾ ਬਾਹਰ ਨਿਕਲਣਾ ਦੁੱਭਰ ਕੀਤਾ ਪਿਐ।" ਤੇ

ਇੱਕ ਦਿਨ ਇਸ ਨੇ ਰੋਣਹਾਕੀ ਆਵਾਜ਼ 'ਚ ਕਿਹਾ ਸੀ, "ਲੋਕੀਂ ਕਹਿੰਦੇ ਜੇ ਓਹਨੇ ਤੈਨੂੰ ਸੱਦਣਾ ਹੁੰਦਾ, ਹੁਣ ਨੂੰ ਸੱਦ ਲੈਂਦੀ। ਓਹਨੇ ਓਥੇ ਹੋਰ ਵਿਆਹ ਕਰਵਾ ਲਿਆ ਹੋਣੈ ਰੋਮੀ ਵਾਂਗੂੰ। ਪਰ ਮੈਨੂੰ ਤੇਰੇ 'ਤੇ ਪੂਰਾ ਭਰੋਸੈ ਬਈ ਤੂੰ ਨੀ ਇਓਂ ਕਰਦੀ।" ਉਸ ਦਿਨ ਅਮਨ ਦਾ ਦਿਲ ਧਰਾਉਣ ਤੋਂ ਬਾਅਦ ਪਿਛਲੇ ਸਾਢੇ ਤਿੰਨ ਸਾਲ ਮੇਰੀਆਂ ਯਾਦਾਂ ਵਿੱਚੋਂ ਗੁਜ਼ਰ ਗਏ ਸਨ। ਮੈਂ ਮਹਿਸੂਸ ਕੀਤਾ ਕਿ ਇਸ ਸਮੇਂ ਦੌਰਾਨ ਅਮਨ ਦੀ ਆਵਾਜ਼ ਵਿੱਚ ਕਿੰਨਾ ਫ਼ਰਕ ਪੈ ਗਿਆ ਸੀ। ਪਹਿਲਾਂ ਇਹ ਕਦੇ ਵੀ ਵੀਡੀਓ ਕਾਲ ਕਰ ਲੈਂਦਾ। ਫਿਰ ਆਖਦਾ, "ਆਸੇ-ਪਾਸੇ ਕੈਮਰਾ ਘੁਮਾਕੇ ਮੈਨੂੰ ਵੀ ਕਨੇਡਾ ਦਿਖਾ।" ਮੈਨੂੰ ਲਗਦਾ ਕਿ ਉਹ ਇਸ ਬਹਾਨੇ ਦੇਖਣਾ ਚਾਹੁੰਦਾ ਸੀ ਕਿ ਮੈਂ ਕਿੱਥੇ ਅਤੇ ਕਿਸ ਨਾਲ ਸੀ। ਜਾਂ ਕਦੇ ਪੁੱਛਦਾ ਕਿ ਮੇਰੀ ਫੇਸਬੁੱਕ ਵਿੱਚ ਫਲਾਨਾ ਮੁੰਡਾ ਕੌਣ ਹੈ। ਉਸਦੀ ਆਵਾਜ਼ ਵਿੱਚ ਆਦੇਸ਼ ਹੁੰਦਾ। ਇੱਕ ਦਿਨ ਕਹਿੰਦਾ, " ਤੂੰ ਰਾਤ ਦਾ ਕੰਮ ਨੀ ਕਰਨਾ।"

"ਦਿਨੇਂ ਕਾਲਜ ਜਾਣਾ ਹੁੰਦੈ। ਜੇ ਕੰਮ 'ਤੇ ਨਾ ਗਈ ਤਾਂ ਅਗਲੇ ਸਮੈਸਟਰ ਦੀ ਫੀਸ ਕਿਵੇਂ ਭਰੂੰਗੀ?"

"ਮੈਂ ਆ ਹੀ ਜਾਣੈ। ਦਿਨਾਂ 'ਚ ਈ ਕਮਾਦੂੰ ਫੀਸ ਜੋਗੇ ਤਾਂ।"

ਉਸ ਨੂੰ ਪਹਿਲੀ ਵਾਰ ਵਰਕ ਪਰਮਿਟ ਵੀਜ਼ੇ ਤੋਂ ਇਨਕਾਰ ਹੋ ਗਿਆ ਸੀ। ਦੂਜੇ ਸਮੈਸਟਰ ਦੀ ਫੀਸ ਅਮਨ ਨੇ ਇੰਡੀਆ ਤੋਂ ਭੇਜ ਦਿੱਤੀ ਸੀ। ਤੀਜੇ ਸਮੈਸਟਰ ਦੀ ਫੀਸ ਦੇਣ ਦਾ ਸਮਾਂ ਆਉਣ ਤੋਂ ਪਹਿਲਾਂ ਉਸ ਨੇ ਮੈਨੂੰ ਕਿਸੇ ਵੀ ਸ਼ਿਫਟ 'ਤੇ ਕੰਮ ਕਰਨ ਦੀ ਆਗਿਆ ਦੇ ਦਿੱਤੀ ਸੀ।

ਰਾਹ ਦਸੇਰੂ ਵਿੱਚੋਂ ਫਿਰ ਆਦੇਸ਼ ਦੀ ਆਵਾਜ਼ ਉੱਭਰੀ। ਅਲੈਕਸ ਫਰੇਜ਼ਰ ਬ੍ਰਿੱਜ ਚੜ੍ਹਣ ਤੋਂ ਪਹਿਲਾਂ ਮੈਂ ਫਿਰ ਆਪਣੀ ਪੂਰੀ ਤਵੱਜੋ ਕਾਰ ਚਲਾਉਣ ਵੱਲ ਕਰ ਲਈ। ਗੱਲਾਂ-ਬਾਤਾਂ ਵਿੱਚ ਮੈਂ ਹਾਈਵੇ ਵਿੱਚੋਂ ਬਾਹਰ ਨਿਕਲਣ ਵਾਲਾ ਰਸਤਾ ਖੁੰਝਾਉਣਾ ਨਹੀਂ ਸੀ ਚਾਹੁੰਦੀ। ਨੋਰਡਲਵੇਅ ਵਾਲੇ ਰਾਹ ਪੈ ਕੇ ਮੈਂ ਰਾਹ ਦਸੇਰੂ ਬੰਦ ਕਰ ਦਿੱਤਾ। ਹੁਣ ਇਸਦੀ ਜ਼ਰੂਰਤ ਨਹੀਂ ਸੀ। ਮੇਰੇ ਆਪਣੇ ਸ਼ਹਿਰ ਡੈਲਟਾ-ਸਰੀ ਆ ਗਏ ਸਨ। ਇਹ ਰਾਹ ਮੇਰੇ ਦੇਖੇ ਭਾਲੇ ਸਨ। ਜਿਸ ਸੜਕ 'ਤੇ ਅਸੀਂ ਜਾ ਰਹੇ ਸੀ, ਉਸ ਉੱਪਰ ਖੱਬੇ ਹੱਥ ਦਾਅਵਤ ਭਵਨ ਸੀ। ਇੱਥੇ ਮੈਂ ਇੱਕ ਸ਼ਾਮ ਕੰਮ ਕੀਤਾ ਸੀ। ਪੰਜਾਬ ਤੋਂ ਆਈ ਨੂੰ ਹਾਲੇ ਹਫ਼ਤਾ ਹੀ ਹੋਇਆ ਸੀ ਕਿ ਰੋਮੀ ਮੈਨੂੰ ਆਪਣੇ ਨਾਲ ਹੀ ਕੰਮ 'ਤੇ ਲੈ ਗਈ। ਪੰਜਾਬੀਆਂ ਦੇ ਵਿਆਹ ਦੀ ਦਾਅਵਤ ਸੀ। ਮੇਰੇ ਆਪਣੇ ਵਿਆਹ ਨੂੰ ਹਾਲੇ ਦਸ ਦਿਨ ਹੋਏ ਸਨ। ਮੇਰੇ ਹੱਥਾਂ ਦੀ ਮਹਿੰਦੀ ਦਾ ਰੰਗ ਹਾਲੇ ਫਿੱਕਾ ਨਹੀਂ ਸੀ ਪਿਆ ਤੇ ਮੈਂ ਕਿਸੇ ਦੇ ਵਿਆਹ ਵਿੱਚ ਵਰਤਾਵੀ ਬਣੀ ਹੋਈ ਸੀ। ਭਾਵੇਂ ਮੇਰੇ ਮਾਪਿਆਂ ਦੇ ਘਰ ਮਸਾਂ ਹੀ ਗੁਜ਼ਾਰਾ ਹੁੰਦਾ ਸੀ ਪਰ ਮੈਂ ਇਹ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਇਸ ਤਰ੍ਹਾਂ ਵਿਆਹਾਂ ਵਿੱਚ ਬਹਿਰੀ ਬਣਾਂਗੀ। ਉਹ ਸਾਰੀ ਸ਼ਾਮ ਹੀ ਮੈਨੂੰ ਲੱਗਦਾ ਰਿਹਾ ਸੀ ਜਿਵੇਂ ਹਰ ਨਿਗ੍ਹਾ ਮੇਰੇ 'ਤੇ ਹੀ ਗੱਡੀ ਹੋਵੇ। ਕੰਮ ਤੋਂ ਬਾਅਦ ਮੇਰਾ ਰੋਣ ਨਿਕਲ ਗਿਆ ਸੀ। ਜਦ ਮੈਂ ਫੋਨ ਰਾਹੀਂ ਅਮਨ ਨੂੰ ਦੱਸਿਆ, ਉਹ ਬੋਲਿਆ, "ਫੇਰ ਨਾ ਜਾਈਂ ਕਦੇ ਐਹੋ ਜਹੇ ਕੰਮ 'ਤੇ। ਪਾਰਟੀਆਂ 'ਚ ਸ਼ਰਾਬੀ ਬੰਦਿਆਂ ਦਾ ਕੀ ਭਰੋਸਾ ਹੁੰਦੈ।" ਉਸੇ ਹੀ ਸੜਕ 'ਤੇ ਸੱਜੇ ਹੱਥ ਸਬਵੇਅ ਰੈਸਤੋਰਾਂ ਸੀ। ਮੈਂ ਉਸ ਵੱਲ ਇਸ਼ਾਰਾ ਕਰਕੇ ਅਮਨ ਨੂੰ ਦੱਸਿਆ, "ਮੈਂ ਇੱਥੇ ਕੰਮ ਕਰਦੀ ਸੀ। ਏਨ੍ਹਾਂ ਨੇ ਹੀ ਸਪੌਂਸਰਸ਼ਿੱਪ ਦੇ ਕੇ ਪੱਕੀ ਕਰਵਾਇਐ।"



"ਅੱਛਾ। ਛੱਡ ਕਾਹਤੋਂ ਦਿੱਤਾ ਕੰਮ ਇੱਥੋਂ?" ਅਮਨ ਦੇ ਦਿਮਾਗ ਵਿੱਚ ਸ਼ਾਇਦ ਮੇਰੇ ਕਹੇ 'ਪੱਕੀ ਕਰਵਾਉਣ' ਵਾਲੇ ਹਿੱਸੇ ਨੇ ਸ਼ਰਧਾ ਪੈਦਾ ਕਰ ਦਿੱਤੀ ਸੀ। ਮੈਨੂੰ ਲੱਗਾ ਕਿ ਉਹ ਇਸੇ ਭਾਵ ਨਾਲ ਹੀ ਸਬਵੇਅ ਵੱਲ ਦੇਖ ਰਿਹਾ ਸੀ।

"ਤੈਨੂੰ ਦੱਸਿਆ ਤਾਂ ਸੀ। ਜਦੋਂ ਸਟੂਡੈਂਟ ਸੀ ਉਦੋਂ ਕਾਨੂੰਨੀ ਤੌਰ 'ਤੇ ਹਫ਼ਤੇ 'ਚ ਵੀਹ ਘੰਟੇ ਹੀ ਕੰਮ ਕਰ ਸਕਦੀ ਸੀ ਪਰ ਮੈਂ ਕਰਦੀ ਸੀ ਪੰਜਾਹ-ਪੰਜਾਹ ਘੰਟੇ। ਬਾਕੀ ਤੀਹ ਘੰਟਿਆਂ ਦੀ ਇਹ ਨਿਗੂਣੀ ਜਿਹੀ ਤਨਖਾਹ ਦਿੰਦੇ। ਕੋਰਸ ਮੁੱਕਣ ਤੋਂ ਬਾਅਦ ਵੀ ਮੈਂ ਦੋ ਸਾਲ ਉਸੇ ਹਿਸਾਬ ਹੀ ਢੂਆ ਕੁਟਾਉਂਦੀ ਰਹੀ ਕਿ ਇਹ ਮੈਨੂੰ ਸਪਾਂਸਰਸ਼ਿੱਪ ਦੇਣਗੇ। ਕੰਮਾਂ ਵਾਲੇ ਇਹ ਐਨੀ ਛੇਤੀ ਕਿੱਥੇ ਦਿੰਦੇ ਆ। ਏਨ੍ਹਾਂ ਨੂੰ ਐਨੇ ਸਸਤੇ ਕਾਮੇ ਕਿੱਥੋਂ ਲੱਭਣੇ ਆਂ। ਪੱਕੀ ਹੋਣ ਦੀ ਦੇਰ ਸੀ, ਓਸੇ ਦਿਨ ਹੀ ਮੈਂ ਨਵੀਂ ਨੌਕਰੀ ਲੱਭ ਲਈ।"

"ਆਪਣੇ ਬੰਦੇ ਈ ਐ?" ਮੈਨੂੰ ਅਮਨ ਦੇ ਸਵਾਲ 'ਤੇ ਹੈਰਾਨੀ ਹੋਈ। ਇਹ ਸਭ ਮੈਂ ਇਸ ਨੂੰ ਦੱਸਿਆ ਹੋਇਆ ਸੀ। ਫਿਰ ਸੋਚਿਆ ਕਿ ਕਿੰਨੇ ਕੰਮਾਂ ਵਾਲਿਆਂ ਦੀਆਂ ਤਾਂ ਇਸ ਨੂੰ ਗੱਲਾਂ ਸਣਾਉਂਦੀ ਰਹੀ ਹਾਂ। ਸ਼ਾਇਦ ਇੱਕ-ਦੂਜੇ ਵਿੱਚ ਉਲਝ ਗਿਆ ਹੋਵੇਗਾ ਜਾਂ ਜਹਾਜ਼ ਵਿੱਚ ਨੀਂਦ ਨਾ ਆਈ ਹੋਣ ਕਰਕੇ ਅੱਧ-ਉਨੀਂਦੇ ਦਾ ਮੇਰੀ ਗੱਲ ਵੱਲ ਪੂਰਾ ਧਿਆਨ ਨਾ ਹੋਵੇ।

ਮੈਂ ਜਵਾਬ ਦਿੱਤਾ, "ਆਪਣੇ ਲੋਕ ਹੀ ਆਪਣਿਆਂ ਦੀ ਲੁੱਟ ਕਰਦੇ ਆ। ਅੱਛਾ ਇਓਂ ਦੱਸ ਜੇ ਰੋਟੀ ਦੀ ਭੁੱਖ ਐ ਤਾਂ ਨੇੜੇ ਹੀ ਗੁਰਦੁਆਰਾ ਹੈ, ਉੱਥੇ ਚਲੇ ਚੱਲਦੇ ਹਾਂ। ਆਪਣੇ ਘਰ ਕੋਲ ਵੀ ਇੱਕ ਗੁਰਦੁਆਰਾ ਹੈ ਪਰ ਓਥੇ ਐਸ ਵੇਲੇ ਗਰਮ ਰੋਟੀ ਨੀ ਮਿਲਣੀ।"

"ਰੋਟੀ ਤਾਂ ਖਾਵਾਂਗੇ ਹੀ। ਜਹਾਜ਼ ਵਾਲਾ ਖਾਣਾ ਬਕਬਕਾ ਜਿਹਾ ਸੀ।"

ਮੈਂ ਕਾਰ ਗੁਰਦਵਾਰਾ ਦਸ਼ਮੇਸ਼ ਦਰਬਾਰ ਵੱਲ ਮੋੜ ਦਿੱਤੀ। ਅਚਾਨਕ ਹੀ ਅਮਨ ਬੋਲਿਆ, "ਆਹ ਕੀ ਬਈ? ਓਹ ਦੁਕਾਨ ਮੂਹਰੇ ਜਲੇਬੀਆਂ ਲਿਖਿਆ। ਇਹ ਦੁਕਾਨ ਦਾ ਨਾਂ ਹੈ ਕਿ ਮਸ਼ਹੂਰੀ ਕਰਨ ਵਾਸਤੇ ਲਿਖਿਆ?"

"ਇਹ ਮਠਿਆਈਆਂ ਦੀ ਦੁਕਾਨ ਹੈ। ਏਨ੍ਹਾਂ ਦੀਆਂ ਜਲੇਬੀਆਂ ਬਹੁਤ ਮਸ਼ਹੂਰ ਨੇ। ਮੈਂ ਏਥੇ ਵੀ ਥੋੜ੍ਹੇ ਜਿਹੇ ਦਿਨ ਕੰਮ ਕੀਤੈ।"

ਇਹ ਦੁਕਾਨ ਮੀਆਂ-ਬੀਵੀ ਚਲਾਉਂਦੇ ਸਨ। ਮੈਂ ਸ਼ਾਮ ਦੇ ਤਿੰਨ ਤੋਂ ਰਾਤ ਦੇ ਦਸ ਵਜੇ ਤੱਕ ਇੱਥੇ ਕੰਮ ਕਰਦੀ। ਮੇਰੀ ਬੱਸ ਦਸ ਵੱਜ ਕੇ ਦਸ ਮਿੰਟ 'ਤੇ ਇੱਧਰੋਂ ਲੰਘਦੀ। ਮੈਨੂੰ ਕੁਝ ਦਿਨਾਂ 'ਚ ਹੀ ਪਤਾ ਲੱਗ ਗਿਆ ਸੀ ਕਿ ਦੁਕਾਨ ਦਾ ਮਾਲਕ ਮੇਰੀ ਬੱਸ ਖੁੰਝਾਉਣੀ ਚਾਹੁੰਦਾ ਸੀ। ਉਹ ਦਸ ਵੱਜਣ 'ਚ ਪੰਜ ਮਿੰਟ ਰਹਿੰਦਿਆਂ ਆ ਕੇ ਕਹਿੰਦਾ, "ਆਹ ਭਾਂਡਾ ਸਾਫ ਕਰਦੇ।" ਮੈਂ ਆਖਦੀ, "ਮੇਰੀ ਬੱਸ ਲੰਘ ਜਾਵੇਗੀ।" ਉਹ ਆਖਦਾ, "ਏਸ ਕੰਮ ਨੂੰ ਬਹੁਤਾ ਚਿਰ ਨੀ ਲੱਗਣਾ। ਜੇ ਬੱਸ ਲੰਘ ਗਈ, ਮੈਂ ਛੱਡ ਆਊਂ ਤੈਨੂੰ।" ਪਰ ਮੈਂ ਉਸ ਨੂੰ ਇਹ ਮੌਕਾ ਨਹੀਂ ਸੀ ਦੇਣਾ ਚਾਹੁੰਦੀ। ਮੈਨੂੰ ਉਸਦੀ ਅੱਖ ਵਿੱਚ ਮੈਲ ਦਿਸ ਗਈ ਸੀ। ਦੁਕਾਨ ਅੰਦਰ ਉਹ ਆਪਣੀ ਘਰਵਾਲੀ ਸਾਹਮਣੇ ਕੁਝ ਆਖ ਨਹੀਂ ਸੀ ਸਕਦਾ। ਤੇ ਮੈਂ ਦੋ ਹਫ਼ਤਿਆਂ ਬਾਅਦ ਹੀ ਉੱਥੋਂ ਕੰਮ ਛੱਡ ਦਿੱਤਾ ਸੀ। ਮੈਂ ਇਹ ਗੱਲ ਅਮਨ ਨੂੰ ਨਾ ਦੱਸੀ। ਸੋਚਿਆ ਕਿ ਪਤਾ ਨਹੀਂ ਅਮਨ 'ਤੇ ਇਸਦਾ ਕੀ ਅਸਰ ਹੋਵੇਗਾ। ਪਰ ਮੈਂ ਉਸ ਨੂੰ ਕੰਮ ਛੱਡਣ ਤੋਂ ਇੱਕ ਰਾਤ ਪਹਿਲਾਂ ਬਾਰੇ ਦੱਸਣ ਲੱਗ ਪਈ, "ਮੇਰੇ ਟਿਕਾਣੇ ਤੋਂ ਏਧਰ ਬਹੁਤੀਆਂ ਬੱਸਾਂ ਨਹੀਂ ਸੀ ਚਲਦੀਆਂ। ਇੱਕ ਰਾਤ ਐਨੀ ਠੰਢ ਕਿ ਹੱਥ-ਪੈਰ ਨਾਲੋਂ ਲਹਿੰਦੇ

ਲੱਗਣ। ਸਰੀਰ ਸੁੰਨ ਕਰਦੀ ਬਰਫੀਲੀ ਹਵਾ ਵਗੇ। ਮੇਰੇ ਦੇਖਦੀ-ਦੇਖਦੀ ਮੇਰੇ ਮੂਹਰੇ ਮੇਰੀ ਬੱਸ ਨਿਕਲ ਚੱਲੀ। ਮੈਂ 'ਸਟਾਪ ਸਟਾਪ' ਕਰਦੀ ਮਗਰ ਵੀ ਭੱਜੀ। ਪਰ ਉਹ ਰੁਕੀ ਨਹੀਂ। ਅਗਲੀ ਬੱਸ ਪਤਾ ਨਹੀਂ ਘੰਟੇ ਜਾਂ ਦੋ ਘੰਟੇ ਬਾਅਦ ਆਉਣੀ ਸੀ। ਅਗਲਾ ਦਿਨ ਕਾਲਜ ਦਾ ਕੰਮ ਜਮ੍ਹਾਂ ਕਰਵਾਉਣ ਦਾ ਆਖਰੀ ਦਿਨ ਸੀ। ਮੈਂ ਹਾਲੇ ਉਹ ਸ਼ੁਰੂ ਵੀ ਨਹੀਂ ਸੀ ਕੀਤਾ। ਕੰਮ ਵਿੱਚ ਹੀ ਐਨੀ ਰੁੱਝੀ ਹੋਈ ਸੀ। ਉਸ ਰਾਤ ਜਾ ਕੇ ਕਰਨਾ ਸੀ। ਸੋਚਦੀ ਸੀ ਕਿ ਉਸ ਰਾਤ ਨਾ ਸੌਂਵਾਂਗੀ। ਸੋਚਾਂ ਕਿ ਹੁਣ ਕੀ ਕਰਾਂ। ਮੈਂ ਰੋਣਹਾਕੀ ਹੋ ਗਈ। ਫੇਰ ਮੈਂ ਤੁਰਕੇ ਘਰ ਜਾਣ ਦਾ ਫੈਸਲਾ ਕਰ ਲਿਆ। ਰਾਹ ਵਿੱਚ ਖਿਆਲ ਆਈ ਜਾਣ ਕਿ ਜਿਵੇਂ ਬੱਸ ਦੇਖਦੇ-ਦੇਖਦੇ ਹੀ ਲੰਘੀ ਹੈ, ਕੋਰਸ ਵੀ ਇਸੇ ਤਰ੍ਹਾਂ ਹੀ ਹੱਥੋਂ ਨਿਕਲ ਜਾਵੇਗਾ। ਫਿਰ ਇਕ ਹੋਰ ਸਮੈਸਟਰ ਲਾਉਣਾ ਪਵੇਗਾ। ਚਿੱਤ 'ਚ ਕਾਹਲ ਪਈ ਜਾਵੇ। ਅੱਖਾਂ ਭਰ ਭਰ ਆਉਣ। ਹਵਾ ਨੱਕ-ਮੂੰਹ ਸੁੰਨ ਕਰੀ ਜਾਵੇ। ਤੇਰੇ 'ਤੇ ਹਰਖ ਆਈ ਜਾਵੇ। ਪਾਪਾ 'ਤੇ ਗੁੱਸਾ ਆਈ ਜਾਵੇ ਕਿ ਮੈਨੂੰ ਇੱਥੇ ਜੰਗਲ ਬੀਆਬਾਨ 'ਚ 'ਕੱਲੀ ਨੂੰ ਭਟਕਣ ਲਈ ਭੇਜ ਦਿੱਤਾ। ਵਿੱਚੇ ਮਨ ਨੂੰ ਕਰੜਾ ਕਰਕੇ ਸੋਚਦੀ ਕਿ ਕਿਸੇ ਓਧਰ ਜਾਂਦੀ ਕਾਰ ਨੂੰ ਰੋਕ ਕੇ ਉਸ ਨੂੰ ਘਰ ਤੱਕ ਛੱਡਣ ਲਈ ਆਖ ਦੇਵਾਂ। ਪਰ ਇਸ ਤਰ੍ਹਾਂ ਨਾ ਕਰ ਸਕੀ। ਠੰਢ ਨਾਲ ਪੈਰ ਮਣ ਮਣ ਭਾਰੇ ਹੋ ਗਏ। ਰੋਂਦੀਂ ਢਹਿੰਦੀ ਮਸਾਂ ਟਿਕਾਣੇ 'ਤੇ ਪਹੁੰਚੀ।"

ਮੈਨੂੰ ਲੱਗਾ ਜਿਵੇਂ ਅਮਨ ਮੇਰੇ ਵੱਲ ਹੀ ਦੇਖ ਰਿਹਾ ਸੀ। ਮੈਂ ਉਸ ਵੱਲ ਦੇਖਿਆ। ਮੈਨੂੰ ਲੱਗਾ ਜਿਵੇਂ ਉਹ ਮੇਰੇ ਸਿਰੜ 'ਤੇ ਬਲਿਹਾਰੇ ਜਾ ਰਿਹਾ ਹੋਵੇ। ਉਹ ਬੋਲਿਆ, "ਪਤਾ ਨੀ ਸੀ ਨਾ ਸੀਰਤ ਬਈ ਤੈਨੂੰ ਏਥੇ ਇਓਂ 'ਕੱਲੀ ਨੂੰ ਰਹਿਣਾ ਪਵੇਗਾ। ਏਜੰਟ ਤਾਂ ਕਹਿੰਦਾ ਸੀ ਕਿ ਤੇਰੇ ਏਥੇ ਪਹੁੰਚਣ ਦੇ ਮਹੀਨੇ ਬਾਅਦ ਮੇਰੀ ਵਰਕ ਪਰਮਿਟ ਵੀਜ਼ੇ 'ਤੇ ਅਰਜ਼ੀ ਭਰ ਦੇਵਾਂਗੇ। ਓਦੋਂ ਹੀ ਵੀਜ਼ਾ ਮਿਲਜੂ। ਮੈਂ ਕੰਮ ਕਰੀ ਜਾਂਦਾ ਤੂੰ ਪੜ੍ਹੀ ਜਾਂਦੀ। ਓਦੋਂ ਪਤਾ ਨਹੀਂ ਸੀ ਬਈ ਇਸ ਤਰ੍ਹਾਂ ਕਿਸੇ ਕਿਸੇ ਨੂੰ ਹੀ ਵੀਜ਼ਾ ਮਿਲਦਾ।"

"ਚੱਲ ਹੁਣ ਤਾਂ ਲੰਘ ਗਿਆ ਔਖਾ ਸਮਾਂ," ਮੈਂ ਕਿਹਾ। ਕੁਝ ਪਲਾਂ ਬਾਅਦ ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ, "ਸਮਾਂ ਤਾਂ ਔਖੇ-ਸੌਖੇ ਲੰਘ ਹੀ ਜਾਂਦਾ ਹੁੰਦੈ।" ਇਹ ਗੱਲ ਸ਼ਾਇਦ ਮੈਂ ਆਪਣੇ ਆਪ ਨੂੰ ਹੀ ਤਸੱਲੀ ਦੇਣ ਲਈ ਕਹੀ ਸੀ। ਪਲ ਦੀ ਪਲ ਮੇਰੇ ਸਾਹਮਣਿਓਂ ਮੇਰੀ ਭਰਜਾਈ ਦਾ ਚੇਹਰਾ ਲੰਘ ਗਿਆ ਸੀ। ਮੈਂ ਆਪ ਇਸ ਕੰਡਿਆਲੇ ਰਾਹ ਤੁਰੀ ਹੋਣ ਦੇ ਬਾਵਜੂਦ ਆਪਣੇ ਭਰਾ ਦਾ ਰਾਹ ਪੱਧਰਾ ਕਰਨ ਲਈ ਆਪਣੀ ਭਰਜਾਈ ਨੂੰ ਇਸੇ ਰਾਹ ਘੜੀਸ ਲਿਆ ਸੀ।

ਮੇਰਾ ਛੋਟਾ ਭਰਾ ਪਰਦੀਪ ਨਿੱਤ ਫੋਨ ਕਰਕੇ ਆਖਦਾ, "ਦੀਦੀ ਮੇਰਾ ਵੀ ਕਰੋ ਕੁਝ।"

"ਆਈ ਲੈਟਸ ਕਰਲੈ," ਮੈਂ ਉਸ ਨੂੰ ਆਖਦੀ। ਮੈਂ ਵੀ ਇਹੀ ਅੰਗ੍ਰੇਜ਼ੀ ਦਾ ਇਮਤਿਹਾਨ ਪਾਸ ਕਰਕੇ ਇੱਥੇ ਆਈ ਸੀ। ਇਸ ਤਰੀਕੇ ਨਾਲ ਹਜ਼ਾਰਾਂ ਹੀ ਵਿਦਿਆਰਥੀ ਪੰਜਾਬ ਤੋਂ ਆ ਰਹੇ ਸੀ। ਉਹ ਇੱਥੇ ਕਿਸੇ ਕਾਲਜ ਵਿੱਚ ਦੋ ਸਾਲਾਂ ਦਾ ਕੋਈ ਕੋਰਸ ਕਰਨ ਆਉਂਦੇ ਅਤੇ ਫਿਰ ਪੱਕੇ ਹੋਣ ਦੀ ਅਰਜ਼ੀ ਭਰ ਦਿੰਦੇ। ਇਹੀ ਸਲਾਹ ਮੈਂ ਪਰਦੀਪ ਨੂੰ ਦਿੰਦੀ। ਪਰ ਉਹ ਆਖਦਾ, "ਓਹ ਨੀ ਮੈਥੋਂ ਹੋਣੇ। ਕੋਈ ਹੋਰ ਤਰੀਕਾ ਲੱਭੋ।" ਤੇ ਮੈਨੂੰ ਉਹੀ ਤਰੀਕਾ ਲੱਭਿਆ, ਜਿਸ ਪੈਂਡੇ ਮੈਂ ਪਈ ਸੀ। ਮੇਰੇ ਇੱਥੇ ਪੱਕੀ ਹੋਣ ਸਾਰ ਹੀ ਅਮਨ ਜ਼ੋਰ ਲਾਉਣ ਲੱਗਾ ਸੀ ਕਿ ਮੈਂ ਇੱਕ ਵਾਰ ਇੰਡੀਆ ਜ਼ਰੂਰ ਆਵਾਂ, ਭਾਵੇਂ ਥੋੜ੍ਹੇ ਦਿਨਾਂ ਲਈ ਹੀ ਸਹੀ। ਮੇਰਾ ਆਪਣਾ ਵੀ ਬਹੁਤ ਦਿਲ ਕਰਦਾ ਸੀ, ਲੰਬੀਆਂ



ਛੁੱਟੀਆਂ ਕਰਨ ਲਈ। ਪਿਛਲੇ ਚਾਰ ਸਾਲ ਕੰਮ ਅਤੇ ਸਕੂਲ ਦੇ ਰੁਝੇਵੇਂ ਨੇ ਮੈਨੂੰ ਸਾਹ ਨਹੀਂ ਸੀ ਲੈਣ ਦਿੱਤਾ। ਮੈਂ ਗਿਣਤੀਆਂ-ਮਿਣਤੀਆਂ ਵਿੱਚ ਪੈ ਗਈ ਕਿ ਜਿੰਨੀ ਹੁਣ ਤੱਕ ਕਮਾਈ ਕੀਤੀ ਸੀ, ਉਹ ਰੋੜ੍ਹ ਆਵਾਂਗੀ ਨਾਲੇ ਕੰਮ ਤੋਂ ਛੁੱਟੀਆਂ ਲੈਣ ਨਾਲ ਕਮਾਈ ਬੰਦ ਹੋਵੇਗੀ ਕਿਉਂ ਨਾ ਐਨੇ ਡਾਲਰਾਂ ਨਾਲ ਭਰਾ ਦੇ ਏਥੇ ਆਉਣ ਦਾ ਕੋਈ ਜੁਗਾੜ ਕਰ ਲਵਾਂ। ਤੇ ਜਦੋਂ ਮੈਂ ਅਮਨ ਨਾਲ ਇਸ ਬਾਰੇ ਗੱਲ ਕੀਤੀ, ਉਹ ਇਕਦਮ ਚੁੱਪ ਕਰ ਗਿਆ। ਫਿਰ ਬਹੁਤ ਹੀ ਠੰਢੀ ਆਵਾਜ਼ 'ਚ ਬੋਲਿਆ, "ਜਿਵੇਂ ਤੇਰੀ ਮਰਜ਼ੀ ਐ।" ਮੈਂ ਅਮਨ ਦੇ ਇਸ ਜਵਾਬ ਤੋਂ ਡਰ ਗਈ। ਮਨ 'ਚ ਆਇਆ ਕਿ ਭਰਾ ਦਾ ਘਰ ਵਸਾਉਂਦੀ ਵਸਾਉਂਦੀ ਆਪਣਾ ਨਾ ਉਜਾੜ ਲਵਾਂ। ਮੈਂ ਆਪਣੇ ਪਾਪਾ ਨਾਲ ਸਲਾਹ ਕੀਤੀ। ਉਹ ਅਮਨ ਦੇ ਘਰ ਗਏ। ਉਨ੍ਹਾਂ ਦੇ ਸਾਰੇ ਪਰਿਵਾਰ ਦੇ ਚੇਹਰੇ ਸੁਜਾਏ ਹੋਏ ਪਰ ਮੂੰਹੋਂ ਕੋਈ ਕੁਝ ਨਾ ਬੋਲਿਆ। ਫਿਰ ਅਮਨ ਦੀ ਮੰਮੀ ਹੀ ਬੋਲੀ, "ਸਾਡਾ ਮੁੰਡਾ ਤਾਂ ਭਾਈ ਹਾਲੇ ਐਥੇ ਬੈਠਾ। ਲੋਕਾਂ ਨੇ ਸਾਡਾ ਬਾਹਰ ਨਿਕਲਣਾ ਔਖਾ ਕੀਤਾ ਪਿਐ।" ਅੱਗੋਂ ਮੇਰੇ ਪਾਪਾ ਕਹਿੰਦੇ, "ਤੁਹਾਡਾ ਨਹੀਂ ਜੀ, ਇਹ ਤਾਂ ਸਾਡਾ ਵੱਡਾ ਪੁੱਤ ਐ। ਸੀਰਤ ਪੱਕੀ ਹੋਣ ਸਾਰ ਪਹਿਲਾਂ ਇਸਦੀ ਅਰਜ਼ੀ ਭਰੂ ਫੇਰ ਜਿਵੇਂ ਇਹ ਕਹੂ, ਓਵੇਂ ਕਰਾਂਗੇ। ਨਾਲੇ ਏਸੇ ਨੇ ਕਰਨੈ ਸਾਰਾ ਕਾਰਜ ਮੂਹਰੇ ਲੱਗਕੇ।" ਪਾਪਾ ਇਸ ਪੱਖੋਂ ਬਹੁਤ ਸਿਆਣੇ ਆ। ਉਨ੍ਹਾਂ ਨੇ ਵਡਿਆਕੇ ਅਮਨ ਦੇ ਪਰਿਵਾਰ ਨੂੰ ਮਨਾ ਲਿਆ ਅਤੇ ਪਰਦੀਪ ਦੇ ਵਿਆਹ ਦਾ ਅਖ਼ਬਾਰਾਂ ਵਿੱਚ ਉਸੇ ਤਰ੍ਹਾਂ ਦਾ ਇਸ਼ਤਿਹਾਰ ਦੇ ਦਿੱਤਾ, ਜਿਸ ਤਰ੍ਹਾਂ ਦਾ ਅਮਨ ਦੇ ਡੈਡੀ ਨੇ ਚਾਰ ਸਾਲ ਪਹਿਲਾਂ ਦਿੱਤਾ ਸੀ। ਪਾਪਾ ਨੇ ਇਹ ਸਾਰੀਆਂ ਗੱਲਾਂ ਮੈਨੂੰ ਦੱਸੀਆਂ ਅਤੇ ਇਸ਼ਤਿਹਾਰ ਦੀ ਨਕਲ ਵੀ ਮੈਨੂੰ ਭੇਜ ਦਿੱਤੀ। ਉਸ ਵਿੱਚ ਲਿਖਿਆ ਸੀ: ਕਨੇਡਾ ਜਾਣ ਦੀ ਚਾਹਵਾਨ ਆਈ ਲੈਟਸ ਵਿੱਚੋਂ 6.5 ਬੈਂਡ ਨਾਲ ਪਾਸ ਲੜਕੀ ਦੀ ਜ਼ਰੂਰਤ ਹੈ। ਸਾਰਾ ਖਰਚ ਲੜਕੇ ਦੀ ਕਨੇਡਾ ਵਿੱਚ ਸੈਟਲਡ ਭੈਣ ਕਰੇਗੀ---।

"ਹਾਂ, ਸਮੇਂ ਨੇ ਤਾਂ ਲੰਘਣਾ ਹੀ ਹੁੰਦੈ," ਮੈਨੂੰ ਅਮਨ ਦੀ ਆਵਾਜ਼ ਸੁਣੀ। ਮੈਨੂੰ ਲੱਗਾ ਜਿਵੇਂ ਉਸ ਨੇ ਹਾਉਕਾ ਲਿਆ ਹੋਵੇ। ਹੋ ਸਕਦਾ ਹੈ ਕਿ ਮੈਨੂੰ ਐਵੇਂ ਹੀ ਲੱਗਾ ਹੋਵੇ।

ਗੁਰਦੁਆਰੇ ਤੋਂ ਲੰਗਰ ਛਕ ਕੇ ਅਸੀਂ ਘਰ ਵੱਲ ਕਾਰ ਕਰ ਲਈ। ਅੱਗੇ ਬੇਅਰ ਕਰੀਕ ਪਾਰਕ ਆ ਗਿਆ। ਇਹ ਉਹੀ ਪਾਰਕ ਹੈ, ਜਿਸਦੇ ਇੱਕ ਹਿੱਸੇ ਵਿੱਚ ਮੈਨੂੰ ਆਪਣਾ ਆਪ ਗੁਰਪ੍ਰੀਤ ਦੇ ਗਲ ਵਿੱਚ ਬਾਹਾਂ ਪਾਈ ਖੜ੍ਹਾ ਦਿਸਦਾ।

ਇੱਕ ਦਿਨ ਗੁਰਪ੍ਰੀਤ ਨੇ ਗੱਲੀਂ-ਬਾਤੀਂ ਦੱਸਿਆ ਸੀ ਕਿ ਉਸ ਨੇ ਕਨੇਡਾ 'ਚ ਪੱਕੇ ਹੋਣ ਲਈ ਅਰਜ਼ੀ ਭਰੀ ਹੋਈ ਸੀ ਤੇ ਕੁਝ ਦਿਨਾਂ 'ਚ ਹੀ ਉਸ ਨੂੰ ਪੱਕੇ ਹੋਣ ਦੀ ਉਮੀਦ ਸੀ। ਮੈਂ ਸੁਭਾਵਿਕ ਹੀ ਪੁੱਛ ਲਿਆ, "ਉਸ ਤੋਂ ਬਾਅਦ ਅੱਗੇ ਕੀ ਪ੍ਰੋਗਰਾਮ ਹੈ?"

"ਜੇ ਤੇਰੇ ਵਰਗੀ ਕੁੜੀ ਮਿਲ ਜਾਵੇ ਤਾਂ ਇੱਥੇ ਹੀ ਵਿਆਹ ਕਰਵਾ ਲਵਾਂ।" ਉਸਦਾ ਇਹ ਜਵਾਬ ਸੁਣ ਕੇ ਮੈਨੂੰ ਆਪਣੇ ਅੰਦਰੋਂ ਕੁਝ ਖੁੱਸਦਾ ਜਿਹਾ ਜਾਪਿਆ। ਮੈਂ ਉਸ ਵੱਲ ਦੇਖਿਆ।

"ਮੇਰਾ ਤਾਂ ਭਰਾਵਾ ਪਹਿਲਾਂ ਹੀ ਹੋਇਆ ਵਿਐ," ਮੇਰੇ ਮੂੰਹੋਂ ਮਸਾਂ ਹੀ ਨਿਕਲਿਆ। ਮੈਨੂੰ ਲੱਗਾ ਜਿਵੇਂ ਇਹ ਸੁਣ ਕੇ ਉਸਦਾ ਵੀ ਚੇਹਰਾ ਲੱਥ ਗਿਆ ਹੋਵੇ। ਉਸ ਰਾਤ ਮੇਰਾ ਦਿਲ ਰੋਣ ਰੋਣ ਕਰੇ। ਮੈਨੂੰ ਆਪਣੇ ਪਾਪਾ 'ਤੇ ਖਿਝ ਆਈ ਕਿ ਉਨ੍ਹਾਂ ਨੂੰ ਐਡੀ ਵੀ ਕੀ ਜਲਦੀ ਸੀ ਮੇਰੇ ਵਿਆਹ ਦੀ। ਫਿਰ ਪਾਪਾ ਦਾ ਰੋਂਦਾ ਚੇਹਰਾ ਸਾਹਮਣੇ ਆ ਗਿਆ ਸੀ। ਕਦੇ-ਕਦੇ ਉਹ ਸ਼ਰਾਬ ਪੀ

ਕੇ ਰੋਣ ਲੱਗਦੇ। ਮੈਨੂੰ ਤੇ ਮੇਰੇ ਭਰਾ ਨੂੰ ਬੁੱਕਲ 'ਚ ਲੈ ਕੇ ਆਖਦੇ, "ਜੇ ਕਿਤੇ ਰਾਹ 'ਚ ਫੜਿਆ ਨਾ ਗਿਆ ਹੁੰਦਾ, ਅੱਜ ਮੇਰੇ ਬੱਚੇ ਵੀ ਅਮਰੀਕਾ 'ਚ ਪੜ੍ਹਦੇ ਹੁੰਦੇ।"

ਮੇਰੇ ਜਨਮ ਤੋਂ ਪਹਿਲਾਂ ਉਨ੍ਹਾਂ ਨੇ ਪੈਲੀ ਵੇਚ ਕੇ ਅਮਰੀਕਾ ਜਾਣ ਲਈ ਏਜੰਟ ਨੂੰ ਪੈਸੇ ਦਿੱਤੇ ਸਨ ਪਰ ਉਨ੍ਹਾਂ ਦਾ ਜੁਗਾੜ ਠੀਕ ਸਿਰ ਨਹੀਂ ਸੀ ਬੈਠਾ। ਉਨ੍ਹਾਂ ਨੂੰ ਇਸਦਾ ਸਾਰੀ ਉਮਰ ਝੋਰਾ ਰਿਹਾ ਸੀ। ਤੇ ਮੈਨੂੰ ਆਈ ਲੈਟਸ ਦੀ ਪੌੜੀ ਰਾਹੀਂ ਵਿਆਹ ਕਰਕੇ ਕਨੇਡਾ ਭੇਜਣ ਦੇ ਫੈਸਲੇ 'ਚ ਪਾਪਾ ਬੇਕਸੂਰ ਲੱਗੇ। ਮੈਂ ਸੋਚਿਆ ਕਿ ਜੇ ਉਨ੍ਹਾਂ ਵਿੱਚ ਆਪਣੇ ਬਲਬੂਤੇ ਮੈਨੂੰ ਕਨੇਡਾ ਭੇਜਣ ਦੀ ਸਮਰੱਥਾ ਹੁੰਦੀ ਤਾਂ ਉਹ ਕਿਓਂ ਮੇਰੇ ਪੈਰ ਬੰਨ੍ਹਦੇ।

ਮੈਂ ਅਮਨ ਨੂੰ ਬੇਅਰ ਕਰੀਕ ਪਾਰਕ ਬਾਰੇ ਕੁਝ ਨਾ ਦੱਸਿਆ। ਅੱਗੇ ਇਕ ਹੋਰ ਗੁਰਦੁਆਰਾ ਆ ਗਿਆ ਸੀ। ਮੈਂ ਅਮਨ ਨੂੰ ਕਿਹਾ, "ਆਹ ਗੁਰਦਵਾਰਾ ਤਾਂ ਘਰ ਵਾਂਗ ਹੀ ਹੈ। ਇਸਦਾ ਬਹੁਤ ਆਸਰਾ ਰਿਹੈ ਮੈਨੂੰ। ਜਦੋਂ ਵੀ ਕਦੇ ਸ਼ਾਮ ਨੂੰ ਰੋਟੀ ਖਾਣ ਲਈ ਦਿਲ ਕਰਦਾ, ਇੱਥੇ ਆ ਜਾਂਦੀ।"

"ਅੱਛਾ," ਆਖ ਕੇ ਅਮਨ ਨੇ ਸਿਰ ਨਿਵਾਇਆ।

ਗੁਰਦੁਆਰੇ ਦੇ ਪਿਛਲੇ ਪਾਸੇ, ਜਿੱਥੇ ਪਾਰਕ ਇਸ ਨਾਲ ਮਿਲਦਾ ਹੈ, ਉੱਥੇ ਸੁੰਨ-ਸਾਨ ਥਾਂ 'ਤੇ ਪੰਜਾਬ ਤੋਂ ਆਏ ਅੰਤਰਰਾਸ਼ਟਰੀ ਵਿਦਿਆਰਥੀ ਐਤਵਾਰ ਦੀ ਸ਼ਾਮ ਨੂੰ ਮਿਲਦੇ। ਉਸ ਤੋਂ ਅੱਗੇ ਦਰੱਖ਼ਤਾਂ ਦੇ ਝੁੰਡ ਸ਼ੁਰੂ ਹੋ ਜਾਂਦੇ। ਪਾਰਕ ਦਾ ਇਹੀ ਉਹ ਥਾਂ ਸੀ, ਜਿਹੜਾ ਮੇਰੇ ਸੁਪਨੇ ਵਿੱਚ ਆਉਂਦਾ ਸੀ। ਮੈਂ ਇੱਕ ਵਾਰ ਰੋਮੀ ਨਾਲ ਇੱਥੇ ਆਈ ਸੀ। ਮਸਤੀ ਦਾ ਆਲਮ, ਬੇਫਿਕਰੀ, ਹਾਸੇ ਜਿਵੇਂ ਇਸ ਥਾਂ 'ਤੇ ਹੀ ਟਿਕੇ ਹੋਣ। ਚੰਨ-ਚਾਨਣੀ ਰਾਤ ਸੀ ਉਹ। ਰੋਮੀ ਦਾ ਹੱਥ ਉਸਦੇ ਦੋਸਤ ਦੇ ਹੱਥ ਵਿੱਚ ਸੀ ਤੇ ਹੋਰ ਕਈਆਂ ਦੇ ਹੱਥ ਆਪਣੇ ਆਪਣੇ ਸਾਥੀਆਂ ਦੇ ਹੱਥਾਂ ਵਿੱਚ। ਉਹ ਸਮਾਂ ਮੇਰੇ ਅੰਦਰ ਰੁਕ ਗਿਆ। ਰੋਮੀ ਆਪਣੇ ਦੋਸਤ ਨਾਲ ਦਰੱਖ਼ਤਾਂ ਦੇ ਝੁੰਡਾਂ ਵਿੱਚ ਅਲੋਪ ਹੋ ਗਈ ਅਤੇ ਮੈਂ ਇਕੱਲੀ ਹੀ ਘਰ ਵੱਲ ਤੁਰ ਪਈ। ਉਸ ਸ਼ਾਮ ਪਹਿਲੀ ਵਾਰ ਮੈਨੂੰ ਦਾਦੀ ਦੀ ਤਕੜੀ ਹੋ ਕੇ ਰਹਿਣ ਵਾਲੀ ਗੱਲ ਦੀ ਸਮਝ ਲੱਗੀ ਸੀ।

"ਫੇਰ ਤਾਂ ਲੱਗਦੈ ਕਿ ਇੱਥੋਂ ਨੇੜੇ ਹੀ ਹੈ ਘਰ," ਅਮਨ ਬੋਲਿਆ।

"ਹਾਂ, ਆਹ ਹੀ ਹੈ। ਤੇਰੇ ਆਉਣ ਨਾਲ ਹੀ ਘਰ ਬਣੇਗਾ। ਹਾਲੇ ਤਾਂ ਇੱਕ ਖਾਲੀ ਕਮਰਾ ਹੀ ਹੈ," ਆਖਦੀ ਨੇ ਮੈਂ ਕਾਰ ਰੋਕ ਦਿੱਤੀ। ਬੇਸਮੈਂਟ ਦਾ ਦਰਵਾਜ਼ਾ ਖੋਲਣ ਤੋਂ ਪਹਿਲਾਂ ਮੇਰੇ ਚਿੱਤ 'ਚ ਆਈ ਕਿ ਅਸੀਂ ਵਿਆਹ ਤੋਂ ਬਾਅਦ ਪਹਿਲੀ ਵਾਰ ਇਕੱਠੇ ਆਪਣੇ ਘਰ ਵਿੱਚ ਦਾਖਲ ਹੋ ਰਹੇ ਹਾਂ ਕੋਈ ਗੀਤ-ਸੰਗੀਤ ਹੁੰਦਾ, ਪਰਿਵਾਰ ਤੇ ਰਿਸ਼ਤੇਦਾਰ ਹੁੰਦੇ। ਕੋਈ ਤੇਲ ਚੋਂਦਾ। ਕੋਈ ਸਗਨ ਵਿਹਾਰ ਹੁੰਦਾ। ਪਰ ਇੱਥੇ ਤਾਂ ਸੁੰਨ- ਸਰਾਂ ਸੀ। ਇਹ ਸੋਚਦਿਆਂ ਮੇਰਾ ਮਨ ਭਰ ਆਇਆ। ਅੰਦਰ ਅਟੈਚੀ ਰੱਖ ਕੇ ਬੇਸਮੈਂਟ ਦਾ ਦਰਵਾਜ਼ਾ ਪਿੱਛੇ ਬੰਦ ਕਰਦਿਆਂ ਮੈਂ ਅਮਨ ਨੂੰ ਚੁੰਭੜ ਗਈ। ਮੇਰਾ ਰੋਣ ਨਿਕਲ ਗਿਆ। ਕੁਝ ਦੇਰ ਮੈਂ ਇਸੇ ਤਰ੍ਹਾਂ ਹੀ ਅਮਨ ਨਾਲ ਲੱਗਕੇ ਖੜ੍ਹੀ ਰਹੀ। ਕੁਝ ਪਲਾਂ ਬਾਅਦ ਅਮਨ ਨੇ ਮੇਰਾ ਚੇਹਰਾ ਉੱਪਰ ਕਰਕੇ ਮੇਰੇ ਹੰਝੂ ਪੂੰਝੇ।

ਤੇ ਫਿਰ ਉਹ ਸੌਂ ਗਿਆ ਸੀ। ਅਮਨ ਵਾਲੇ ਗੱਦੇ ਦੇ ਨਾਲ ਵਾਲੇ ਗੱਦੇ 'ਤੇ ਪਈ ਮੈਂ ਆਪਣੇ ਫੋਨ ਵਿੱਚ ਸੰਭਾਲੀਆਂ ਵਿਆਹ ਵਾਲੀਆਂ ਫੋਟੋ ਦੇਖਣ ਲੱਗ ਪਈ। ਉਸ ਫੋਟੋ 'ਤੇ ਮੇਰੀ ਨਿਗਾਹ ਅਟਕ ਗਈ ਸੀ। ਉਸ ਨੂੰ ਮੈਂ ਅੱਗੇ ਨਾ ਕੀਤਾ। ਉਸ ਵੱਲ ਦੇਖਦੀ ਰਹੀ। ਦੇਖਦੀ ਰਹੀ। ਪਤਾ ਨਹੀਂ ਕਿੰਨੇ ਵਾਰ ਪਹਿਲਾਂ ਵੀ ਇਸ ਫੋਟੋ ਨੂੰ ਇਸ ਤਰ੍ਹਾਂ ਨਿਹਾਰਿਆ ਸੀ। ਇਹ ਸਾਡੀ



ਵਿਆਹ ਤੋਂ ਬਾਅਦ ਦੀ ਫੋਟੋ ਸੀ। ਮੇਰੀਆਂ ਚੂੜੇ ਭਰੀਆਂ ਬਾਹਾਂ ਅਮਨ ਦੇ ਮੋਢਿਆਂ ਉੱਤੇ ਟਿਕੀਆਂ ਹੋਈਆਂ ਹਨ। ਅਸੀਂ ਇੱਕ-ਦੂਜੇ ਦੀਆਂ ਅੱਖਾਂ ਵਿੱਚ ਦੇਖ ਰਹੇ ਹਾਂ।

ਵਿਆਹ ਵਾਲੀ ਰਾਤ ਅਮਨ ਨੇ ਮੁੜ ਇਹੀ ਪੋਜ਼ ਬਨਾਉਣ ਲਈ ਕਿਹਾ ਸੀ। ਉਸ ਗਰਮ ਰਾਤ ਬਿਜਲੀ ਚਲੀ ਗਈ ਸੀ। ਅੰਦਰ ਸਾਹ ਘੁਟਣ ਹੋਣ ਲੱਗੀ ਤਾਂ ਅਸੀਂ ਚੁਬਾਰੇ 'ਚੋਂ ਬਾਹਰ ਆ ਗਏ। ਅਮਨ ਦਾ ਘਰ ਖੇਤਾਂ ਵਿੱਚ ਹੈ। ਆਸੇ-ਪਾਸੇ ਖੇਤ ਹੀ ਖੇਤ। ਹਵਾ ਰੁਮਕ ਰਹੀ ਸੀ। ਸ਼ਾਇਦ ਚੰਨ ਚਾਨਣੀ ਰਾਤ ਸੀ। ਸ਼ਾਇਦ ਨਾ ਹੀ ਹੋਵੇ। ਇਸ ਰਾਤ ਨੂੰ ਮੈਂ ਇੰਨੇ ਵਾਰ ਯਾਦ ਕੀਤਾ ਹੈ ਕਿ ਕਈ ਮੇਰੀਆਂ ਕਲਪਨਾਵਾਂ ਇਸ ਨਾਲ ਜੁੜ ਗਈਆਂ ਹਨ। ਅਮਨ ਨੇ ਕਿਹਾ ਸੀ, "ਮੇਰੇ ਗਲ ਵਿੱਚ ਉਵੇਂ ਹੀ ਬਾਹਾਂ ਪਾ, ਜਿਵੇਂ ਫੋਟੋ ਖਿਚਵਾਉਣ ਵੇਲੇ ਪਾਈਆਂ ਸਨ।"

"ਉਦੋਂ ਤਾਂ ਫੋਟੋ ਖਿਚਵਾਉਣੀ ਸੀ।"

"ਚੱਲ ਹੁਣ ਪਿਆਰ ਨਾਲ ਪਾ ਦੇ।"

"ਲੈ, ਇੱਥੇ ਬਾਹਰ?"

"ਹਾਂ, ਤਾਰਿਆਂ ਦੀ ਗਵਾਹੀ 'ਚ।"

ਮੈਂ ਸੰਗਦਿਆਂ ਆਪਣੀਆਂ ਬਾਹਾਂ ਉਸਦੇ ਮੋਢਿਆਂ 'ਤੇ ਰੱਖ ਦਿੱਤੀਆਂ। ਉਹ ਬੋਲਿਆ, "ਤੇਰੀਆਂ ਬਾਹਾਂ ਬੰਸਰੀਆਂ ਵਰਗੀਐਂ। ਕਿੰਨੀਆਂ ਸੋਹਣੀਆਂ!" ਫਿਰ ਉਸ ਨੇ ਆਪਣੇ ਬੁੱਲ੍ਹ ਮੇਰੀ ਵੀਣੀ 'ਤੇ ਟਿਕਾਅ ਦਿੱਤੇ ਜਿਵੇਂ ਬੰਸਰੀ ਵਿੱਚ ਫੂਕ ਮਾਰ ਰਿਹਾ ਹੋਵੇ।

ਇਹੀ ਸੀਨ ਸੀ ਜਿਹੜਾ ਮੇਰੇ ਚੇਤਿਆਂ ਵਿੱਚ ਡੂੰਘਾ ਲਹਿ ਗਿਆ ਸੀ। ਇਹ ਯਾਦ ਹੀ ਨਹੀਂ ਕਿ ਮੈਂ ਉਸ ਰਾਤ ਨੂੰ ਕਿੰਨਾ ਕੁ ਮਾਣਿਆ ਸੀ। ਬਸ ਇੱਕ ਸੁਪਨੇ ਵਾਂਗ ਲਗਦੀ ਹੈ ਉਹ ਰਾਤ। ਉਸ ਵੇਲੇ ਮੇਰੇ ਦਿਮਾਗ ਵਿੱਚ ਦੋ ਦਿਨਾਂ ਬਾਅਦ ਕਨੇਡਾ ਪਹੁੰਚਣ ਦਾ ਚਾਅ ਸੀ। ਇਹ ਕਦੇ ਸੋਚਿਆ ਵੀ ਨਹੀਂ ਸੀ ਕਿ ਅਠਾਰਾਂ ਸਾਲਾਂ ਦੀ ਹੋਣ ਤੋਂ ਦੋ ਦਿਨਾਂ ਬਾਅਦ ਹੀ ਮੇਰਾ ਵਿਆਹ ਹੋ ਜਾਵੇਗਾ। ਸਭ ਕੁਝ ਐਨੀ ਜਲਦੀ ਵਾਪਰ ਗਿਆ ਸੀ ਕਿ ਲਗਦਾ ਸੀ ਕਿ ਵਿਆਹ ਵੀ ਕਨੇਡਾ ਪਹੁੰਚਣ ਲਈ ਇੱਕ ਕਾਰਵਾਈ ਹੀ ਹੈ ਜਿਵੇਂ ਕਿਸੇ ਕਾਲਜ ਵਿੱਚ ਦਾਖਲੇ ਲਈ ਅਤੇ ਵੀਜ਼ੇ ਲਈ ਅਰਜ਼ੀ ਭਰੀ ਹੋਵੇ। ਤੇ ਜਿਸ ਸ਼ਾਮ ਮੈਂ ਰੋਮੀ ਨਾਲ ਪਾਰਕ ਗਈ ਸੀ, ਉਸ ਰਾਤ ਮੈਨੂੰ ਅਹਿਸਾਸ ਹੋਇਆ ਸੀ ਕਿ ਮੈਂ ਇਕ ਵਿਆਹੀ ਵਰੀ ਔਰਤ ਹਾਂ। ਮੇਰਾ ਜੀਅ ਕਰਨ ਲੱਗਾ ਸੀ ਕਿ ਅਮਨ ਛੇਤੀਂ ਇੱਥੇ ਆਵੇ। ਤੇ ਫਿਰ ਮੇਰੀ ਕਲਪਨਾ ਅਤੇ ਸੁਪਨਿਆਂ ਵਿੱਚ ਅਮਨ ਦੇ ਘਰ ਦੀ ਛੱਤ ਉਪਰਲੀ ਰਾਤ ਤੇ ਪਾਰਕ ਵਾਲੀ ਰਾਤ ਆਉਣ ਲੱਗੀਆਂ ਸਨ। ਮੈਂ ਸੋਚਦੀ ਕਿ ਜਿਸ ਦਿਨ ਅਮਨ ਕਨੇਡਾ ਆਵੇਗਾ ਮੈਂ ਮੁੜ ਉਸ ਰਾਤ ਨੂੰ ਜੀਵਾਂਗੀ।

ਤੇ ਉਹ ਦਿਨ ਆ ਗਿਆ ਸੀ। ਮੈਨੂੰ ਲਗਦਾ ਸੀ ਜਿਵੇਂ ਆਉਣ ਵਾਲੀ ਰਾਤ ਹੀ ਅਸਲ ਵਿੱਚ ਵਿਆਹ ਵਾਲੀ ਰਾਤ ਹੋਵੇ। ਦਿਮਾਗ ਵਿੱਚ ਆਇਆ ਕਿ ਜਦੋਂ ਤੱਕ ਅਮਨ ਨੇ ਸੌਂ ਕੇ ਉੱਠਣਾ ਹੈ, ਉਦੋਂ ਤੱਕ ਡੂੰਘੀ ਸ਼ਾਮ ਹੋ ਚੁੱਕੀ ਹੋਵੇਗੀ। ਉਸ ਨੂੰ ਵਾਈਟਰੌਕ ਸ਼ਹਿਰ ਲੈ ਕੇ ਜਾਵਾਂਗੀ। ਬੀਚ 'ਤੇ ਬਣੇ ਰੈਸਤੋਰਾਂ ਦੀ ਛੱਤ 'ਤੇ ਤਾਰਿਆਂ ਤੇ ਮੋਮਬੱਤੀ ਦੇ ਚਾਨਣੇ ਖਾਣਾ ਖਾਵਾਂਗੇ। ਫਿਰ ਇਕ-ਦੂਜੇ ਦਾ ਹੱਥ ਫੜ ਬੀਚ 'ਤੇ ਤੁਰਾਂਗੇ। ਇਸ ਕਲਪਨਾ ਨਾਲ ਮੈਂ ਰੁਮਾਂਚਿਤ ਹੋਣ ਲੱਗੀ। ਕੁਝ ਦੇਰ ਮੈਂ ਉਸ ਕਲਪਨਾ ਦਾ ਲੁਤਫ ਲੈਂਦੀ ਰਹੀ ਫਿਰ ਉੱਠ ਕੇ ਤਿਆਰ ਹੋਣ ਲੱਗੀ। ਚਿੱਤ 'ਚ ਆਈ ਕਿ ਕਿੰਨਾ ਚੰਗਾ ਹੁੰਦਾ ਜੇ ਮੈਂ ਪਹਿਲਾਂ ਮਹਿੰਦੀ ਲਵਾ ਆਉਂਦੀ। ਕੱਪੜੇ

ਬਦਲਕੇ ਮੈਂ ਚੂੜਾ ਪਾਇਆ। ਕੁਝ ਦੇਰ ਆਪਣੀਆਂ ਬਾਹਾਂ ਨੂੰ ਨਿਹਾਰਦੀ ਰਹੀ। ਇਸ ਚੂੜੇ ਨੂੰ ਮੈਂ ਢਕ ਢਕ ਰੱਖਦੀ ਰਹੀ ਸੀ। ਉਸ ਉਮਰ ਵਿੱਚ ਵਿਆਹੀ ਦਿੱਸਣ 'ਚ ਮੈਨੂੰ ਸ਼ਰਮ ਆਉਂਦੀ।

ਫਿਰ ਮੈਂ ਅਮਨ ਨੂੰ ਜਗਾਇਆ। ਜਦ ਤਿਆਰ ਹੋ ਕੇ ਮੈਂ ਉਸ ਨਾਲ ਸਵੈ-ਫੋਟੋ ਖਿੱਚਣ ਲੱਗੀ, ਮੈਨੂੰ ਲੱਗਾ ਜਿਵੇਂ ਅਮਨ ਕਹੇਗਾ ਕਿ ਇਨ੍ਹਾਂ ਬੰਸਰੀਆਂ ਨੂੰ ਮੇਰੇ ਗਲ ਵਿੱਚ ਪਾ। ਪਰ ਉਸ ਨੇ ਇਸ ਤਰ੍ਹਾਂ ਨਾ ਕਿਹਾ। ਉਹ ਸ਼ਾਇਦ ਭੁੱਲ ਹੀ ਗਿਆ ਹੋਵੇ ਕਿ ਉਸ ਨੇ ਉਸ ਰਾਤ ਇਸ ਤਰ੍ਹਾਂ ਕਿਹਾ ਸੀ।

ਕਾਰ ਵਿੱਚ ਬੈਠ ਕੇ ਮੈਂ ਕਾਰ ਵਾਈਟ ਰੌਕ ਵਾਲੀ ਬੀਚ ਵੱਲ ਨਹੀਂ ਮੋੜੀ। ਮੇਰੇ ਦਿਮਾਗ ਵਿੱਚ ਉਸ ਰੈਸਤੋਰਾਂ ਦੇ ਖਾਣੇ ਦੀਆਂ ਕੀਮਤਾਂ ਆ ਗਈਆਂ ਸਨ। ਇੱਕ ਵਾਰ ਮੈਂ ਆਪਣੀ ਸਹੇਲੀ ਨਾਲ ਉੱਥੇ ਗਈ ਸੀ ਤੇ ਅਸੀਂ ਖਾਣੇ ਦੀਆਂ ਕੀਮਤਾਂ ਦੇਖ ਕੇ ਪਾਸਾ ਵੱਟ ਕੇ ਰੈਸਤੋਰਾਂ ਵਿੱਚੋਂ ਬਾਹਰ ਆ ਗਈਆਂ ਸੀ। 'ਕਦੇ ਫਿਰ ਸਹੀ,' ਅਸੀਂ ਸੋਚਿਆ ਸੀ। ਇਸੇ ਤਰ੍ਹਾਂ ਹੀ ਸੋਚ ਕੇ ਮੈਂ ਕਾਰ ਮੈਕਡੋਨਲਡ ਰੈਸਤੋਰਾਂ ਵੱਲ ਮੋੜ ਲਈ। ਉੱਥੇ ਬਰਗਰ 'ਤੇ ਬੁਰਕੀ ਵੱਢ ਕੇ ਅਮਨ ਨੇ ਕੁਸੈਲਾ ਜਿਹਾ ਮੂੰਹ ਬਣਾਇਆ।

"ਸਵਾਦ ਨੀ ਲੱਗਾ?" ਮੈਂ ਪੁੱਛਿਆ।

"ਐਵੇਂ ਬਕਬਕਾ ਜਿਹਾ ਐ, ਕੋਈ ਮਿਰਚ-ਮੁਰਚ ਲਿਆ।"

"ਹੌਲੀ ਹੌਲੀ ਸਵਾਦ ਲੱਗਣ ਲੱਗੂ ਐਥੋਂ ਦਾ ਖਾਣਾ। ਮੈਨੂੰ ਤਾਂ ਹੁਣ ਇੱਥੋਂ ਦਾ ਸਵਾਦ ਪੈ ਗਿਐ।"

"ਤੈਨੂੰ ਹੋਰ ਪਤਾ ਨੀ ਇੱਥੋਂ ਦੇ ਕੀ ਕੀ ਸਵਾਦ ਪਏ ਆ," ਆਖ ਕੇ ਅਮਨ ਥੋੜ੍ਹਾ ਜਿਹਾ ਹੱਸ ਪਿਆ।

ਮੈਨੂੰ ਉਸਦਾ ਇਹ ਮਜ਼ਾਕ ਅਟਪਟਾ ਲੱਗਾ। ਮੈਂ ਇਸ ਵੱਲ ਬਹੁਤਾ ਧਿਆਨ ਨਾ ਦਿੱਤਾ। ਮੇਰਾ ਧਿਆਨ ਤਾਂ ਬਾਹਰ ਵੱਲ ਸੀ ਕਿ ਕਦੋਂ ਹਨੇਰਾ ਉੱਤਰੇ ਅਤੇ ਮੈਂ ਅਮਨ ਨਾਲ ਪਾਰਕ ਵਿੱਚ ਜਾਵਾਂ।

ਜਦੋਂ ਅਸੀਂ ਪਾਰਕ ਵਿੱਚ ਪਹੁੰਚੇ, ਹਨੇਰਾ ਉੱਤਰ ਆਇਆ ਸੀ। ਕਾਰ ਵਿੱਚੋਂ ਬਾਹਰ ਨਿਕਲਕੇ ਮੈਂ ਅਮਨ ਦਾ ਹੱਥ ਫੜ ਲਿਆ। ਹਲਕੀ ਹਲਕੀ ਹਵਾ ਰੁਮਕ ਰਹੀ ਸੀ। ਮੇਰੇ ਸੁਪਨਿਆਂ ਵਿੱਚ ਆਉਣ ਵਾਲੀ ਥਾਂ ਕੁਝ ਕਦਮਾਂ ਦੀ ਵਿੱਥ 'ਤੇ ਸੀ। ਮੈਂ ਓਧਰ ਝਾਤ ਮਾਰੀ। ਫਿਰ ਅਮਨ ਨੂੰ ਕਿਹਾ, "ਅਮਨੇ, ਆਪਣੀ ਅਸਲੀ ਸੁਹਾਗਰਾਤ ਤਾਂ ਅੱਜ ਐ। ਉਦੋਂ ਤਾਂ ਸਭ ਕੁਝ ਬਹੁਤ ਜਲਦੀ ਜਲਦੀ ਹੋ ਗਿਆ ਸੀ। ਇਸ ਬਾਰੇ ਪਤਾ ਹੀ ਨਹੀਂ ਸੀ।" ਇਸ ਤਰ੍ਹਾਂ ਆਖਦਿਆਂ ਮੈਂ ਅਮਨ ਦੇ ਨਾਲ ਲੱਗ ਗਈ।

"ਹੁਣ ਆਪਾਂ ਕਿੱਧਰ ਚੱਲੇ ਆਂ?" ਉਹ ਬੋਲਿਆ।

"ਆਪਣੀ ਸੁਹਾਗਰਾਤ ਮਨਾਉਣ।"

ਮੇਰੀ ਗੱਲ ਸੁਣਕੇ ਅਮਨ ਹੱਸ ਪਿਆ। ਬੋਲਿਆ, "ਏਧਰ ਤਾਂ ਕੋਈ ਪਾਰਕ ਲੱਗਦੈ।"

ਮੈਂ ਅਮਨ ਦਾ ਹੱਥ ਫੜ ਕੇ ਉਸ ਨੂੰ ਪਾਰਕ ਦੇ ਉਸ ਹਿੱਸੇ ਵੱਲ ਲੈ ਤੁਰੀ। ਮੈਂ ਜਿਵੇਂ ਉੱਡ ਰਹੀ ਹੋਵਾਂ। ਚਾਅ ਵਿੱਚ ਸਰੂਰੀ। ਮਖਰੂਰੀ। ਮੈਂ ਕਿਹਾ, "ਅਮਨੇ, ਮੇਰੇ ਮਿੱਠੇ, ਆਪਣੀ ਉਹ ਖੇਤਾਂ ਵਿਚਲੇ ਘਰ ਵਾਲੀ ਰਾਤ। ਕੋਠੇ 'ਤੇ ਖੜਿਆਂ ਵਾਲਾ ਸੀਨ ਪਤਾ ਨਹੀਂ ਕਿੰਨੇ ਵਾਰ ਮੇਰੇ



ਜਾਗਦੇ-ਸੌਂਦੇ ਸੁਪਨਿਆਂ ਵਿੱਚ ਆਇਐ। ਤੈਨੂੰ ਚੇਤੈ, ਜਦੋਂ ਮੈਂ ਤੇਰੇ ਗਲ ਬਾਹਾਂ ਪਾਈਆਂ ਸਨ?" ਤੁਰਦਿਆਂ ਮੈਂ ਰੁਕ ਗਈ। ਮੇਰਾ ਜੀਅ ਕੀਤਾ ਕਿ ਹੁਣੇ ਹੀ ਅਮਨ ਮੈਨੂੰ ਆਪਣੇ ਕਲਾਵੇ ਵਿੱਚ ਲੈ ਲਵੇ। ਉਸ ਨੇ ਇਸ ਤਰ੍ਹਾਂ ਨਾ ਕੀਤਾ। ਮੈਂ ਤੁਰ ਪਈ। ਉਸ ਥਾਂ ਪਹੁੰਚਕੇ ਮੈਂ ਘੁੱਟ ਕੇ ਅਮਨ ਨੂੰ ਜੱਫੀ ਪਾ ਲਈ। ਮੈਨੂੰ ਲੱਗਾ ਕਿ ਅਮਨ ਹੁਣੇ ਹੀ ਮੇਰਾ ਚੇਹਰਾ ਆਪਣੇ ਹੱਥਾਂ ਵਿੱਚ ਲੈ ਕੇ ਉੱਪਰ ਕਰੇਗਾ ਅਤੇ ਬੰਸਰੀਆਂ ਵਿੱਚ ਤਰੰਗਾਂ ਛੇੜੇਗਾ। ਕੁਝ ਦੇਰ ਇਸੇ ਤਰ੍ਹਾਂ ਹੀ ਖੜ੍ਹੀ ਰਹਿਣ ਤੋਂ ਬਾਅਦ ਮੈਂ ਆਪ ਹੀ ਅਮਨ ਵੱਲ ਦੇਖਿਆ। ਉਹ ਦਰੱਖ਼ਤਾਂ ਦੇ ਝੁੰਡਾਂ ਵੱਲ ਦੇਖ ਰਿਹਾ ਸੀ। ਸਾਡੇ ਦੇਖਦਿਆਂ ਦੋ ਪਰਛਾਵੇਂ ਉਨ੍ਹਾਂ ਵਿੱਚ ਅਲੋਪ ਹੋਏ ਸਨ। ਕੁਝ ਪਲ ਓਧਰ ਦੇਖਣ ਤੋਂ ਬਾਅਦ ਅਮਨ ਬੋਲਿਆ, "ਤੂੰ ਪਹਿਲਾਂ ਵੀ ਕਿਸੇ ਨਾਲ ਕਦੇ ਇੱਥੇ ਆਈ ਐਂ?"

ਅਮਨ ਦੀ ਠੰਢੀ ਆਵਾਜ਼ ਸੁਣਕੇ ਆਪਣੇ ਹੱਥਾਂ ਵਿੱਚ ਘੁੱਟਿਆ ਉਸਦਾ ਹੱਥ ਮੈਥੋਂ ਆਪਣੇ ਆਪ ਹੀ ਛੱਡਿਆ ਗਿਆ।

---

**ਪੰਨਾ ਨੰ. 135 ਦਾ ਬਾਕੀ**

ਮਨੋਵਿਗਿਆਨਕ ਤੌਰ 'ਤੇ ਵੀ ਮਨੁੱਖ ਦੇ ਖੁੱਲ੍ਹੇ ਡੁੱਲ੍ਹੇ ਸੁਭਾਅ ਕਾਰਨ ਉਸਦੀ ਆਪਣੀ ਇਮੇਜ ਹੋਰ ਬਿਹਤਰ ਹੁੰਦੀ ਹੈ ਅਤੇ ਆਪਣੇ ਆਪ ਨੂੰ ਜਾਣਨ ਸਮਝਣ ਦੀਆਂ ਸੰਭਾਵਨਾਵਾਂ ਦਾ ਵਿਕਾਸ ਹੁੰਦਾ ਹੈ।

ਅੱਜ ਦੇ ਕਾਰਪੋਰਟ ਯੁੱਗ ਵਿੱਚ ਜਦੋਂ ਮੀਡੀਆ ਬੰਦੇ ਨੂੰ ਆਪਣੀਆਂ ਲੋੜਾਂ ਅਨੁਸਾਰ ਘੜ ਤਰਾਸ਼ ਰਿਹਾ ਹੈ। ਜਦੋਂ ਪੂੰਜੀ ਕੇਂਦਰਿਤ ਵਿਕਾਸ ਮਾਡਲ ਵਿੱਚ ਮਨੁੱਖ ਨੂੰ ਮਸਨੂਈ ਕਿਸਮ ਦੇ ਯਥਾਰਥ ਵਿੱਚੋਂ ਲੰਘਾ ਕੇ ਮੰਡੀ ਦੀਆਂ ਲੋੜਾਂ ਅਨੁਸਾਰ ਪੁਰਜ਼ਾ ਪੁਰਜ਼ਾ ਫਿੱਟ ਕੀਤਾ ਜਾ ਰਿਹਾ ਹੈ। ਜਦੋਂ ਇਸ਼ਤਿਹਾਰਬਾਜ਼ੀ ਦੀ ਚਕਾਚੌਂਧ ਵਿੱਚ ਬੰਦੇ ਦੀ ਦੇਹ ਨੂੰ ਪਹਿਲਾਂ ਵਿਕ੍ਰਿਤ ਰੂਪ ਵਿੱਚ ਪੇਸ਼ ਕਰਕੇ ਫਿਰ ਉਸਦਾ ਵੇਗ ਭਰਪੂਰ ਤੇ ਜੋਸ਼ੀਲਾ ਬਦਲ ਖੜ੍ਹਾ ਕੀਤਾ ਜਾ ਰਿਹਾ ਹੈ ਅਤੇ ਖਾਸ ਪ੍ਰੋਡਕਟ ਖਰੀਦਣ ਦੀ ਉਤੇਜਨਾ ਪੈਦਾ ਕਰਨ ਦੇ ਹਰ ਹੀਲੇ ਹਰਬੇ ਵਰਤੇ ਜਾ ਰਹੇ ਹਨ ਤਾਂ ਇਸ ਦੌਰ ਵਿੱਚ ਨੇਚੁਰਿਸਟ ਜੀਵਨ ਸ਼ੈਲੀ ਬੰਦੇ ਨੂੰ ਕੁਦਰਤੀ ਰਹਿਤਲ ਨਾਲ ਜੁੜੇ ਰਹਿਣ ਵੱਜੋਂ ਆਪਣੀ ਸਾਰਥਿਕਤਾ ਦਰਜ ਕਰਦੀ ਹੈ। ਅਟਵਾਲ ਦੀ ਇਹ ਕਹਾਣੀ ਪਾਠਕਾਂ ਦੀ ਸਰਗਰਮ ਅਨੁਕਿਰਿਆ ਵਾਲੀ ਹੈ। ਇਸ ਟੈਕਸਟ ਵਿੱਚ ਪਾਠਕਾਂ ਨੂੰ ਨੇਚੁਰਿਸਟ ਹੋਣ ਜਾਂ ਨਾਂ ਹੋਣ ਬਾਰੇ ਕਿਸੇ ਤਰ੍ਹਾਂ ਦੇ ਉਪਦੇਸ਼ਕੀ ਪ੍ਰਵਚਨ ਤੋਂ ਲਾਂਭੇ ਰੱਖਿਆ ਗਿਆ ਹੈ। ਚੰਗੀ ਰਚਨਾ ਹਮੇਸ਼ਾਂ ਪਾਤਰਾਂ ਅੱਗੇ ਸੰਵਾਦ ਦਾ ਨੁਕਤਾ ਸੁੱਟਦੀ ਹੈ ਅਤੇ ਇਸ ਪ੍ਰਸੰਗ ਵਿੱਚ ਇਹ ਕਹਾਣੀ ਸਾਰਥਿਕ ਡਾਇਲਾਗ ਦੀ ਮੰਗ ਕਰਦੀ ਹੈ।

**ਹਵਾਲੇ ਅਤੇ ਟਿੱਪਣੀਆਂ -**

1. ਹਰਜੀਤ ਅਟਵਾਲ, ਮਸਤ, ਸ਼ਬਦ , ਜੁਲਾਈ-ਸਤੰਬਰ, 2020, ਪੰਨਾ 29
2. ਉਹੀ, ਪੰਨਾ 27.
3. ਉਹੀ, ਪੰਨਾ 27-28
4. ਉਹੀ, ਪੰਨਾ 30

ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ
ਮਾਹਿਲਪੁਰ (ਹੁਸ਼ਿਆਰਪੁਰ) 94175 86028

# ਛਣ-ਛਣ/ਭਗਵੰਤ ਰਸੂਲਪੁਰੀ

14 ਅਗਸਤ, 2020
ਡਿਫੈਂਸ ਕਲੋਨੀ

ਪਿਆਰੇ ਸੰਤੋਖ ਉਰਫ਼ ਤੋਖੀ

ਯਾਰ ਤੋਖੀ ! ਓਸ ਦਿਨ ਤੇਰਾ ਖ਼ਤ ਆਇਆ ਸੀ। ਅੱਜ ਉਹਨੂੰ ਵੀ ਚਾਰ ਦਿਨ ਹੋ ਗਏ ਹੋਣੇ ਨੇ। ਓਸ ਦਿਨ ਮੇਰੇ ਮਨ ਨੂੰ ਪਤਾ ਨ੍ਹੀਂ ਕਿਹੜੀ ਨੇਰ੍ਹੀ ਜਿਹੀ ਚੜ੍ਹੀ ਹੋਈ ਸੀ। ਜਦੋਂ ਮੈਂ ਕੁਸ਼ੱਲਿਆ ਬੁੜ੍ਹੀ ਦਾ ਹੱਥ ਤੇ ਬਾਂਹ ਵੇਖੀ ਸੀ। ਜਦੋਂ ਉਹ ਮੇਰੇ ਲਈ ਥਾਲੀ ’ਚ ਰੋਟੀ ਲੈ ਕੇ ਆਈ ਸੀ। ਮੇਰੇ ਅੱਗੇ ਇਕ ਦਮ ਲਹੂ ਨਾਲ ਲੱਥਪੱਥ ਬਾਂਹ ਆ ਗਈ ਸੀ, ਜਿਹੜੀ ਬਾਂਹ ਸੜ ਰਹੀ ਗੱਡੀ ਦੇ ਕੋਲ ਪਈ ਸੀ। ਦੂਰ ਇਕ ਧੜ ਪਿਆ ਸੀ। ਜੋ ਮੈਂ ਵਾਰ-ਵਾਰ ਫੇਸ ਬੁੱਕ ਖੋਲ੍ਹ ਕੇ ਵੇਖੀ ਜਾਂਦਾ ਸੀ। ਇਹ ਫੋਟੋ ਲੀਜ਼ਾ ਨੇ ਭੇਜੀ ਸੀ। ਨਾਲ ਲਿਖਿਆ ਸੀ, ਹਨੀ ! ਸਾਡੇ ਰੱਕਾ ਸ਼ਹਿਰ ’ਤੇ ਮਿਲਟਰੀ ਦਾ ਅਟੈਕ ਹੋ ਗਿਆ ਏ। ਮੈਨੂੰ ਪਤਾ ਨ੍ਹੀਂ ਕਿਓਂ ਲੱਗੀ ਜਾਂਦਾ ਸੀ ਮਤੇ ਇਹ ਬਾਂਹ ਲੀਜ਼ਾ ਦੀ ਈ ਏ। ਪਿਛਲੇ ਚਾਰ ਦਿਨਾਂ ਤੋਂ ਮੈਂ ਉਹੀ ਫੋਟੋ ਵੇਖੀ ਜਾ ਰਿਹਾ ਸੀ। ਉਹਦੀ ਆਖਰੀ ਛਣ-ਛਣ... ਆਖਰੀ ਮੈਸੇਜ ਤੇ ਫੋਟੋ ਸੀ। ਦਿਮਾਗ਼ ਪੂਰੀ ਤਰ੍ਹਾਂ ਸੁੰਨ ਹੋ ਗਿਆ ਸੀ। ਗੱਲ ਕਿਸ ਨਾਲ ਸਾਂਝੀ ਕਰਨੀ ਸੀ? ਕੋਈ ਹੈ ਈਂ ਨਹੀਂ ਸੀ ਆਸ-ਪਾਸ। ’ਕੱਲਾ ਬੈਠਾ ਮੈਂ ਕੰਧਾਂ ਨਾਲ ਗੱਲਾਂ ਕਰਦਾ ਪਿਆ ਸਾਂ... ਸਾਹਮਣੇ ਕੀਲੀ ’ਤੇ ਟੰਗੀ ਫ਼ੌਜੀ ਵਰਦੀ ਵੱਲ ਘੂਰ-ਘੂਰ ਵੇਖੀ ਜਾ ਰਿਹਾ ਸਾਂ, ਜਿਹੜੀ ਮੇਰੀ ਦੇਹ ਨਾਲ ਜੋਕ ਵਾਂਗ ਚੁੰਬੜੀ ਹੋਈ ਸੀ। ਮੈਂ ਆਪਣੀ ਫ਼ੌਜੀ ਵਰਦੀ ਨਾਲ ਵੀ ਗੱਲਾਂ ਕਰ ਲੈਂਦਾ ਸਾਂ ਜਾਂ ਆਪਣੇ ਆਪ ਨਾਲ... ਤੇ ਜਦੋਂ ਕੁਸ਼ੱਲਿਆ ਰੋਟੀ ਲੈ ਕੇ ਆਈ ਤਾਂ ਆਪਣੀ ਫ਼ੌਜੀ ਵਰਦੀ ਨਾਲ ਮੈਂ ਗੱਲਾਂ ਕਰ ਰਿਹਾ ਸਾਂ। ਮੈਨੂੰ ਲੱਗਾ ਜਿਵੇਂ ਰੋਟੀ ਫੜਾਉਂਦੀ ਬੁੜ੍ਹੀ ਦੀ ਬਾਂਹ ਨਹੀਂ ਬਲਕਿ .. ਏਹ ਕਿਸੇ ਬੰਬ ਧਮਾਕੇ ਨਾਲ ਖੱਖੜੀਆਂ ਹੋਈ ਲੀਜ਼ਾ ਦੀ ਲਹੂ ਨਾਲ ਲੱਥ-ਪੱਥ ਬਾਂਹ ਮੇਰੇ ਨੇੜੇ ਆ ਕੇ ਡਿੱਗ ਰਹੀ ਹੋਵੇ, ਮੈਂ ਤ੍ਰਬਕ ਕੇ ਬਾਂਹ ਵੱਲ ਹੱਥ ਮਾਰਿਆ ਸੀ। ਤੇ ਥਾਲੀ ਭੁੜਕ ਕੇ ਫ਼ਰਸ਼ ’ਤੇ ਡਿੱਗ ਪਈ ਸੀ। ਰੋਟੀਆਂ ਖਿੱਲਰ ਗਈਆਂ ਸਨ, ਦਾਲ ਡੁੱਲ੍ਹ ਗਈ ਸੀ।

“ਹੈ...ਹਾ... ਫ਼ੌਜੀਆ ਤੇਰਾ ਕੱਖ ਨਾ ਰਹੇ, ਖ਼ਬਰੇ ਕਾਹਤੋਂ ਸੜਿਆ ਭੁੱਜਿਆ ਪਿਐ... ਮਰ ਕਿਤੇ ਜਾ ਕੇ !”

ਯਾਰ ਤੋਖੀ ! ਸੱਚ ਜਾਣੀ ਮੈਂ ਬੁੜ੍ਹੀ ਦੇ ਬੋਲ ਸੁਣ ਕੇ ਸੁਰਤ ’ਚ ਆਇਆ ਸੀ। ਮੇਰੀਆਂ ਅੱਖਾਂ ਅੱਗੇ ਤਾਂ ਲੀਜ਼ਾ ਘੁੰਮ ਰਹੀ ਸੀ। ਮੈਂ ਮਸਾਂ ਹੀ ਬੋਲਿਆ ਸੀ,

“ਹੈਂ...ਅ...ਅ ! !” ਮੇਰੇ ਕੰਨਾਂ ਵਿਚ ਛਣ-ਛਣ ਦੀ ਆਵਾਜ਼ ਇਕ ਦਮ ਰੁਕ ਗਈ ਸੀ।

ਹੋਰ ਕੁਝ ਮੈਥੋਂ ਬੋਲਿਆ ਹੀ ਨਹੀਂ ਗਿਆ ਸੀ। ਮੈਂ ਕੱਛਾਂ ’ਚ ਹੱਥ ਦੇ ਕੇ ਬੈੱਡ ’ਤੇ ਚੌਂਕੜੀ ਮਾਰ ਕੇ ਬੈਠ ਗਿਆ ਸੀ।

ਬੁੜ੍ਹੀ ਚੀਕ-ਚਿਹਾੜਾ ਪਾਉਣ ਲੱਗ ਪਈ ਸੀ। ਐਨੇ ਨੂੰ ਮੁੰਡਾ ਵੀ ਆ ਧਮਕਿਆ ਸੀ। ਮਗਰੇ ਨੂੰਹ ਆ ਗਈ ਸੀ।

“ਅੰਮਾ ਹੌਸਲਾ ਰੱਖ ! ! ਬਾਪੂ ਦਾ ਬੀ-ਪੀ ਵਧ ਗਿਆ ਲੱਗਦੈ। ਤੂੰ ਬਾਹਰ ਜਾਹ, ਮੈਂ ਬਾਪੂ ਨੂੰ ਵੇਖਦਾ ਹਾਂ।”

ਮੈਂ ਮੁੰਡੇ ਨੂੰ ਘੂਰਿਆ ਸੀ, “ਮੁੰਡਿਆ ਮੈਨੂੰ ਰੋਟੀ ਤੂੰ ਦੇ ਕੇ ਜਾਇਆ ਕਰ। ਤੇਰੀ ਮਾਂ ਹੁਣ ਬੁੜ੍ਹੀ



ਹੋ ਗਈ ਏ। ਮਸਾਂ ਈ ਤੁਰਦੀ ਏ। ਏਹਦੇ ਹੁਣ ਹੱਥ ਕੰਬਦੇ ਰਹਿੰਦੇ ਨੇ। ਵੇਖ ਲੈ ਕੀ ਚੰਦ ਚਾੜ੍ਹਿਆ ਏ?”

ਮੇਰੀ ਚੌਂਕੜੀ ਨਹੀਂ ਸੀ ਖੁੱਲ੍ਹੀ। ਕੱਛਾਂ ’ਚ ਹੱਥ ਦਿੱਤਿਆਂ ਹੀ ਮੈਂ ਬੈੱਡ ’ਤੇ ਜੰਮਿਆ ਬੈਠਾ ਸੀ। ਤੇਰੇ ਆਏ ਖ਼ਤ ਨੂੰ ਮੈਂ ਘੂਰ ਘੂਰ ਕੇ ਵੇਖੀ ਜਾਂਦਾ ਸੀ। ਮੇਰਾ ਹੌਸਲਾ ਨਹੀਂ ਸੀ ਪੈਂਦਾ ਤੇਰਾ ਖ਼ਤ ਖੋਲ੍ਹਣ ਨੂੰ। ਪਹਿਲਾਂ ਤਾਂ ਤੇਰੀ ਭਰਜਾਈ ਕੁਸ਼ੱਲਿਆ ਈ ਡਾਕੀਏ ਤੋਂ ਫੜ ਕੇ ਚਿੱਠੀਆਂ ਲਿਆਂਦੀ ਹੁੰਦੀ ਸੀ। ਪਰ ਉਸ ਦਿਨ ਉਹ ਪੱਥਰ ਬਣ ਗਈ ਸੀ। ਮੈਂ ਰਿਸ਼ੀ ਬਣ ਗਿਆ ਸੀ। ਪਤਾ ਨਹੀਂ ਗੋਡੇ ਜਵਾਬ ਦੇ ਗਏ ਸਨ ਜਾਂ ਉਹ ਬਦਨੀਤੀ ਹੋ ਗਈ ਸੀ। ਅੱਜ ਕੱਲ੍ਹ ਉਹ ਖੂੰਡੀ ਨਾਲ ਤੁਰਦੀ ਏ। ਪਰ ਝਈਆਂ ਲੈ ਕੇ ਅਜੇ ਵੀ ਓਸੇ ਤਰ੍ਹਾਂ ਪੈਂਦੀ ਏ। ਚੱਲ ਛੱਡ ਬੁੱਢੀ ਦੀਆਂ ਗੱਲਾਂ, ਆਪਾਂ ਜਵਾਨ-ਜਵਾਨ ਗੱਲਾਂ ਕਰਦੇ ਆ। ਤੂੰ ਸਮਝ ਮੈਂ ਚਿੱਠੀ ਨਹੀਂ ਲਿਖ ਰਿਹਾਂ ਮੈਂ ਤਾਂ ਯਾਰ ਤੋਖੀ ! ਤੇਰੇ ਨਾਲ ਗੱਲਾਂ ਕਰ ਰਿਹਾ ਹਾਂ।

ਤੂੰ ਲਿਖਿਆ ਬਈ ਮੇਰੀ ਹੁਣ ਸ਼ੂਗਰ ਵਧ ਜਾਂਦੀ ਏ। ਮੈਨੂੰ ਐਂ ਦੱਸ ਬਈ ਏਹ ਸਹੁਰੀ ਦੀ ਸ਼ੂਗਰ ਪਹਿਲਾਂ ਕਿਹੜੀ ਠੀਕ ਸੀਗੀ। ਤੂੰ ਪਰਵਾਹ ਕਿਹੜਾ ਕਰਦਾ ਸੀਗਾ। ਮੇਰੇ ਕੋਲ ਆ ਕੇ ਈ ਤਿੰਨ-ਚਾਰ ਲੱਡੂ ਖਾ ਜਾਂਦਾ ਸੀ। ਓਧਰ ਸ਼ੂਗਰ ਵਧੀ ਹੋਣੀ ਤੇ ਏਧਰ ਤੋਖੀ ਬਾਦਸ਼ਾਹ ਕੰਟੀਨ ਦੀ ਰੰਮ ਪੀ ਰਿਹਾ ਹੁੰਦਾ ਸੀ। ਸ਼ੂਗਰ ਨੂੰ ਤਾਂ ਤੂੰ ਸ਼ੁਰੂ ਤੋਂ ਈ ਟਿੱਚ ਜਾਣਦਾ ਸੀ। ਹੁਣ ਤੂੰ ਕਹਿੰਦਾਂ ਬਈ ਮੈਂ ਤਾਂ ਮੁੰਬਈ ਆ ਕੇ ਇਕ ਡੱਬੇ ਜਿਹੇ ’ਚ ਬੰਦ ਹੋ ਕੇ ਰਹਿ ਗਿਆ ਆਂ। ਚਿੱਠੀ ’ਚ ਤੂੰ ਸੱਚ ਮੁੱਚ ਈ ’ਕੱਲਾ ਤੇ ਝੱਲਾ ਲੱਗਦਾ ਏ। ਸੱਚਮੁੱਚ ਈ ਸਾਡੀ ਭਰਜਾਈ ਤੈਨੂੰ ’ਕੱਲੇ ਨੂੰ ਛੱਡ ਕੇ ਤੁਰ ਗਈ ਏ। ਦਸ ਸਾਲ ਤੇਰੇ ਨਾਲ ਹੋਰ ਕੱਢ ਲੈਂਦੀ, ਤਾਂ ਕੀ ਲੋਹੜਾ ਆ ਜਾਣਾ ਸੀ। ਬੰਦਾ ਆਪਣੀ ਤੀਵੀਂ ਨਾਲ ਕੁਝ ਪਲ ਜੁੜ ਕੇ ਤਾਂ ਬੈਠ ਜਾਂਦਾ ਏ। ਏਹ ਵੀ ਯਾਰ ਤੋਖ਼ੀ ! ਮਨ ਨੂੰ ਧਰਵਾਸ ਦੇਣ ਵਾਲੀ ਗੱਲ ਏ। ਉਹ ਤਾਂ ਜਵਾਨੀ ਵੇਲੇ ਈ ਨੱਕ ’ਚੋਂ ਐਡੇ-ਐਡੇ ਠੂੰਹੇਂ ਸੁੱਟਦੀ ਹੁੰਦੀ ਸੀਗੀ। ਹੁਣ ਜੇ ਹੁੰਦੀ ਤਾਂ ਕਿਹੜੀ ਘੱਟ ਗੁਜ਼ਾਰਨੀ ਸੀਗੀ। ਤੂੰ ਮੇਰੇ ਆਲੀ ਬੁੜ੍ਹੀ ਈ ਵੇਖ ਲੈ ਬਊਂ-ਬਊਂ ਕਰਕੇ ਪੈਂਦੀ ਐ। ਸੜੀ ਹੋਈ ਬੂਥੀ ’ਤੇ ਚੌਵੀਂ ਘੰਟੇ ਪਿਲੱਤਣ ਛਾਈ ਰਹਿੰਦੀ ਏ। ਵਾਲ਼ਾ ਨੂੰ ਮਹਿੰਦੀ ਲਾ ਲੈਂਦੀ ਐ। ਜੈਂਪਰ ਪਾ ਲੈਂਦੀ ਪੱਚੀ ਸਾਲ ਪੁਰਾਣਾ ਤੇ ਸਲਵਾਰ ਵੀ ਉਹੀ। ਜਦੋਂ ਮੈਨੂੰ ਰੋਟੀ ਦੇਣ ਆਉਂਦੀ ਏ ਤੇ ਐਂ ਲੱਗਦਾ ਜੀਕਣ ਭੂਤਨੀ ਆ ਗਈ ਹੋਵੇ। ਮੱਥੇ ’ਤੇ ਤਿਓੜੀਆਂ ਹੁਣ ਤਾਂ ਹੋਰ ਵੀ ਗੂੜ੍ਹੀਆਂ ਹੋ ਗਈਆਂ ਨੇ। ਠੋਡੀ ’ਤੇ ਦਸ ਪੰਦਰਾਂ ਵਾਲ਼ ਉੱਗ ਆਏ ਨੇ। ਲੈ ਤੋਖੀ ਤੇਰੇ ਤੋਂ ਕੀ ਪਰਦਾ... ਏਸ ਬੁੜ੍ਹੀ ਨੂੰ ਕੱਪੜੇ ਪਾਉਣ ਦਾ ਸ਼ੁਰੂ ਤੋਂ ਚੱਜ ਨ੍ਹੀਂ ਆਇਆ। ਮੈਂ ਜਦੋਂ ਛੁੱਟੀ ਆਉਣਾ ਤਾਂ ਸਲਵਾਰ ਹੋਰ ਪਾਈ ਹੁੰਦੀ ਤੇ ਜੈਂਪਰ ਹੋਰ। ਮੈਂ ਸੜ ਕੇ ਕੋਲੇ ਹੋ ਜਾਣਾ। ਹੁਣ ਵੀ ਜਦੋਂ ਬੋਲੂ ਕੌੜੇ ਬੋਲ ਬੋਲੂ... ਇਕ ਕਰੇਲਾ ਉਤੋਂ ਨਿੰਮ ਚੜ੍ਹਿਆ। ਲੈ ਤੂੰ ਕਹਿਣਾ ਇਹ ਸੋਹਣ ਸਨਕੀ ਵੀ ਕਿਹੜੀਆਂ ਗੱਲਾਂ ਲੈ ਕੇ ਬੈਠ ਗਿਆ। ਲੈ ਆਪਾਂ ਹੁਣ ਜਵਾਨਾਂ ਵਾਲੀਆਂ ਗੱਲਾਂ ਕਰਦੇ ਆ।

ਯਾਰ ਤੋਖੀ ! ਜਦੋਂ ਤੂੰ ਏਥੇ ਹੁੰਦਾ ਸੀ। ਬੜੀਆਂ ਮੌਜਾਂ ਸੀ ਤੂੰ ਸਾਈਕਲ ਚੁੱਕਣਾ ਤੇ ਮੇਰੀ ਮਿਆਨੀ ’ਚ ਆ ਵੜਨਾ। ਹੁਣ ਤਾਂ ਉਹ ਵੀ ਨਹੀਂ ਰਹੀ। ਕਦੇ ਮੈਂ ਹੀਰੋ ਪੁੱਕ ਚੁੱਕ ਕੇ ਤੇਰੇ ਕਮਰੇ ’ਚ ਜਾ ਵੜਨਾ। ਤਿੰਨ-ਤਿੰਨ ਘੰਟੇ ਬੈਠੇ ਰਹਿਣਾ। ਜਦੋਂ ਤੇਰਾ ਮੁੰਡਾ ਮੁੰਬਈ ਕਿਸੇ ਕੰਪਨੀ ’ਚ ਕੰਪਿਊਟਰ ਇੰਜੀਨੀਅਰ ਲੱਗਾ ਤਾਂ ਆਪਣੇ ਟੱਬਰ ਨੂੰ ਵੀ ਨਾਲ ਲੈ ਗਿਆ। ਪਿੱਛੇ ਰਹਿ ਗਏ ਤੁਸੀਂ ਬੁੜ੍ਹਾ-ਬੁੜ੍ਹੀ ! ਬੁੜ੍ਹੀ ਮੁੰਡੇ ਤੇ ਪੋਤੇ-ਪੋਤੀਆਂ ਦਾ ਹੇਰਵਾ ਕਰ ਗਈ ਤੇ ਮਗਰੇ ਹੀ ਤੁਰ ਗਈ। ਤੂੰ ’ਕੱਲੇ ਨੇ ਐਡੇ ਘਰ ’ਚ ਕੀ ਕਰਨਾ ਸੀ। ਇਕ ਗੱਲੋਂ ਤਾਂ ਤੇਰੇ ਮੁੰਡੇ ਨੇ ਚੰਗਾ ਕੀਤਾ, ਜਿਹੜਾ ਤੈਨੂੰ

ਵੀ ਮਹਾਂ ਨਗਰਾਂ ਦੇ ਫਲੈਟਾਂ ’ਚ ਲੈ ਗਿਆ। ’ਕੱਲਾ ਬੰਦਾ ਬਿਮਾਰ-ਠਮਾਰ ਹੋ ਜਾਵੇ ਤਾਂ ਨਿ.ਗਾ ’ਚ ਰਹਿੰਦਾ। ਕੋਈ ਡਰ ਨ੍ਹੀਂ। ਜਦੋਂ ਤੂੰ ਏਥੋਂ ਗਿਆ ਤਾਂ ਤੋਖੀ ਮੈਨੂੰ ਲੱਗਾ ਬਈ ਮੇਰਾ ਜਿਵੇਂ ਕੋਈ ਅੰਗ ਟੁੱਟ ਕੇ ਡਿੱਗ ਪਿਆ ਹੋਵੇ। ਮੈਂ ਗੁੰਮ-ਸੁੰਮ ਜਿਹਾ ਰਹਿਣ ਲੱਗ ਪਿਆ ਸਾਂ। ਜਿਹੜੀ ਹੀਰੋ ਪੁੱਕ ਸੀ ਉਹ ਤਾਂ ਇਕ ਦਮ ਖੜ ਗਈ ਸੀ। ਮੁੰਡੇ ਨੇ ਚੁੱਕ ਕੇ ਕਿਸੇ ਲੋੜਵੰਦ ਨੂੰ ਮੁ.ਫਤ ’ਚ ਚੁਕਾ ’ਤੀ। ਅਖੇ, ‘ਬਾਪੂ ਜੀ ਹੁਣ ਨਾ ਹੀਰੋ ਪੁੱਕ ਚਲਾਇਆ ਕਰੋ। ਐਵੇਂ ਕਿਤੇ ਚੱਕਰ ਆ ਕੇ ਡਿੱਗ ਪਵੋਗੇ।’ ਫੇ ਤਾਂ ਮੇਰਾ ਬਾਹਰ ਅੰਦਰ ਜਾਣ ਦਾ ਵਰਕਾ ਹੀ ਪਾਟ ਗਿਆ। ਬਸ ਆਪਣੇ ਕਮਰੇ ਜੋਗਾ ਰਹਿ ਗਿਆ।

ਤੂੰ ਜਦ ਪਤਝੜ ਦੀ ਰੁੱਤੇ ਆਪਣੀ ਰਿਸ਼ਤੇਦਾਰੀ ’ਚ ਹੋਏ ਮਰਗ ’ਤੇ ਅ.ਫਸੋਸ ਕਰਨ ਆਇਆ ਤਾਂ ਮੇਰੇ ਕੋਲ ਵੀ ਆਇਆ ਸੀ। ਤੈਨੂੰ ਚੇਤੇ ਈ ਹੋਣਾ। ਮੈਂ ਜਦ ਤੈਨੂੰ ਛੇੜਿਆ ਸੀ ਬਈ ਤੋਖੀ ! ਤੂੰ ਹੁਣ ਡੱਬੇ ’ਚ ਬੰਦ ਹੋ ਕੇ ਰਹਿ ਗਿਆ। ਤੇਰਾ ਉੱਥੇ ਦਮ ਨ੍ਹੀਂ ਘੁੱਟਦਾ? ਪਰ ਤੇਰੀਆਂ ਅੱਖਾਂ ’ਚ ਚਮਕ ਸੀ। ਤੇਰੀਆਂ ਝੁਰੜੀਆਂ ਵਾਲੇ ਚਿਹਰੇ ’ਤੇ ਖਚਰਾ ਜਿਹਾ ਹਾਸਾ ਸੀ। ਮੇਰੇ ਸਨਕੀ ਮਨ ’ਚ ਇਕ ਦਮ ਕਈ ਸਵਾਲ ਆ ਗਏ ਸਨ। ਤੂੰ ਕਹਿਣ ਲੱਗਾ, ‘‘ਸੋਹਣ ! ! ਮੇਰੇ ਲਈ ਉਹ ਡੱਬਾ ਤਾਂ ਹੁਣ ਵੱਡਾ ਸਾਰਾ ਮਹੱਲ ਬਣ ਗਿਆ ਏ। ਜਦੋਂ ਮੁੰਡੇ ਨੇ ਮੇਰੇ ਜਨਮ ਦਿਨ ’ਤੇ ਮੈਨੂੰ ਵੱਡਾ ਸਾਰਾ ਮੁਬਾਇਲ ਲੈ ਦਿੱਤਾ। ਮੈਂ ਕਿਹਾ ਮੁੰਡਿਆ ! ਮੈਂ ਐਡਾ ਵੱਡਾ ਮੁਬਾਇਲ ਕੀ ਕਰਨਾ, ਤੂੰ ਮੈਨੂੰ ਰੇਡੀਓ ਈ ਲੈ ਦਿੰਦਾ, ਉਸ ’ਚ ਮੈਂ ਖ਼ਬਰਾਂ ਵਗੈਰਾ ਸੁਣ ਲਿਆ ਕਰਦਾ। ਮੁੰਡਾ ਕਹੇ ਭਾਪਾ ਜੀ ਏਸ ’ਚ ਸਾਰਾ ਕੁਝ ਈ ਏ। ਖ਼ਬਰਾ ਵੀ ਨੇ, ਡਰਾਮੇ ਵੀ ਨੇ ਤੇ ਦੋਸਤ ਬਣਾਉਣ ਦੇ ਢੰਗ ਵੀ ਨੇ। ਫੇਰ ਉਹਨੇ ਏਧਰ-ਓਧਰ ਦੇ ਰਿਸ਼ਤੇਦਾਰਾਂ ਦੇ ਨਾਂ ਨੰਬਰ ਪਾ ਦਿੱਤੇ। ਮੇਰਾ ਵਟਸ ਐਪ ਚਲਾ ਦਿੱਤਾ। ਫੇ ਉਹਨੇ ਮੇਰੀ ਫੇਸ ਬੁੱਕ ’ਤੇ ਆਈ ਡੀ ਬਣਾ ਦਿੱਤੀ। ਫੋਟੋ ਮੇਰੀ ਜਵਾਨੀ ਵੇਲੇ ਦੀ ਲਾ ਦਿੱਤੀ। ਮੈਨੂੰ ਕਹਿੰਦਾ ਲਓ ਭਾਪਾ ਜੀ ਫੇਸ ਬੁੱਕ ’ਚ ਤੁਹਾਡਾ ਖਾਤਾ ਖੁੱਲ੍ਹ ਗਿਆ ਏ। ਏਹਦੇ ’ਚ ਲੱਭ-ਲੱਭ ਕੇ ਜਿੰਨੇ ਮਰਜੀ ਦੋਸਤ ਬਣਾਈ ਜਾਵੋ। ਆਪਣੀਆਂ ਗੱਲਾਂ ਫੇਸ ਬੁੱਕ ’ਤੇ ਲਿਖੋ। ਆਪਣੀਆਂ ਫੋਟੋ ਅਪਲੋਡ ਕਰੋ। ਜੋ ਮਰਜ਼ੀ ਪਾਓ। ਪਲਾਂ ’ਚ ਤੁਹਾਡੀ ਗੱਲ ਸਾਰੇ ਸੰਸਾਰ ’ਚ ਪਹੁੰਚ ਜਾਊ। ਇਹਦੇ ਨਾਲ ਤੁਹਾਡਾ ਜੀਅ ਲੱਗਿਆ ਰਹੂ। ਲਓ ਜੀ ਮੁੰਡੇ ਨੇ ਡਿਫੈਂਸ ਕਲੋਨੀ ਦਾ ਇਕ ਦੀਵਾਰ ਬੰਦ ਕਰਕੇ ਮੇਰੇ ਲਈ ਅਨੇਕਾਂ ਦਵਾਰ ਖੋਲ੍ਹ ਦਿੱਤੇ। ਹੌਲੀ-ਹੌਲੀ ਮੁਬਾਇਲ ’ਤੇ ਹੱਥ ਚਲਾਉਣ ਲੱਗ ਪਿਆ। ਜਦੋਂ ਫੇਸ ਬੁੱਕ ’ਤੇ ਮੇਰੇ ਹੱਥ ਖੁੱਲ੍ਹਣ ਲੱਗੇ ਤਾਂ ਦਿਨਾਂ ਵਿਚ ਹੀ ਮੈਂ ਕਈ ਦੋਸਤ ਬਣਾ ਲਏ। ਬੇ-ਪਛਾਣ, ਅਣਜਾਣ ਉਨ੍ਹਾਂ ’ਚ ਜਿਆਦਾ ਅੱਧਖੜ ਔਰਤਾਂ... ਜਵਾਨ ਔਰਤਾਂ। ਇਕ ਦਿਨ ਫੇਸ ਬੁੱਕ ਤੇ ਦੋਸਤ ਲੱਭਦਿਆਂ ਅਚਾਨਕ ਇਕ ਗੋਰੀ ਮੇਮ ਦਾ ਚਿਹਰਾ ਫੇਸ ਬੁੱਕ ’ਤੇ ਚਮਕਿਆ। ਮੇਰੀਆਂ ਅੱਖਾਂ ਫੈਲ਼ ਕੇ ਵੱਡੀਆਂ ਹੋ ਗਈਆਂ। ਅੱਖਾਂ ’ਚ ਜਿਵੇਂ ਚਮਕ ਆ ਗਈ ਹੁੰਦੀ ਏ। ਮੈਂ ਡਰਦੇ ਡਰਦੇ ਨੇ ਫਰੈਂਡ ਰੁਕਵੈਸਟ ਭੇਜ ’ਤੀ। ਤੀਜੇ ਦਿਨ ਉਹਦਾ ਮੈਸੇਜ਼ ਆ ਗਿਆ, ‘‘ਹਾਏ ! !’’ ਮੈਨੂੰ ਲੱਗਾ ਜਿਵੇਂ ਮੇਰਾ ਡੱਬੇ ਵਰਗਾ ਕਮਰਾ ਰੌਸ਼ਨੀ ਨਾਲ ਭਰ ਗਿਆ ਹੋਵੇ। ਮੈਂ ਕਿੰਨਾ ਚਿਰ ‘ਹਾਏ ! !’ ਹੀ ਪੜ੍ਹਦਾ ਰਿਹਾ ਤੇ ਉਹਦੇ ਚਿਹਰੇ ਨੂੰ ਵੇਖਦਾ ਰਿਹਾ। ਏਸੇ ਸਮੇਂ ’ਚ ਮੈਂ ਏਧਰ-ਉਧਰ ਫੇਸ ਬੁੱਕ ਤੇ ਕਈ ਹੋਰ ਦੋਸਤ ਬਣਾ ਲਏ, ਜਿਨ੍ਹਾਂ ’ਚ ਵਧੇਰੇ ਔਰਤਾਂ ਸਨ। ਮੈਨੂੰ ਉਨ੍ਹਾਂ ਦੀਆਂ ਪ੍ਰੋਫਾਇਲ ਵੇਖਣ ਦਾ ਚਸਕਾ ਪੈ ਗਿਆ। ਮੈਂ ਵਿਹਲਾ ਬੈਠਾ ਉਨ੍ਹਾਂ ਦੀਆਂ ਫੋਟੋਆਂ ਵੇਖਦਾ... ਉਨ੍ਹਾਂ ਦੇ ਨਿੱਜੀ ਵੇਰਵੇ ਪੜ੍ਹਦਾ ਰਹਿੰਦਾ। ਮੇਰਾ ਸੋਹਣਾ ਟੈਮ ਪਾਸ ਹੋਣ ਲੱਗ ਪਿਆ।

... ਖ਼ੈਰ ਤੂੰ ਮੈਨੂੰ ਜਾਂਦਾ-ਜਾਂਦਾ ਕਹਿ ਗਿਆ ... ‘ਓਏ ਸੋਹਣ ! ਸਨਕੀਆ ! ! ਤੂੰ ਵੀ ਮੇਰੇ ਵਰਗਾ ਮੁਬਾਇਲ ਲੈ ਲਾ... ਐਵੇਂ ਸਾਰਾ ਦਿਨ ਭਰਜਾਈ ਦਾ ਮਨਹੂਸ ਚਿਹਰਾ ਵੇਖ-ਵੇਖ ਕੇ ਸੜਦਾ



ਰਹਿੰਦਾ... ਖਿਝਦਾ ਰਹਿੰਦਾ। ਤੇਰਾ ਦਿਲ ਲੱਗਾ ਰਹੂ। ਮੈਂ ਇਕ ਦਮ ਉਛਲਿਆ ਸੀ, ਜਿਵੇਂ ਮੇਰੇ ਚਿੱਤੜਾਂ ’ਤੇ ਲਾਲ ਭੂਰੀ ਕੀੜੀ ਨੇ ਦੰਦੀ ਵੱਢੀ ਹੋਵੇ। ਮੈਂ ਆਪਣੀ ਚਿੱਟੀ ਦਾੜ੍ਹੀ ’ਤੇ ਖੁਰਕ ਕਰਦਿਆਂ ਕਿਹਾ ਸੀ, ‘‘ਹਾਂ ਤੋਖੀ ਯਾਰ ! ! ਤੇਰੀ ਗੱਲ ’ਚ ਤਾਂ ਵਜ਼ਨ ਐ। ਤੂੰ ਤਾਂ ਵਾਕਿਆਈ ਈ ਜੁਗਾੜੀ ਨਿਕਲਿਆ। ਤੂੰ ਕਿਸੇ ਨਾ ਕਿਸੇ ਤਰ੍ਹਾਂ ਮਿਲਟਰੀ ’ਚ ਵੀ ਛੁੱਟੀ ਦਾ ਜੁਗਾੜ ਲਾ ਲੈਂਦਾ ਸੀ। ਜੇ ਭਰਜਾਈ ਕੋਲ ਜਾਣ ਨੂੰ ਦੇਰੀ ਹੋ ਜਾਣੀ ਤਾਂ ਤੂੰ ਉਥੇ ਈ ਕਿਸੇ ਤੀਮੀ ਨਾਲ ਜੁਗਾੜ ਲਾ ਲੈਂਦਾ ਸੀ। ਯਾਰ ਤੋਖੀ ! ਤੈਨੂੰ ਪਤਾ ਈ ਏ ਜਦੋਂ ਕੁਸ਼ੱਲਿਆ ਨਾਲ ਮੇਰਾ ਵਿਆਰ ਹੋਇਆ ਸੀ ਤਾਂ ਮੇਰੀ ਅ.ਫਸਰ ਨੇ ਛੁੱਟੀ ਰੱਦ ਕਰਕੇ ਮੈਨੂੰ ਤੇਰੇ ਨਾਲ ਬਾਰਡਰ ’ਤੇ ਭੇਜ ’ਤਾ ਸੀ। ਮੈਂ ਕਿਵੇਂ ਕੁਸ਼ੱਲਿਆ ਦੇ ਪੈਰਾਂ ’ਚ ਪਾਈਆਂ ਝਾਂਜਰਾ ਤੇ ਵੰਗਾਂ ਦੀ ਛਣ-ਛਣ ਸੁਣਨ ਨੂੰ ਤਰਸ ਗਿਆ ਸੀ। ਤਰਸ ਤਾਂ ਹੁਣ ਵੀ ਮੁਬਾਇਲ ਦੀ ਛਣ-ਛਣ ਸੁਣਨ ਨੂੰ ਗਿਆ ਹਾਂ। ਤੈਨੂੰ ਪਤਾ ਈ ਏ ਤੂੰ ਛਣ-ਛਣ ਸੁਣਨ ਲਈ ਕਈ ਵਾਰ ਨੇੜੇ ਦੇ ਪਿੰਡ ਚਲੇ ਜਾਂਦੇ ਸੀ। ਆਪਣਾ ਜੁਗਾੜ ਪਿੰਡ ਦੇ ਚੌਂਕੀਦਾਰ ਨੇ ਕਰਵਾ ਦਿੱਤਾ ਸੀ। ਅਖੇ ਮਰਦੀ ਨੇ ਅੱਕ ਚੱਬਿਆ... ਓਸ ਵੇਲੇ ਆਪਾਂ ਕਈ ਮਹੀਨੇ ਬਾਰਡਰ ’ਤੇ ਰਹੇ ਸੀ। ਤੇਰਾ ਜੁਗਾੜ ਈ ਕੰਮ ਆਇਆ ਸੀ। ਉਦੋਂ ਜਦੋਂ ਕੁਸ਼ੱਲਿਆ ਦੀ ਚਿੱਠੀ ਆਉਂਦੀ ਤਾਂ ਮੈਂ ਉਹਨੂੰ ਮਿਲਣ ਲਈ ਤਰਲੋ ਮੱਛੀ ਹੁੰਦੀ ਚਿੱਠੀ ਲਿਖਦਾ ਸਾਂ। ਓਧਰ ਕੁਸ਼ੱਲਿਆ ਨਿਹੋਰੇ ਨਾਲ ਕਹਿੰਦੀ ਹੁੰਦੀ ਸੀ, ‘ਮੈਂ ਝਾਂਜਰਾਂ ਲਾਹ ਕੇ ਅੰਗੀਠੀ ’ਤੇ ਰੱਖ ਦਿੱਤੀਆਂ ਨੇ। ਵੰਗਾਂ ਵੀ ਲਾਹ ਦਿੱਤੀਆਂ ਨੇ। ਭਲਾ ਮੈਂ ਕਿਹਨੂੰ ਛਣ-ਛਣ ਸੁਣਾਵਾਂ ਤੇ ਸ਼ੈਨਤਾਂ ਮਾਰਾਂ। ਤੇ ਹੁਣ ਏਹੀ ਕੁਸ਼ੱਲਿਆ ਉਖੜੀ ਕੁਹਾੜੀ ਵਾਂਗੂੰ ਪੈਂਦੀ ਏ।

ਲੈ ਤੋਖੀ ਤੇਰੇ ਜਾਣ ਤੋਂ ਬਾਅਦ ਮੈਂ ਵੀ ਕੋਈ ਜੁਗਾੜ ਬਣਾਉਣ ਬਾਰੇ ਸੋਚਣ ਲੱਗਾ। ਮੇਰੇ ਡਮਾਕ ’ਚ ਤੇਰੀਆਂ ਗੱਲਾਂ ਘੁੰਮਣ ਲੱਗ ਪਈਆਂ ਸੀ। ਹੱਥ ’ਚ ਫੜਿਆ ਨਿੱਕੇ ਜਿਹੇ ਚੂਹੇ ਵਰਗਾ ਮੁਬਾਇਲ ਮੈਨੂੰ ਲਿਜ਼-ਲਿਜ਼ਾ ਲੱਗਣ ਲੱਗ ਪਿਆ ਸੀ। ਜਿਹਦੇ ’ਚ ਕੇਵਲ ਤੇਰੀ ਅਵਾਜ਼ ਈ ਸੁਣਦੀ ਸੀ। ਇਕ ਦਿਨ ਮਾਂ-ਈਂ ਯਾਵੇ ਚੂਹੇ ਜਿਹੇ ਨੂੰ ਮੈਂ ਪੂਛੋਂ ਫੜ ਕੇ ਜ਼ੋਰ ਦੀ ਫਰਸ਼ ’ਤੇ ਵਗਾਹ ਮਾਰਿਆ। ਲੈ ਵੇਖਦਿਆਂ-ਵੇਖਦਿਆਂ ਚੂਹਾ ਮੇਰੇ ਮੋਹਰੇ ਖੱਖੜੀਆਂ-ਖਰਬੂਜ਼ੇ ਹੋ ਗਿਆ। ਮੈਂ ਮੂੰਹ ਜਿਹਾ ਬਣਾ ਕੇ ਸਿੰਗਲ ਬੈੱਡ ’ਤੇ ਗੋਡਿਆ ’ਚ ਸਿਰ ਦੇ ਕੇ ਬੈਠ ਗਿਆ। ਕੁਸ਼ੱਲਿਆ ਹੌਲੀ-ਹੌਲੀ ਤੁਰਦੀ ਹੋਈ ਮੇਰੇ ਲਈ ਰੋਟੀ ਲੈ ਕੇ ਆ ਗਈ। ਜਦੋਂ ਉਹਨੇ ਫ਼ਰਸ਼ ’ਤੇ ਖਿੱਲਰਿਆ ਚੂਹਾ ਵੇਖਿਆ ਤਾਂ ਸੜੇ ਹੋਏ ਬਤਾਊਂ ਵਰਗਾ ਮੂੰਹ ਬਣਾ ਲਿਆ। ਲੋਹੀ ਲਾਖੀ ਹੋ ਕੇ ਮੈਨੂੰ ਕਹਿਣ ਲੱਗੀ, ‘‘ਵੇ ਫ਼ੌਜੀਆ ! ! ਤੇਰੀ ਮੱਤ ਕਿਓਂ ਮਾਰੀ ਗਈ... ਆਹ ਤੂੰ ਕੀ ਕੀਤਾ... ਚੰਗਾ ਭਲਾ ਫ਼ੋਨ ਤੋੜ ’ਤਾ। ਹੁਣ ਮੈਂ ਆਪਣੀਆਂ ਭੈਣਾਂ ਨਾਲ ਕਿਵੇਂ ਗੱਲਾਂ ਕਰਿਆ ਕਰੂੰਗੀ...।’’ ਬੁੜ੍ਹੀ ਤਪੀ ਪਈ ਸੀ। ਮੈਂ ਚੁੱਪ ਕੀਤੇ ਨੇ ਉਹਦੇ ਹੱਥੋਂ ਰੋਟੀ ਵਾਲੀ ਥਾਲ਼ੀ ਫੜ ਲਈ। ਡਰ ਸੀ ਬੁੜ੍ਹੀ ਰੋਟੀ ਵਾਲੀ ਥਾਲ਼ੀ ਗੁੱਸੇ ’ਚ ਥੱਲੇ ਨਾ ਸੁੱਟ ਦੇਵੇ। ਮੈਂ ਲਾਲ ਅੱਖਾਂ ਕੱਢ ਕੇ ਉਹਦੇ ਵੱਲ ਹੋਇਆ, ‘‘ਐਵੇਂ ਤਪੀ ਕਿਓਂ ਜਾਨੀ ਏਂ? ਮੈਂ ਤੇ ਔਹ ਅਲਮਾਰੀ ਦੇ ਉਪਰ ਰੱਖਿਆ ਸੀ। ਆਹ ਸਾਲੀ ਚਿੜੀ ਆਈ, ਪੈਰ ਦੇ ਪੌਂਚੇ ਜਿਹੇ ਨਾਲ ਵਗਾਹ ਕੇ ਮਾਰਿਆ। ਮੇਰੇ ਵੇਖਦੇ ਵੇਖਦੇ ਫ਼ੋਨ ਟੁੱਟ ਗਿਆ। ਮੇਰਾ ਤਾਂ ਵੇਖ ਕੇ ਬੀ-ਪੀ ਵਧ ਗਿਆ। ਮੈਂ ਜੁੱਤੀ ਵੀ ਵਗਾਹ ਕੇ ਮਾਰੀ.. ਪਰ ਚਿੜੀ ਔਹ ਗਈ... ਔਹ ਗਈ, ਜੁੱਤੀ ਨਾਲ ਸਾਲਾ ਸ਼ੀਸ਼ਾ ਵੀ ਟੁੱਟ ਗਿਆ। ’’ ਮੈਂ ਵੀ ਝੱਟ ਦੇਣੀ ਕਹਾਣੀ ਘੜ ਕੇ ਸੁਣਾ ਦਿੱਤੀ ਸੀ, ਜਿਵੇਂ ਆਪਾਂ ਫ਼ੌਜ ’ਚ ਅ.ਫਸਰ ਅੱਗੇ ਝਟ ਕਹਾਣੀ ਘੜ ਕੇ ਸੁਣਾ ਦਿੰਦੇ ਸਾਂ ਜਦੋਂ ਜੁਗਾੜ ਲਾਉਣ ਪਿੰਡ ’ਚ ਜਾਂਦੇ ਸਾਂ।

‘‘ਏਹ ਰੰਡੀਆਂ ਚਿੜੀਆਂ ਵੀ ਤੇਰੇ ਕਮਰੇ ’ਚ ਪਤਾ ਨ੍ਹੀਂ ਕਿਥੋਂ ਆ ਜਾਂਦੀਆਂ ਨੇ। ਜਾਲੀ

ਆਲਾ ਦਰਵਾਜ਼ਾ ਵੀ ਲੱਗਾ ਏ।''

ਮੇਰਾ ਦਿਲ ਹੱਸਿਆ ਬੁਡ਼੍ਹੀ ਵੱਲ ਵੇਖ ਕੇ, ''ਏਧਰੋਂ ਆਉਂਦੀਆਂ... ਏਧਰੋਂ !!'' ਮੈਂ ਡੰਡੇ ਨਾਲ ਇਕ ਆਲੇ ਵੱਲ ਇਸ਼ਾਰਾ ਕਰਕੇ ਕਿਹਾ ਸੀ।

''ਏਹਨੂੰ ਅੱਗ ਲਾਉਣੈ, ਆਲੇ ਜਿਹੇ ਨੂੰ ਬੰਦ ਕਰ ਪਹਿਲਾਂ, ਉੱਤੇ ਗੱਤਾ ਲਾ ਦੇ। ਸਾਰਾ ਦਿਨ ਬੈੱਡ 'ਤੇ ਬੈਠਾ ਮੱਖੀਆਂ ਮਾਰਦਾ ਰਹਿੰਦਾ।'' ਕਹਿੰਦੀ ਬੁਡ਼੍ਹੀ ਚੂਹੇ ਦੇ 'ਕੱਲੇ-'ਕੱਲੇ ਅੰਗ 'ਕੱਠੇ ਕਰਦੀ ਬੋਲਦੀ ਗਈ ਸੀ।

''ਲੈ ਏਹਦੇ ਰਾਹੀਂ ਤਾਂ ਤਾਜ਼ੀ ਹਵਾ ਆਉਂਦੀ ਐ। ਏਹ ਨ੍ਹੀਂ ਬੰਦ ਹੋਣਾ। ਮੈਨੂੰ ਮਾਰਨਾ ਦਮ ਘੁੱਟ ਕੇ।''

ਤੇ ਤੋਖੀ ਯਾਰ ! ਏਸ ਤਰ੍ਹਾਂ ਮੈਂ ਚੂਹੇ ਜਿਹੇ ਮੁਬਾਇਲ ਤੋਂ ਆਪਣਾ ਖਹਿੜਾ ਛੁਡਾਇਆ। ਫੇਰ ਉਹੀ ਗੱਲ ਹੋਈ ਜਿਹੜੀ ਹੋਣੀ ਸੀ। ਮੈਨੂੰ ਮੁੰਡੇ ਨੇ ਤੇਰੇ ਅਰਗਾ ਤੇ ਤੇਰੇ ਜਿੱਡਾ ਫ਼ੋਨ ਲਿਆ ਕੇ ਦੇ ਤਾ। ਲੈਪਟਾਪ ਤਾਂ ਮੈਂ ਪਹਿਲਾਂ ਵੀ ਚਲਾ ਲੈਂਦਾ ਸੀ। ਫੇਸ ਬੁੱਕ, ਵਟਸ ਐਪ 'ਤੇ ਮੈਂ ਦਿਨਾਂ 'ਚ ਹੀ ਹੱਥ ਫੇਰਨ ਲੱਗ ਪਿਆ ਸੀ।

ਫੇਸ ਬੁੱਕ ਚਲਾਉਣ ਤੇ ਨਵੇਂ-ਨਵੇਂ ਦੋਸਤ ਲੱਭਣ 'ਚ ਤੂੰ ਮੇਰਾ ਗੁਰੂ ਬਣ ਗਿਆ। ਆਪਣੀ ਜਵਾਨੀ ਵੇਲੇ ਦੀ ਫੋਟੋ ਮੈਂ ਵੀ ਤੇਰੀ ਰੀਸੇ ਲਗਾ ਲਈ ਸੀ। ਜਨਮ ਤਰੀਕ ਵੀ ਨੌਜਵਾਨਾਂ ਵਾਲੀ ਰੱਖ ਲਈ। ਫ਼ੇਸ ਬੁੱਕ 'ਤੇ ਆਪਾਂ ਪੈਂਤੀ ਸਾਲ ਦੇ ਜਵਾਨ ਸਾਂ। ਦਿਨਾਂ ਵਿਚ ਹੀ ਮੇਰੇ ਪੰਜ-ਸੱਤ ਦੋਸਤ ਬਣ ਗਏ। ਮੈਂ ਇਕ ਦਿਨ ਸੋਚਿਆ ਮਨਾ ਮੈਂ ਇਹ ਬੰਦੇ ਕੀ ਕਰਨੇ ਆ। ਆਪਾਂ ਇਕ ਦਿਨ ਬੰਦਿਆਂ 'ਤੇ ਸਟੌਪ ਲਾ ਦਿੱਤਾ। ਤੇ ਬੀਬੀਆਂ ਨੂੰ ਫਰੈਂਡ ਰੁਕਵੈਸਟ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਸਾਰੀਆਂ ਔਰਤਾਂ। ਮੈਂ ਤੀਵੀਆਂ ਦੇ ਨਾਂ ਸਰਚ ਕਰਦਾ ਤਾਂ ਮੇਰੇ ਸਾਹਮਣੇ ਉਸੇ ਨਾਂ ਦੀਆਂ ਅਨੇਕਾਂ ਔਰਤਾਂ ਝਾਕਣ ਲੱਗ ਪੈਂਦੀਆਂ। ਉਨ੍ਹਾਂ ਦੀ ਪ੍ਰੋਫਾਇਲ 'ਤੇ ਕਲਿਕ ਕਰਦਾ। ਉਨ੍ਹਾਂ ਦੀਆਂ ਫੋਟੋਆਂ ਵੇਖਦਾ। ਉਨ੍ਹਾਂ ਦੇ ਗਲੈਮਰ ਮੁੱਖੜੇ, ਨਿੱਗਰ ਲੱਤਾਂ, ਛਾਤੀਆਂ ਮੇਰੀਆਂ ਅੱਖਾਂ ਅੱਗੇ ਤੈਰਨ ਲੱਗ ਪੈਂਦੀਆਂ। ਮਨ-ਪਸੰਦ ਔਰਤਾਂ ਨੂੰ ਫਰੈਂਡ ਰੁਕਵੈਸਟ ਭੇਜ ਦਿੰਦਾ। ਐਵੇਂ ਫੋਟੋਆਂ 'ਤੇ ਲਾਇਕ ਕਰ ਦਿੰਦਾ। ਕਿਸੇ 'ਤੇ ਸਧਾਰਨ ਜਿਹਾ ਕੁਮੈਂਟ ਕਰ ਦਿੰਦਾ। ਕਿਸੇ ਤੇ 'ਨਾਇਸ... ਗੁੱਡ' ਲਿਖ ਦਿੰਦਾ। ਵਿਹਲੇ ਸਮੇਂ ਮੈਂ ਫ਼ੇਸ ਬੁੱਕ 'ਤੇ ਰਹਿੰਦਾ। ਮੈਨੂੰ ਕੁਸ਼ੱਲਿਆ ਦਾ ਭੂਤਨੀ ਵਰਗਾ ਚਿਹਰਾ ਵੀ ਘੱਟ ਦਿਸਦਾ। ਇਕ ਦਿਨ ਤੇਰੀ ਫੇਸ ਬੁੱਕ ਪ੍ਰੋਫਾਇਲ ਵੇਖੀ ਤਾਂ ਤੇਰੇ ਨਾਲ ਜੁੜੇ ਫਰੈਂਡ ਵੇਖਣ ਲੱਗਾ ਪਿਆ। ਓਏ ਤੂੰ ਤਾਂ ਛੁਪਿਆ ਰੁਸਤਮ ਨਿਕਲਿਆ ! ਤੂੰ ਤਾਂ ਬਹੁਤ ਸਾਰੀਆਂ ਗੋਰੀਆਂ ਨੂੰ ਫਰੈਂਡ ਬਣਾਇਆ ਹੋਇਆ। ਤੇਰੀ ਰੀਸ਼ੇ ਗੂਗਲ 'ਤੇ ਮੈਂ ਗੋਰੀਆਂ ਕੁੜੀਆਂ ਵਾਲੇ ਨਾਂ ਸਰਚ ਕਰਨ ਲੱਗਾ। ਉਨ੍ਹਾਂ ਨਾਵਾਂ 'ਚ ਲੀਜ਼ਾ ਨਾਂ ਮੈਨੂੰ ਲੱਭ ਪਿਆ। ਫੇਸ ਬੁੱਕ 'ਤੇ ਇਹ ਨਾਂ ਭਰ ਕੇ ਜਦੋਂ ਸਰਚ ਕੀਤਾ ਤਾਂ ਏਸ ਨਾਂ ਦੀਆਂ ਕਈ ਕੁੜੀਆਂ ਦੇ ਨਾਂ ਤੇ ਫੋਟੋਆਂ ਦਿਸਣ ਲੱਗ ਪਈਆਂ। ਇਕ ਦਮ ਨਵੇਂ ਸੰਸਾਰ ਦਾ ਦਵਾਰ ਮੇਰੇ ਅੱਗੇ ਖੁੱਲ ਗਿਆ। ਇਹ ਗੋਰੇ ਮੁੱਖੜੇ ਅੱਧ ਢਕੇ ਜਿਸਮ, ਮੇਰੇ ਅੱਗੇ ਆਉਣ ਲੱਗ ਪਏ। ਸੜੀ ਹੋਈ ਮੇਰੀ ਬੁਡ਼੍ਹੀ ਕੁਸ਼ੱਲਿਆ ਤਾਂ ਉਨ੍ਹਾਂ ਦੇ ਪਾਂ-ਪਾਸਕ ਵੀ ਨਹੀਂ ਸੀ। ਯਾਰ ਤੋਖੀ ! ਮੈਂ ਸੱਚ ਲਿਖ ਰਿਹਾਂ, ਜਦੋਂ ਮੇਰੀ ਨਜ਼ਰ ਲੀਜ਼ਾ ਹਰਲੇ 'ਤੇ ਪਈ ਤਾਂ ਅੱਗੇ ਤੁਰੀ ਹੀ ਨਹੀਂ। ਐਨਾ ਖ਼ੂਬਸੂਰਤ ਤੇ ਚਮਕਦਾ ਚਿਹਰਾ ! ਯਾਰ ਮੈਂ ਬਿਆਨ ਨਹੀਂ ਕਰ ਸਕਦਾ। ਉਹਦੀਆਂ ਬਿੱਲੀਆਂ ਅੱਖਾਂ ਨੇ ਮੈਨੂੰ ਖਿੱਚ ਲਿਆ। ਉਹਦੀ ਪ੍ਰੋਫਾਇਲ 'ਤੇ ਕਲਿਕ ਕੀਤਾ ਤਾਂ ਮੈਨੂੰ ਉਹਦੀ ਪ੍ਰੋਫਾਇਲ ਸਾਫ਼ ਮਿਲੀ। ਸਾਰਾ ਕੁਝ ਮਿਊਟ ਕੀਤਾ ਹੋਇਆ ਸੀ। ਬਸ ਏਹ ਹੀ ਪਤਾ ਲੱਗ ਰਿਹਾ ਸੀ ਕਿ ਉਹ ਜਨਮੀ



ਸੀਰੀਆ 'ਚ ਸੀ ਅਤੇ ਸੀਰੀਆ ਦੇ ਸ਼ਹਿਰ ਰੱਕਾ ਵਿਚ ਰਹਿੰਦੀ ਏ। ਉਹਦੀਆਂ ਚਾਰ ਕੁ ਫੋਟੋਆਂ ਦਿਸ ਰਹੀਆਂ ਸਨ। ਕਿਸੇ 'ਚ ਲੱਤਾਂ ਕਿਸੇ 'ਚ ਬਾਹਾਂ ਦਿਸ ਰਹੀਆਂ ਹਨ ਤੇ ਇਕ 'ਚ ਉਹਨੇ ਸਲੀਵਲੈੱਸ ਟਾਪ ਡੀਪ ਗਲ਼ੇ ਵਾਲੀ ਟੀ-ਸ਼ਰਟ ਪਾਈ ਹੋਈ ਸੀ। ਮੈਂ ਬਿਨਾਂ ਦੇਰੀ ਦੇ ਉਹਨੂੰ ਫਰੈਂਡ ਰਕੁਵੈਸਟ ਭੇਜੀ ਤੇ ਨਾਲ ਨਿੱਕਾ ਜਿਹਾ ਮੈਸੇਜ 'ਹਾਏ ਲੀਜ਼ਾ !'

ਉਹੀ ਗੱਲ ਹੋਈ। ਅਗਲੇ ਦਿਨ ਮੁਬਾਇਲ 'ਤੇ ਛਣ-ਛਣ ਹੋਈ। ਉਹਦਾ ਮੈਸੇਜ ਆ ਗਿਆ ਸੀ, 'ਹਾਏ ਬੇਬੀ !' ਦੂਜੇ ਦਿਨ ਫਿਰ ਛਣ-ਛਣ ਹੋਈ, ''ਹਾਏ ਬੇਬੀ ! ਵਟ ਡੂ ਯੂ ਡੂਇੰਗ?''

ਲੈ ਤੋਖੀ ਤੂੰ ਸੱਚ ਜਾਣੀ... ਆਪਾਂ ਉਦੋਂ ਹੀ ਜਵਾਨ ਹੋ ਗਏ। ਮੈਂ ਫਟਾਫਟ ਆਪਣੀ ਪ੍ਰੋਫਾਇਲ ਫੋਟੋ ਚੈੱਕ ਕੀਤੀ। ਉਥੇ ਮੈਂ ਸੋਹਣਾ ਲੱਗਦਾ ਸੀ। ਉਮਰ ਪੈਂਤੀ ਕੁ ਸਾਲ ਲਿਖੀ ਸੋਅ ਹੋ ਰਹੀ ਸੀ। ਫੋਟੋ ਐਲਬਮ 'ਚ ਪਰਿਵਾਰਕ ਫੋਟੋਆਂ ਵੀ ਸਨ। ਤੂੰ ਕਹਿੰਦਾ ਸੀ ਨਾ ਕਿ ਗੋਰੀਆਂ ਫੇਸ ਬੁੱਕ 'ਤੇ ਦੋਸਤੀ ਕਰਨ ਲਈ ਝੱਟ ਤਿਆਰ ਹੋ ਜਾਂਦੀਆਂ ਮੈਂ ਲੀਜ਼ਾ ਬਾਰੇ ਸੋਚਣ ਲੱਗ ਪਿਆ। ਲੈ ਸੱਚ ਜਾਣੀ ਤੋਖੀ, ਅਗਲੇ ਦਿਨ ਮੁਬਾਇਲ 'ਚ ਛਣ-ਛਣ ਹੋਈ ਤੇ ਉਹਦੀ ਫੋਟੋ ਸਕਰੀਨ 'ਤੇ ਉਭਰੀ,ਇੰਗਲਿਸ 'ਚ ਮੈਸੇਜ ਸੀ, 'ਹੈਲੋ ਬੇਬੀ ! ਤੂੰ ਕਿਹੜੇ ਕੰਟਰੀ 'ਚ ਰਹਿੰਦਾ ਏਂ? ਅਤੇ ਤੇਰੀ ਉਮਰ ਕਿੰਨੀ ਏਂ? ਤੂੰ ਕੰਮ ਕੀ ਕਰਦਾ ਏਂ?''

ਮੈਸੇਜ ਪੜ੍ਹ ਕੇ ਮੇਰੇ ਇਕ ਵਾਰ ਤਾਂ ਹੱਥ ਕੰਬੇ। ਮੈਂ ਉਹਦੇ ਸਵਾਲ ਸੁਣ ਕੇ ਸੋਚੀਂ ਪੈ ਗਿਆ। ਮੈਨੂੰ ਚੇਤੇ ਆਇਆ, ਜਦੋਂ ਮੈਂ ਕਾਲਜ ਪੜ੍ਹਦਾ ਸੀ। ਇਕ ਵਾਰ ਅਸੀਂ ਦੌੜਾਂ ਦੇ ਮੁਕਾਬਲੇ ਵਿਚ ਦੂਜੇ ਕਾਲਜ ਗਏ ਸੀ। ਮੈਂ ਉਦੋਂ ਤੇਜ਼ ਦੌੜਦਾ ਸੀ ਤੇ ਸਕੂਲ ਵੇਲੇ ਤੋਂ ਹੀ ਚੰਗਾ ਦੌੜਾਕ ਸੀ। ਉਥੇ ਹੀ ਮੈਨੂੰ ਇਕ ਖਿਡਾਰਨ ਕੁੜੀ ਮਿਲੀ ਸੀ। ਉਹ ਲਾਂਗ ਤੇ ਹਾਈ ਜੰਪ ਲਾਉਣ ਆਈ ਸੀ। ਉਹਨੇ ਮੈਨੂੰ ਪੁੱਛਿਆ ਸੀ ਤੇਰਾ ਕਿਹੜਾ ਪਿੰਡ ਆ? ਬਸ ਉਹਦੀਆਂ ਅੱਖਾਂ 'ਚ ਮੈਂ ਪਿਆਰ ਵੇਖਿਆ ਸੀ। ਉਹਨੇ ਮੈਨੂੰ ਦੌੜਦਿਆਂ ਹੋਇਆਂ ਵੀ ਵੇਖਿਆ ਹੋਇਆ ਸੀ। ਫੇਰ ਉਹ ਕਦੇ ਮਿਲੀ ਨਹੀਂ। ਜਦੋਂ ਏਸ ਗੋਰੀ ਨੇ ਫੇਸ ਬੁੱਕ 'ਤੇ ਉਹੋ ਜਿਹਾ ਸਵਾਲ ਕੀਤਾ ਸੀ ਤਾਂ ਮੈਂ ਉਹਦੀਆਂ ਬਿੱਲੀਆਂ ਅੱਖਾਂ ਪੜ੍ਹਨ ਲੱਗ ਪਿਆ ਸੀ। ਮੈਨੂੰ ਉਹਦੀਆਂ ਅੱਖਾਂ 'ਚ ਮੇਰੇ ਪ੍ਰਤੀ ਪਿਆਰ ਦਿਸਣ ਲੱਗ ਪਿਆ ਸੀ। ਮੈਂ ਆਪਣੀ ਚਿੱਟੀ ਦਾੜ੍ਹੀ 'ਤੇ ਹੱਥ ਫੇਰਿਆ ਸੀ। ਬੁੱਢੀ ਕੁਸ਼ੱਲਿਆ ਦਾ ਚਿਹਰਾ ਮੇਰੇ ਸਾਹਮਣੇ ਆਇਆ ਸੀ। ਉਹਦੀਆਂ ਤੋਰੀਆਂ ਵਾਂਗ ਲਮਕਦੀਆਂ ਛਾਤੀਆਂ ਵੱਲ ਧਿਆਨ ਗਿਆ ਸੀ। ਪਰ ਫੇਸ ਬੁੱਕ 'ਤੇ ਲੱਗੀ ਆਪਣੀ ਜਵਾਨੀ ਵੇਲੇ ਦੀ ਫੋਟੋ ਵੇਖ ਕੇ ਤਸੱਲੀ ਹੋਈ ਸੀ ਕਿ ਮੈਂ ਤਾਂ ਜਵਾਨ ਹਾਂ। ਪੈਂਤੀ ਕੁ ਸਾਲਾਂ ਦਾ ਮੁੰਡਾ। ਏਹ ਲੀਜ਼ਾ ਫੇਸ ਬੁੱਕ 'ਤੇ ਮੇਰਾ ਕੀ ਸਰਚ ਕਰ ਲਵੇਗੀ। ਆਪਣੇ ਬੁੱਢੇ ਸਰੀਰ ਨੂੰ ਲਕੋ ਕੇ ਮੈਂ ਜਵਾਨ ਸੋਹਣਾ ਬਣ ਗਿਆ ਸੀ। ਤੇਰਾ ਕਹਿਣਾ ਸੱਚ ਸੀ ਕਿ ਫੇਸ ਬੁੱਕ 'ਤੇ ਕੋਈ ਬੁੱਢਾ ਨਹੀਂ ਹੁੰਦਾ। ਏਹ ਸਦਾ ਬੰਦੇ ਨੂੰ ਜਵਾਨ ਰੱਖਦੀ ਏ।

ਫੇਸ ਬੁੱਕ ਦੀ ਪ੍ਰੋਫਾਇਲ 'ਤੇ ਲੱਗੀ ਆਪਣੀ ਫੋਟੋ ਦੇ ਹਿਸਾਬ ਨਾਲ ਮੈਂ ਉਸ ਨੂੰ ਭੇਜਣ ਵਾਲੇ ਮੈਸੇਜ ਵਿਚ ਆਪਣੀ ਉਮਰ ਪੈਂਤੀ ਸਾਲ ਦੀ ਲਿਖ ਦਿੱਤੀ ਸੀ। ਕੰਮ ਮੈਂ ਆਪਣਾ ਨਿੱਜੀ ਬਿਜ਼ਨਸ ਲਿਖ ਦਿੱਤਾ ਸੀ। ਕੁਝ ਪਲ ਸੋਚਿਆ ਤੇ ਮੈਸੇਜ ਸਕਰੀਨ 'ਤੇ ਛੱਡ ਦਿੱਤਾ। ਲੈ ਬਈ ਤੋਖੀ ਉਧਰੋ ਕੁਝ ਘੰਟਿਆਂ ਵਿਚ ਛਣ-ਛਣ ਦੀ ਟੋਨ ਨਾਲ ਮੈਸੇਜ ਆ ਗਿਆ। 'ਗੁੱਡ ਬੇਬੀ !' ਉਸ ਨੇ ਲਿਖਿਆ ਕਿ ਮੈਂ ਸੀਰੀਆ ਦੀ ਸਿਟੀਜ਼ਨ ਹਾਂ। ਦੋ ਸਾਲ ਅਮਰੀਕਾ ਲਾ ਕੇ ਆਈ ਹਾਂ। ਮੇਰੀ ਮਦਰ ਕੰਟਰੀ ਸੀਰੀਆ ਏ। ਮੈਂ ਏਸ ਵੇਲੇ ਸੀਰੀਆ ਦੇ ਸ਼ਹਿਰ ਰੱਕਾ ਆਈ ਹੋਈ ਹਾਂ। ਮੇਰੀ ਉਮਰ ਤੀਹ ਸਾਲ ਏ। ਤੇ ਮੈਂ ਸਿੰਗਲ ਹਾਂ। ਅੱਗੇ ਉਹਦਾ ਸਵਾਲ ਵਾਲਾ ਛਣ-ਛਣ ਕਰਦਾ ਮੈਸੇਜ ਸੀ, ''ਆਰ ਯੂ

ਸਿੰਗਲ?'' ਪੜ੍ਹ ਕੇ ਮੇਰੇ ਤਾਂ ਅੱਖਾਂ ਅੱਗੇ 'ਨੇਰ੍ਹਾ ਆ ਗਿਆ ਸੀ। ਮੇਰੀਆਂ ਅੱਖਾਂ ਮੋਹਰੇ ਕੁਸ਼ੱਲਿਆ ਖੂੰਡੀ ਲੈ ਕੇ ਏਧਰ-ਉਧਰ ਤੁਰਨ-ਫਿਰਨ ਲੱਗ ਪਈ ਸੀ। ਮੈਂ ਇਕ ਵਾਰ ਆਪਣੇ ਗੰਜੇ ਸਿਰ 'ਤੇ ਹੱਥ ਫੇਰਿਆ। ਵਾਲ਼ ਕਾਫੀ ਝੜ ਗਏ ਸਨ। ਕੰਨਾਂ ਕੋਲ ਹੀ ਰਹਿ ਗਏ ਸਨ। ਕਰੜ-ਬਰੜ ਦਾੜ੍ਹੀ 'ਤੇ ਹੱਥ ਫੇਰਦਾ ਹਾਂ। ਮੇਰੇ ਧਿਆਨ 'ਚ ਮੇਰੇ ਅੱਠ ਸਾਲ ਦਾ ਪੋਤਾ ਆ ਜਾਂਦਾ ਏ। ਮੇਰੇ ਜ਼ਿਹਨ 'ਚ ਇਕਦਮ ਤੇਰੀ ਗੱਲ ਆਉਂਦੀ ਏ। ਮੈਂ ਮੈਸੇਜ ਟਾਇਪ ਕਰਦਾ ਹਾਂ, ''ਆਈ ਐਮ ਸਿੰਗਲ।'' ਤੋਖੀ ਯਾਰ ! ਉਹਨੇ ਮੈਨੂੰ ਇਕ ਮੈਸੇਜ ਕੀਤਾ ਜਿਹਨੂੰ ਪੜ੍ਹ ਕੇ ਲੱਗਾ ਕਿ ਉਹ ਮੇਰੇ ਨਾਲ ਦੋਸਤੀ ਕਰਨੀ ਚਾਹੁੰਦੀ ਏ। ਉਹਦਾ ਕਹਿਣਾ ਸੀ ਕਿ ਮੈਨੂੰ ਇੰਡੀਅਨ ਲੋਕ, ਖਾਸ ਕਰਕੇ ਪੰਜਾਬੀ, ਬਹੁਤ ਪਸੰਦ ਹਨ। ਮੈਂ ਇਕ ਵਾਰ ਸੀਰੀਆ 'ਚ ਇਕ ਮੁੰਡੇ ਨਾਲ ਦੋਸਤੀ ਕੀਤੀ ਸੀ ਪਰ ਉਹਨੇ ਮੈਨੂੰ ਧੋਖਾ ਦੇ ਦਿੱਤਾ। ਮੇਰੇ ਨਾਲ ਸੰਬੰਧ ਬਣਾ ਕੇ ਤੁਰਦਾ ਬਣਿਆ। ਹਨੀ ਡੀਅਰ ਕੀ ਤੂੰ ਮੈਨੂੰ ਸੱਚਾ ਪਿਆਰ ਕਰਦਾ ਏਂ? ਮੈਂ ਤੈਨੂੰ ਸੱਚਾ ਪਿਆਰ ਕਰਨਾ ਚਾਹੁੰਦੀ ਹਾਂ। ਤੈਨੂੰ ਦੱਸਾਂ ਮੈਸੇਜ ਰਾਹੀਂ ਆਪਣਾ ਨਿੱਕ ਨਾਂ ਹਨੀ ਦੱਸਿਆ ਸੀ।

ਉਹਦਾ ਮੇਸੇਜ ਪੜ੍ਹ ਕੇ ਮੈਂ ਇਕ ਵਾਰ ਤਾਂ ਘਬਰਾ ਜਿਹਾ ਗਿਆ ਸਾਂ। ਯਾਰ ਏਹ ਮੇਰੀ ਕੋਈ ਉਮਰ ਏ? ਬੁੜ੍ਹੀ ਤਾਂ ਅਕਸਰ ਈ ਮੈਨੂੰ ਕਹਿ ਦਿੰਦੀ ਏ, ਹੁਣ ਤਾਂ ਤੇਰੀਆਂ ਲੱਤਾਂ ਕਬਰ 'ਚ ਨੇ? ਤੂੰ ਸੁਪਨੇ ਜਵਾਨਾਂ ਵਾਲੇ ਲੈਂਦਾ ਫਿਰਦਾ ਏਂ। ਬੁੜ੍ਹੀ ਕੁਸ਼ੱਲਿਆ ਜਦੋਂ ਵੀ ਮੇਰੇ ਕਮਰੇ 'ਚ ਆਉਂਦੀ ਏ। ਐਵੇਂ ਬੋਲ ਕੇ ਚਲੀ ਜਾਂਦੀ ਏ।

ਇਕ ਦਿਨ ਮੇਰੇ ਕਮਰੇ ਵਿਚ ਆਈ ਤਾਂ ਮੈਨੂੰ ਕਹਿਣ ਲੱਗੀ, ''ਵੇਖ ਨਾ ਫ਼ੌਜੀਆ ਕਿਵੇਂ ਮੇਜ਼ 'ਤੇ ਧੂੜ ਪਈ ਏ? ਆਹ ਸੰਨ ਸੰਤਾਲੀ ਦਾ ਟਾਇਪ ਰਾਈਟਰ ਭਲਾ ਤੂੰ ਕੀ ਕਰਨਾ ਹੁਣ, ਏਹਨੂੰ ਹੁਣ ਕਿਸ ਨੇ ਚਲਾਉਣਾ ਏ? ਕਿਸੇ ਕਬਾੜ ਆਲੇ ਨੂੰ ਚਕਾ ਦੇ।''

ਤੈਨੂੰ ਪਤਾ ਈ ਏ ਬਈ ਮੈਂ ਆਪਣੇ ਮੇਜ਼ 'ਤੇ ਪਲਾਸ, ਜੰਬੂਰ, ਪਾਨੇ, ਚਾਬੀਆਂ, ਪੇਚਕਸ, ਇਕ ਕੈਂਚੀ, ਪੇਂਟ ਕਰਨ ਵਾਲਾ ਬਰੁਸ਼, ਬੈਟਰੀ ਅਤੇ ਅਨੇਕਾਂ ਹੋਰ ਸੰਦ ਰੱਖਦਾ ਹਾਂ। ਪਤਾ ਥੋੜ੍ਹਾ ਹੁੰਦਾ ਬਈ ਕਿਹੜੀ ਚੀਜ਼ ਕਿਸ ਵੇਲੇ ਕੰਮ ਆ ਜਾਵੇ। ਜਦੋਂ ਆਪਾਂ ਫ਼ੌਜ 'ਚ ਸੀ ਤਾਂ ਆਪਾਂ ਨੂੰ ਦਿਨ-ਰਾਤ ਤਿਆਰ ਬਰ ਤਿਆਰ ਰਹਿਣਾ ਸਿਖਾਇਆ ਜਾਂਦਾ ਸੀ। ਅਫ਼ਸਰ ਕਹਿੰਦੇ ਹੁੰਦੇ ਸਨ ਕਿ ਜੰਗ ਵੇਲੇ ਪਿੱਠੂ, ਰਾਤ ਨੂੰ ਪਿੱਠ 'ਤੇ ਬੰਨ੍ਹ ਕੇ ਸੌਂਵੋਂ। ਖਾਣ-ਪੀਣ ਦਾ ਹਰ ਸਮਾਨ ਪਿੱਠੂ 'ਚ ਹੋਵੇ। ਮੇਰੀ ਤਾਂ ਅਜੇ ਵੀ ਸਾਹਮਣੇ ਵਾਲੀ ਕੰਧ ਤੇ ਫ਼ੌਜੀ ਵਰਦੀ ਟੰਗੀ ਹੋਈ ਏ। ਏਹ ਮੈਂ ਭਾਵੇਂ ਪਾਉਂਦਾ ਨਹੀਂ ਪਰ ਇਹ ਮੈਨੂੰ ਚੰਗੀ ਲੱਗਦੀ ਏ। ਫ਼ੌਜੀ ਟੋਪ ਏ। ਦੂਜੇ ਪਾਸੇ ਮੈਡਲ ਨੇ। ਵਰਦੀ ਤੇ ਭਾਵੇਂ ਧੂੜ ਕਾਫ਼ੀ ਜੰਮ ਗਈ ਏ ਪਰ ਯਾਰ ਮੈਨੂੰ ਚੰਗੀ ਲੱਗਦੀ ਏ। ਮੈਂ ਉਸ ਵੇਲੇ ਦੇ ਚਮੜੇ ਦੇ ਬੂਟ ਵੀ ਰੱਖੇ ਹੋਏ ਨੇ। ਇਹ ਹੁਣ ਬੈੱਡ ਦੇ ਥੱਲੇ ਸਰਕ ਗਏ ਨੇ। ਧੂੜ ਨਾਲ ਭਰੇ ਹੋਏ। ਕੰਮ ਆਲੀ ਨੂੰ ਮੈਂ ਆਪਣੇ ਕਮਰੇ ਦੀ ਸਫ਼ਾਈ ਕਰਨ ਤੋਂ ਮਨ੍ਹਾ ਕੀਤਾ ਹੋਇਆਂ ਏ। ਉਹ ਮੇਰਾ ਸਮਾਨ ਏਧਰ ਉਧਰ ਕਰ ਦਿੰਦੀ ਏ। ਜਦੋਂ ਕਦੇ ਮਨ ਕਰੇ ਮੈਂ ਖ਼ੁਦ ਈ ਵਿਹਲੀ ਥਾਂ ਵਿਚ ਝਾੜੂ ਮਾਰ ਲੈਂਦਾ ਹਾਂ। ਮੈਨੂੰ ਕਮਰੇ ਵਿਚ ਲੱਗੀ ਹੋਈ ਰੌਣਕ ਚੰਗੀ ਲੱਗਦੀ ਏ। ਮੈਂ ਮੇਜ 'ਤੇ ਪਏ ਹੋਏ ਸੰਦਾਂ ਨਾਲ ਵੀ ਗੱਲਾਂ ਕਰ ਲੈਂਦਾ ਹਾਂ। ਮੈਨੂੰ ਤੇਰਾ ਤਾਂ ਪਤਾ ਨਹੀਂ ਪਰ ਮੇਰਾ ਫ਼ੌਜ ਵੇਲੇ ਦਾ ਸਮਾਨ ਸੁੱਟਣ ਨੂੰ ਰਤਾ ਵੀ ਜੀਅ ਨਹੀਂ ਕਰਦਾ। ਮੈਂ ਉਹ ਫ਼ੌਜ ਵੇਲੇ ਦਾ ਟਰੰਕ ਵੀ ਸਾਂਭ ਕੇ ਰੱਖਿਆ ਹੋਇਆ ਏ। ਮੇਰੇ ਸਾਹਮਣੇ ਫ਼ੌਜ ਵੇਲੇ ਦਾ ਸਾਰਾ ਸਮਾਨ ਪਿਆ ਏ। ਜੇ ਹੁਣ ਵੀ 'ਵਾਜ਼ ਪੈ ਜਾਵੇ ਤਾਂ ਆਪਾਂ ਬਈ ਤਿਆਰ ਹਾਂ। ਬੰਦੇ ਨੂੰ ਹਰ ਪਲ ਤਿਆਰ ਰਹਿਣਾ ਚਾਹੀਦਾ ਏ। ਪਤਾ ਨ੍ਹੀਂ ਅਫ਼ਸਰ ਕਦੋਂ ਹਾਕ ਮਾਰ ਲੈਣ। ਆਪਾਂ ਨੂੰ ਦੱਸਿਆ ਈ



ਏਹੀ ਜਾਂਦਾ ਸੀ, ਬਈ ਤੁਸੀਂ ਅਫ਼ਸਰ ਦਾ ਹੁਕਮ ਮੰਨਣਾ। ਜੇ ਅਫ਼ਸਰ ਕਹਿ ਦੇਵੇ ਕਿ ਖੂਹ 'ਚ ਛਾਲ ਮਾਰੋ ਤਾਂ ਤੁਸੀਂ ਝਿਜਕਣਾ ਨਹੀਂ। ਛਾਲ ਮਾਰ ਦੇਣੀ ਏ। ਕਮਰੇ ਦਾ ਸਾਰਾ ਸਮਾਨ ਪੁਰਾਣਾ ਹੋ ਗਿਆ ਏ। ਮੇਰੇ ਅੱਗੇ ਜਿਹੜਾ ਮੇਜ਼ ਏ ਇਹਦੀਆਂ ਚੂਲਾਂ ਹੁਣ ਹਿੱਲਣ ਲੱਗ ਪਈਆਂ ਨੇ। ਲੱਕੜ ਦੀਆਂ ਕੁਰਸੀਆਂ ਢੀਚਕ-ਢੀਚਕ ਕਰਦੀਆਂ ਨੇ। ਥਿੰਦੇ ਤੇਲ ਵਾਲੇ ਹੱਥ ਲੱਗ ਲੱਗ ਕੇ ਕੁਰਸੀਆਂ-ਮੇਜ਼ ਕਾਲ਼ੀਆਂ ਹੋ ਗਈਆਂ ਨੇ। ਬੁੜ੍ਹੀ ਵੀ ਪੁਰਾਣਾ ਸਮਾਨ ਏਥੇ ਟਿਕਾ ਜਾਂਦੀ ਏ। ਉਹਦਾ ਵੀ ਕਬਾੜ ਸੁੱਟਣ ਨੂੰ ਹੌਸਲਾ ਨਹੀਂ ਪੈਂਦਾ। ਤੂੰ ਜਾਂਦੇ ਹੋਇਆ ਵੀ ਮੇਰੇ ਕਮਰੇ ਨੂੰ ਵੇਖ ਕਹਿ ਦਿੱਤਾ ਸੀ, 'ਸੋਹਣ ਤੂੰ ਹੁਣ ਆਪਣੇ ਕਮਰੇ ਨੂੰ ਅਜਾਇਬ ਘਰ ਬਣਾ ਦੇ। ਇਹ ਪੁਰਾਣੇ ਦੁਰਲੱਭ ਸਮਾਨ ਨਾਲ ਭਰ ਗਿਆ ਏ। ਲੈ ਤੂੰ ਅਜਾਇਬ ਘਰ ਬਣਾਉਣ ਨੂੰ ਕਹਿੰਦਾ, ਇਹ ਤਾਂ ਹੁਣ ਇਹਨੂੰ ਢਾਹੁਣ ਨੂੰ ਫਿਰਦੇ ਨੇ। ਕਹਿੰਦੇ ਹੁਣ ਘਰ ਪੁਰਾਣਾ ਹੋ ਗਿਆ ਏ। ਏਥੇ ਕੋਠੀ ਬਣਾਉਣੀ ਏ। ਪਰ ਮੈਂ ਅੜਿਆ ਹੋਇਆ ਹਾਂ। ਅੜ ਗਿਆ ਤਾਂ ਅੜ ਗਿਆ। ਪਿੱਛੇ ਜਿਹੇ ਇਨ੍ਹਾਂ ਨੇ ਮਿਆਨੀ ਵਾਲਾ ਕਮਰਾ ਢਾਹ ਦਿੱਤਾ ਏ। ਕਹਿੰਦੇ ਉੱਥੇ ਨਵੇਂ ਮਕਾਨ ਛੱਤਣੇ ਨੇ। ਤੈਨੂੰ ਸੱਚ ਦੱਸਾਂ ਜਦੋਂ ਉਨ੍ਹਾਂ ਮਿਆਨੀ ਢਾਹੀ ਮੈਂ ਉਸ ਦਿਨ ਰੋਟੀ ਨਾ ਖਾਧੀ। ਯਾਰ ਮੇਰੀਆਂ ਤਾਂ ਉਹਦੇ ਨਾਲ ਯਾਦਾਂ ਜੁੜੀਆ ਹੋਈਆਂ ਸਨ। ਤੈਨੂੰ ਪਤੈ ਮੈਂ ਤੇ ਕੁਸ਼ੱਲਿਆ ਵਿਆਹ ਤੋਂ ਬਾਅਦ ਉਥੇ ਚੁਬਾਰੀ ਵਿਚ ਰਹੇ ਸਾਂ। ਜਿਹਦਾ ਮੈਂ ਨਾਂ ਮਿਆਨੀ ਰੱਖ ਲਿਆ ਸੀ।

ਇਕ ਦਿਨ ਮੇਰੇ ਮੁਬਾਇਲ 'ਤੇ ਛਣ-ਛਣ ਹੋਈ। ਲੀਜ਼ਾ ਨੇ ਬਹੁਤ ਹੀ ਕਰਾਰੀ ਜਿਹੀ ਫੋਟੋ ਭੇਜੀ ਸੀ। ਮੇਰੀਆਂ ਤਾਂ ਅੱਖਾਂ ਈ ਅੱਡੀਆਂ ਰਹਿ ਗਈਆਂ। ਇਕ ਦਮ ਛਰ-ਛਰਾ ਸਰੀਰ। ਮੈਂ ਆਪਣੇ ਆਪ ਨੂੰ ਵੇਖਣ ਲੱਗ ਪਿਆ। ਡੌਲ਼ਿਆਂ ਦਾ ਮਾਸ ਝੜ ਗਿਆ ਏ। ਬਾਂਹਾਂ ਤੋਂ ਚਰਬੀ ਝੜ ਗਈ ਏ। ਥਾਂ ਥਾਂ ਤੋਂ ਮਾਸ ਢਿਲਕਣ ਲੱਗ ਪਿਆ ਏ। ਨਜ਼ਰ ਬਹੁਤ ਘਟ ਗਈ ਏ। ਐਨਕਾਂ ਤੋਂ ਬਿਨਾਂ ਦਿਸਦਾ ਈ ਨਹੀਂ ਏ। ਅਖ਼ਬਾਰ ਵੀ ਵੱਡੇ ਲੈਨਜ਼ ਨਾਲ ਪੜ੍ਹਦਾ ਹਾਂ। ਅੱਵਲ ਤਾਂ ਬੇਸੁਆਦੀਆਂ ਸੁਰਖ਼ੀਆਂ ਪੜ੍ਹ ਕੇ ਰੱਖ ਦਿੰਦਾ ਹਾਂ। ਬੀ ਪੀ ਨੌਰਮਲ ਰੱਖਣ ਲਈ ਰੋਜ਼ਾਨਾ ਗੋਲ਼ੀ ਖਾਣੀ ਪੈਂਦੀ ਏ। ਤੂੰ ਹੱਸਣਾ ਇਕ ਦਿਨ ਤਾਂ ਹੋਰ ਈ ਪੰਗਾ ਪੈ ਗਿਆ, ਉਹਨੇ ਮੇਰੇ ਕੋਲੋਂ ਫੋਟੋ ਮੰਗ ਲਈ...ਛਣ-ਛਣ ਹੋਈ... ਕਹਿੰਦੀ 'ਸੈਂਡ ਮੀ ਪਿਕ।' ਮੈਂ ਸੋਚਣ ਬੈਠ ਗਿਆ ਮੈਂ ਹੁਣ ਕੀ ਕਰਾਂ। ਮੈਨੂੰ ਬੈਠੇ-ਬੈਠੇ ਨੂੰ ਇਕ ਜੁਗਤ ਦਾ ਖਿਆਲ ਆਇਆ। ਆਪਣੇ ਮੁਬਾਇਲ 'ਚ ਮੈਂ ਆਪਣੇ ਮੁੰਡੇ ਦੀਆਂ ਫੋਟੋ ਵੇਖਣ ਲੱਗ ਪਿਆ। ਉਹਦੀ ਸ਼ਕਲ ਹੂ ਬ ਹੂ ਮੇਰੇ 'ਤੇ ਗਈ ਏ। ਮੁੰਡਾ ਈ ਮੇਰਾ ਏ ਯਾਰ। ਜਵਾਨੀ ਵੇਲੇ ਮੇਰੀ ਸ਼ਕਲ ਬਿਲਕੁਲ ਉਹਦੇ ਵਰਗੀ ਹੁੰਦੀ ਸੀ। ਮੈਂ ਚੁੱਕ ਕੇ ਉਹਦੀ ਤਸਵੀਰ ਭੇਜ ਦਿੱਤੀ। ਲੀਜ਼ਾ ਨੂੰ ਕੀ ਪਤੈ ਬਈ ਕੌਣ ਏ? ਆਪਾਂ ਨੂੰ ਵੀ ਗੋਰੀਆਂ ਇੱਕੋ ਜਿਹੀਆਂ ਲੱਗਦੀਆਂ ਨੇ। ਲੈ ਗੱਲ ਬਣ ਗਈ। ਉਧਰੋਂ ਛਣ-ਛਣ ਕਰਦਾ ਕੁਮੈਂਟ ਮਿਲਿਆ, 'ਵੈਰੀ ਨਾਇਸ... ਆਈ ਲਾਈਕ ਇੱਟ... ਗੁੱਡ !''

ਮੈਂ ਵਕਫ਼ਾ ਪਾ ਕੇ ਮੁੰਡੇ ਦੀ ਫੋਟੋ ਭੇਜ ਦਿੰਦਾ। ਉਹ ਵੀ ਅੱਗਿਓ ਆਪਣੀਆਂ ਵੱਖਰੇ-ਵੱਖਰੇ ਪੋਜ਼ ਵਾਲੀਆਂ ਫੋਟੋਆਂ ਭੇਜਣ ਲੱਗ ਪਈ ਸੀ। ਯਾਰ ਤੋਖੀ ! ਇਕ ਦਿਨ ਉਹ ਕਹਿਣ ਲੱਗੀ, 'ਮੈਂ ਤੇਰੀ ਕੰਟਰੀ ਵਿਜ਼ਟ ਕਰਨੀ ਆ। ਤੈਨੂੰ ਮਿਲਣਾ ਏ।'' ਲੈ ਪੈ ਗਿਆ ਸਿਆਪਾ। ਕਰ ਲਓ ਦੋਸਤੀਆਂ। ਮੈਨੂੰ ਤਾਂ ਲੁਕਣ ਨੂੰ ਥਾਂ ਨਾ ਲੱਭੇ। ਹੁਣ ਤਾਂ ਚੋਰ ਪਾੜ 'ਚੋਂ ਈ ਫੜਿਆ ਜਾਊ। ਲੀਜ਼ਾ ਤਾਂ ਤੋਖੀ ਯਾਰ ! ਸੀਰੀਅਸ ਹੋਈ ਜਾ ਰਹੀ ਸੀ। ਮੈਂ ਤਾਂ ਟਾਇਮ ਪਾਸ ਕਰ ਰਿਹਾ ਸਾਂ। ਏਹ ਸਾਲਾ ਠਰਕ ਈ ਹੁੰਦੈ ਐ। ਮੈਂ ਬੈਠਾ ਸੋਚਾਂ ਬਈ ਜੇ ਉਹ ਆ ਗਈ ਤਾਂ ਮੈਂ ਕਿਹੜਾ ਮੂੰਹ ਦਿਖਾਊਂ? ਫੇ ਕੀ ਹਊ। ਮੇਰੀ ਤਾਂ

ਇੱਜ਼ਤ ਛੱਜ 'ਚ ਛੱਟ ਹੋਵੇਗੀ। ਪਿਛਲੇ ਸਾਲ ਦੀ ਗੱਲ ਦਾ ਤੈਨੂੰ ਪਤਾ ਈ ਹੋਣਾ ਐ। ਇਕ ਗੋਰੀ ਨਾਲ ਪੰਜਾਬੀ ਮੁੰਡੇ ਦਾ ਫੇਸ ਬੁੱਕ 'ਤੇ ਚੱਕਰ ਪੈ ਗਿਆ। ਪੰਜਾਬੀ ਮੁੰਡੇ ਨੇ ਪਤਾ ਨਹੀਂ ਉਹਨੂੰ ਕਿਹੜੀ ਬੂਟੀ ਸੁੰਘਾਈ। ਲਓ ਜੀ ! ਗੋਰੀ ਤਾਂ ਜਹਾਜੇ ਚੜ੍ਹ ਕੇ ਪੰਜਾਬ ਉਹਦ ਘਰ ਆ ਗਈ। ਕਹਿੰਦੀ ਮੈਂ ਤਾਂ ਤੇਰੇ ਨਾਲ ਵਿਆਹ ਕਰਵਾ ਕੇ, ਤੈਨੂੰ ਆਪਣੇ ਨਾਲ ਲੈ ਜਾਣਾ। ਏਧਰ ਵਿਆਹ ਦੀਆਂ ਤਿਆਰੀਆਂ ਹੋਣ ਤੇ ਉਧਰੋਂ ਕੁੜੀ ਦੇ ਗੋਰੇ ਮਾਂ ਪਿਓ ਆ ਗਏ। ਉਹ ਕਹਿਣ ਸਾਡੀ ਕੁੜੀ ਨਿਆਣੀ ਏ। ਮੁੰਡੇ ਨੇ ਇਹਨੂੰ ਮਗਰ ਲਾ ਲਿਆ। ਆਈ ਡੌਂਟ ਲਾਇਕ ਪੰਜਾਬੀ। ਗੱਲ ਪੁਲਿਸ ਤੱਕ ਪਹੁੰਚ ਗਈ। ਗੱਲ ਕੀ ਉਸ ਗੋਰੀ ਕੁੜੀ ਨੂੰ ਉਹਦੇ ਮਾਂ ਬਾਪ ਵਾਪਸ ਲੈ ਗਏ। ਮੈਂ ਤਾਂ ਇਹ ਸੋਚ ਕੇ ਬਹੁਤ ਡਰ ਗਿਆ ਸਾਂ। ਯਾਰ ਕਹਿੰਦੇ ਗੋਰੀਆਂ ਦਾ ਇਸ਼ਕ ਹੜ੍ਹ ਵਾਂਗ ਹੁੰਦੈ ! ਤੂੰ ਵੀ ਯਾਰ ਬਚ ਕੇ ਇਹ ਫਰੈਂਡਸ਼ਿਪ ਕਰੀਂ। ਐਵੇਂ ਹਾਸੇ ਦਾ ਤਮਾਸ਼ਾ ਨਾ ਬਣ ਜਾਵੇ।

ਪਰ ਯਾਰ ਤੋਖੀ ਮੇਰੇ ਕੰਨ ਛਣ-ਛਣ ਸੁਣਨ ਲਈ ਮੁਬਾਇਲ ਵੱਲ ਲੱਗੇ ਰਹਿੰਦੇ ਨੇ। ਜਦੋਂ ਫੇਸ ਬੁੱਕ 'ਤੇ ਕੋਈ ਵੀ ਮੈਸੇਜ ਆਉਂਦਾ ਤਾਂ ਛਣ-ਛਣ ਦੀ ਟੋਨ ਆਉਂਦੀ। ਕੰਨ ਵਿਚ ਇਕ ਤਰ੍ਹਾਂ ਰਸ ਘੋਲ ਦਿੰਦੀ ਸੀ। ਇਕ ਦਮ ਕਿਸੇ ਔਰਤ ਦੀਆਂ ਵੰਗਾਂ ਦੀ ਛਣ-ਛਣ ਦਾ ਅਹਿਸਾਸ ਹੁੰਦਾ ਸੀ। ਝਾਂਜਰ ਦੀ ਛਣ-ਛਣ ਦਾ ਅਹਿਸਾਸ ਹੁੰਦਾ ਸੀ। ਮਨ ਇਕ ਵੱਖਰੇ ਸਰੂਰ ਨਾਲ ਭਰ ਜਾਂਦਾ ਸੀ। ਮੈਂ ਉਦੋਂ ਅੱਖਾਂ ਮੀਟ ਲੈਂਦਾ ਸੀ। ਲੱਗਦਾ ਸੀ ਕਿ ਜਿਵੇਂ ਮੇਰੇ ਕਮਰੇ ਵਿਚ ਲੀਜ਼ਾ ਆ ਗਈ ਹੋਵੇ। ਛਣ-ਛਣ ਕਰਦੀ। ਜਦੋਂ ਵੀ ਛਣ-ਛਣ ਹੁੰਦੀ ਤਾਂ ਮੈਂ ਝੱਟ ਕੰਨ ਚੁੱਕਦਾ ਸਾਂ। ਮੈਨੂੰ ਦਿਨ ਵਿਚ ਕਈ ਵਾਰੀ ਛਣ-ਛਣ ਸੁਣਨ ਦੀ ਅੱਚੋਆਈ ਲੱਗ ਜਾਂਦੀ। ਰਾਤ ਨੂੰ ਇਹ ਅੱਚੋਆਈ ਵਧ ਜਾਂਦੀ ਸੀ। ਨੀਂਦ ਤਾਂ ਪਹਿਲਾਂ ਵੀ ਘਟ ਈ ਆਉਂਦੀ ਸੀ ਪਰ ਏਸ ਸਥਿਤੀ 'ਚ 'ਨੇਰ੍ਹੇ 'ਚ ਵੀ ਅੱਖਾਂ ਖੁੱਲ੍ਹੀਆਂ ਰਹਿੰਦੀਆਂ ਸਨ। ਮੈਂ ਵਾਰ ਵਾਰ ਉੱਠ ਕੇ ਮੁਬਾਇਲ ਵੱਲ ਵੇਖਦਾ ਸਾਂ। ਕਈ ਵਾਰ 'ਨੇਰ੍ਹੇ ਵਿਚ ਮੈਨੂੰ ਮੱਧਮ ਜਿਹੀ ਹਰੀ ਲਾਈਟ ਜਗਦੀ ਬੁਝਦੀ ਦਿਸਦੀ ਇਹ ਵੀ ਫੇਸ ਬੁੱਕ ਦੇ ਆਏ ਨਵੇਂ ਮੈਸੇਜ ਦਾ ਸਾਇਨ ਹੁੰਦਾ ਏ। ਮੈਂ ਚੁੱਕਦਾ ਤਾਂ ਮੈਸੇਜ ਕਿਸੇ ਹੋਰ ਦਾ ਹੁੰਦਾ।

ਯਾਰ ਤੋਖੀ ! ਏਹ ਸਾਲਾ ਪਿਆਰ ਵੀ ਬੁੱਢੇ ਵਾਰੇ ਹੋਣਾ ਸੀ। ਹੁਣ ਤਾਂ ਗੋਡਿਆਂ 'ਚੋਂ ਗਰੀਸ ਈ ਮੁੱਕ ਚੁੱਕੀ ਏ। ਪਰ ਏਸ ਦੋਸਤੀ 'ਚ ਟਾਇਮ ਸੋਹਣਾ ਪਾਸ ਹੋ ਰਿਹਾ ਏ। ਏਸ ਸਮੇਂ ਜਦੋਂ ਬੰਦਾ ਘਰ 'ਚ, ਕਮਰੇ 'ਚ ਬੰਦਾ ਡਰਿਆ ਹੋਇਆ ਬੈਠਾ ਹੋਵੇ। ਕਿਸੇ ਨਾਲ ਗੱਲ ਨਾ ਕਰ ਸਕਦਾ ਹੋਵੇ। ਬੰਦਾ ਮਰੂ-ਮਰੂ ਕਰਦਾ ਫਿਰੇ। ਬੁੜ੍ਹੀ ਵਾਰ-ਵਾਰ ਮੱਥੇ 'ਚ ਵੱਜ ਕੇ ਬੰਦੇ ਨੂੰ ਉਂਝ ਹੀ ਖੱਸੀ ਕਰੀ ਜਾਵੇ। ਉਦੋਂ ਛਣ-ਛਣ ਸੁਣਨ ਨੂੰ ਮਨ ਕਰਦਾ ਰਹਿੰਦਾ ਸੀ।

ਤੈਨੂੰ ਮੈਂ ਸੱਚ ਦੱਸਾਂ, ਜਦੋਂ ਦਾ ਮੈਂ ਲੀਜ਼ਾ ਨਾਲ ਪਿਆਰ ਦੀ ਪੀਂਘ ਝੂਟਣ ਲੱਗਾ ਹਾਂ। ਯਾਰ ਮੈਂ ਤਾਂ ਆਪਣੇ ਆਪ ਨੂੰ ਜਵਾਨ-ਜਵਾਨ ਸਮਝਣ ਲੱਗ ਪਿਆ ਹਾਂ। ਤੂੰ ਵੇਖੀਂ ਕਿਸੇ ਦਿਨ ਆ ਕੇ ਮੇਰੇ 'ਚ ਤਬਦੀਲੀ ਬਹੁਤ ਆ ਗਈ ਏ। ਤੈਨੂੰ ਪਤੈ ! ਵਾਲ਼ਾਂ ਨੂੰ ਕਲਰ ਲਾਉਣਾ ਤਾਂ ਕਦੋਂ ਦਾ ਛੱਡਿਆ ਹੋਇਆ। ਜਦੋਂ ਦੀ ਗੰਜ ਪੈਣੀ ਸ਼ੁਰੂ ਹੋ ਗਈ ਸੀ। ਹੁਣ ਮੈਂ ਵਾਲ਼ ਕਲਰ ਕਰਨ ਲੱਗ ਪਿਆ ਹਾਂ। ਰੋਜ਼ ਦਾੜ੍ਹੀ ਸਵਾਰਦਾ ਹਾਂ। ਸ਼ੇਵ ਕਰਦਾ ਹਾਂ। ਇਕ ਦਿਨ ਮੈਂ ਮੁੰਡੇ ਨੂੰ ਕਿਹਾ 'ਰਾਜਨ ਤੇਰੀਆਂ ਜਿਹੜੀਆਂ ਟੀ-ਸ਼ਰਟਾ ਨੇ, ਉਹ ਮੈਨੂੰ ਦੇ ਦੇਵੀਂ, ਜੋ ਤੂੰ ਨਹੀਂ ਪਾਉਂਦਾ, ਮੈਂ ਪਾ ਲਿਆ ਕਰੂ। ਪਿੰਗਲਵਾੜੇ ਕਿਓਂ ਦੇਣੀਆਂ ਨੇ। ਲਓ ਜੀ ... ਟੀ ਸ਼ਰਟ ਪਾ, ਜੀਨ ਪਾ ਬੈਲਟ ਕੱਸ ਕੇ ਮੈਂ ਤਾਂ ਜਵਾਨ ਲੱਗਣ ਲੱਗ ਪਿਆ ਸਾਂ। ਮੁੰਡਾ ਤੇ ਨੂੰਹ ਰਾਣੀ ਮੇਰੇ ਵੱਲ ਵੇਖ ਵੇਖ ਕੇ ਹੈਰਾਨ ਨੇ, ਜਦੋਂ ਮੈਂ ਪਾਰਕ ਵਿਚ ਸੈਰ ਕਰਨ ਨਿਕਲਦਾ ਤਾਂ ਮੇਰਾ ਗੁਆਂਢੀ ਅਕਸਰ ਕਹਿੰਦਾ, ਸੂਬੇਦਾਰਾ ! ਤੈਨੂੰ ਦਿਨੋਂ-



ਦਿਨ ਕੀ ਹੋਈ ਜਾਂਦਾ। ਤੂੰ ਤਾਂ ਦਿਨੋਂ ਦਿਨ ਨਿੱਖਰੀ ਜਾਂਦਾ। ਮੁੰਡਾ-ਖੁੰਡਾ ਬਣ ਕੇ ਘੁੰਮਣ ਲੱਗ ਪਿਆ।'' ਮੈਂ ਖਚਰਾ ਜਿਹਾ ਹਾਸਾ ਹੱਸਦਾ ਕਹਿੰਦਾ, ''ਐਂ ਈ ਆ ਭਰਾਵਾ ! ਜਵਾਨ ਹੋਣ ਨੂੰ ਕਿਹੜਾ ਵਰ੍ਹੇ ਲੱਗਦੇ ਨੇ, ਬੰਦੇ ਦਾ ਮਨ ਜਵਾਨ ਚਾਹੀਦਾ। ਤੁਹਾਡੇ ਵਰਗੇ ਬੰਦੇ ਤਾਂ ਚਾਲੀ ਸਾਲ ਪਹਿਲਾਂ ਈ ਬੁੱਢੇ ਹੋ ਗਏ ਸੀ। ''

ਪਰ ਕੀ ਦੱਸਾਂ ਸੋਖੀ ਯਾਰ ! ਬੁੜ੍ਹੀ ਕੁਸ਼ੱਲਿਆ ਦੀ ਬੁੜ-ਬੁੜ ਬਹੁਤ ਵਧ ਗਈ ਏ। ਜੇ ਮੈਂ ਜੀਨ ਨਾਲ ਟੀ-ਸਰਟ ਪਾ ਕੇ ਬਾਹਰ ਨਿਕਲਾਂ ਤਾਂ ਜਮਾ ਸੜ ਭੁੱਜ ਕੇ ਕੋਲੇ ਹੋ ਜਾਂਦੀ ਏ। ਜਿਵੇਂ ਮੈਂ ਉਹਦੀ ਗੋਰੀ ਸੌਂਕਣ ਲੈ ਆਂਦੀ ਹੋਵੇ। ਪਰ ਜਦੋਂ ਮੈਂ ਪਾਰਕ 'ਚ ਘੁੰਮਦਾ ਹਾਂ ਤਾਂ ਮੇਰੇ ਮਨ ਵਿਚ ਲੀਜ਼ਾ ਘੁੰਮਦੀ ਏ। ਉਹਦੀ ਚਿਕਨੀ ਦੇਹ ਘੁੰਮਦੀ ਏ। ਮੈਂ ਤਾਂ ਉਦੋਂ ਉੱਡਿਆ ਫਿਰਨ ਲੱਗ ਪੈਂਦਾ ਹਾਂ। ਯਾਰ ਤੋਖੀ ! ਜੇ ਕੁਦਰਤ ਨੇ ਮੈਨੂੰ ਬੁੱਢਿਆਂ ਕਰਕੇ ਜਿਉਣ ਦੇ ਰਾਹ ਬੰਦ ਕਰ ਦਿੱਤੇ ਤਾਂ ਤੂੰ ਮੇਰੇ ਜਿਉਣ ਦੇ ਅਨੇਕਾਂ ਰਾਹ ਖੋਲ੍ਹ ਦਿੱਤੇ ਨੇ।

ਇਕ ਵਾਰ ਪਤੈ ਕੀ ਹੋਇਆ, ਬੈੱਡ 'ਤੇ ਬੈਠੇ ਬੈਠੇ ਦੀ ਮੇਰੀ ਝੋਕ ਲੱਗ ਗਈ। ਮੈਂ ਅੱਖਾਂ ਬੰਦ ਕਰਕੇ ਤਾਂ ਪਹਿਲਾਂ ਹੀ ਬੈਠ ਜਾਂਦਾ ਸੀ। ਮੇਰੀਆਂ ਲੱਤਾਂ ਦੀ ਚੌਂਕੜੀ ਲੱਗੀ ਹੋਈ ਸੀ। ਮਨ 'ਚ ਮੇਰੇ ਲੀਜ਼ਾ ਦੀ ਤਸਵੀਰ ਜਿਓ ਘੁੰਮਦੀ ਸੀ। ਉਦੋਂ ਤੱਕ ਉਹਨੇ ਮੈਨੂੰ ਕਈ ਤਸਵੀਰਾਂ ਭੇਜ ਦਿੱਤੀਆਂ ਸਨ। ਇਕ ਦਮ ਚਿਕਨੀਆਂ। ਮੈਨੂੰ ਮਹਿਸੂਸ ਹੋਇਆ ਜਿਵੇਂ ਲੀਜ਼ਾ ਗੁਲਾਬੀ ਨਾਇਟੀ ਪਾ ਕੇ ਮੇਰੇ ਕਮਰੇ 'ਚ ਆ ਗਈ ਏ। ਗੁਲਾਬ 'ਚ ਗੁੰਨ੍ਹਿਆ ਉਹਦਾ ਪਿੰਡਾ ਮਹਿਕਾਂ ਛੱਡ ਰਿਹਾ ਏ। ਮੈਂ ਸੁੰਗੜ ਕੇ ਬੈਠ ਜਾਂਦਾ ਹਾਂ। ਉਹ ਹੱਸਦੀ ਏ... ਆਪਣੇ ਸੁਨਹਿਰੀ ਵਾਲ਼ਾਂ ਨੂੰ ਵਾਰ-ਵਾਰ ਮੱਥੇ ਤੋਂ ਪਰ੍ਹੇ ਕਰਦੀ ਏ। ਮੈਂ ਆਪਣੀਆਂ ਬੁੱਢੀਆਂ ਹੱਡੀਆਂ ਨੂੰ 'ਕੱਠੀਆਂ ਕਰ ਲੈਂਦਾ ਹਾਂ। ਉਹ ਕਹਿੰਦੀ ਏ ਹਨੀ... ਤੂੰ ਤਾਂ ਮੇਰਾ ਪਿਆਰ ਏਂ। ਆ ਮੇਰੀਆਂ ਬਾਹਾਂ 'ਚ ਆ ਜਾ। ਮੈਂ ਉਹਦੇ ਮੋਹਰੇ ਸੁੰਗੜ ਕੇ ਮੁੱਠ ਕੁ ਹੋ ਜਾਂਦਾ ਹਾਂ। ਉਹ ਮੇਰੇ ਹੱਡੀਆਂ ਨਾਲੋਂ ਢਿਲਕ ਗਏ ਮਾਸ ਵਾਲੀ ਬਾਂਹ 'ਤੇ ਹੱਥ ਫੇਰਦੀ ਏ। ਉਦੋਂ ਹੀ ਬੁੱਢੀ ਦੀ ਆਵਾਜ਼ ਮੇਰੇ ਕੰਨਾਂ 'ਚ ਪੈਂਦੀ ਏ, ''ਵੇ ਫ਼ੌਜੀਆ ਤੈਨੂੰ ਕੀ ਹੋ ਗਿਆ, ਤੂੰ ਕਿਵੇਂ 'ਕੱਠਾ ਜਿਹਾ ਹੋਈ ਜਾਂਦੈ? ਮੈਂ ਕਹਾਂ ਖਬਰੇ ਫ਼ੌਜੀ ਨੂੰ ਮਿਰਗੀ ਦਾ ਦੌਰਾ ਪੈ ਗਿਆ। ਮੈਂ ਅੱਬੜਵਾਹਾ ਬੈੱਡ ਦੇ ਖੂੰਜੇ ਲੱਗਾ ਉੱਠਦਾ ਹਾਂ। ਡੌਰ-ਭੌਰਾ ਹੋ ਕੇ ਬੁੱਢੀ ਵੱਲ ਵੇਖਦਾ ਹਾਂ, ਮੈਨੂੰ ਉਹਦਾ ਧੁਆਂਖਿਆ ਚਿਹਰਾ ਦਿਸਦਾ ਏ। ਵਾਲ਼ ਮਹਿੰਦੀ ਲਾ ਕੇ ਲਾਲ ਕੀਤੇ ਹੋਏ ਨੇ। ਮੈਨੂੰ ਉਹ ਭੂਤਨੀ ਜਿਹੀ ਲੱਗਦੀ ਏ। ਮੈਂ ਬੁੜ ਬੁੜ ਕਰਦਾ, ਉਹਦੇ ਕੋਲੋਂ ਚਾਹ ਦਾ ਕੱਪ ਫੜ ਕੇ ਜ਼ੋਰ-ਜ਼ੋਰ ਦੀ ਸੜ੍ਹਾਕੇ ਮਾਰ, ਚਾਹ ਪੀਣ ਲੱਗ ਪੈਂਦਾ ਹਾਂ। ਕਈ ਵਾਰ ਤਾਂ ਤੋਖੀ ਯਾਰ ਮੈਂ ਜਾਣ ਕੇ ਅੱਖਾਂ ਬੰਦ ਕਰ ਲੈਂਦਾ ਹਾਂ। ਫੇਸ ਬੁੱਕ 'ਤੇ ਭੇਜੀ ਲੀਜ਼ਾ ਦੀ ਤਾਜ਼ੀ ਤਸਵੀਰ ਆਪਣੀਆਂ ਅੱਖਾਂ ਅੱਗੇ ਲੈ ਆਉਂਦਾ ਹਾਂ। ਫਿਰ ਇੱਕ ਵੱਖਰੇ ਹੀ ਸੰਸਾਰ ਵਿਚ ਪਹੁੰਚ ਜਾਂਦਾ ਹਾਂ। ਜਦੋਂ ਅੱਖਾਂ ਖੋਲ੍ਹਦਾ ਹਾਂ ਤਾਂ ਕਮਰੇ 'ਚ ਉਹੀ ਧੂੜ ਨਾਲ ਭਰਿਆ ਸਮਾਨ ਦਿਸਦਾ ਏ। ਸਾਹਮਣੇ ਟੰਗੀ ਫ਼ੌਜੀ ਵਰਦੀ ਦਿਸਦੀ ਏ। ਮੈਂ ਆਪਣੇ ਆਲੇ-ਦੁਆਲੇ ਦੀ ਧੂੜ ਸਾਫ਼ ਹੀ ਨਹੀਂ ਕਰਨਾ ਚਾਹੁੰਦਾ। ਇਹ ਧੂੜ ਭਰਿਆ ਸੰਸਾਰ ਤਾਂ ਕੁਸ਼ੱਲਿਆ ਵਾਸਤੇ ਐ। ਮੇਰਾ ਸੰਸਾਰ ਤਾਂ ਮੇਰੀਆਂ ਅੱਖਾਂ 'ਚ ਏ। ਜਿਹੜਾ ਮੈਂ ਅੱਖਾਂ ਮੀਟ ਕੇ ਵੇਖਦਾ ਹਾਂ। ਤੋਖੀ ਯਾਰ ! ਲੀਜ਼ਾ ਮੇਰਾ ਕਿੰਨਾ ਖਿਆਲ ਰੱਖਦੀ ਏ। ਸਵੇਰੇ ਹੀ ਛਣ-ਛਣ ਕਰਦੀ ਗੁੱਡ ਮੌਰਨਿੰਗ ਭੇਜ ਦਿੰਦੀ ਏ। ਪਿਆਰ ਭਿੱਜੇ ਸ਼ਬਦਾਂ ਨਾਲ ਮੈਸੇਜ ਕਰਦੀ ਏ। ਹਰ ਦਿਨ ਆਪਣੀ ਤਾਜ਼ੀ ਫੋਟੋ ਭੇਜਦੀ ਏ। ਚਾਰ ਪੰਜ ਮਿੰਟ ਬਾਅਦ ਮੁੜ ਲੁਕ ਜਾਂਦੀ ਏ। ਮੈਂ ਉਹਦੇ ਮੈਸੇਜ ਵਾਰ-ਵਾਰ ਪੜ੍ਹਦਾ ਹਾਂ। ਉਹਦੀ ਭੇਜੀ ਫੋਟੋ ਵਾਰ ਵਾਰ ਵੇਖਦਾ ਹਾਂ। ਫੇਰ ਕਿੰਨਾ ਚਿਰ ਛਣ-ਛਣ ਦੀ ਆਵਾਜ਼ ਸੁਣਨ ਨੂੰ ਤਰਸ ਜਾਂਦਾ ਹਾਂ। ਮੈਨੂੰ ਕਈ ਵਾਰ ਬਹੁਤ

ਅਚੋਆਈ ਲੱਗ ਜਾਂਦੀ ਏ। ਛਣ-ਛਣ ਹੁਣ ਵੀ ਹੋਈ... ਹੁਣ ਵੀ ਹੋਈ। ਏਸੇ ਆਸ ਨਾਲ ਦਿਨ ਲੰਘ ਜਾਂਦਾ ਏ। ਹਰ ਰੋਜ਼ ਜਦੋਂ ਜਦੋਂ ਉਹ ਮੈਸੇਜ ਕਰਦੀ ਏ ਮੈਂ ਉਹ ਸਮਾਂ ਨੋਟ ਕਰਦਾ ਹਾਂ। ਉਸ ਸਮੇਂ ਦੌਰਾਨ ਮੇਰੀ ਅੱਚੋਆਈ ਬਹੁਤ ਵਧ ਜਾਂਦੀ ਏ। ਕਈ ਵਾਰ ਤਾਂ ਕੰਨਾਂ ਨੂੰ ਉਂਞ ਹੀ ਸੁਣੀ ਜਾਂਦਾ ਏ ਬਈ ਛਣ-ਛਣ ਹੋਈ ਏ। ਅਵਾਜ਼ ਚਿੜੀ ਦੀ ਚੀਂਅ ਚੀਂਅ ਦੀ ਹੁੰਦੀ ਏ ਪਰ ਮੈਨੂੰ ਛਣ-ਛਣ ਸੁਣਦੀ ਏ। ਮੈਂ ਵਾਰ-ਵਾਰ ਮੁਬਾਇਲ ਵੇਖਦਾ ਹਾਂ। ਏਸ ਤਰ੍ਹਾਂ ਸਾਇਦ ਤੇਰੇ ਨਾਲ ਵੀ ਹੁੰਦਾ ਹੋਵੇ। ਬੁੜ੍ਹੀ ਅਕਸਰ ਹੀ ਬੁੜ-ਬੁੜ ਕਰਦੀ ਏ, ''ਏਹ ਫ਼ੌਜੀ ਤਾਂ ਸਾਰਾ ਸਾਰਾ ਦਿਨ ਮੁਬਾਇਲ ਨਾਲ ਚੁੰਬੜਿਆ ਰਹਿੰਦਾ ਏ।''

ਛਣ-ਛਣ ਨਾਲ ਮੇਰੇ ਚੰਗੇ ਦਿਨ ਲੰਘ ਰਹੇ ਸਨ। ਮੈਂ ਤਾਂ ਹਵਾ 'ਚ ਉੱਡਿਆ ਫਿਰ ਰਿਹਾ ਸੀ। ਜਦੋਂ ਇਕ ਦਿਨ ਚਾਰ ਪੰਜ ਵਾਰੀ ਛਣ -ਛਣ ਹੁੰਦੀ ਏ ਮੈਂ ਉਦੋਂ ਰੋਟੀ ਖਾ ਰਿਹਾ ਸੀ। ਸੋਚਿਆ ਰੋਟੀ ਖਾ ਕੇ ਛਣ-ਛਣ ਸੁਣਦਾਂ। ਏਸ ਸਮੇਂ ਲੀਜ਼ਾ ਹੀ ਮੈਸੇਜ ਕਰਦੀ ਹੁੰਦੀ ਏ। ਕਾਹਲੀ ਨਾਲ ਦਾਲ ਵਾਲੇ ਹੱਥ ਕੱਪੜੇ ਨਾਲ ਸਾਫ਼ ਕਰਕੇ ਮੈਂ ਜਦੋਂ ਮੁਬਾਇਲ ਖੋਲ੍ਹਿਆ ਤਾਂ ਲੀਜ਼ਾ ਦੇ ਮੇਸੇਜ ਸੀ , ''ਹਾਏ ਹਨੀ ! ਹਓ ਆਰ ਯੂ, ਆਈ ਐਮ ਫਾਇਨ। ਅੱਗੇ ਕਹਿੰਦੀ... ਮੈਂ ਭਿਆਨਿਕ ਸਮੱਸਿਆ 'ਚ ਫਸ ਗਈ ਹਾਂ। ਸਾਰੀ ਰਾਤ ਸਾਡੇ ਸ਼ਹਿਰ ਰੱਕਾ ਵਿਚ ਫ਼ੌਜ ਵੱਲੋਂ ਫਾਇਰਿੰਗ ਹੁੰਦੀ ਰਹੀ ਏ। ਏਧਰੋਂ ਬਾਗੀ ਲੜਾਕੇ ਵੀ ਫਾਇਰਿੰਗ ਕਰਦੇ ਰਹੇ ਨੇ। ਸਾਰੀ ਰਾਤ ਫ਼ੌਜੀ ਬੰਬ ਸੁੱਟਦੇ ਰਹੇ ਹਨ। ਫਿਰ ਉਹ ਤਿੰਨ ਚਾਰ ਤਸਵੀਰਾ ਭੇਜਦੀ ਏ। ਝੱਟ ਦੇਣੀ ਇਕ ਤਸਵੀਰ ਮੁਬਾਇਲ ਦੀ ਸਕਰੀਨ 'ਤੇ ਉਭਰਦੀ ਏ... ਪੁਰਾਣੇ ਸ਼ਹਿਰ ਦੀ ਤਸਵੀਰਾਂ ਏ। ਦੂਰ ਅੱਗ ਤੇ ਧੂੰਏਂ ਦਾ ਗੁਬਾਰ ਉੱਠ ਰਿਹਾ ਏ। ਲੋਕ ਡਰੇ ਹੋਏ ਏਧਰ-ਉਧਰ ਭੱਜ ਰਹੇ ਨੇ, ਉਨ੍ਹਾਂ ਦੇ ਚਿਹਰਿਆਂ 'ਤੇ ਡਰ ਦਾ ਖ਼ੌਫ ਏ। ਝਟ ਦੂਜੀ ਤਸਵੀਰ ਤੇ ਜਦੋਂ ਕਲਿਕ ਕਰਦਾ ਹਾਂ ਤੇ ਉਹ ਵੀ ਸਕਰੀਨ ਤੇ ਫੈਲ ਜਾਂਦੀ ਏ। ਦੂਜੀ ਤਸਵੀਰ 'ਚ ਅਨੇਕਾਂ ਲੋਕ ਲੋਥਾਂ ਬਣ ਕੇ ਖਿੰਡੇ ਹੋਏ ਪਏ ਨੇ। ਕਿਤੇ ਕਿਸੇ ਬੰਦੇ ਦੀ ਲੱਤ ਪਈ ਏ, ਕਿਤੇ ਧੜ ਪਿਆ ਏ, ਕਿਤੇ ਬਾਂਹ ਪਈ ਏ, ਕੁਝ ਲੋਕ ਦੁਬਕੇ ਹੋਏ ਨੇ, ਲਹੂ ਨਾਲ ਸਾਰਾ ਆਲ਼ਾ-ਦੁਆਲ਼ਾ ਭਰਿਆ ਪਿਆ ਏ। ਇਕ ਪਾਸੇ ਧੂੰਏਂ ਤੇ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਨੇ। ਤੀਜੀ ਤਸਵੀਰ ਮੁਬਾਇਲ 'ਤੇ ਉਭਰ ਆਉਂਦੀ ਏ। ... 'ਨੇਰ੍ਹੇ 'ਚ ਇਕ ਕਾਰ ਜ਼ਲ ਕੇ ਰਾਖ਼ ਹੋ ਰਈ ਏ। ਉਸ ਦੇ ਨੇੜਿਓਂ ਦੀ ਇੱਕ ਬੰਦਾ ਇਕ ਨਿੱਕੇ ਬੱਚੇ ਨੂੰ ਚੁੱਕੀ ਭੱਜਾ ਜਾ ਰਿਹਾ ਏ। ਅਗਲੀ ਤਸਵੀਰ ਇਕ ਫ਼ੌਜੀ ਦੀ ਏ ਜਿਹਦੀ ਲੱਤ ਲਹੂ ਨਾਲ ਲੱਥ ਪਥ ਏ। ਦੋ ਫ਼ੌਜੀ ਉਹਨੂੰ ਬਾਂਹਾਂ ਤੋਂ ਧੂਹ ਕੇ ਲਿਜਾ ਰਹੇ ਨੇ। ਫੋਟੋ ਵੇਖ ਕੇ ਮੇਰੇ ਮਨ ਵਿਚ ਭਿਆਨਕ ਉਥਲ-ਪੁੱਥਲ ਮੱਚਦੀ ਏ।

ਅਚਾਨਕ ਫਿਰ ਛਣ-ਛਣ ਹੁੰਦੀ ਏ। ਝਟ ਮੁਬਾਇਲ 'ਤੇ ਲੀਜ਼ਾ ਦਾ ਮੈਸੇਜ ਉਭਰਦਾ ਏ... ਮੇਰੇ ਲਵਰ ! ਮੈਂ ਏਥੇ ਸੇਫ਼ ਨਹੀਂ ਹਾਂ। ਮੈਨੂੰ ਤੇਰੀ ਸਹਾਇਤਾ ਦੀ ਲੋੜ ਏ। ਮੈਨੂੰ ਆਪਣਾ ਐਡਰਸ ਤੇ ਫ਼ੋਨ ਨੰਬਰ ਭੇਜ। ਮੈਂ ਬਹੁਤ ਡਰੀ ਹੋਈ ਹਾਂ। ਸਾਡੇ ਰੱਕਾ ਸ਼ਹਿਰ ਨੂੰ ਹੁਣ ਫ਼ੌਜੀ ਤਬਾਹ ਕਰਕੇ ਛੱਡਣਗੇ। ਸਾਰੇ ਸੀਰੀਆ ਦੇ ਲੋਕ ਏਥੋਂ ਨਿਕਲ ਕੇ ਸੀਰੀਆ-ਤੁਰਕੀ ਸਰਹੱਦੀ ਚੌਂਕੀ ਰਾਹੀ ਤੁਰਕੀ ਵੱਲ ਭੱਜ ਰਹੇ ਨੇ। ਮੈਂ ਇੰਡੀਆ ਆ ਜਾਣਾ ਚਾਹੁੰਦੀ ਹਾਂ।

ਯਾਰ ਤੋਖੀ ! ਜਦੋਂ ਲੀਜ਼ਾ ਦਾ ਛਣ-ਛਣ ਕਰਦਾ ਮੈਸੇਜ ਆਇਆ ਬਈ ਸਾਡਾ ਰੱਕਾ ਸ਼ਹਿਰ ਫ਼ੌਜ ਨੇ ਪੂਰੀ ਤਰ੍ਹਾਂ ਘੇਰ ਲਿਆ ਏ ਤੇ ਉਹ ਸਾਡੇ ਘਰਾਂ ਤੇ ਗੋਲੀਆਂ ਰਾਕੇਟ-ਲਾਂਚਰ ਤੇ ਬੰਬਾਂ ਨਾਲ ਹਮਲੇ ਕਰ ਰਹੇ ਨੇ। ਏਧਰ ਬਾਗੀ ਲੜਾਕੂ ਮੁੰਡੇ ਉਨ੍ਹਾਂ ਦਾ ਮੁਕਾਬਲਾ ਕਰ ਰਹੇ ਨੇ। ਤੇ ਉਸ ਨੇ ਕੁਝ ਹੋਰ ਫੋਟੋਆਂ ਵੀ ਭੇਜੀਆਂ ਸਨ ਤਾਂ ਉਨ੍ਹਾਂ ਨੂੰ ਵੇਖ ਕੇ ਮੈਂ ਤਾਂ ਪੱਥਰ ਜਿਹਾ ਹੋ ਗਿਆ ਸੀ। ਇਨ੍ਹਾਂ



ਫੋਟੋਆਂ ਵਿਚ ਥਾਂ-ਥਾਂ ਔਰਤਾਂ-ਮਰਦਾਂ ਦੇ ਸਰੀਰ ਦੇ ਟੁੱਕੜੇ ਖਿੱਲਰੇ ਹੋਏ ਸਨ। ਮੇਰੇ ਮਨ ਵਿਚ ਉਦੋਂ ਵਾਰ ਵਾਰ ਅੰਮ੍ਰਿਤਸਰ ਵੱਲ ਲੜੀ ਲੜਾਈ ਦਾ ਚੇਤਾ ਆਈ ਜਾਂਦਾ ਸੀ। ਮੈਂ ਸੁੰਨ ਹੋਇਆ ਪਿਆ ਸਾਂ ਤੇ ਮੈਂ ਟਿਕਟਿਕੀ ਲਗਾ ਕੇ ਕੰਧ ਨਾਲ ਟੰਗੀ ਆਪਣੀ ਫ਼ੌਜੀ ਵਰਦੀ ਵੱਲ ਵੇਖਣ ਲੱਗ ਪਿਆ ਸਾਂ। ਏਹ ਉਹੀ ਵਰਦੀ ਸੀ, ਜਿਹੜੀ ਮੈਂ ਜੰਗ ਵਿਚ ਪਾਈ ਸੀ। ਮੇਰੇ ਦਿਮਾਗ਼ ਵਿਚ ਫ਼ੌਜੀ ਵਰਦੀ 'ਚੋਂ ਜੰਗ ਦੇ ਦ੍ਰਿਸ਼ ਉਭਰਨ ਲੱਗ ਪਏ ਸਨ।

...ਦੁਸ਼ਮਣ ਚਾਹੁੰਦੇ ਸਨ ਕਿ ਖੇਮਕਰਨ ਵੱਲੋਂ ਪੰਜਾਬ 'ਤੇ ਹਮਲਾ ਕਰ ਦਿੱਤਾ ਜਾਵੇ। ਏਸ ਐਕਸ਼ਨ ਦਾ ਨਾਂ ਉਨ੍ਹਾਂ 'ਫ਼ਤਿਹ' ਰੱਖਿਆ ਹੋਇਆ ਸੀ। ਜਿਹੜਾ ਦੁਸ਼ਮਣ ਫ਼ੌਜ ਦਾ ਮੇਜਰ ਫੜਿਆ ਗਿਆ ਸੀ ਉਸ ਨੇ ਆਪਾਂ ਨੂੰ ਸਾਰਾ ਪਲੈਨ ਦੱਸਿਆ ਸੀ। ਉਨ੍ਹਾਂ ਦੀ ਸਕੀਮ ਸੀ ਬਈ ਟੈਂਕਾਂ ਦੀ ਸਹਾਇਤਾ ਨਾਲ ਹਰੀਕੇ ਨੂੰ ਕਾਬੂ ਕਰ ਲਿਆ ਜਾਵੇ , ਜਿੱਥੇ ਬਿਆਸ ਤੇ ਸੁਤਲੁਜ ਮਿਲਦੇ ਨੇ। ਉਨ੍ਹਾਂ ਦੀ ਦੂਜੀ ਪਲੈਨ ਸੀ ਬਈ ਖੇਮਕਰਨ, ਵਲਟੋਹਾ, ਪੱਟੀ ਵੱਲੋਂ ਘੁਸਪੈਠ ਕਰਕੇ ਅੰਮ੍ਰਿਤਸਰ ਦੀ ਵੱਖੀ ਤੋਂ ਲੰਘਦਿਆਂ ਜੰਡਿਆਲਾ ਗੁਰੂ ਤੇ ਬਿਆਸ ਤੱਕ ਦੀ ਰੇਲਵੇ ਪੱਟੜੀ ਤੇ ਸੜਕ ਨੂੰ ਕਾਬੂ ਕਰ ਲਿਆ ਜਾਵੇ। ਫੇਰ ਉਸ ਕੈਦੀ ਨੇ ਦੱਸਿਆ ਸੀ ਬਈ ਅਗਲੀ ਪਲੈਨ ਸੀ ਬਈ ਜਲੰਧਰ-ਪਠਾਨਕੋਟ-ਹਰੀਕੇ -ਬਿਆਸ ਦਾ ਸੰਪਰਕ ਤੋੜ ਕੇ ਜਲੰਧਰ ਨੂੰ ਆਪਣੇ ਹੱਥਾਂ 'ਚ ਲੈ ਲਿਆ ਜਾਵੇ। ਏਸੇ ਤਰ੍ਹਾਂ ਉਨ੍ਹਾਂ ਦਾ ਸੁਫ਼ਨਾ ਦਿੱਲੀ ਤੱਕ ਪਹੁੰਚ ਕੇ ਲਾਲ ਕਿਲ੍ਹੇ 'ਚ ਭੰਗੜੇ ਪਾਉਣ ਦਾ ਸੀ। ਉਹ ਪੰਜਾਬ ਦੇ ਏਸ ਹਿੱਸੇ ਤੇ ਕਬਜ਼ਾ ਕਰਕੇ ਜੰਮੂ-ਕਸ਼ਮੀਰ ਦਾ ਸੰਪਰਕ ਤੋੜ ਦੇਣਾ ਚਾਹੁੰਦੇ ਸਨ।

ਤੋਖੀ ਯਾਰ ! ਤੈਨੂੰ ਚੇਤੇ ਈ ਹੋਣਾ। ਜਦੋਂ ਆਰਮੀ ਅਫ਼ਸਰ ਦੇ ਹੁਕਮ ਆਏ ਬਈ ਇਛੋਗਿਲ ਨਹਿਰ ਦੇ ਪੂਰਬ ਵਾਲੇ ਪੁਲਾਂ 'ਤੇ ਕਬਜ਼ਾ ਕੀਤਾ ਜਾਵੇਗਾ। ਇਕ ਟੁਕੜੀ ਨੂੰ ਲਾਹੌਰ ਵੱਲ ਵਧਣ ਦੇ ਹੁਕਮ ਹੋਏ ਸਨ ਇਕ ਟੁਕੜੀ ਨੂੰ ਖੇਮਕਰਨ -ਕਸੂਰ ਵੱਲੋਂ ਇਛੋਗਿਲ ਨਹਿਰ ਦੇ ਬਣੇ ਪੁਲ ਤਬਾਹ ਕਰਨ ਉਪਰੰਤ ਚੜ੍ਹਾਈ ਕਰਨ ਦੇ ਹੁਕਮ ਮਿਲੇ ਸਨ। ਇਕ ਟੁਕੜੀ ਨੂੰ ਭਿੱਖੀ ਵਿੰਡ-ਬਰਕੀ ਵੱਲੋਂ ਹਮਲਾ ਕਰਨ ਲਈ ਕਿਹਾ ਗਿਆ ਸੀ। ਆਪਾਂ ਵੱਖ-ਵੱਖ ਟੁਕੜੀਆਂ 'ਚ ਜਾਨ ਤਲ਼ੀ 'ਤੇ ਰੱਖ ਕੇ ਲਾਹੌਰ ਵੱਲ ਨੂੰ ਵਧਣ ਲੱਗੇ ਸਾਂ। ਫੇ ਇਕ ਦਿਨ ਦੁਸ਼ਮਣਾਂ ਵੱਲੋਂ ਲੜਾਕੂ ਜਹਾਜ ਗੋਲੀ ਵਾਂਗ ਚੀਖ਼ਦੇ ਏਧਰ ਆਉਂਦੇ ਦਿਸੇ ਸਨ ਜੋ ਰਾਕਟ ਦਾਗ਼ ਕੇ ਨੱਠ ਗਏ ਸਨ। ਫਿਰ ਕਈ ਪਾਸਿਆਂ ਵੱਲੋਂ ਦੁਸ਼ਮਣਾਂ ਦੇ ਲੜਾਕੂ ਜਹਾਜ਼ ਤਬਾਹੀ ਮਚਾਉਣ ਲੱਗ ਪਏ ਸਨ। ਮੋਰਚਿਆਂ 'ਚ ਦੁਬਕੇ ਆਪਾਂ ਅਫ਼ਸਰਾਂ ਦੇ ਹੁਕਮ ਵੱਲ ਵੇਖ ਰਹੇ ਸਾਂ। ਏਹ ਵੀ ਪਤਾ ਲੱਗਾ ਬਈ ਸਿਆਲਕੋਟ, ਨਾਰੋਵਾਲ, ਹੁਡਿਆਰਾ, ਬਸੀਨ ਅਤੇ ਕਸੂਰ ਵਿਖੇ ਦੁਸ਼ਮਣ ਫ਼ੌਜਾਂ ਨੱਠੀਆਂ ਭੱਜੀਆਂ ਫਿਰ ਰਹੀਆਂ ਸਨ।

ਏਧਰੋਂ ਆਪਾਂ ਵੀ ਇਛੋਗਿਲ ਨਹਿਰ ਦੇ ਪੁਲਾਂ 'ਤੇ ਕਬਜ਼ਾ ਕਰ ਲਿਆ ਸੀ। ਰਾਤੋ-ਰਾਤ ਨਹਿਰ ਪਾਰ ਕਰਕੇ 'ਬਾਟਾ ਸ਼ੂ ਫੈਕਟਰੀ' ਤੱਕ ਪਹੁੰਚ ਗਏ ਸੀ। ਦਿਨ ਰਾਤ ਗੋਲੀਆਂ-ਬੰਬਾਂ ਦੀ ਠਾਹ-ਠੂਹ ਹੁੰਦੀ ਰਹੀ ਸੀ। ਪਤਾ ਨਹੀਂ ਸੀ ਬਈ ਕਿਹੜੀ ਗੋਲੀ ਕਿਸ ਦੀ ਛਾਤੀ ਚੀਰ ਜਾਵੇਗੀ।

ਉਧਰੋਂ ਤੁਹਾਡੇ ਵਾਲੀ ਟੁਕੜੀ ਨੇ ਭਿੱਖੀਵਿੰਡ-ਡਿੱਬੀਪੁਰ, ਖੇਮਕਰਨ ਤੋਂ ਕਸੂਰ ਵੱਲ ਨੂੰ ਵਹੀਰਾਂ ਘੱਤ ਲਈਆਂ ਸਨ। ਦੁਸ਼ਮਣ ਨੇ ਤੁਹਾਡੇ ਵਾਲੀ ਟੁਕੜੀ 'ਤੇ ਹਮਲਾ ਬੋਲ ਦਿੱਤਾ ਸੀ। ਉਨ੍ਹਾਂ ਦੀ ਇਕ ਟੁਕੜੀ ਨੇ ਬਿਆਸ ਵੱਲ ਨੂੰ ਵਧਣਾ ਸ਼ੁਰੂ ਕਰ ਦਿੱਤਾ ਸੀ। ਆਪਾਂ ਦੁਸ਼ਮਣਾਂ ਨੂੰ ਘੇਰਨ ਲਈ ਯੋਜਨਾਵਾਂ ਬਣਾ ਰਹੇ ਸੀ ਅਤੇ ਉਧਰੋਂ ਦੁਸ਼ਮਣ ਵੀ ਆਪਾਂ ਨੂੰ ਘੇਰਨ ਦੀ ਯੋਜਨਾ ਬਣਾ ਰਹੇ ਸਨ। ਆਪਣੀਆਂ ਕੁਝ ਪਲਟਨਾਂ ਨੇ ਡਰ ਕੇ ਏਧਰ ਉਧਰ ਖਿਸਕਣਾ ਸ਼ੁਰੂ ਵੀ ਕਰ ਦਿੱਤਾ ਸੀ। ਏਸ ਵੇਲੇ ਐਨੀ ਅਫ਼ਰਾ ਤਫ਼ਰੀ ਮੱਚੀ ਹੋਈ ਸੀ ਕਿ ਉਦੋਂ ਇਹ ਸੀ ਬਈ ਹੁਣ ਵੀ ਮਰੇ, ਹੁਣ ਵੀ ਮਰੇ। ਫੇ ਆਪਾਂ

ਨੂੰ ਇਲਾਕੇ 'ਚ ਬਾਰੂਦੀ ਸੁਰੰਗਾਂ ਵਿਛਾਉਣ ਦਾ ਹੁਕਮ ਹੋਇਆ ਸੀ... ਆਪਣੀ ਮਿਲਟਰੀ ਨੇ ਵਲਟੋਹਾਂ ਨੇੜੇ ਇਕ ਨਹਿਰ ਦੇ ਸੂਏ ਦਾ ਪਾਣੀ ਛੱਡ ਦਿੱਤਾ ਸੀ ਤਾਂ ਕਿ ਦੁਸ਼ਮਣਾਂ ਦੇ ਟੈਂਕ ਚਿੱਕੜ ਵਿਚ ਫਸ ਜਾਣ।

ਫੇ ਪਤਾ ਲੱਗਾ ਕਿ ਦੁਸ਼ਮਣ ਖੇਮਕਰਨ ਵੱਲ ਵਧਣ ਲੱਗ ਪਏ ਨੇ। ਸਾਡੀ ਬਟਾਲੀਅਨ ਉਦੋਂ ਚਿੱਟੀ ਖੂਹੀ, ਮਹਿਮੂਦਪੁਰ ਵਰਗੇ ਪਿੰਡਾਂ 'ਚ ਘੁੰਮ ਰਹੀ ਸੀ। ਓਸ ਵੇਲੇ ਪਿੰਡਾਂ ਦੇ ਲੋਕਾਂ ਨੇ ਮਿਲਟਰੀ ਦਾ ਬਹੁਤ ਸਾਥ ਦਿੱਤਾ ਸੀ। ਉਹ ਦਰੱਖ਼ਤਾਂ 'ਤੇ ਟਿਕਾਣੇ ਬਣਾ ਕੇ ਦੁਸ਼ਮਣ ਦੀਆਂ ਸਰਗਰਮੀਆਂ ਦੀ ਖ਼ਬਰ ਦਿੰਦੇ ਸਨ। ਫੇਰ ਇਕ ਦਿਨ ਦੁਸ਼ਮਣਾਂ ਦੀ ਫ਼ੌਜ ਨੇ ਆਪਣੇ ਟੈਂਕਾਂ ਨਾਲ ਭਾਰੀ ਫ਼ਾਇਰਿੰਗ ਕਰ ਦਿੱਤੀ ਸੀ। ਮੈਂ ਦੂਰੋਂ ਹੀ ਟੈਂਕਾਂ 'ਚੋਂ ਅੱਗ ਦੀਆਂ ਲਪਟਾਂ ਨਿਕਲਦੀਆਂ ਵੇਖ ਰਿਹਾ ਸੀ। ਜਿਵੇਂ ਲੀਜ਼ਾ ਵੱਲੋਂ ਭੇਜੀਆਂ ਫੋਟੋਆਂ 'ਚੋਂ ਅੱਗ ਦੀ ਲਪਟਾਂ ਨਿਕਲ ਰਹੀਆਂ ਵੇਖ ਰਿਹਾ ਸੀ।

ਫੇ ਪਤਾ ਲੱਗਾ ਕਿ ਆਪਣੀ ਹਵਾਈ ਸੈਨਾ ਦੇ ਇਕ ਜਹਾਜ਼ ਨੇ ਕਸੂਰ ਵੱਲ ਉਡਾਨ ਭਰ ਲਈ ਏ ਅਤੇ ਇਕ ਮਾਲ ਗੱਡੀ 'ਤੇ ਲੱਦੇ ਫ਼ੌਜੀ ਸਾਮਾਨ 'ਤੇ ਰਾਕੇਟਾਂ ਨਾਲ ਹਮਲਾ ਕਰ ਕੇ ਤਬਾਹ ਕਰ ਦਿੱਤੀ ਏ। ਉਸੇ ਵੇਲੇ ਰਾਤ ਦੀ ਆੜ 'ਚ ਸਾਡੀ ਟੁਕੜੀ ਅੱਗੇ ਵਧਣ ਲੱਗ ਪਈ ਸੀ। ਸਾਡੀ ਟੁਕੜੀ ਬੰਬ, ਗੋਲੇ, ਰਾਕੇਟ ਦਾਗ ਰਹੀ ਸੀ ਤੇ ਉਧਰੋਂ ਵੀ ਗੋਲੇ ਦਾਗੇ ਜਾ ਰਹੇ ਸਨ। ਸਾਡੇ ਅਫ਼ਸਰ ਕਹਿ ਰਹੇ ਸਨ ਕਿ ਜੇ ਦੁਸ਼ਮਣ ਖੇਮਕਰਨ ਸੈਕਟਰ ਪਾਰ ਕਰ ਲੈਂਦੇ ਹਨ ਤਾਂ ਉਹ ਸਿੱਧੇ ਬਿਆਸ ਜਾ ਕੇ ਰੁਕਣਗੇ। ਉਦੋਂ ਅਸੀਂ ਸਿਰ ਧੜ ਦੀ ਬਾਜ਼ੀ ਲਾ ਦਿੱਤੀ ਸੀ।

ਆਪਾਂ ਨੂੰ ਪਤਾ ਈ ਨਹੀਂ ਸੀ ਬਈ ਕਿੱਥੇ ਤੇ ਕਿਸ ਪੁਜ਼ੀਸ਼ਨ 'ਚ ਲੜਨਾ ਏ। ਜੋ ਉਪਰੋਂ ਹੁਕਮ ਆਉਂਦਾ ਸੀ ਆਪਾਂ ਤੁਰ ਪੈਂਦੇ ਸੀ। ਦੱਸਿਆ ਵੀ ਆਪਾਂ ਨੂੰ ਏਹੋ ਜਾਂਦਾ ਏ। ਅਚਾਨਕ ਪਤਾ ਲੱਗਾ ਕਿ ਦੁਸ਼ਮਣ ਫ਼ੌਜਾਂ ਗੋਲੇ ਦਾਗਦੀਆਂ ਅੱਗੇ ਵਧ ਰਹੀਆਂ ਹਨ। ਸਾਡੀਆਂ ਜ਼ਮੀਨੀ ਮੋਰਚਿਆਂ ਵਾਲੀਆਂ ਫ਼ੌਜਾਂ, ਗੱਡੀਆਂ, ਗੰਨਾਂ, ਭਾਰੀ ਤੋਪਾਂ ਤੇ ਜੀਪਾਂ ਤਿਆਰ ਬੈਠੀਆਂ ਸਨ ਬਈ ਕਦੋਂ ਹੁਕਮ ਆਉਣ। ਉਸ ਵੇਲੇ ਦਾ ਮੰਜ਼ਰ ਵੀ ਭੁੱਲਣ ਵਾਲਾ ਨਹੀਂ ਸੀ। ਜਦੋਂ ਦੁਸ਼ਮਣਾਂ ਦੇ ਟੈਂਕ ਨੇੜੇ ਆ ਗਏ ਅਤੇ ਆਪਣੇ ਤੋਪਖਾਨਿਆਂ ਟੈਂਕਾਂ ਨੂੰ ਤਬਾਹ ਕਰਨ ਲੱਗ ਪਏ ਸਨ। ਮੈਂ ਉਹ ਮੰਜ਼ਰ ਭਲਾ ਕਿਵੇਂ ਭੁੱਲ ਸਕਦਾ ਹਾਂ ਜਦੋਂ ਮੇਰਾ ਹਵਾਲਦਾਰ ਆਪਣੀ ਆਰ. ਸੀ. ਐਲ. ਤੋਪ ਨਾਲ ਆਪਣੀ ਜੀਪ 'ਚ ਸਵਾਰ ਇਕ ਟਿੱਲੇ ਪਿੱਛੇ ਲੁਕਿਆ ਹੋਇਆ ਸੀ ਤਾਂ ਉਦੋਂ ਹੀ ਕਮਾਦ ਦੇ ਖੇਤਾਂ 'ਚੋਂ ਨਿਕਲ ਕੇ ਚਾਰ ਪੈਟੇਨ ਟੈਂਕ ਉਸ ਵੱਲ ਆ ਰਹੇ ਸਨ। ਮੈਂ ਦੂਰਬੀਨ ਨਾਲ ਵੇਖ ਰਿਹਾ ਸੀ। ਉਹਨੇ ਦਲੇਰੀ ਨਾਲ ਇਕ-ਇਕ ਟੈਂਕ ਤਬਾਹ ਕਰ ਦਿੱਤਾ ਸੀ ਜਦੋਂ ਉਹਨੇ ਆਖਰੀ ਟੈਂਕ ਤਬਾਹ ਕੀਤਾ ਤਾਂ ਉਦੋਂ ਹੀ ਇਕ ਗੋਲੇ ਨੇ ਉਹਦੇ ਚੀਥੜੇ ਉਡਾ ਦਿੱਤੇ ਸਨ। ਉਹਦੇ ਸਰੀਰ ਦੇ ਟੁਕੜੇ ਦੂਰ-ਦੂਰ ਤੱਕ ਜਾ ਕੇ ਡਿੱਗੇ ਸਨ। ਵੇਖ ਕੇ ਮੈਂ ਸੁੰਨ ਹੋ ਕੇ ਰਹਿ ਗਿਆ ਸਾਂ। ਮੇਰੇ ਹੱਥੋਂ ਦੂਰਬੀਨ ਛੁੱਟ ਕੇ ਥੱਲੇ ਡਿੱਗ ਪਈ ਸੀ।

ਤੈਨੂੰ ਏਸ ਲੜਾਈ 'ਚ ਸੈਂਕੜੇ ਦੁਸ਼ਮਣ ਦੇ ਸੈਂਕੜੇ ਟੈਂਕ ਤਬਾਹ ਹੋ ਗਏ ਸਨ। ਉਨ੍ਹਾਂ ਟੈਂਕਾਂ ਨੂੰ ਭਿਖੀ ਵਿੰਡ 'ਚ ਇਕੱਠੇ ਕਰਕੇ ਰੱਖ ਦਿੱਤਾ ਗਿਆ ਸੀ, ਜਿਹਦਾ ਨਾਂ ਪੈਟਨ ਨਗਰ ਪੈ ਗਿਆ ਸੀ।

ਤੈਨੂੰ ਪਤਾ ਤੋਖੀ ਜਦੋਂ ਜੀਪ 'ਚ ਆਪਾਂ ਆਪਣੇ ਅਫ਼ਸਰ ਨਾਲ ਵਾਹਗੇ ਵੱਲ ਜਾ ਰਹੇ ਸੀ ਤਾਂ ਇਕ ਥਾਂ ਦੁਸ਼ਮਣ ਦੇ ਟੈਂਕ ਦਾ ਬੰਬ ਸਾਡੇ ਐਨ ਨੇੜੇ ਆ ਕੇ ਡਿੱਗਿਆ ਸੀ ਤੇ ਮੈਂ ਉਥੇ ਪਲਾਂ 'ਚ ਸੱਤ ਫੁੱਟ ਡੂੰਘਾ ਟੋਆ ਪੈਂਦਾ ਵੇਖਿਆ ਸੀ। ਮੈਂ ਉਦੋਂ ਬਹੁਤ ਜ਼ਿਆਦਾ ਦਹਿਲ ਗਿਆ ਸੀ।

ਇਕ ਦਿਨ ਛਣ-ਛਣ ਨਾਲ ਲੀਜ਼ਾ ਦਾ ਇਕ ਹੋਰ ਮੈਸੇਜ ਆਇਆ ਸੀ। ਮੈਸੇਜ ਝੱਟ ਸਕਰੀਨ 'ਤੇ ਉਭਰਿਆ ਸੀ, ਮੈਂ ਏਥੇ ਸੇਫ਼ ਨਹੀਂ ਹਾਂ। ਏਥੇ ਫ਼ੌਜੀ ਔਰਤਾਂ ਨੂੰ ਚੁੱਕ ਕੇ ਲੈ ਜਾਂਦੇ ਨੇ। ਤੇ ਫੇਰ



ਖ਼ੱਜਲ ਕਰਦੇ ਨੇ। ਉਨ੍ਹਾਂ ਦੇ ਜਿਸਮਾਂ ਨੂੰ ਨੋਚਦੇ ਨੇ। ਤੂੰ ਮੈਨੂੰ ਕਿਸੇ ਤਰੀਕੇ ਏਥੋਂ ਕੱਢ ਲੈ ਤੇ ਆਪਣੇ ਕੰਟਰੀ ਲੈ ਜਾ... ਮੈਨੂੰ ਆਪਣਾ ਐਡਰਸ ਤੁਰੰਤ ਭੇਜ। ਯਾਰ ਤੋਖੀ ਮੈਂ ਹੁਣ ਦੱਸ ਕੀ ਕਰਾਂ? ਏਹ ਫ਼ੌਜੀ, ਔਰਤਾਂ ਨਾਲ ਇੰਝ ਹੀ ਕਰਦੇ ਨੇ। ਤੂੰ ਵੀ ਜਾਣਦਾ ਈ ਏਂ...ਉਦੋਂ ਜੰਗ ਖਤਮ ਹੋ ਗਈ ਸੀ ਤੇ ਆਪਾਂ ਪਿੰਡਾਂ 'ਚ ਦੁਸ਼ਮਣ ਦੇ ਟੈਂਕ, ਚੱਲੇ ਬੰਬ ਵੇਖ ਰਹੇ ਸਾਂ ਤਾਂ ਆਪਾਂ ਨੂੰ ਪਿੰਡ ਦੇ ਲੋਕ ਕਹਿਣ ਲੱਗੇ ਕਿ ਦੁਸ਼ਮਣ ਨੇ ਸਾਡੇ ਪਿੰਡ 'ਚ ਭਾਰੀ ਤਬਾਹੀ ਮਚਾਈ ਏ। ਉਹ ਸਾਡੇ ਪਿੰਡ 'ਚੋਂ ਪੰਦਰਾਂ ਜਵਾਨ ਔਰਤਾਂ ਚੁੱਕ ਕੇ ਲੈ ਗਏ ਨੇ ਏਸੇ ਤਰ੍ਹਾਂ ਲਾਗਲੇ ਪਿੰਡੋਂ ਵੀ ਉਨ੍ਹਾਂ ਔਰਤਾਂ ਨੂੰ ਚੁੱਕਿਆ ਸੀ।

ਤੈਨੂੰ ਪਤਾ ਜਦੋਂ ਦੁਸ਼ਮਣ ਵੱਲੋਂ ਗੋਲੇ ਦਾਗੇ ਜਾ ਰਹੇ ਸਨ ਅਤੇ ਅਸੀਂ ਵੀ ਏਧਰੋਂ ਟੈਂਕਾਂ ਰਾਹੀਂ ਗੋਲੇ ਦਾਗ ਰਹੇ ਸਾਂ। ਭਿੱਖੀ ਵਿੰਡ ਨੇੜੇ ਅਸੀਂ ਪਿੰਡ ਦੇ ਜ਼ਿਮੀਂਦਾਰਾਂ ਨੂੰ ਬਾਹਰ ਨਿਕਲਣ ਤੋਂ ਰੋਕ ਰਹੇ ਸਾਂ। ਉਨ੍ਹਾਂ ਨੇ ਵੀ ਘਰਾਂ 'ਚ ਮੋਰਚੇ ਪੁੱਟ ਲਏ ਸਨ ਜਦੋਂ ਗੋਲਾਬਾਰੀ ਹੁੰਦੀ ਸੀ ਉਹ ਮੋਰਚਿਆਂ 'ਚ ਲੁਕ ਜਾਂਦੇ ਸਨ ਪਰ ਅਸੀਂ ਵੇਖਿਆ ਬਈ ਇਕ ਕਿਸਾਨ ਬਿਨਾਂ ਕਿਸੇ ਡਰ ਦੇ ਹਲ੍ਹ ਵਾਹ ਰਿਹਾ ਸੀ, ਮੈਂ ਜਦੋਂ ਉਹਨੂੰ ਰੋਕਿਆ ਤਾਂ ਉਹ ਅੱਗਿਓਂ ਬੋਲਿਆ,

"ਓਏ ਫ਼ੌਜੀਆਂ ! ਤੈਨੂੰ ਪਤਾ ਨਹੀਂ ਬਈ ਆਹ ਜ਼ਮੀਨ ਵੱਤਰ 'ਤੇ ਆਈ ਹੋਈ ਐ। ਜੇਕਰ ਏਹਨੂੰ ਵਾਹਿਆ ਨਾ ਗਿਆ ਤਾਂ ਇਹਨੇ ਸੁੱਕ ਜਾਣਾ ਏ। ਤੁਹਾਡਾ ਕੰਮ ਖੇਤੀ ਕਰਨਾ ਨਹੀਂ ਏ, ਗੋਲੀਆਂ ਚਲਾਉਣਾ ਏ, ਤੁਸੀਂ ਗੋਲੀਆਂ ਦਾਗੀ ਜਾਓ ਮੈਨੂੰ ਆਪਣਾ ਕੰਮ ਕਰਨ ਦਿਓ।" ਉਹਦੀ ਗੱਲ ਮੇਰਾ ਸੀਨਾ ਚੀਰ ਗਈ ਸੀ।

ਲੈ ਹੋਰ ਸੁਣ ਉਥੋਂ ਦੇ ਕਿਸਾਨ ਵੀ ਠਾਹ-ਠੂਹ ਨੂੰ ਨਿਆਣਿਆ ਦੀ ਖੇਡ ਸਮਝ ਰਹੇ ਸਨ। ਇਕ ਜ਼ਿਮੀਂਦਾਰ ਆਪਣੇ ਬਲਦਾਂ ਪਿੱਛੇ ਸੁਹਾਗੇ ਦੀ ਥਾਂ ਚਾਲੀ-ਪੰਜਾਹ ਕਿਲੋ ਦਾ ਅਣਚੱਲਿਆ ਬੰਬ ਬੰਨ੍ਹ ਕੇ ਤੁਰਿਆ ਆ ਰਿਹਾ ਸੀ। ਜਦੋਂ ਉਹਨੂੰ ਪੁੱਛਿਆ ਤਾਂ ਉਹ ਝੱਟ ਬੋਲਿਆ, "ਜਨਾਬ ਏਹ ਬੰਬ ਮੇਰੀ ਜ਼ਮੀਨ 'ਚ ਡਿੱਗਿਆ ਪਿਆ ਸੀ? ਮੈਂ ਸੋਚਿਆ ਏਹਨੂੰ ਚੁੱਕ ਕੇ ਸੜਕ ਤੇ ਰੱਖ ਦਿੰਦਾ ਹਾਂ ਆਪੇ ਜਿਸ ਦਾ ਹੋਇਆ ਚੁੱਕ ਕੇ ਲੈ ਜਾਊ। ਅਸੀਂ ਕਿਹੜਾ ਏਹਦਾ ਮੁਰੱਬਾ ਪਾਉਣਾ।"

ਲੀਜ਼ਾ ਵੱਲੋਂ ਭੇਜੇ ਮੈਸੇਜ ਪੜ੍ਹ ਕੇ ਮੇਰੇ ਮਨ 'ਚ ਵਾਰ-ਵਾਰ ਏਹ ਜੰਗ ਚੇਤੇ ਆਉਂਦੀ ਰਹੀ ਸੀ। ਏਸੇ ਜੰਗ ਵਿਚ ਤੇਰੀ ਲੱਤ ਵਿਚ ਗੋਲੀ ਲੱਗੀ ਸੀ। ਅਤੇ ਮੇਰਾ ਬਹੁਤ ਕਰੀਬੀ ਦੋਸਤ ਦੁਸ਼ਮਣ ਦੇ ਰਕੇਟ ਹਮਲੇ ਨਾਲ ਮਰ ਗਿਆ ਸੀ। ਮੇਰੇ ਸਿਰ ਤੋਂ ਅਨੇਕਾਂ ਵਾਰ ਗੋਲੀਆਂ ਅਤੇ ਤੋਪ ਦੇ ਗੋਲੇ ਲੰਘੇ ਸੀ। ਲੀਜ਼ਾ ਦੇ ਦੇਸ਼ ਸੀਰੀਆ 'ਚ ਵੀ ਜੰਗ ਛਿੜੀ ਹੋਈ ਏ। ਬਹੁਤ ਲੰਮੀ ਜੰਗ। ਉਂਗਲੀ ਲਉਣ ਵਾਲੇ ਮੁਲਖ਼ ਵੀ ਘੱਟ ਨ੍ਹੀਂ ਤੇ ਉਥੇ ਦੇ ਲੋਕ ਬਾਗੀ ਹੋ ਗਏ ਨੇ। ਏਹ ਬਾਗੀ ਲੜਾਕੂ ਆਪਣੀ ਕੰਟਰੀ 'ਤੇ ਆਪਣਾ ਕਬਜ਼ਾ ਕਰਨਾ ਚਾਹੁੰਦੇ ਨੇ। ਏਸੇ ਕਰਕੇ ਉਥੋਂ ਦਾ ਸਾਰਾ ਜੀਵਨ ਤਬਾਹ ਹੋ ਗਿਆ ਏ। ਵਿਦੇਸ਼ੀ ਫ਼ੌਜਾਂ ਉਥੋਂ ਦੇ ਲੋਕਾਂ ਨੂੰ ਮਾਰਨ ਲਈ ਮਿੰਟ ਲਾਉਂਦੀਆਂ ਨੇ।

ਤੋਖੀ ਯਾਰ ! ਤੈਨੂੰ ਮੈਂ ਪਰਦੇ ਆਲੀ ਗੱਲ ਦੱਸਾਂ... ਮੇਰੀ ਮਾਂ ਦਾ ਇਕ ਹੀ ਦੁੱਧ ਸੀ। ਜਦੋਂ ਮੇਰੀ ਵੱਡੀ ਭੈਣ ਜਨਮੀ ਸੀ ਦੱਸਦੇ ਨੇ ਉਹਦੇ ਇਕ ਦੁੱਧ 'ਚ ਕੈਂਸਰ ਦੀਆਂ ਜੜ੍ਹਾਂ ਫੈਲ ਗਈਆਂ ਸਨ। ਤੇ ਡਾਕਟਰ ਨੇ ਉਹਦਾ ਇਕ ਦੁੱਧ ਕੱਟ ਦਿੱਤੀ ਸੀ। ਮਾਂ ਨੇ ਅਗਲੇ ਚਾਰ ਨਿਆਣੇ ਇਕ ਦੁੱਧ ਨਾਲ ਪਾਲ਼ੇ ਸਨ। ਜਦੋਂ ਮੇਰਾ ਜਨਮ ਹੋਇਆ ਤਾਂ ਉਧਰੋਂ ਮੇਰੀ ਚਾਚੀ ਦੇ ਕੁੜੀ ਹੋ ਗਈ । ਚਾਚੀ ਕੁੜੀ ਜੰਮ ਕੇ ਮਰ ਗਈ ਸੀ। ਫੇ ਮੇਰੀ ਮਾਂ ਨੇ ਚਾਚੀ ਦੀ ਕੁੜੀ ਤੇ ਮੈਨੂੰ ਇਕ ਦੁੱਧ ਵਾਰੀ ਵਾਰੀ ਚੁੰਘਾ ਕੇ ਪਾਲ਼ਿਆ ਸੀ। ਸੱਚੀ ਗੱਲ ਦੱਸਾਂ ਮਾਂ ਦੇ ਦੁੱਧ ਪੀਣ ਦਾ ਤਰਸੇਵਾਂ ਮੇਰੇ ਦਿਮਾਗ਼ 'ਚ ਅਜੇ ਤੀਕ ਅੜਿਆ ਹੋਇਆ ਏ। ਜਦੋਂ ਕੁਸ਼ੱਲਿਆ ਨਾਲ ਵਿਆਹ ਹੋਇਆ ਤਾਂ ਮੈਂ ਹਾਬੜਿਆ ਹੋਇਆ ਉਹਦੇ

ਦੁੱਧਾਂ ਨੂੰ ਪੈ ਜਾਂਦਾ ਸੀ। ਹੁਣ ਬੁੜ੍ਹੀ ਹੋ ਗਈ ਏ। ਉਹਦੀਆਂ ਤੋਰੀਆਂ ਜਿਹੀਆਂ ਲਮਕਦੀਆਂ ਵੇਖ ਕੇ ਮੇਰਾ ਮੂੰਹ ਬੇ ਸੁਆਦਾ ਹੋ ਜਾਂਦਾ ਏ। ਤੇ ਲੀਜ਼ਾ ਤਾਂ ਭਰਵੇਂ ਸਰੀਰ ਦੀ ਏ। ਮੇਰੀਆਂ ਅੱਖਾਂ ਅੱਗੇ ਉਹਦੇ ਦੁੱਧ ਨਾਲ ਭਰੇ ਭਾਂਢੇ ਘੁੰਮਦੇ ਰਹਿੰਦੇ ਨੇ।

ਤੂੰ ਕਹਿਣਾ ਝੂਠ ਬੋਲਦਾ! ਲੀਜ਼ਾ ਦੀ ਹੁਣ ਛਣ-ਛਣ ਹੁੰਦੀ ਰਹਿੰਦੀ ਏ। ਉਹ ਮੈਨੂੰ ਨਿੱਕੇ-ਨਿੱਕੇ ਮੈਸੇਜ ਕਰਕੇ ਪੁੱਛਦੀ ਰਹਿੰਦੀ ਏ। ਤੇਰਾ ਕੰਟਰੀ ਕਿਹੋ ਜਿਹਾ ਏ? ਤੇਰੇ ਘਰ 'ਚ ਹੋਰ ਕੌਣ ਨੇ? ਮੈਂ ਤੇਰੇ ਕੋਲ ਆ ਜਾਣਾ ਏ। ਏਥੇ ਸਾਡਾ ਸ਼ਹਿਰ ਰੱਕਾ ਬਾਗੀਆਂ ਦੇ ਕਬਜ਼ੇ ਹੇਠ ਏ। ਕੁੜੀਆਂ ਘਰੋਂ ਬਾਹਰ ਨਹੀਂ ਨਿਕਲਦੀਆਂ। ਸਾਡੇ ਨੇੜੇ ਦੇ ਸ਼ਹਿਰ ਅਲ ਫੌਅ ਤੇ ਕੈਪਰਾਇਆ ਬਾਗੀਆਂ ਦੇ ਕਬਜ਼ੇ ਹੇਠ ਨੇ। ਤੁਰਕੀ ਵੱਲ ਸਾਡੇ ਲੋਕ ਨੱਠੀ ਜਾ ਰਹੇ ਨੇ। ਪਰ ਜੇ ਉਹ ਬਾਗੀਆ ਦੇ ਧੱਕੇ ਚੜ੍ਹ ਜਾਣ ਤਾਂ ਉਹ ਮਾਰੇ ਜਾਂਦੇ ਨੇ। ਸਾਡੇ ਕੁਣਬੇ ਦੇ ਪੰਦਰਾਂ ਲੋਕ ਫ਼ੌਜੀ ਗੋਲੀਆਂ ਨਾਲ ਮਾਰੇ ਗਏ ਨੇ।

ਤੋਖੀ ਤੈਨੂੰ ਪਤਾ ਏ ਜੰਗ ਵਿਚ ਆਮ ਲੋਕਾਂ ਦਾ ਘਾਣ ਹੁੰਦੇ ਏ। ਫ਼ੌਜੀ ਸੰਗੀਨ ਦੇ ਜ਼ੋਰ 'ਤੇ ਔਰਤਾਂ ਦੀ ਪੱਤ ਲੁੱਟਦੇ ਨੇ। ਉਨ੍ਹਾਂ ਦੇ ਹਿਰਦੇ ਪੱਥਰ ਦੇ ਹੋ ਜਾਂਦੇ ਨੇ। ਭਿੱਖੀਵਿੰਡ ਦੀ ਗੱਲ ਤੈਨੂੰ ਚੇਤੇ ਈ ਹੋਣੀ ਏ ਜਦੋਂ ਆਪਣੇ ਮੋਰਚੇ 'ਚ ਇਕ ਔਰਤ ਰੋਟੀ ਦੇਣ ਆਉਂਦੀ ਹੁੰਦੀ ਸੀ। ਫਿਰ ਉਹ ਕਿੰਨੇ ਦਿਨ ਆਈ ਹੀ ਨਹੀਂ, ਜਦ ਪਿੰਡ ਦੇ ਨੰਬਰਦਾਰ ਨੂੰ ਪੁੱਛਿਆ ਤਾਂ ਉਹ ਕਹਿਣ ਲੱਗਾ, 'ਵੀਰੋ! ਉਨ੍ਹਾਂ ਦੇ ਘਰ ਤਾਂ ਰਾਤ ਨੂੰ ਦੁਸ਼ਮਣਾਂ ਦਾ ਬੰਬ ਡਿੱਗ ਪਿਆ ਸੀ। ਪਰਿਵਾਰ ਦੇ ਸਾਰੇ ਜੀਅ ਸੁੱਤੇ ਈ ਖੱਖੜੀਆਂ ਹੋ ਗਏ ਸਨ। ਘਰ ਵੀ ਸਾਰਾ ਢਹਿ ਗਿਆ ਸੀ। ਉਨ੍ਹਾਂ ਨੂੰ ਲਾਂਬੂ ਲਾਉਣ ਵਾਲਾ ਵੀ ਨਹੀਂ ਬਚਿਆ। ਮੇਰੇ ਉਸ ਦਿਨ ਰੋਟੀ ਸੰਘੋਂ ਲੰਘੀ ਨਹੀਂ ਸੀ। ਹੁਣ ਸੀਰੀਆ ਦੀਆਂ ਫੋਟੋਆਂ ਮੇਰੇ ਦਿਮਾਗ਼ ਵਿਚ ਘੁੰਮ ਰਹੀਆਂ ਨੇ, ਫ਼ੌਜੀ ਬੰਬਾਂ ਨੇ ਕਿਵੇਂ ਲੋਕਾਂ ਦਾ ਘਾਣ ਕੀਤਾ ਹੋਇਆ ਏ। ਲੋਕ ਭੰਗ ਦੇ ਭਾੜੇ ਮਰ ਰਹੇ ਨੇ।

ਯਾਰ ਤੋਖੀ! ਤੂੰ ਸੁਣਾ ਤੇਰੀ ਟਿੱਨੀ ਦਾ ਕੀ ਹਾਲ ਏ। ਤੂੰ ਪਿਛਲੇ ਖ਼ਤ 'ਚ ਉਹਦੀ ਕੋਈ ਗੱਲ ਨਹੀਂ ਲਿਖੀ। ਤੂੰ ਐਂ ਕਰ, ਤੇਰੀ ਪੈਨਸ਼ਨ ਵਾਹਵਾ ਏ। ਤੂੰ ਏਥੇ ਕੋਈ ਫਲੈਟ ਲੈ ਲਾ ਤੇ ਉਹਨੂੰ ਆਪਣੇ ਕੋਲ ਬੁਲਾ ਲੈ। ਗੋਰੀਆਂ ਲਈ ਉਮਰ ਦਾ ਕੋਈ ਮਸਲਾ ਨਹੀਂ ਹੁੰਦਾ।

ਉਮਰ ਦਾ ਮਸਲਾ ਤਾਂ ਆਪਾਂ ਨੂੰ ਹੁੰਦਾ ਏ। ਪਰ ਤੋਖੀ ਮੈਨੂੰ ਹੁਣ ਡਰ ਲੱਗਣ ਲੱਗ ਪਿਆ ਏ। ਸਾਡਾ ਕੰਮ ਵਧੀ ਜਾਂਦਾ ਏ। ਲੀਜ਼ਾ ਨੇ ਮੇਰੇ ਕੋਲੋਂ ਘਰ ਦਾ ਪਤਾ ਮੰਗਵਾ ਲਿਆ ਏ। ਫ਼ੋਨ ਨੰਬਰ ਮੰਗਵਾ ਲਿਆ ਏ। ਕੀ ਪਤਾ ਉਹ ਜਹਾਜ਼ੇ ਚੜ੍ਹ ਕੇ ਆ ਜਾਵੇ। ਜਦੋਂ ਦੀਆਂ ਉਹਨੇ ਆਪਣੇ ਸ਼ਹਿਰ 'ਚ ਹੋਏ ਫ਼ੌਜੀ ਹਮਲਿਆਂ ਦੀਆਂ ਫੋਟੋਆ ਭੇਜੀਆਂ ਸਨ। ਤੇ ਕਹਿ ਰਹੀ ਸੀ ਕਿ ਕਿਸੇ ਵੀ ਵੇਲੇ ਸਾਡੇ ਘਰ ਤੇ ਫ਼ੌਜੀ ਤਾਬੜ-ਤੋੜ ਗੋਲੀਆ ਚਲਾ ਸਕਦੇ ਨੇ। ਉਨ੍ਹਾਂ ਨੂੰ ਸ਼ੱਕ ਏ ਕਿ ਘਰ 'ਚ ਬਾਗੀ ਲੁਕੇ ਹੋਏ ਨੇ। ਉਹ ਰੱਕਾ ਚੋਂ ਬਾਗੀਆਂ ਦਾ ਮੁਕੰਮਲ ਸਫ਼ਾਇਆ ਕਰ ਦੇਣਾ ਚਾਹੁੰਦੇ ਨੇ। ਤੈਨੂੰ ਦੱਸਾਂ ਆਪਣੀ ਪੈਨਸ਼ਨ ਵਿਚੋਂ ਉਹਨੂੰ ਮੈਂ ਕੁਝ ਵੈਸਟਨ ਯੂਨੀਅਨ ਰਾਹੀਂ ਕਰੰਸੀ ਵੀ ਭੇਜੀ ਏ। ਮੈਨੂੰ ਉਹਦੇ 'ਤੇ ਤਰਸ ਆ ਗਿਆ ਸੀ। ਮਨੀ ਮਿਲਣ ਤੇ ਉਹਦੀ ਛਣ-ਛਣ ਵਧ ਗਈ ਸੀ। ਉਹ ਅਕਸਰ ਹੀ ਮੈਨੂੰ ਮੈਸੇਜ ਕਰ ਦਿੰਦੀ ਸੀ। ਮੁਬਾਇਲ ਦੀ ਛਣ-ਛਣ ਸੁਣ ਕੇ ਮੈਨੂੰ ਲੱਗਦਾ ਜਿਵੇਂ ਉਹ ਮੇਰੇ ਕਮਰੇ 'ਚ ਆ ਕੇ ਪੈਲਾਂ ਪਾਉਣ ਲੱਗ ਪਈ ਏ। ਛਣ-ਛਣ ਨਾਲ ਉਹਦਾ ਇੰਗਲਿਸ਼ 'ਚ ਲਿਖਿਆ ਮੈਸੇਜ ਸਕਰੀਨ 'ਤੇ ਫੈਲਦਾ... ਤੂੰ ਬਹੁਤ ਪਿਆਰਾ ਇਨਸਾਨ ਏ। ਤੇਰਾ ਦਿਲ ਬਹੁਤ ਪਿਆਰਾ ਏ। ਮੈਂ ਤੈਨੂੰ ਸਾਰੀ ਜ਼ਿੰਦਗੀ ਮੁਹੱਬਤ ਕਰਨੀ ਏ। ਤੇਰੇ ਕੋਲ ਇੰਡੀਆ ਆ ਜਾਣਾ ਏ। ਲਵ ਯੂ ਬੇਬੀ... ਵਗੈਰਾ ਵਗੈਰਾ।



ਆਹ ਤਾਂ ਤੋਖੀ ਯਾਰ! ਨਵਾਂ ਪੰਗਾ ਪੈਣ ਲੱਗਾ ਏ। ਜੇ ਇਹ ਹੋ ਗਿਆ ਉਹ ਘਰ ਆ ਗਈ। ਮੈਨੂੰ ਤਾਂ ਘਰ ਦਿਆਂ ਨੇ, ਮੇਰੀ ਨੂੰਹ ਨੇ, ਮੇਰੀ ਬੁੜ੍ਹੀ ਨੇ ਆਂਢ-ਗੁਆਂਢ ਨੇ ਛੱਜ 'ਚ ਪਾ ਛੱਟ-ਛੱਟ ਕੇ ਢੇਰ 'ਤੇ ਵਗਾਹ ਮਾਰਨਾ ਏ। ਉਹਦੇ ਆਉਣ ਦੇ ਮੈਸੇਜ ਤੋਂ ਬਾਅਦ ਮੈਂ ਚੁੱਪ ਜਿਹਾ ਕਰ ਗਿਆ ਸੀ। ਮੈਨੂੰ ਪਤਾ ਨ੍ਹੀਂ ਕਿਓ ਛਣ-ਛਣ ਤੋਂ ਭੈਅ ਆਉਣ ਲੱਗ ਪਿਆ ਸੀ। ਮੈਂ ਛਣ-ਛਣ ਤੋਂ ਤ੍ਰਬਕਣ ਲੱਗ ਪਿਆ ਸੀ। ਫੇਸ ਬੁੱਕ ਖੋਲ੍ਹਣ ਨੂੰ ਮੇਰਾ ਹੌਸਲਾ ਨਹੀਂ ਸੀ ਪੈ ਰਿਹਾ। ਪਤਾ ਨਹੀਂ ਮੈਂ ਐਨਾ ਡਰਪੋਕ ਕਿਵੇਂ ਬਣਦਾ ਜਾ ਰਿਹਾ ਸਾਂ। ਫ਼ੌਜ 'ਚ ਮੋਰਚਿਆਂ 'ਚ ਬੈਠੇ ਤਾਂ ਆਪਾਂ ਮੌਤ ਨੂੰ ਮਖੌਲ ਕਰਦੇ ਰਹਿੰਦੇ ਸਾਂ। ਹੁਣ ਤਾਂ ਮੌਤ ਮੋਹਰੇ ਵੇਖ ਕੇ ਡਰ ਲੱਗਣ ਲੱਗ ਪਿਆ ਏ। ਮੈਨੂੰ ਨੀਂਦ ਤਾਂ ਪਹਿਲਾਂ ਈ ਘੱਟ ਆਉਂਦੀ ਏ। ਇਕ ਰਾਤ ਮੈਨੂੰ ਸੁਪਨਾ ਆ ਗਿਆ। ਲੀਜ਼ਾ ਜਹਾਜ਼ੇ ਚੜ੍ਹ ਕੇ ਦਿੱਲੀ ਤੋਂ ਮੇਰੇ ਘਰ ਆ ਗਈ ਏ। ਮੈਂ ਕਮਰੇ ਅੰਦਰੋਂ ਕੁੰਡੀ ਮਾਰ ਲਈ ਏ। ਰਜਾਈ ਲੈ ਕੇ ਲੁਕ ਗਿਆ ਸੀ ਤੇ ਉੱਚੀ ਉੱਚੀ ਕਹੀ ਜਾ ਰਿਹਾ ਸੀ... ਮੈਂ ਨ੍ਹੀਂ ਜਾਣਾ... ਮੈਂ ਨ੍ਹੀਂ ਜਾਣਾ... ਏਥੇ ਨ੍ਹੀਂ ਰਹਿੰਦਾ ਕੋਈ ਹਨੀ.. ਸ਼ਨੀ... ਭੱਜ ਜਾ ਏਥੋਂ। ਉਦੋਂ ਬੁੜ੍ਹੀ ਨੇ ਮੈਨੂੰ ਝੰਜੋੜ ਕੇ ਜਗਾਇਆ, ਕਹੇ ਕੀ ਹੋ ਗਿਆ ਤੈਨੂੰ? ਪਤੈ ਨੀਂ ਫ਼ੌਜੀ ਖਬਰੇ ਪਾਗਲ ਹੋ ਗਿਆ ਏ। ਸੁੱਤਾ ਪਿਆ ਬੁੜ ਬੁੜ ਕਰੀ ਜਾਂਦੈ।

ਯਾਰ ਤੋਖੀ! ਲੀਜ਼ਾ ਨਾਲ ਮੈਂ ਅੰਦਰੋਂ ਗਹਿਰਾ ਜੁੜ ਗਿਆ ਸਾਂ। ਮੈਨੂੰ ਛਣ-ਛਣ ਸੁਣਨ ਦੀ ਲੱਤ ਲੱਗ ਗਈ ਸੀ। ਰਾਤ ਨੂੰ ਮੈਨੂੰ ਬਹੁਤ ਅਚੋ-ਆਈ ਲੱਗਦੀ, ਹੁਣ ਵੀ ਛਣ-ਛਣ ਹੋਵੇਗੀ ... ਹੁਣ ਵੀ ਛਣ-ਛਣ ਹੋਵੇਗੀ। ਮੈਂ ਏਹੀ ਸੋਚਦਾ ਰਹਿੰਦਾ। ਜਦੋਂ ਛਣ-ਛਣ ਹੁੰਦੀ ਤੇ ਨਾਲ ਹੀ ਲੀਜ਼ਾ ਦੀ ਫੋਟੋ ਸਕਰੀਨ 'ਤੇ ਉਭਰਦੀ। ਮੈਂ ਝਪਟ ਮਾਰ ਕੇ ਮੁਬਾਇਲ ਹੱਥਾਂ ਵਿਚ ਲੈਂਦਾ। ਤੂੰ ਤਾਂ ਕਹਿੰਦਾ ਹੁੰਦਾ ਸੀ ਬਈ ਫੇਸ ਬੁੱਕ ਦੀਆਂ ਦੋਸਤੀਆਂ ਨਾਲ ਸਮਾਂ ਸੋਹਣਾ ਲੰਘ ਜਾਂਦਾ ਏ। ਪਰ ਮੈਨੂੰ ਤਾਂ ਲੱਗਦਾ ਏ ਮੈਨੂੰ ਬੀ ਪੀ, ਪੇਟ ਗੈਸ, ਲੱਕ ਦਰਦ ਤੇ ਹੋਰ ਬਿਮਾਰੀਆਂ ਵਾਂਗ ਫੇਸ ਬੁੱਕ ਦੀ ਬਿਮਾਰੀ ਵੀ ਚੁੰਬੜ ਗਈ ਏ। ਕਈ ਵਾਰ ਤਾਂ ਦਿਨੇ ਵੀ ਲੱਗਦਾ ਰਹਿੰਦਾ ਛਣ-ਛਣ ਹੋ ਰਹੀ ਏ।

ਯਾਰ ਤੋਖੀ! ਮੇਰੀਆਂ ਅੱਖਾਂ ਅੱਗੇ ਵਾਰ-ਵਾਰ ਕਿਓਂ ਲੀਜ਼ਾ ਦੀਆਂ ਭੇਜੀਆਂ, ਮਨ ਨੂੰ ਦਹਿਲਾ ਦੇਣ ਵਾਲੀਆਂ ਫੋਟੋਆਂ ਆ ਰਹੀਆਂ ਨੇ। ਉਹ ਸੱਚਮੁੱਚ ਬੰਬਾਂ ਤੇ ਗੋਲੀਆਂ ਵਿਚ ਫਸੀ ਹੋਵੇਗੀ? ਉਹਦੇ ਲਈ ਏਹ ਸਮਾਂ ਬੜਾ ਭਿਆਨਕ ਏ। ਉਹ ਸਮਾਂ ਵੀ ਬੜਾ ਭਿਆਨਕ ਸੀ ਜਦੋਂ ਆਪਾਂ ਮੋਰਚਿਆਂ 'ਚ ਬੈਠੇ ਸੀ। ਅਚਾਨਕ ਰਾਕਟ ਲਾਂਚਰ ਤੇ ਤੋਪਾਂ ਨਾਲ ਬੰਬਾਰੀ ਹੋਣ ਲੱਗ ਪਈ ਸੀ। ਜਦੋਂ ਦੁਸ਼ਮਣ ਦਾ ਗੋਲਾ ਡਿੱਗਦਾ ਸੀ ਤਾਂ ਮਿੱਟੀ ਦਾ ਗੁਬਾਰ ਅਸਮਾਨ ਛੂਹਣ ਲੱਗਦਾ ਸੀ। ਇਕ ਵਾਰ ਮੋਰਚੇ 'ਚ ਬੈਠਾ ਗੰਨਾਂ ਨਾਲ ਗੋਲੀਆਂ ਦਾਗ ਰਿਹਾ ਸੀ ਕਿ ਉਦੋਂ ਹੀ ਇਕ ਬੰਬ ਮੋਰਚੇ ਦੇ ਨੇੜੇ ਆ ਕੇ ਡਿੱਗਿਆ ਸੀ। ਉਸ ਮੋਰਚੇ 'ਤੇ ਜਿੱਥੇ ਆਪਣੀ ਬਟਾਲੀਅਨ ਦੇ ਫ਼ੌਜੀ ਮੋਰਚੇ 'ਚ ਗੰਨਾਂ ਰਾਹੀਂ ਗੋਲੇ ਦਾਗ ਰਹੇ ਸਨ। ਮਿੱਟੀ ਉਪਰ ਨੂੰ ਉੱਡੀ ਸੀ ਅਤੇ ਮੈਂ ਗੰਨ ਚਲਾਉਣੀ ਛੱਡ ਕੇ ਮੋਰਚੇ 'ਚ ਧੌਣ ਥੱਲੇ ਸੁੱਟ ਕੇ ਦੁਬਕ ਗਿਆ ਸੀ। ਮੇਰੇ ਉੱਤੇ ਇਕ ਮਨੁੱਖੀ ਲੱਤ ਦਾ ਲੋਥੜਾ ਆ ਡਿੱਗਿਆ ਸੀ। ਮੈਂ ਹਿੱਲਿਆ ਨਹੀਂ ਸੀ। ਮੈਂ ਲੱਤ ਵਿਚੋਂ ਨਿਕਲਦਾ ਗਰਮ ਲਹੂ ਮਹਿਸੂਸ ਕਰ ਰਿਹਾ ਸਾਂ। ਜਦੋਂ ਮੈਂ ਵੇਖਿਆ ਤਾਂ ਉਹ ਕਿਸੇ ਫ਼ੌਜੀ ਦੀ ਲੱਤ ਬੰਬ ਦੇ ਗੋਲੇ ਨਾਲ ਉੜ ਕੇ ਮੇਰੇ ਮੋਰਚੇ 'ਤੇ ਆ ਡਿੱਗੀ ਏ। ਬੂਟ ਸਮੇਤ। ਬੂਟ ਤੋਂ ਵੇਖ ਕੇ ਪਤਾ ਚੱਲਿਆ ਇਹ ਤਾਂ ਆਪਣੇ ਫ਼ੌਜੀ ਦੀ ਲੱਤ ਏ। ਜਿਹਦਾ ਸਰੀਰ ਬੰਬ ਨਾਲ ਸਕਿੰਟਾਂ 'ਚ ਖਿੱਲਰ ਗਿਆ ਸੀ। ਸੱਚ ਦੱਸਾਂ ਫੇਸ ਬੁੱਕ ਦੀਆਂ ਬੰਬਾਂ ਨਾਲ ਉੱਡੀਆਂ ਮਨੁੱਖੀ ਲੋਥਾਂ ਵੇਖ ਦੇ ਮੇਰੇ ਕਈ ਸਾਲ ਪਹਿਲਾਂ ਦੇ ਲੱਗੇ ਹੋਏ ਜ਼ਖ਼ਮ ਰਿਸਣ ਲੱਗ ਪਏ ਸਨ।

ਯਾਰ ਤੋਖੀ! ਚਿੱਠੀ ਬਹੁਤ ਲੰਮੀ ਹੋਈ ਜਾਂਦੀ ਏ। ਏਸ ਚਿੱਠੀ ਨੂੰ ਮੈਂ ਕਈ ਦਿਨਾਂ ਵਿਚ

ਲਿਖਿਆ ਏ। ਮੈਂ ਵਟਸ ਐਪ 'ਤੇ ਤੈਨੂੰ ਅਨੇਕਾਂ ਵਾਰ ਮੈਸੇਜ ਭੇਜੇ ਵੀ ਨੇ। ਫੇਸ ਬੁੱਕ 'ਤੇ ਮੈਸੇਜ ਛੱਡੇ ਨੇ। ਕਈ ਵਾਰ ਫ਼ੋਨ ਵੀ ਕੀਤਾ ਪਰ ਤੂੰ ਕਦੇ ਸੁਣਿਆ ਨਹੀਂ ਏ। ਪਤਾ ਨਹੀਂ ਤੂੰ ਗੱਲਾਂ ਕਰਨੀਆਂ ਕਿਓਂ ਬੰਦ ਕਰ ਦਿੱਤੀਆਂ ਨੇ। ਮੇਰੇ ਨਾਲ ਵੀ ਕਈ ਵਾਰੀ ਐਦਾਂ ਹੁੰਦਾ ਬਈ ਮੈਂ ਚੁੱਪ ਕਰ ਜਾਂਦਾ ਹਾਂ। ਕਿਸੇ ਨਾਲ ਗੱਲ ਕਰਨ ਨੂੰ ਵੱਢਿਆ ਰੂਹ ਨ੍ਹੀਂ ਕਰਦੀ। ਆਪਣੇ ਘੁਰਨੇ 'ਚ ਲੁਕਿਆ ਰਹਿੰਦਾ ਹਾਂ। ਲੱਗਦਾ ਏ ਤੈਨੂੰ ਵੀ ਮੇਰੇ ਵਾਲੇ ਡਿਪਰੈਸ਼ਨ ਦੇ ਫਿੱਟ ਪਏ ਹੋਏ ਨੇ। ਕੋਈ ਗੱਲ ਨਹੀਂ ਏਹ ਚਿੱਠੀ ਤਾਂ ਤੂੰ ਪੜ੍ਹ ਹੀ ਲਵੇਂਗਾ।

ਤੋਖੀ ਯਾਰ ਮੈਨੂੰ ਹੁਣ ਲਗਦਾ ਏ ਹੁਣ ਛਣ-ਛਣ ਮੁੱਢੋਂ ਹੀ ਬੰਦ ਹੋ ਗਈ ਏ। ਸਾਇਦ ਮੇਰੇ ਵਿਹੜੇ ਹੁਣ ਕਦੇ ਛਣ-ਛਣ ਨਾ ਹੋਵੇ। ਯਾਰ ਲੀਜ਼ਾ ਦੀ ਛਣ-ਛਣ ਨਾਲ ਮੇਰੀ ਧੜਕਣ ਚੱਲਦੀ ਸੀ। ਮੇਰੀ ਹੁਣ ਫੇਸ ਬੁੱਕ ਖੋਲ੍ਹਣ ਨੂੰ ਵੱਢਿਆ ਰੂਹ ਨਹੀਂ ਕਰਦੀ। ਕੀ ਪਤੈ ! ਮੁਬਾਇਲ 'ਚੋਂ ਲੀਜ਼ਾਂ ਦੀ ਲਹੂ ਨਾਲ ਲੱਥਪਥ ਵਾਲੀ ਫੋਟੋ ਸਕਰੀਨ 'ਤੇ ਫੈਲ ਜਾਵੇ। ਜਿਹੜੀ ਮੈਥੋਂ ਵੇਖੀ ਨਹੀਂ ਜਾਣੀ। ਹੁਣ ਤਾਂ ਧੜਕਣ ਖੜ ਗਈ ਲੱਗਦੀ ਏ। ਕੁਸ਼ੱਲਿਆ ਦੇ ਪੈਰੀਂ ਨਾ ਝਾਂਜਰ ਏ ਨਾ ਹੀ ਹੱਥੀਂ ਵੰਗਾਂ? ਫੇਰ ਭਲਾ ਛਣ-ਛਣ ਕਾਹਦੇ ਨਾਲ ਹੋਣੀ ਏ? ਬੁੜ੍ਹੀ ਦੀ ਇਹ ਕਿਹੜੀ ਉਮਰ ਏ ਛਣ-ਛਣ ਕਰਨ ਦੀ। ਯਾਰ ਤੋਖੀ ! ਇਹ ਚਿੱਠੀ ਮੈਂ ਹੁਣ ਬੰਦ ਕਰਕੇ ਰੱਖ ਦੇਣੀ ਏ। ਕੱਲ੍ਹ ਨੂੰ ਮੁੰਡੇ ਨੂੰ ਕਹਾਂਗਾ ਬਈ ਇਹਦੇ 'ਤੇ ਟਿੱਕਟਾਂ ਲਾ ਕੇ ਇਹਨੂੰ ਡਾਕ ਡੱਬੇ 'ਚ ਸੁੱਟ ਆਵੇ। ਸ਼ਾਇਦ ਹੁਣ ਆਪਾਂ ਇਕ ਦੂਜੇ ਨੂੰ ਵੇਖ ਵੀ ਨਾ ਸਕੀਏ। ਏਸ ਉਮਰ 'ਚ ਬੰਦੇ ਦਾ ਕੀ ਪਤੈ ਕਦੋਂ ਫੂਕ ਨਿਕਲ ਜਾਵੇ। ਮੈਂ ਏਹੀ ਦੁਆ ਕਰਦਾ ਹਾਂ ਕਿ ਤੇਰਾ ਘਰ ਵੱਸਦਾ ਰਹੇ। ਤੈਨੂੰ ਬਹੁਤ ਸਾਰਾ ਪਿਆਰ। ਪਰ ਰੁਕ ਪਹਿਲਾਂ ਮੈਂ ਕੀਲੀ 'ਤੇ ਟੰਗੀ ਆਪਣੀ ਫ਼ੌਜੀ ਵਰਦੀ ਤਾਂ ਲਾਹ ਦੇਵਾਂ... ਰੁਕ... ਰੁਕ... ਹੁਣ ਫੇਰ ਛਣ-ਛਣ ਹੋਈ ਏ... ਪਤਾ ਨਹੀਂ ਇਹ ਵਹਿਮ ਈ ਏਂ... ਤੂੰ ਰੁਕ ਜਾ...।

ਤੇਰੇ ਬਹੁਤ ਸਾਰੇ ਭੇਤਾਂ ਦਾ ਰਾਜਦਾਰ

- ਸੋਹਣ ਉਰਫ ਸੋਹਣ ਸਨਕੀ (ਰਿਟਾਇਰਡ ਹੌਲਦਾਰ)

(ਸੰਪਰਕ: 94170-64350)


**ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**

**ਦੀਆਂ ਨਵੀਂਆਂ ਛਪੀਆਂ ਪੁਸਤਕਾਂ**

**ਅਜੋਕੀ ਪੰਜਾਬੀ ਕਹਾਣੀ-ਦਿੱਖ ਤੇ ਦਿਸ਼ਾ**

**ਡਾ. ਰਮਿੰਦਰ ਕੌਰ, ਡਾ. ਮਹਿਲ ਸਿੰਘ**

**51 ਕਹਾਣੀਆਂ-ਸਵੈਰਾਜ ਸੰਧੂ**

**ਤੇਰਾ ਚਿਰਾਗ-ਡਾ. ਬਲਜੀਤ ਸਿੰਘ ਢਿੱਲੋਂ**






## ਸਾਡੇ ਹਿੱਸੇ ਦਾ ਹਿੰਦੁਸਤਾਨ ਕਹਾਣੀ ਦਾ ਧਰਾਤਲ/ਅਤਰਜੀਤ

ਸਾਡੇ ਹਿੱਸੇ ਦਾ ਹਿੰਦੁਸਤਾਨ ਲਿਖਣ ਲਈ ਮੈਨੂੰ ਬਹੁਤ ਮਾਨਸਿਕ ਪੀੜਾ ਵਿੱਚੋਂ ਲੰਘਣਾ ਪਿਆ ਹੈ। ਉਂਝ ਤਾਂ ਸੱਤਰਵਿਆਂ ਵਿੱਚ ਹੀ ਸੁਹਣੀ ਜੂਨ ਦਾ ਸੁਪਨਾ ਹਥੇਲ਼ੀ 'ਤੇ ਆ ਟਿਕਿਆ ਸੀ, ਪਰ ਰਾਜਨੀਤੀ ਨੇ ਲੋਕਾਂ ਦੀ ਪੁੱਗਤ ਵਾਲ਼ਾ ਸਮਾਜ ਜਿਵੇਂ ਕਿਧਰੇ ਦਫ਼ਨਾ ਹੀ ਛੱਡਿਆ ਸੀ। ਗੁਜਰਾਤ ਵਿੱਚ ਮਾਨਵੀ ਸਰੋਕਾਰਾਂ ਨੂੰ ਲੱਤ ਮਾਰ ਕੇ ਅਤੇ ਨਫ਼ਰਤ ਦੀ ਫ਼ਸਲ ਉਗਾ ਕੇ ਨਰਿੰਦਰ ਮੋਦੀ ਜਦੋਂ ਭਾਰਤ ਦਾ ਪ੍ਰਧਾਨ ਮੰਤਰੀ ਬਣ ਜਾਂਦਾ ਹੈ ਤਾਂ ਗੁਜਰਾਤ ਮਾਡਲ ਵਾਲ਼ੀ ਨਫ਼ਰਤੀ ਫ਼ਸਲ ਉਗਾਉਣ ਦੀਆਂ ਉਸ ਨੇ ਹੱਦਾਂ ਹੀ ਮਿਟਾ ਦਿੱਤੀਆਂ। ਗੁਜਰਾਤ ਵਿੱਚ ਉਸਦੇ ਤੰਤਰ ਅਧੀਨ ਕਿਵੇਂ ਮੁਸਲਿਮ ਭਾਈਚਾਰੇ ਦਾ ਕਤਲਿਆਮ ਕੀਤਾ ਗਿਆ, ਗਰਭਵਤੀ ਔਰਤਾਂ ਨਾਲ਼ ਸਮੂਹਕ ਬਲਾਤਕਾਰ ਹੀ ਨਹੀਂ, ਸਗੋਂ ਉਨ੍ਹਾਂ ਦੇ ਪੇਟ ਵਿੱਚੋਂ ਬੱਚੇ ਕੱਢ ਕੇ ਤ੍ਰਿਸ਼ੂਲਾਂ 'ਤੇ ਟੰਗ ਕੇ ਜੋ ਆਤੰਕਵਾਦ ਦਾ ਤਾਂਡਵ ਨਾਚ ਨੱਚਿਆ ਗਿਆ, ਕਹਿਣ, ਸੁਣਨ ਦੀਆਂ ਗੱਲਾਂ ਨਹੀਂ। ਦਿੱਲੀ ਦੇ ਸਿੰਘਾਸਣ 'ਤੇ ਬਿਰਾਜਮਾਨ ਹੋਣ ਉਪਰੰਤ ਉਸ ਨੇ ਭਾਰਤੀ ਬਹੁਲਤਾਵਾਦ ਦੇ ਸੰਕਲਪਾਂ ਨੂੰ ਵੀ ਤ੍ਰਿਸ਼ੂਲ ਦੀ ਨੋਕ 'ਤੇ ਟੰਗ ਕੇ ਏਕਾਅਧਿਕਾਰਵਾਦ ਦਾ ਨਵਾਂ ਬਿਰਤਾਂਤ ਸਿਰਜਣ ਦੀ ਕੇਵਲ ਭਗਵਾਂਵਾਦ ਦੀ ਕੁਰਾਜਨੀਤੀ ਨੂੰ ਪਹਿਲ ਦਿੰਦਿਆਂ ਕੱਟੜਵਾਦੀ ਹਿੰਦੂ ਬੁਰਛਾਗਰਦੀ ਨੂੰ ਖੁੱਲ੍ਹ ਦੇ ਕੇ ਹਿੰਦੁਸਤਾਨ ਨੂੰ ਕੇਵਲ ਹਿੰਦੂ ਰਾਸ਼ਟਰ ਘੋਸ਼ਟ ਹੀ ਕਰਵਾ ਦਿੱਤਾ ਸੀ। ਉਸਦੀ ਪਹਿਲੀ ਪਾਰੀ ਵਿੱਚ ਤਰਕਸ਼ੀਲ ਆਗੂ ਨਰਿੰਦਰ ਦਬੋਲਕਰ ਦੇ ਕਤਲ ਤੋਂ ਬਾਅਦ ਜਿਵੇਂ ਬੁੱਧੀਜੀਵੀਆਂ ਐਮ. ਐਮ. ਕੁਲਬੁਰਗੀ ਕਰਨਾਟਕ ਯੂਨੀਵਰਸਿਟੀ ਦਾ ਸਾਬਕਾ ਵਾਈਸਚਾਂਸਲਰ, ਕਾ. ਗੁਬਿੰਦ ਪੰਸਾਰੇ, ਪੱਤਰਕਾਰ ਗੌਰੀ ਲੰਕੇਸ਼ ਆਦਿ ਦੇ ਉਪਰੋਥਲੀ ਘਿਨਾਉਣੇ ਕਤਲ ਕਰਕੇ ਕੱਟੜ ਪ੍ਰਸਤ ਹਿੰਦੂ ਸ਼ਾਵਨਵਾਦ ਦਾ ਖੁੱਲ੍ਹਾ ਤਾਂਡਵ ਨਾਚ ਆਰੰਭ ਕਰ ਦਿੱਤਾ ਗਿਆ ਸੀ। ਨਰਿੰਦਰ ਮੋਦੀ ਦੇ ਦੂਜੀ ਵਾਰ ਪ੍ਰਧਾਨ ਮੰਤਰੀ ਬਣਨ ਨਾਲ਼ ਅਤੇ ਸਿਰੇ ਦੇ ਕੱਟੜ ਫ਼ਿਰਕਾਪ੍ਰਸਤ ਅਮਿੱਤ ਸ਼ਾਹ ਨੂੰ ਗ੍ਰਹਿ ਮੰਤਰੀ ਥਾਪਣ ਨਾਲ਼ ਤਾਂ ਕੱਟੜ ਹਿੰਦੂ ਸੰਗਠਨਾਂ ਨੇ ਬੁਰਛਾਗਰਦੀ ਦੀ ਹੱਦ ਹੀ ਮਿਟਾ ਦਿੱਤੀ। ਅਕਾਲੀ ਭਾਜਪਾ ਗੱਠਜੋੜ ਨੇ ਪੰਜਾਬ ਵਿੱਚ ਵੀ ਕੁੱਝ ਅਜਿਹਾ ਮਾਹੌਲ ਸਿਰਜ ਦਿੱਤਾ ਸੀ ਕਿ ਆਪਣੇ ਆਪ ਨੂੰ ਸੁਰੱਖਿਅਤ ਸਮਝਣਾ ਜਿਵੇਂ ਸੁਪਨਾ ਹੀ ਬਣ ਗਿਆ ਸੀ। ਨਿੱਤ ਦਿਹਾੜੀ ਅਖ਼ਬਾਰਾਂ ਖ਼ੂਨ ਨਾਲ਼ ਲਿੱਬੜੀਆਂ ਹੀ ਬੂਹੇ 'ਤੇ ਦਸਤਕ ਦਿੰਦੀਆਂ ਸਨ। ਗਊ ਮਾਸ ਦੇ ਨਾਂ 'ਤੇ ਭੀੜ ਤੰਤਰ ਵੱਲੋਂ ਵਿਸ਼ੇਸ਼ ਤੌਰ 'ਤੇ ਮੁਸਲਿਮ ਭਾਈਚਾਰੇ ਨੂੰ ਬਲੀ ਦਾ ਬੱਕਰਾ ਬਣਾਇਆ ਜਾਣ ਲੱਗਾ। ਜੇ ਕਿਸੇ ਦੇ ਘਰ ਬੱਕਰੇ ਦਾ ਮਾਸ ਵੀ ਰਿੱਝਣਾ ਤਾਂ ਉਸ ਨੂੰ ਵੀ ਗਊ ਦਾ ਮਾਸ ਕਹਿ ਕੇ ਪਰਿਵਾਰਾਂ 'ਤੇ ਹਮਲਿਆਂ ਦਾ ਸਿਲਸਿਲਾ ਅਤੇ ਕਤਲਾਮ ਆਰੰਭ ਹੋ ਗਿਆ। ਆਨੀ ਬਹਾਨੀ ਮੁਸਲਮਾਨਾਂ ਦੇ ਕਤਲ ਆਮ ਵਰਤਾਰਾ ਬਣ ਗਿਆ। ਕਾਨੂੰਨ ਵੀ ਕੰਨਾਂ ਵਿੱਚ ਰੂੰ ਪਾ ਕੇ ਅਤੇ ਜ਼ੁਬਾਨ ਨੂੰ ਤਾਲਾ ਲਾ ਕੇ ਮੂਕ ਦਰਸ਼ਕ ਬਣਿਆ ਵੇਖਿਆ ਜਾ ਸਕਦਾ ਸੀ। ਭਾਜਪਾ ਅਤੇ ਆਰ. ਐਸ. ਐਸ. ਦੇ ਮੰਤਰੀ ਅਤੇ ਸਾਧ ਬੁਵਨੇ ਆਮ ਹੀ ਮੁਸਲਮਾਨਾਂ ਦੇ ਵਿਰੁੱਧ ਬਕੜਵਾਹ ਕਰਦੇ ਸੁਣੇ ਵੇਖੇ ਜਾ ਸਕਦੇ ਸਨ। ਚਰਵਾਹੇ, ਗੁੱਜਰ ਗਵਾਲੇ ਜੇ ਕਿੱਧਰੇ ਆਪਣੀਆਂ ਗਊਆਂ ਨੂੰ ਚਿਰਾਂਦਾਂ ਵੱਲ ਲਿਜਾ ਰਹੇ ਹੁੰਦੇ ਤਾਂ ਹਲ਼ਕੇ ਹੋਏ ਸ਼ਾਵਨਵਾਦੀ ਉਨ੍ਹਾਂ 'ਤੇ ਹਮਲਾ ਕਰਕੇ ਮੌਤ ਦੇ

ਘਾਟ ਉਤਾਰ ਦਿੰਦੇ। ਜੇ ਕੋਈ ਦਲਿਤ ਮਰੀ ਹੋਈ ਗਾਂ ਦੀ ਖੱਲ ਲਾਹੁੰਦਾ ਉਨ੍ਹਾਂ ਬੁਰਛਿਆਂ ਦੇ ਹੱਥ ਲੱਗ ਗਿਆ ਤਾਂ ਕੋਹ ਕੋਹ ਕੇ ਮਾਰ ਮੁਕਾਇਆ। ਦਲਿਤਾਂ ਦੀਆਂ ਬਸਤੀਆਂ ਸਾੜੀਆਂ ਜਾਣ ਲੱਗੀਆਂ। ਯੂ. ਪੀ. ਬਿਹਾਰ ਆਦਿ ਪ੍ਰਾਂਤਾਂ ਵਿੱਚ ਕਿਸੇ ਦਲਿਤ ਨੂੰ ਸਾਈਕਲ 'ਤੇ ਚੜ੍ਹੇ ਨੂੰ ਵੀ ਸਵਰਨਾਂ ਵੱਲੋਂ ਬਰਦਾਸ਼ਤ ਨਾ ਕੀਤਾ ਜਾਣਾ ਤੇ ਜ਼ਲੀਲ ਕਰਨਾ ਆਮ ਹੀ ਵਰਤਾਰਾ ਬਣ ਗਿਆ ਵੇਖਿਆ। ਜੇ ਦਲਿਤਾਂ ਨੇ ਨਿਆਣਿਆਂ ਨੇ ਬਾਹਰ ਖੁੱਲ੍ਹੇ ਵਿੱਚ ਟੱਟੀ ਕਰ ਦਿੱਤੀ ਤਾਂ ਕੁੱਟ ਕੁੱਟ ਕੇ ਮਾਰ ਦਿੱਤੇ ਗਏ। ਆਦਿਵਾਸੀ ਭਾਈਚਾਰਿਆਂ ਨਾਲ਼ ਤਾਂ ਕਾਂਗਰਸ ਰਾਜ ਸਮੇਂ ਵੀ ਕੋਈ ਘੱਟ ਨਹੀਂ ਸੀ ਗੁਜ਼ਾਰੀ ਜਾਂਦੀ ਪਰ ਭਾਜਪਾ, ਆਰ. ਐੱਸ. ਐੱਸ. ਹਕੂਮਤ ਨੇ ਕਾਂਗਰਸ ਨੂੰ ਚੰਗਾ ਅਖਵਾ ਦਿੱਤਾ। ਕਾਰਪੋਰੇਟ ਘਰਾਣਿਆਂ ਦੀ ਪੁਸ਼ਤ ਪਨਾਹੀਂ ਤਾਂ ਪਹਿਲਾਂ ਹੀ ਕੋਈ ਘੱਟ ਨਹੀਂ ਸੀ ਹੁੰਦੀ ਪਰ ਇਸ ਫ਼ਿਰਕੂ ਆਤੰਕਵਾਦ ਦੀ ਤਾਂ ਨ੍ਹੇਰੀ ਹੀ ਝੁਲਾ ਦਿੱਤੀ ਗਈ।

ਸੋਸ਼ਲ ਮੀਡੀਆ 'ਤੇ ਇਹ ਨਫ਼ਰਤੀ ਪ੍ਰਚਾਰ ਪੂਰੇ ਜ਼ੋਰ ਸ਼ੋਰ ਨਾਲ਼ ਕੀਤਾ ਜਾਣ ਲੱਗਾ ਸੀ ਐਨਾ ਤੇਜ਼ ਹਮਲਾ ਕਿ ਲੋਕ ਅਜੇ ਇਕ ਹਮਲੇ ਤੋਂ ਸੰਭਲੇ ਨਹੀਂ ਸੀ ਹੁੰਦੇ ਦੂਜਾ ਹਮਲਾ ਕਰ ਕੇ ਪਹਿਲੇ ਨੂੰ ਭੁਲਾਉਣ ਦੀ ਗੰਦੀ ਖੇਡ । ਰਾਮ ਜਨਮ ਭੂਮੀ ਦੇ ਨਾਂ 'ਤੇ ਬਾਬਰੀ ਮਸਜਿਦ ਦਾ ਤੋੜਿਆ ਜਾਣਾ ਤੇ ਕਾਤਲ ਟੋਲਿਆਂ ਨੂੰ ਖੁੱਲ੍ਹੀ ਛੁੱਟੀ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੋਇਆ ਸੀ। ਕਾਤਲ ਟੋਲਿਆਂ ਨੂੰ ਸਨਮਾਨਤ ਕਰ ਕੇ ਇਹ ਮਾਹੌਲ ਬਣਾ ਦਿੱਤਾ ਗਿਆ ਕਿ ਕੋਈ ਜਿੰਨੇ ਮਰਜ਼ੀ ਮੁਸਲਮਾਨਾਂ ਜਾਂ ਦਲਿਤਾਂ ਦਾ ਕਤਲ ਕਰ ਦੇਵੇ, ਉਹਨਾਂ ਨੂੰ ਕੋਈ ਪੁੱਛਣ ਵਾਲ਼ਾ ਨਹੀਂ। ਆਪਣੇ ਆਪ ਨੂੰ ਭਾਰਤ ਦੇ ਮੂਲ ਵਾਸੀ ਸਾਬਤ ਕਰਨ ਲਈ, ਹਰ ਪਾਸੇ ਭਗਵਾਂ ਭਗਵਾਂ ਹੋਣ ਲੱਗ ਪਈ ਸੀ। ਸੋਸ਼ਲ ਮੀਡੀਆ ਉੱਪਰ ਅਜਿਹੀਆਂ ਵੀਡੀਓ ਵਾਇਰਲ ਹੋ ਰਹੀਆਂ ਸਨ, ਜਿਨ੍ਹਾਂ ਵਿੱਚ ਸਾਧੂਆਂ ਦੇ ਭੇਸ ਵਿੱਚ ਵੱਡੇ ਵੱਡੇ ਇਕੱਠ ਕਰ ਕੇ ਪਰਚਾਰਿਆ ਜਾਣ ਲੱਗਾ ਸੀ ਕਿ ਸਾਡੇ ਚਾਰ ਦੁਸ਼ਮਣ ਹਨ। ਸਭ ਤੋਂ ਪਹਿਲੇ ਨੰਬਰ 'ਤੇ ਮੁਸਲਮਾਨ ਆਉਂਦੇ ਹਨ। ਦੂਜਾ ਨੰਬਰ ਧਰਮ ਨਿਰਪੱਖ ਲੋਕਾਂ ਭਾਵ ਕਾਮਰੇਡਾਂ ਦਾ ਤੇ ਤੀਜੇ ਨੰਬਰ 'ਤੇ ਇਸਾਈ ਅਤੇ ਚੌਥੇ ਨੰਬਰ 'ਤੇ ਦਲਿਤ ਹਨ ਜਿਨ੍ਹਾਂ ਤੋਂ ਮੁਲਕ ਨੂੰ ਵੱਡਾ ਖ਼ਤਰਾ ਹੈ। ਹੁਣ ਸਾਡੇ ਕੋਲ ਤਾਕਤ ਹੈ ਤਾਂ ਅਸੀਂ ਹਿੰਦੁਸਤਾਨ ਨੂੰ ਹਿੰਦੂ ਰਾਸ਼ਟਰ ਦਾ ਦਰਜ਼ਾ ਦੇ ਦੇ ਸਮਰੱਥ ਹਾਂ। ਇਨ੍ਹਾਂ ਦੇ ਸਫ਼ਾਏ ਲਈ ਬਹੁਤ ਵੱਡੀ ਲੜਾਈ ਲੜਨੀ ਪੈਣੀ ਹੈ। ਸਾਡੀ ਆਪਣੀ ਸਰਕਾਰੀ ਫੌਜ ਤੇ ਪੁਲਿਸ ਤਾਂ ਹੈ ਹੀ ਸਾਨੂੰ ਆਪਣੀ ਫੌਜ ਵੀ ਤਿਆਰ ਕਰਨੀ ਪੈਣੀ ਹੈ ਤਾਂ ਜੋ ਹਿੰਦੁਸਤਾਨ ਦੀ ਕੇਵਲ ਹਿੰਦੂ ਰਾਸ਼ਟਰ ਵਜੋਂ ਸਿਰਜਣਾ ਕੀਤੀ ਜਾ ਸਕੇ। ਕਿੰਨੇ ਸਾਲਾਂ ਤੋਂ ਕਸ਼ਮੀਰੀ ਲੋਕਾਂ ਨੂੰ ਮੌਤ ਦੇ ਮੂੰਹ ਧੱਕਿਆ ਹੋਇਆ ਸੀ, ਭਾਜਪਾ ਸਰਕਾਰ ਨੇ ਆਪਣੀ ਤਾਕਤ ਦਾ ਨਜਾਇਜ਼ ਫ਼ਾਇਦਾ ਉਠਾਉਂਦਿਆਂ ਉਨ੍ਹਾਂ ਦਾ ਰਹਿੰਦਾ ਜੀਵਨ ਵੀ ਨਰਕ ਬਣਾ ਦਿੱਤਾ। ਭਾਜਪਾ ਨੂੰ ਇਉਂ ਜਾਪਣ ਲੱਗ ਪਿਆ ਕਿ ਹੁਣ ਪਾਰਲੀਮੈਂਟ ਵਿੱਚ ਦੀਆਂ 303 ਸੀਟਾਂ ਦੀ ਬਹੁ ਸੰਮਤੀ ਨਾਲ਼ ਉਹ ਚੰਮ ਦੀਆਂ ਚਲਾਉਣ ਦੇ ਸਮਰੱਥ ਹੈ। ਭਾਜਪਾ ਆਰ. ਐਸ. ਐਸ. ਹਕੂਮਤ ਨੇ ਜੰਮੂ ਕਸ਼ਮੀਰ ਨੂੰ ਵੱਧ ਅਧਿਕਾਰ ਦੇਣ ਵਾਲ਼ੀਆਂ ਧਾਰਾਵਾਂ 307 ਅਤੇ 35 ਏ ਖ਼ਤਮ ਕਰਕੇ ਕਸ਼ਮੀਰ ਨੂੰ ਦੋ ਟੁਕੜਿਆਂ ਵਿੱਚ ਵੰਡ ਕੇ ਉੱਥੋਂ ਦੇ ਲੋਕਾਂ ਦੀ ਘੰਡੀ 'ਤੇ ਗੋਡਾ ਰੱਖਣ ਦਾ ਕੰਮ ਕਰ ਵਿਖਾਇਆ। ਇੱਥੇ ਹੀ ਬੱਸ ਨਹੀਂ ਜਨ ਗਣਨਾ ਰਜਿਸਟਰ, ਨਾਗਰਕ ਸੋਧ ਕਾਨੂੰਨ ਆਦਿ ਦੇ ਜਿੰਨ ਲੋਕਾਂ ਦੇ ਸਿਰਾਂ 'ਤੇ ਲਿਆ ਬਿਠਾਏ। ਜੇ ਕੋਈ ਮਾੜੀ ਜਿੰਨੀ ਵੀ ਮੂੰਹੋਂ ਭਾਫ਼ ਕੱਢਦਾ ਸੀ, ਦੇਸ਼ ਦਾ ਗੱਦਾਰ ਕਹਿ ਕੇ ਅੰਦਰ ਕਰ ਦਿੱਤਾ ਜਾਣ ਲੱਗਿਆ। ਯੂਨੀਵਰਸਿਟੀਆਂ ਦਾ ਮਾਹੌਲ ਏਸ ਕਦਰ



ਵਿਗਾੜ ਦਿੱਤਾ ਗਿਆ ਕਿ ਆਰ. ਐਸ. ਐਸ. ਦੇ ਗੁੰਡੇ ਸ਼ਰੇਆਮ ਹੋਸਟਲਾਂ ਅਤੇ ਲਾਇਬਰੇਰੀਆਂ ਵਿੱਚ ਜਾ ਕੇ ਸ਼ਾਂਤ ਚਿੱਤ ਰਹਿ ਰਹੇ ਵਿਦਿਆਰਥੀਆਂ ਨੂੰ ਕੁੱਟਣ ਮਾਰਨ ਦੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਲੱਗੇ। ਜੇ ਇਸ ਆਤੰਕਵਾਦ ਦੇ ਖ਼ਿਲਾਫ਼ ਵਿਦਿਆਰਥੀਆਂ ਨੇ ਪ੍ਰਦਰਸ਼ਨ ਕੀਤਾ ਤਾਂ ਉਨ੍ਹਾਂ ਨੂੰ ਦੇਸ਼ ਨਾਲ਼ ਗੱਦਾਰੀ ਦੇ ਕੇਸ ਪਾ ਕੇ ਜੇਲ੍ਹੀਂ ਡੱਕਿਆ ਜਾਣ ਲੱਗਾ। ਬਹੁਲਤਾਵਾਦ, ਸੱਭਿਆਚਾਰਾਂ ਦੇ ਵਖਰੇਵਿਆਂ, ਖਾਣ ਪਹਿਨਣ ਦੇ ਸਲੀਕਿਆਂ ਉੱਪਰ ਤਾਬੜ ਤੋੜ ਹਮਲੇ ਵਿੱਢ ਦਿੱਤੇ ਗਏ। ਕਿਸੇ ਪਾਸੇ ਵੀ ਜੇ ਕੋਈ ਅਸਹਿਮਤੀ ਦੀ ਆਵਾਜ਼ ਉੱਠਦੀ ਸੀ, ਦੇਸ਼ ਧਰੋਹ ਦੇ ਦੋਸ਼ ਲਾਕੇ ਜੇਲ੍ਹ ਵਿੱਚ ਸੁੱਟ ਦਿੱਤਾ ਜਾਂਦਾ ਜਾਣ ਲੱਗਿਆ। ਜਮਹੂਰੀ ਕਦਰਾਂ ਕੀਮਤਾਂ ਨੂੰ ਵੀ ਦੇਸ਼ ਧਰੋਹ ਦੀ ਸੰਗਿਆ ਦਿੱਤੀ ਜਾਣ ਲੱਗੀ ਤੇ ਕਿੰਨੇ ਹੀ ਪੱਤਰਕਾਰ, ਬੁੱਧੀਜੀਵੀ, ਲੇਖਕ ਜਿਨ੍ਹਾਂ ਵਿੱਚ ਕ੍ਰਾਂਤੀਕਾਰੀ ਕਵੀ ਵਰਵਰਾ ਰਾਓ, ਗੌਤਮ ਨਵਲੱਖਾ, ਅਰੁਨ ਫ਼ਰੇਰਾ, ਸੁਧਾ ਭਾਰਦਵਾਜ਼ ਜਿਹੀਆਂ ਪਰਮੁੱਖ ਸਮਾਜਿਕ ਰੁਤਬੇ ਵਾਲ਼ੀਆਂ ਪ੍ਰਸਿੱਧ ਹਸਤੀਆਂ ਸ਼ਾਮਲ ਹਨ, ਸਿਰਫ਼ ਅਸਹਿਮਤੀ ਦੀ ਸੁਰ ਨੂੰ ਦਬਾਉਣ ਲਈ ਜੇਲ੍ਹੀਂ ਬੰਦ ਕੀਤੀਆਂ ਹੋਈਆਂ ਹਨ। ਅਸਹਿਮਤੀ ਦੀ ਸੁਰ ਵਾਲ਼ਿਆਂ ਨੂੰ ਸ਼ਹਿਰੀ ਨਕਸਲੀ, ਮਾਓਵਾਦੀ ਜਾਂ ਪਾਕਿਸਤਾਨ-ਚੀਨ ਦੇ ਏਜੰਟ ਆਦਿ ਦੇ ਵਿਸ਼ੇਸ਼ਣ ਲਾ ਕੇ ਆਤੰਕ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ ਤਾਂ ਜੋ ਕਿਸੇ ਪਾਸੇ ਵੀ ਵਿਰੋਧ ਦੀ ਸੁਰ ਪੈਦਾ ਹੀ ਨਾ ਹੋਵੇ। ਆਰ. ਐਸ. ਐਸ. ਦੇ ਗੁੰਡੇ ਭੇਜ ਕੇ ਮੁਸਲਿਮ ਆਬਾਦੀ ਉੱਪਰ ਹਮਲਿਆਂ ਦਾ ਸਿਲਸਲਾ ਜਾਰੀ ਰੱਖਦਿਆਂ ਉਲਟਾ ਮੁਸਲਿਮ ਭਾਈਚਾਰੇ ਦੇ ਕਾਰਕੁਨਾਂ 'ਤੇ ਹੀ ਝੂਠੇ ਕੇਸ ਮੜ੍ਹ ਕੇ ਅੰਦਰ ਕੀਤੇ ਜਾਣ ਦਾ ਵਰਤਾਰਾ ਆਮ ਹੋ ਚੁੱਕਿਆ ਸੀ ਜੋ ਅਜੇ ਵੀ ਬਾਦਸਤੂਰ ਜਾਰੀ ਹੈ। ਜਮਹੂਰੀ ਕਦਰਾਂ ਕੀਮਤਾਂ ਜਾਂ ਸੰਵਿਧਾਨ ਦੀਆਂ ਕੀਮਤਾਂ ਕਿਧਰੇ ਮਿੱਟੀ ਘੱਟੇ ਵਿੱਚ ਹੀ ਰੋਲ਼ ਦਿੱਤੀਆਂ ਗਈਆਂ ਹਨ।

ਹਿੰਦੂ ਸ਼ਾਵਨਵਾਦੀ ਗੁੰਡਿਆਂ ਨੂੰ ਪੂਰੀ ਖੁੱਲ੍ਹ ਦੇ ਰੱਖੀ ਹੈ ਕਿ ਭੀੜ ਇਕੱਠੀ ਹੋ ਕੇ ਕਿਸੇ ਮੁਸਲਮਾਨ ਮੁੰਡੇ ਨੂੰ ਖੰਭੇ ਨਾਲ਼ ਬੰਨ੍ਹ ਕੇ ਜੈ ਸ੍ਰੀ ਰਾਮ ਕਹਾਉਣ। ਇਹੋ ਜਿਹੀਆਂ ਅਨੇਕਾਂ ਘਟਨਾਵਾਂ ਪਿਛਲੇ ਦੌਰ ਵਿੱਚ ਵਾਪਰਦੀਆਂ ਰਹੀਆਂ ਹਨ। ਈਦ ਮਨਾਉਣ ਲਈ ਵੈਸ਼ਨੂ ਮੁਸਲਿਮ ਭਾਈਚਾਰੇ ਦੇ ਸਾਊ ਸ਼ਰੀਫ਼ ਮੁੰਡੇ ਦਿੱਲੀ ਤੋਂ ਸੇਵੀਆਂ ਆਦਿ ਲੈ ਕੇ ਵਾਪਸ ਆਪਣੇ ਘਰ ਲਈ ਰੇਲ ਗੱਡੀ ਫੜਦੇ ਹਨ ਤਾਂ ਭੂਤਰੇ ਕੱਟੜ ਪੰਥੀ ਹਿੰਦੂ ਛੋਕਰੇ ਉਨ੍ਹਾਂ ਦੀ ਕੁੱਟ ਮਾਰ ਹੀ ਨਹੀਂ ਕਰਦੇ ਸਗੋਂ ਰੇਲ ਗੱਡੀ ਵਿੱਚੋਂ ਬਾਹਰ ਸੁੱਟ ਕੇ ਮਾਰ ਦਿੰਦੇ ਹਨ। ਹਿੰਦੂ ਸ਼ਾਵਨਵਾਦੀ ਗੁੰਡੇ ਦਿੱਲੀ ਯੂਨੀਵਰਸਿਟੀ ਵਿੱਚ ਵੜ ਕੇ, ਇੱਥੋਂ ਤੱਕ ਕਿ ਲਾਇਬ੍ਰੇਰੀ ਵਿੱਚ ਪੜ੍ਹ ਰਹੇ ਮੁੰਡੇ ਕੁੜੀਆਂ 'ਤੇ ਹਮਲਾ ਕਰਕੇ ਕੁੱਟ ਮਾਰ ਕਰਦੇ ਹਨ ਤੇ ਖੁੱਲ੍ਹੀਆਂ ਲਗਾਮਾਂ ਵਾਲ਼ੀ ਦਿੱਲੀ ਪੁਲਸ ਪੀੜਤ ਮੁੰਡੇ ਕੁੜੀਆਂ 'ਤੇ ਹੀ ਅਮਨ ਭੰਗ ਕਰਨ ਦੇ ਕੇਸ ਪਾ ਕੇ ਜੇਲ੍ਹੀਂ ਸੁੱਟਣ ਵਿੱਚ ਫ਼ਖ਼ਰ ਮਹਿਸੂਸ ਕਰਦੀ ਹੈ।

ਸਦੀਆਂ ਤੋਂ ਉਤਪੀੜਨ ਦਾ ਸ਼ਿਕਾਰ ਦਲਿਤ ਭਾਈਚਾਰਿਆਂ ਨੂੰ ਸਾਹ ਤੱਕ ਨਹੀਂ ਕੱਢਣ ਦਿੱਤਾ ਜਾਂਦਾ। ਸਾਰਾ ਗੜ੍ਹੀ ਦੀ ਤਰਜ਼ 'ਤੇ ਭੀਮਾ ਕੋਰੇਗਾਉਂ ਦੇ ਮਹਾਰ ਲੋਕਾਂ ਨੇ ਅੰਗਰੇਜ਼ੀ ਰਾਜ ਵੇਲ਼ੇ ਦੀ ਮਹਾਰ ਰਜਮੈਂਟ, ਜਿਸ ਨੇ ਮਹਾਰਾਸ਼ਟਰ ਦੇ ਪੇਸ਼ਵਾ (ਜ਼ਾਲਮ ਹੁਕਮਰਾਨ) ਦੇ ਛੱਕੇ ਛੁਡਾਏ ਦੀ ਯਾਦ ਵਿੱਚ ਕਰਵਾਏ ਜਾ ਰਹੇ ਸਮਾਗਮ ਵਿੱਚ ਹਿੰਦੂ ਸ਼ਾਵਨਵਾਦੀਆਂ ਨੇ ਆਪਣੇ ਗੁੰਡੇ ਭੇਜ ਕੇ ਮਹਾਰਾਂ 'ਤੇ ਹਮਲਾ ਕਰਕੇ ਅੰਨ੍ਹਾਂ ਤਸ਼ੱਦਦ ਕੀਤਾ। ਕੇਸ ਉਲਟਾ ਮਹਾਰਾਂ ਅਤੇ ਪੱਤਰਕਾਰਾਂ ਅਤੇ ਬੁੱਧੀਜੀਵੀਆਂ ਵਕੀਲਾਂ ਆਦਿ 'ਤੇ ਪਾ ਕੇ ਜੇਲ੍ਹੀਂ ਡੱਕ ਦਿੱਤਾ ਗਿਆ। ਹੋਰ ਤਾਂ ਹੋਰ ਨੱਵੇ ਪ੍ਰਤੀਸ਼ਤ ਅਪਾਹਜ ਪ੍ਰੋ. ਸਾਈ ਬਾਬਾ ਨੂੰ ਜੋ ਆਪਣੀ ਕੋਈ ਵੀ ਕਿਰਿਆ ਕਰ ਸਕਣ

ਦੇ ਸਮਰੱਥ ਨਹੀਂ ਉਮਰ ਕੈਦ ਦੀ ਅੰਡਾ ਸੈਲ ਵਿੱਚ ਕੈਦ ਭੋਗ ਰਿਹਾ ਹੈ। ਅਸਹਿਮਤੀ ਦੀ ਸੁਰ ਨੂੰ ਸ਼ਹਿਰੀ ਨਕਸਲੀ, ਮਾਓਵਾਦੀ ਆਦਿ ਦੇ ਦੋਸ਼ ਲਾ ਕੇ ਝੂਠੇ ਮੁਕੱਦਮਿਆਂ ਵਿੱਚ ਜੇਲ੍ਹੀਂ ਡੱਕਣਾ ਆਮ ਵਰਤਾਰਾ ਹੋ ਗਿਆ ਹੈ।

'ਦੇਸ਼ ਧਰੋਹ' ਦੇ ਲਕਬ ਦਾ ਇਸ ਕਦਰ ਸਾਧਾਰਨੀਕਰਨ ਕਰ ਦਿੱਤਾ ਗਿਆ ਹੈ ਕਿ ਜਿਸ ਉੱਪਰ ਜਦੋਂ ਮਰਜ਼ੀ ਇਹ ਦੋਸ਼ ਲਾ ਕੇ ਜੇਲ੍ਹ ਦੀ ਕਾਲ਼ ਕੋਠੜੀ ਵਿੱਚ ਸੁੱਟਿਆ ਜਾ ਸਕਦਾ ਹੈ। ਇਹੋ ਜਿਹੇ ਹਾਲਾਤ ਵਿੱਚ ਮੇਰੇ ਮਨ ਅੰਦਰ ਹਮੇਸ਼ਾ ਮਰੋੜੀਆਂ ਉਠਦੀਆਂ ਰਹਿੰਦੀਆਂ ਸਨ ਕਿ ਸਾਡਾ ਕੋਈ ਕਹਾਣੀਕਾਰ ਇਨ੍ਹਾਂ ਵਿਸ਼ਿਆਂ 'ਤੇ ਕਹਾਣੀ ਕਿਉਂ ਨਹੀਂ ਲਿਖਦਾ? ਸੋ ਮੈਂ ਆਪਣੀ ਕਲਮ ਨੂੰ ਸਾਨ 'ਤੇ ਲਾਇਆ ਤੇ ਇਸ ਕਹਾਣੀ ਵੱਲ ਅਹੁਲ਼ਿਆ। ਇਸ ਤਰ੍ਹਾਂ ਦੀ ਪਿੱਠ ਭੂਮੀ ਵਿੱਚ ਮੈਂ ਇਕ ਦਿਨ ਸਹਿਵਨ ਹੀ ਬਾਹਰ ਨਿੱਕਲ਼ਿਆਂ ਤਾਂ ਇਕ ਹੱਡੀਆਂ ਦੀ ਮੁੱਠ ਮੌਲੀ ਗਾਂ ਨੇ ਮੇਰੇ, ਬਾਹਰ ਗਲ਼ੀ ਦੀ ਕਿਆਰੀ ਵਿੱਚ ਲਾਏ ਬੂਟੇ ਮੁੱਛ ਦਿੱਤ। ਗਾਂ ਸਾਰੀ ਗਲ਼ੀ ਵਿੱਚ ਮੋਕ ਮਾਰਦੀ ਜਾਂਦੀ ਸੀ। ਉਸ ਤੋਂ ਗਲ਼ੀ ਦੇ ਸਾਰੇ ਲੋਕ ਹੀ ਦੁਖੀ ਸਨ। ਮੈਂ ਹਰਖ ਵਿੱਚ ਆ ਕੇ ਗਾਂ ਦੇ ਸੋਟੀ ਮਾਰ ਕੇ ਭਜਾ ਦਿੱਤੀ। ਵੇਖਣ ਵਾਲ਼ਿਆਂ ਨੇ ਮੇਰੇ ਇਸ ਅਮਲ ਨੂੰ ਵਧੀਆ ਕਹਿੰਦਿਆਂ ਗਾਂ ਨੂੰ ਗਾਲ੍ਹਾਂ ਵੀ ਕੱਢੀਆਂ। ਬਹੁਤ ਦਿਨ ਤੱਕ ਇਹ ਘਟਨਾ ਮੇਰੇ ਜ਼ਿਹਨ 'ਚੋਂ ਗੁੰਮ ਕਿਧਰੇ ਸੁੱਤੀ ਰਹੀ। ਇਕ ਦਿਨ ਫਿਰ ਉਹੀ ਗਾਂ ਆ ਕੇ ਦੂਜੇ ਬੂਟਿਆਂ ਨੂੰ ਮੁੱਛਣ ਲੱਗੀ ਤਾਂ ਮੈਂ ਫਿਰ ਡਾਂਗ ਮਾਰ ਕੇ ਭਜਾ ਦਿੱਤੀ ਤੇ ਕੰਮਪਿਊਟਰ ਖੋਲ੍ਹ ਕੇ ਬੈਠ ਗਿਆ। ਕਲਪਨਾ ਦੇ ਘੋੜੇ ਦੌੜਨ ਲੱਗੇ। ਕੋਈ ਧਾਰਮਿਕ ਬਿਰਤੀ ਦਾ ਬਿਸ਼ਨ ਸਿੰਘ, ਬਹਾਲ ਸਿੰਘ ਤੇ ਕੋਈ ਕੈਨੇਡਾ ਦਾ ਵਾਸੀ ਬਚਿੱਤਰ ਸਿੰਘ ਬਣ ਕੇ ਪਾਤਰ ਸਾਮ੍ਹਣੇ ਆਉਣ ਲੱਗੇ। ਕੋਈ ਕੋਠੇ ਦੀ ਛੱਤ 'ਤੇ ਸੂਰਜ ਨੂੰ ਪਾਣੀ ਦੇ ਵਾਲ਼ਾ ਸੰਕੀਰਨ ਸੋਚ ਦਾ ਭਗਤ ਰਾਮ ਬ੍ਰਹਿਮਣ ਬਣ ਕੇ ਆ ਹਾਜ਼ਰ ਹੋ ਗਿਆ। ਕੋਈ ਗਊ ਭਗਤ, ਕੋਈ ਬੱਸ ਕੰਡਕਟਰ ਸੋਮ ਨਾਥ ਤੇ ਕੋਈ ਥਾਣੇਦਾਰ ਰਾਮ ਪ੍ਰਕਾਸ਼ ਬਣ ਕੇ ਆ ਕਿਆ। ਮਾਸਟਰ ਵਿਨੋਦ ਕੁਮਾਰ ਨੂੰ ਮੈਂ ਬ੍ਰਹਿਮਣ ਜਾਤੀ ਨਾਲ਼ ਸਬੰਧਤ ਚਿਤਵ ਕੇ ਉਸਦੀ ਸਿਰਜਣਾ ਕੀਤੀ ਤੇ ਫਿਰ ਸਵਿੱਤਰੀ ਉਸ ਦੀ ਪਤਨੀ ਬਣ ਕੇ ਸਾਮ੍ਹਣੇ ਆ ਖੜ੍ਹੀ ਹੋਈ ਤੇ ਉਸਦਾ ਦੁੱਧ ਚੁੰਘਦਾ ਬੱਚਾ ਵੀ ਆਣ ਪਰਗਟ ਹੋਇਆ। ਮੈਂ ਹਾਲਾਤ ਵਿੱਚੋਂ ਪੈਦਾ ਹੋਈ ਤਰਾਸਦੀ ਅਤੇ ਆਪਣੀ ਪੀੜਾ ਨੂੰ ਮਾਸਟਰ ਵਿਨੋਦ ਕੁਮਾਰ ਦੀ ਪੀੜਾ ਬਣਾ ਕੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਜਦ ਵਿਨੋਦ ਕੁਮਾਰ ਇਹ ਸ਼ਬਦ ਬੋਲਦਾ ਹੈ-

"ਫਿਰ ਇਹਨਾਂ ਖੋਲੀਆਂ ਨੂੰ ਮੀਟ ਪਲਾਂਟਾਂ ਦੇ ਹਵਾਲੇ ਕਰ ਕੇ ਭਾਰਤ ਲਈ ਅਰਬਾਂ ਧਨ ਕਿਉਂ ਨਹੀਂ ਕਮਾਇਆ ਜਾਂਦਾ।" ਅਸਲ ਵਿੱਚ ਇਹ ਮੇਰੀ ਸੋਚ ਹੈ, ਜੋ ਮੈਂ ਇਕ ਪਾਤਰ ਤੋਂ ਅਖਵਾ ਕੇ ਆਪਣੀ ਭੜਾਸ ਕੱਢੀ ਹੈ। ਜਿਵੇਂ

"...ਤੇ ਅੱਜ ਕੱਲ੍ਹ ਭਾਰਤ ਵਿੱਚ ਜੋ ਹਵਾ ਵਗਾਉਣ ਦਾ ਯਤਨ ਕੀਤਾ ਜਾ ਰਿਹਾ ਹੈ, ਬਹੁਤ ਖ਼ਤਰਨਾਕ ਸੀ। ਮੁਲਕ ਨੂੰ ਪਾੜਨ ਵਾਲ਼ੀ ਸੀ ਸਭ ਕੁੱਝ, ਵੰਡ ਪਾਊ ਸੀ ਤੇ ਇਹ ਰਾਹ ਖ਼ੂਨ ਦੀਆਂ ਨਦੀਆਂ ਵੱਲ ਜਾਂਦਾ ਸੀ..." ਕਹਾਣੀ ਦੇ ਕਥਾਨਕ ਵਿੱਚੋਂ। ਕਿਉਂਕਿ ਅੱਜ ਕੱਲ੍ਹ ਮੈਂ ਸਿੱਧਾ ਹੀ ਕੰਪਿਊਟਰ 'ਤੇ ਲਿਖਦਾ ਹਾਂ, ਜਿਸ ਕਰਕੇ ਇਸ ਕਹਾਣੀ ਨੂੰ ਮੈਂ ਪੰਜ ਸੱਤ ਵਾਰ ਸੋਧ ਸੋਧ ਕੇ ਲਿਖ ਸਕਿਆ ਹਾਂ। ਹਰ ਵਾਰ ਕੋਈ ਨਵਾਂ ਪਾਤਰ ਆ ਸ਼ਾਮਲ ਹੁੰਦਾ ਰਿਹਾ ਹੈ। ਇਸ ਦੇ ਬਿਰਤਾਂਤ ਨੂੰ ਚਿੱਤਰ ਪੱਟ 'ਤੇ ਚਿਤਰਦਿਆਂ ਮੈਂ ਇਸ ਵਿੱਚ ਕਿੰਨੀ ਕੁ ਕਲਾ ਪਾ ਸਕਿਆਂ ਹਾਂ, ਇਸ ਦਾ ਨਿਰਨਾ ਤਾਂ ਪਾਠਕ ਹੀ ਕਰਨਗੇ। ਸ਼ੁਕਰੀਆ।



## ਕਹਾਣੀ 'ਮਸਤ' ਲਿਖਦਿਆਂ/ਹਰਜੀਤ ਅਟਵਾਲ

ਮੈਂ ਕਹਾਣੀ ਲਿਖ ਕੇ ਅਕਸਰ ਭੁੱਲ ਜਾਇਆ ਕਰਦਾਂ ਹਾਂ। ਸ਼ਾਇਦ ਹੋਰ ਲੇਖਕ ਵੀ ਇਵੇਂ ਹੀ ਕਰਦੇ ਹੋਣ ਪਰ ਕੁਝ ਕਹਾਣੀਆਂ ਹਨ ਕਿ ਤੁਹਾਨੂੰ ਹਾਕਾਂ ਮਾਰਨ ਲਗਦੀਆਂ ਹਨ, ਇਹਨਾਂ ਵਿੱਚੋਂ 'ਮਸਤ' ਵੀ ਇਕ ਹੈ। ਕਹਾਣੀ ਮਸਤ ਦਾ ਵਿਸ਼ਾ ਅਜਿਹਾ ਹੈ ਕਿ ਮੈਨੂੰ ਬਹੁਤ ਹਾਂਟ ਕਰਦਾ ਹੈ ਬਲਕਿ ਇਹ ਕਹਾਂ ਕਿ ਕਈ ਦਹਾਕਿਆਂ ਤੋਂ ਹਾਂਟ ਕਰਦਾ ਆ ਰਿਹਾ ਹੈ ਤਾਂ ਗਲਤ ਨਹੀਂ ਹੋਵੇਗਾ। ਇਸ ਵਿਸ਼ੇ ਨਾਲ ਮੇਰਾ ਵਾਹ ਤੀਹ-ਪੈਂਤੀ ਸਾਲ ਪਹਿਲਾਂ ਪਿਆ ਜਦ ਲੰਡਨ ਦੇ ਨਜ਼ਦੀਕ ਮਸਤਾਂ ਦੇ ਇਕ ਪਿੰਡ ਵਿੱਚ ਮੈਂ ਗਿਆ ਸਾਂ। ਇਸ ਪਿੰਡ ਵਿੱਚ ਸਾਰੇ ਲੋਕ ਨੰਗੇ ਹੀ ਰਹਿੰਦੇ ਹਨ, ਅਲਫ ਨੰਗੇ। ਇਹਨਾਂ ਲੋਕਾਂ ਵਿੱਚ ਪੰਜ ਸਾਲ ਦੇ ਬੱਚੇ ਤੋਂ ਲੈ ਕੇ ਅੱਸੀ ਸਾਲ ਦੇ ਬਿਜ਼ੁਰਗ ਸ਼ਾਮਲ ਹਨ। ਇਹ ਉਹ ਦਿਨ ਸਨ ਜਦੋਂ ਪੂਰੇ ਯੌਰਪ ਵਿੱਚ ਨੰਗੇ ਰਹਿਣ ਦੀ ਇਕ ਲਹਿਰ ਚੱਲੀ ਸੀ ਤੇ ਇਹ ਲੋਕ ਆਪਣੇ ਆਪ ਨੂੰ ਨੇਚੁਰਿਸਟ ਕਿਹਾ ਕਰਦੇ ਸਨ ਤੇ ਅੱਜ ਵੀ ਇਹ ਨੇਚੁਰਿਸਟ ਹੀ ਕਹਿਲਵਾਉਂਦੇ ਹਨ। ਇਸ ਪਿੰਡ ਦੇ ਨੰਗੇ ਲੋਕਾਂ ਵੱਲ ਦੇਖ ਕੇ ਪੰਜਾਬ ਦੇ ਪਿੰਡਾਂ ਵਿੱਚ ਫਿਰਦੇ ਨੰਗੇ ਫਿਰਦੇ ਮਸਤਾਂ ਦੀ ਯਾਦ ਆਉਂਦੀ ਸੀ ਇਸੇ ਲਈ ਮੈਂ ਆਪਣੀ ਕਹਾਣੀ ਦਾ ਨਾਂ ਵੀ ਮਸਤ ਰੱਖਿਆ ਹੈ। ਇਸ ਪਿੰਡ ਤੋਂ ਬਾਅਦ ਮੈਂ ਬਰਾਈਟਨ ਦੇ ਨੇਚੁਰਿਸਟ ਬੀਚ 'ਤੇ ਵੀ ਗਿਆ ਹਾਂ ਤੇ ਨੇਚੁਰਿਸਟਸ ਦੇ ਯੌਰਪ ਦੇ ਕਈ ਰਿਜ਼ੋਰਟਾਂ ਵਿੱਚ ਵੀ ਗਿਆ ਤੇ ਇਹਨਾਂ ਨੂੰ ਨੇੜਿਓਂ ਦੇਖਿਆ ਪਰ ਇਹਨਾਂ ਬਾਰੇ ਕੁਝ ਲਿਖ ਨਾ ਸਕਿਆ। ਵੈਸੇ ਮੈਂ ਆਪਣੀਆਂ ਕੁਝ ਕਹਾਣੀਆਂ ਤੇ ਨਾਵਲਾਂ ਵਿੱਚ ਥੋੜ੍ਹੀ-ਬਹੁਤ ਇਸ ਵਿਸ਼ੇ ਬਾਰੇ ਗੱਲ ਕਰਦਾ ਰਿਹਾ ਹਾਂ। ਫਿਰ ਇਕ ਦਿਨ ਅਚਾਨਕ ਇਹ ਕਹਾਣੀ 'ਮਸਤ' ਮੇਰੇ ਕੋਲ ਆਈ ਤੇ ਮੈਂ ਇਕੋ ਬੈਠਕ ਵਿੱਚ ਲਿਖ ਲਈ। ਮੇਰੀ ਇਹ ਮੁਸ਼ਕਲ ਹੈ ਕਿ ਜੇ ਕਹਾਣੀ ਇਕ ਬੈਠਕ ਵਿੱਚ ਨਾ ਲਿਖੀ ਜਾਵੇ ਤਾਂ ਇਹਦਾ ਮਤਲਬ ਹੈ ਕਿ ਕਹਾਣੀ ਲਿਖਣ ਲਈ ਮੈਂ ਹਾਲੇ ਤਿਆਰ ਨਹੀਂ ਹਾਂ। ਇਹ ਕਹਾਣੀ ਮੈਂ ਇਕ ਬੈਠਕ ਵਿੱਚ ਲਿਖ ਤਾਂ ਲਈ ਪਰ ਜਦ ਪੜ੍ਹੀ ਤਾਂ ਜਾਪਿਆ ਕਿ ਹਾਲੇ ਇਹ ਅਧੂਰੀ ਹੈ। ਜਿਵੇਂ ਪੂਛ ਬਿਨਾਂ ਕਿਸੇ ਪੰਛੀ ਦੀ ਤਸਵੀਰ ਹੋਵੇ। ਇਸ ਦੇ ਮੌਜੂਦਾ ਰੂਪ ਵਿੱਚ ਆਉਣ ਦਾ ਸਬੱਬ ਜਾਂ ਇਸ ਦੇ ਪੂਰੀ ਹੋਣ ਦਾ ਕਾਰਨ ਇਕ ਹੋਰ ਨਿਕੀ ਜਿਹੀ ਘਟਨਾ ਬਣੀ।

ਮੈਂ ਆਪਣੀ ਇਸ ਕਹਾਣੀ 'ਮਸਤ' ਬਾਰੇ ਗੱਲ ਕਰਾਂ ਤਾਂ ਇਸ ਦੇ ਚਾਰ ਥੰਮ ਹਨ। ਇਕ ਟੀਆ ਜੋ ਇਸ ਦੀ ਮੁੱਖ ਕਿਰਦਾਰ ਹੈ, ਦੂਜੀ ਮੇਰੀ ਦੋਸਤ ਕਰਿਸਟੀ ਮੌਥ ਜੋ ਬੈਂਕ ਮੈਨੇਜਰ ਹੈ ਤੇ ਨੇਚੁਰਿਸਟ ਹੈ, ਤੀਜੀ ਮੀਨਲ ਜੈਨ, ਉਹ ਭਾਰਤੀ ਕੁੜੀ ਜੋ ਅਲਫ ਨੰਗੀ ਹੋ ਕੇ ਲੰਡਨ ਦੀਆਂ ਗਲ਼ੀਆਂ ਵਿੱਚ ਸਾਈਕਲ ਚਲਾਇਆ ਕਰਦੀ ਹੈ ਤੇ ਚੌਥਾ ਇਕ ਸੁਫਨਾ ਜੋ ਮੈਨੂੰ ਆਇਆ ਸੀ। ਇਹਨਾਂ ਚਾਰ ਥੰਮਾਂ ਦਾ ਵੀ ਇਕ ਆਧਾਰ ਹੈ, ਚਿੱਟੀ ਪੂਛ ਵਾਲਾ ਬਾਜ਼। ਜੇ ਚਿੱਟੀ ਪੂਛ ਵਾਲਾ ਬਾਜ਼ ੨੪੦ ਸਾਲ ਬਾਅਦ ਇੰਗਲੈਂਡ ਨਾ ਮੁੜਦਾ ਤਾਂ ਇਹ ਕਹਾਣੀ ਅਧੂਰੀ ਰਹਿ ਜਾਂਦੀ ਤੇ ਮੈਂ ਸ਼ਾਇਦ ਇਸ ਨੂੰ ਨਾ ਛਪਵਾਉਂਦਾ। ਇਸ ਪੰਛੀ ਦਾ ਯੂਕੇ ਦਾ ਅਸਮਾਨਾਂ ਵਿੱਚ ਮੁੜਨਾ ਕਹਾਣੀ ਵਿਚਲੀ ਤਰਕ ਨੂੰ ਤਾਕਤ ਬਖਸ਼ਦਾ ਹੈ ਤੇ ਕਹਾਣੀ ਦੇ ਪੂਰੀ ਹੋਣ ਦਾ ਸਬੱਬ ਬਣਦਾ ਹੈ।

ਇਸ ਕਹਾਣੀ ਵਿੱਚ ਜੋ ਕੁਝ ਵਾਪਰਦਾ ਹੈ ਇਹ ਕਾਫੀ ਕੁਝ ਇੰਨ-ਬਿੰਨ ਹੈ। ਕਲਪਨਾ ਦਾ ਦਖਲ ਹੋਰ ਕਹਾਣੀਆਂ ਦੇ ਮੁਕਾਬਲੇ ਇਸ ਵਿੱਚ ਘੱਟ ਹੈ। ਟੀਆ ਉਹ ਕੁੜੀ ਹੈ ਜੋ ਮੈਨੂੰ ਛੱਟੀਆਂ 'ਤੇ ਗਏ ਨੂੰ ਮਿਲੀ ਸੀ। ਬਰੀਮ ਸੈਂਡਜ਼ ਬ੍ਰਿਸਟਲ ਤੋਂ ਕੁਝ ਅੱਗੇ ਇਕ ਪਿੰਡ ਹੈ ਜਿਸ ਦਾ

ਕਹਾਣੀ ਵਿਚਲਾ ਸਾਰਾ ਵਿਸਥਾਰ ਸਹੀ ਹੈ। ਛੁੱਟੀਆਂ ਕੱਟਣ ਜਾਂ ਸਦਾ ਲਈ ਰਹਿਣ ਵਾਸਤੇ ਇਹ ਮੇਰੀ ਮਨ ਭਾਉਂਦੀ ਜਗਾਹ ਹੈ। ਮੈਂ ਇਸੇ ਜਗਾਹ ਨੂੰ ਜ਼ਰਾ ਕੁ ਘੁਮਾ ਕੇ ਆਪਣੇ ਨਾਵਲ 'ਹਾਦਸੇ' ਵਿੱਚ ਵੀ ਵਰਤਿਆ ਹੈ। ਮੈਂ ਟੀਆ ਨੂੰ ਆਪਣੇ ਕੈਮਰੇ ਦੇ ਲੈਨਜ਼ ਰਾਹੀਂ ਬਹੁਤ ਦੂਰੋਂ ਨੇਚੁਰਿਸਟ ਹਾਲਤ ਵਿੱਚ ਖੜੀ ਨੂੰ ਦੇਖਿਆ ਸੀ। ਦੂਜੇ ਦਿਨ ਉਸ ਨੂੰ ਪੂਰੇ ਕਪੜਿਆਂ ਵਿੱਚ ਇਕ ਸਟੋਰ ਵਿੱਚ ਦੇਖਿਆ, ਉਸ ਨਾਲ ਗੱਲ-ਬਾਤ ਅੱਗੇ ਤੁਰੀ। ਦੂਜੇ ਥੰਮ ਕ੍ਰਿਸਟੀ ਮੌਬ ਤੋਂ ਮੈਂ ਇਸ ਕਹਾਣੀ ਵਿਚਲੀ ਦਲੀਲਬਾਜ਼ੀ ਤੇ ਹੋਰ ਬਹੁਤ ਸਾਰੀ ਜਾਣਕਾਰੀ ਲਈ। ਕ੍ਰਿਸਟੀ ਮੌਬ ਦਾ ਪੁਰਤਗਾਲ ਦੇ ਇਕ ਨੇਚੁਰਿਸਟ ਪਿੰਡ ਵਿੱਚ ਘਰ ਵੀ ਹੈ। ਤੀਜਾ ਥੰਮ ਮੀਨਲ ਜੈਨ ਜੋ ਕਿਸੇ ਵੱਡੀ ਨੌਕਰੀ 'ਤੇ ਤਾਇਨਾਤ ਹੈ ਤੇ ਜਿਸ ਦੀਆਂ ਨੰਗੀਆਂ ਤਸਵੀਰਾਂ ਸੋਸ਼ਲ ਮੀਡੀਏ 'ਤੇ ਆਮ ਘੁੰਮਦੀਆਂ ਰਹਿੰਦੀਆਂ ਹਨ, ਉਸ ਵਿੱਚ ਇਵੇਂ ਨੰਗੇ ਹੋ ਕੇ ਪਬਲਿਕ ਵਿੱਚ ਆਉਣ ਦੀ ਹਿੰਮਤ ਕਿਥੋਂ ਆਉਂਦੀ ਹੈ? ਸ਼ਾਇਦ ਸਾਡੀ ਪ੍ਰੰਪਰਾ ਵਿੱਚ ਵੀ ਇਹ ਗੱਲ ਪਈ ਹੈ। ਹਜ਼ਾਰਾਂ ਸਾਧੂ, ਰਿਸ਼ੀ-ਮੁਨੀ ਨੰਗੇ ਰਹਿੰਦੇ ਹਨ। ਮੀਨਲ ਜੈਨ ਦੀਆਂ ਨੰਗੀ ਹਾਲਤ ਵਿੱਚ ਲੱਖਾਂ ਤਸਵੀਰਾਂ ਖਿੱਚੀਆਂ ਜਾਂਦੀਆਂ ਹਨ ਪਰ ਉਹ ਮਿੰਨਾ ਮਿੰਨਾ ਮੁਸਕਰਾਂਉਂਦੀ ਰਹਿੰਦੀ ਹੈ, ਕਿਸੇ ਸਾਧੂ ਵਾਂਗ, ਕਿਸੇ ਮਸਤ ਵਾਂਗ। ਚੌਥਾ ਥੰਮ ਮੈਨੂੰ ਆਇਆ ਇਕ ਸੁਫਨਾ ਹੈ। ਇਸ ਸੁਫਨੇ ਅਨੁਸਾਰ ਮੈਂ ਲੰਡਨ ਦੇ ਇਕ ਚੌਂਕ ਵਿੱਚ ਖੜਾ ਹਾਂ, ਇਕ ਘੋੜਾ-ਬੱਘੀ ਮੇਰੇ ਕੋਲ ਦੀ ਲੰਘਦੀ ਹੈ। ਇਕ ਨੰਗੀ ਕੁੜੀ, ਜਿਸ ਨੂੰ ਨੇਚੁਰਿਸਟ ਵੀ ਕਿਹਾ ਜਾ ਸਕਦਾ ਹੈ, ਉਸ ਬੱਘੀ ਦੀ ਉਚੀ ਸੀਟ ਉਪਰ ਬੈਠੀ ਹੈ। ਜਾਣਿਆਂ-ਪੱਛਾਣਿਆਂ ਚਿਹਰਾ ਹੈ। ਉਹ ਮੇਰੇ ਵੱਲ ਦੇਖ ਕੇ ਮੁਸਕਰਾਂਉਦੀ ਹੈ। ਬੱਘੀ ਸੱਜੇ ਪਾਸੇ ਮੁੜ ਜਾਂਦੀ ਹੈ। ਉਥੋਂ ਉਸ ਕੁੜੀ ਦੀ ਪਿੱਠ ਨਜ਼ਰ ਆਉਂਦੀ ਹੈ ਜਿਸ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹੈ। ਮੈਨੂੰ ਅਕਸਰ ਸੁਫਨੇ ਭੁੱਲ ਜਾਂਦੇ ਹਨ ਪਰ ਇਹ ਸੁਫਨਾ ਨਹੀਂ ਭੁੱਲਦਾ ਸਗੋਂ ਵਾਰ ਵਾਰ ਚੇਤੇ ਆਉਂਦਾ ਹੈ ਤੇ ਮੈਨੂੰ ਇਸ ਕਹਾਣੀ ਵੱਲ ਲੈ ਤੁਰਦਾ ਹੈ।

ਜਿਵੇਂ ਮੈਂ ਪਹਿਲਾਂ ਕਿਹਾ ਕਿ ਕਹਾਣੀ ਲਿਖੀ ਤਾਂ ਗਈ ਪਰ ਮੈਨੂੰ ਜਾਪਿਆ ਕਿ ਇਹ ਹਾਲੇ ਅਧੂਰੀ ਹੈ। ਮੈਂ ਸੋਚ ਰਿਹਾ ਸਾਂ ਕਿ ਨੇਚੁਰਿਸਟ ਲੋਕਾਂ ਦੀ ਨੰਗੇ ਰਹਿਣ ਦੀ ਦਲੀਲ ਵਿੱਚ ਦਮ ਤਾਂ ਹੈ ਪਰ ਕੀ ਸਭ ਨੂੰ ਇਹ ਦਲੀਲ ਪੰਜਾਬੀ ਦੇ ਆਮ ਪਾਠਕ ਤੱਕ ਸੰਚਾਰ ਕਰੇਗੀ? ਪੱਛਮੀ ਦੁਨੀਆ ਦੇ ਲੋਕ ਤਾਂ ਇਹਨਾਂ ਨੰਗੇ ਰਹਿਣ ਦੀ ਪ੍ਰਵਿਰਤੀ ਵਾਲੇ ਲੋਕਾਂ ਨੂੰ ਖੂਬ ਸਮਝਦੇ ਹਨ ਪਰ ਭਾਰਤ ਵਿੱਚਲੇ ਮੇਰੇ ਪਾਠਕਾਂ ਨੂੰ ਸ਼ਾਇਦ ਇਹ ਗੱਲ ਹਜ਼ਮ ਨਾ ਹੋਵੇ। ਮੈਂ ਦੇਖਿਆ ਸੀ ਕਿ ਮੇਰੇ ਨਾਵਲ 'ਹਾਦਸੇ' ਦਾ ਵਿਸ਼ਾ ਕਿ ਚੜ੍ਹੀ ਉਮਰ ਦੇ ਲੋਕ ਵੀ ਇਸ਼ਕ ਕਰ ਸਕਦੇ ਹਨ ਕੁਝ ਆਲੋਚਕਾਂ ਨੂੰ ਪਸੰਦ ਨਹੀਂ ਸੀ ਆਈ। ਅਸਲ ਵਿੱਚ ਏਨੀ ਤਰੱਕੀ ਤੋਂ ਬਾਅਦ ਵੀ ਹਾਲੇ ਪੱਛਮੀ ਤੇ ਪੂਰਬੀ ਸਭਿਆਚਾਰ ਵਿੱਚ ਬਹੁਤ ਫਰਕ ਹੈ। ਇਸ ਤਰ੍ਹਾਂ ਲੋਕਾਂ ਦੇ ਇਕ ਭਾਗ ਦੇ ਨੰਗੇ ਰਹਿਣ ਦੇ ਸੁਭਾਅ ਨੂੰ ਪੱਛਮ ਵਿੱਚ ਸਹਿਜੇ ਹੀ ਮਨਜ਼ੂਰ ਕਰ ਲਿਆ ਜਾਂਦਾ ਹੈ ਪਰ ਪੂਰਬ ਵਿੱਚ ਇਸ ਉਪਰ ਬਹੁਤ ਕਿੰਤੂ-ਪ੍ਰੰਤੂ ਹੋਣਗੇ। ਸੋ ਇਸ ਵਿਸ਼ੇ ਨੂੰ ਹੋਰ ਸੌਖਿਆਂ ਬਣਾਉਣ ਦੀ ਲੋੜ ਸੀ। ਕ੍ਰਿਸਟੀ ਮੌਬ ਦੀ ਇਕ ਦਲੀਲ ਮੈਨੂੰ ਵਾਰ ਵਾਰ ਯਾਦ ਆਉਂਦੀ ਕਿ ਪ੍ਰਦੂਸ਼ਣ ਤੋਂ ਬਚਣ ਲਈ ਮਨੁੱਖ ਨੂੰ ਵਾਪਸ ਕੁਦਰਤ ਵੱਲ ਮੁੜਨਾ ਪਵੇਗਾ। ਇਹਨਾਂ ਦਿਨਾਂ ਵਿੱਚ ਹੀ ਕਰੋਨਾ ਫੈਲ ਗਿਆ। ਪੂਰੀ ਦੁਨੀਆ ਵਿੱਚ ਲੌਕਡਾਊਨ ਲੱਗਣ ਕਾਰਨ ਪ੍ਰਦੂਸ਼ਣ ਘੱਟਣ ਲੱਗਾ। ਬਹੁਤ ਸਾਰੇ ਜਾਨਵਰ ਸ਼ਹਿਰਾਂ ਵਿੱਚ ਆ ਵੜਨ ਲੱਗੇ। ਅਸਮਾਨ ਸਾਫ ਹੋ ਗਿਆ। ਓਜ਼ੋਨ ਦੀਆਂ ਤੈਹਾਂ ਮਜ਼ਬੂਤ ਹੋਣ ਲੱਗੀਆਂ ਤੇ ਇਹਨਾਂ ਦਿਨਾਂ ਵਿੱਚ ਹੀ ਚਿੱਟੀ ਪੂਛ ਵਾਲਾ ਬਾਜ਼ ਦੋ ਸੌ ਚਾਲੀ ਸਾਲ ਬਾਅਦ ਇੰਗਲੈਂਡ



ਮੁੜਿਆ। ਇਸ ਬਾਜ਼ ਦੇ ਇੰਗਲੈਂਡ ਮੁੜਨ ਨਾਲ ਹੀ ਮੇਰੀ ਕਹਾਣੀ ਪੂਰੀ ਹੋ ਗਈ। ਚਿੱਟੀ ਪੂਛ ਵਾਲਾ ਬਾਜ਼ ਆਮ ਬਾਜ਼ਾਂ ਤੋਂ ਕੁਝ ਅਲੱਗ ਹੈ। ਇਹ ਸਭ ਤੋਂ ਵੱਡਾ ਪੰਛੀ ਹੈ ਜੋ ਜਦ ਖੰਭ ਖੋਹਲਦਾ ਹੈ ਤਾਂ ਇਸ ਦੀ ਲੰਮਾਈ ਅੱਠ ਫੁੱਟ ਜਾਂ ਢਾਈ ਮੀਟਰ ਹੁੰਦੀ ਹੈ। ਇਹ ਪੰਛੀ ਇੰਗਲੈਂਡ ਵਿੱਚੋਂ ਉਦੋਂ ਗਾਇਬ ਹੋਇਆ ਸੀ ਜਦ ਇਥੇ ਸਨਅੱਤੀ ਇਨਕਲਾਬ ਸ਼ੁਰੂ ਹੋਇਆ ਸੀ। ਲੋਹੇ ਦੀਆਂ ਵੱਡੀਆਂ ਵੱਡੀਆਂ ਫਾਉਂਡਰੀਆਂ ਲੱਗੀਆਂ ਸਨ ਜਿਹਨਾਂ ਵਿੱਚੋਂ ਬਹੁਤ ਵੱਡੀ ਮਿਕਦਾਰ ਵਿੱਚ ਧੂੰਆਂ ਨਿਕਲਦਾ ਸੀ ਤੇ ਹਵਾ ਨੂੰ ਪ੍ਰਦੂਸ਼ਿਤ ਕਰ ਦਿੰਦਾ ਜੋ ਕਿ ਪੰਛੀਆਂ ਲਈ ਬਹੁਤ ਘਾਤਕ ਸਿੱਧ ਹੁੰਦੀ ਸੀ ਖਾਸ ਕਰਕੇ ਧੂੰਏਂ ਕਾਰਨ ਹਵਾ ਵਿੱਚ ਘੁਲੀ ਜ਼ਹਿਰ ਨੇ ਇਸ ਦੁਰਲੱਭ ਬਾਜ਼ ਨੂੰ ਖਤਮ ਕਰ ਦਿੱਤਾ। ਕਿਉਂਕਿ ਇਹ ਪੰਛੀ ਉਚਾ ਉਡਦਾ ਹੈ ਤੇ ਇਸ ਧੂੰਏਂ ਦਾ ਅਸਰ ਵੀ ਉਪਰਲੀ ਹਵਾ ਵਿੱਚ ਜ਼ਿਆਦਾ ਸੀ। ਫਿਰ ਪੰਛੀਆਂ ਦੇ ਮਾਹਿਰਾਂ ਨੇ ਬਾਜ਼ ਦੀ ਇਹ ਨਸਲ ਹੋਰਨਾਂ ਮੁਲਕਾਂ ਵਿੱਚੋਂ ਲਿਆ ਕੇ ਇਥੇ ਇਸ ਦੀ ਜੜ੍ਹ ਲਾਉਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋਏ। ਜੇ ਛੇ ਪੰਛੀ ਇੰਗਲੈਂਡ ਦੇ ਅਸਮਾਨ ਵਿੱਚ ਛੱਡੇ ਜਾਂਦੇ ਤਾਂ ਇਹਨਾਂ ਵਿੱਚੋਂ ਦੋ ਮਰ ਜਾਂਦੇ ਤੇ ਇਕ ਗੁੰਮ ਹੋ ਜਾਂਦਾ। ਇਹ ਆਪਣੇ ਆਲ੍ਹਣੇ ਵੀ ਨਾ ਬਣਾਉਂਦੇ ਤੇ ਇਹਨਾਂ ਦੀ ਨਸਲ ਅੱਗੇ ਨਾ ਵਧਦੀ। ਪਿਛਲੇ ਸਾਲ ਜਦ ਕਰੋਨਾ ਕਾਰਨ ਹੋਰ ਦੁਨੀਆ ਵਾਂਗ ਇੰਗਲੈਂਡ ਦੇ ਅਸਮਾਨ ਸਾਫ ਹੋਏ ਤਾਂ ਇਹ ਪੰਛੀ ਆਪਣੇ ਆਪ ਵਾਪਸ ਆ ਗਿਆ। ਇਹ ਬਾਜ਼ ਅਛੋਪਲੇ ਜਿਹੇ ਹੀ ਮੇਰੀ ਕਹਾਣੀ ਵਿੱਚ ਵੀ ਆ ਵੜ੍ਹਿਆ ਤੇ ਮੇਰੀ ਕਹਾਣੀ ਮੁਕੰਮਲ ਹੋ ਗਈ। ਕਹਾਣੀ ਦੇ ਅਖੀਰ ਵਿੱਚ ਜਦ ਟੀਆ ਚਿੱਟੀ ਪੂਛ ਵਾਲੇ ਬਾਜ਼ ਦੇ ਖੰਭਾਂ ਵਾਂਗ ਬਾਹਾਂ ਖਿਲਾਰਦੀ ਹੈ ਤਾਂ ਕਹਾਣੀ ਦੇ ਚਾਰੇ ਥੰਮ ਟੀਆ, ਕ੍ਰਿਸਟੀ ਮੌਬ, ਮੀਨਲ ਜੈਨ ਤੇ ਮੇਰਾ ਸੁਫਨਾ ਇਕੱਠੇ ਹੋ ਜਾਂਦੇ ਹਨ।

---

**ਪੰਨਾ ਨੰ. 130 ਦਾ ਬਾਕੀ**

ਕਈ ਵਾਰ ਇਹ ਨਵੇਂ ਅਰਥ ਲੇਖਕ ਦੇ ਆਪਣੇ ਕਿਆਸ ਕੀਤੇ ਅਰਥਾਂ ਤੋਂ ਬਿਲਕੁਲ ਵੱਖਰੇ ਹੁੰਦੇ ਹਨ। ਇਨ੍ਹਾਂ ਅਰਥਾਂ ਦੀ ਪਛਾਣ ਅਤੇ ਤਲਾਸ਼ 'ਛਣ-ਛਣ' ਕਹਾਣੀ ਦੀ ਬੁਣਤਰ ਵਿੱਚੋਂ ਸਪੱਸ਼ਟ ਦੇਖੀ ਜਾ ਸਕਦੀ ਹੈ।

**ਹਵਾਲੇ ਅਤੇ ਟਿੱਪਣੀਆਂ-**

1. ਭਗਵੰਤ ਰਸੂਲਪੁਰੀ, ਛਣ-ਛਣ, ਕਹਾਣੀ ਧਾਰਾ, ਅਕਤੂਬਰ-ਦਸੰਬਰ,2020, ਪੰਨਾ-18
2. ਉਹੀ, ਪੰਨਾ-3
3. ਆਗਿਆਜੀਤ ਸਿੰਘ, ਸਾਧਾਰਨ ਮਨੋਵਿਗਿਆਨ, ਪੰਨਾ-14
4. ਭਗਵੰਤ ਰਸੂਲਪੁਰੀ, ਛਣ-ਛਣ, ਕਹਾਣੀ ਧਾਰਾ, ਅਕਤੂਬਰ-ਦਸੰਬਰ,2020, ਪੰਨਾ-5
5. ਉਹੀ, ਪੰਨਾ-6
6. ਉਹੀ, ਪੰਨਾ-9
7. ਉਹੀ, ਪੰਨਾ-6
8. ਉਹੀ, ਪੰਨਾ-7

## ਕਹਾਣੀ 'ਰੱਬ ਜੀ' ਦੀ ਸਿਰਜਣਾ/ਗੁਰਮੀਤ ਕੜਿਆਲਵੀ

ਗੱਲ 2009 ਦੇ ਪਿछਲੇ ਪੱਖ ਦੀ ਹੈ ਉਦੋਂ ਮੇਰੀ ਪੋਸਟਿੰਗ ਮੋਗੇ ਹੁੰਦੀ ਸੀ ਜ਼ਿਲ੍ਹਾ ਕਚਹਿਰੀਆਂ 'ਚ ਬੈਠਦਾ ਇੱਕ ਮਨਪ੍ਰੀਤ ਧਾਲੀਵਾਲ ਨਾਂ ਦਾ ਮਿੱਤਰ ਅਕਸਰ ਮੇਰੇ ਕੋਲ ਆਉਂਦਾ ਰਹਿੰਦਾ ਕਦੇ ਕੰਮ ਧੰਦੇ-ਕਦੇ ਵੈਸੇ ਹੀ ਮਿਲਣ ਗਿਲਣ ਉਸਦਾ ਪਿੰਡ ਨਿਹਾਲ ਸਿੰਘ ਵਾਲਾ ਤਹਿਸੀਲ 'ਚ ਪੈਂਦਾ ਹੈ ਇੱਕ ਦਿਨ ਉਹ ਆਪਣੇ ਨਾਲ ਆਪਣੇ ਪਿੰਡ ਦੇ ਗਰੀਬੜੇ ਜਿਹੇ ਬੰਦੇ ਨੂੰ ਲੈ ਕੇ ਆਇਆ

"ਕੜਿਆਲਵੀ ਸਾਬ੍ਹ! ਇਹ ਮੇਰੇ ਪਿੰਡੋਂ ਮੇਰਾ ਯਾਰ ਐ ਬੰਸਾ ਇਹਦਾ ਮਕਾਨ ਬਾਹਲਾ ਨੀਵਾਂ ਹੋਇਆ ਪਿਆ ਖਸਤਾ ਹਾਲ ਐ ਕਿਵੇਂ ਨਾ ਕਿਵੇਂ ਮਕਾਨ ਦੀ ਮੁਰੰਮਤ ਕਰਾਉਣ ਵਾਸਤੇ ਗ੍ਰਾਂਟ ਦੇ ਦੇਵੇਂ ਤਾਂ ਬੜਾ ਧੰਨਵਾਦ ਹੋਊ ਵਿਚਾਰਾ ਘਰ ਦਾ ਮਾੜਾ ਮੋਟਾ ਮੂੰਹ ਮੱਥਾ ਸੁਆਰਲੂ " ਧਾਲੀਵਾਲ ਦੀ ਆਵਾਜ਼ 'ਚ ਸਿਫਾਰਸ਼ ਨਾਲੋਂ ਤਰਲਾ ਜ਼ਿਆਦਾ ਸੀ ਮੈਨੂੰ ਮਹਿਸੂਸ ਹੋਇਆ ਉਹ ਦਿਲੋਂ ਉਸ ਬੰਦੇ ਦੀ ਮੱਦਦ ਕਰਨੀ ਚਾਹੁੰਦਾ ਹੈ

ਮੈਂ ਆਪਣੀ ਲੇਖਕੀ ਆਦਤ ਮੁਜਬ ਉਸ ਬੰਦੇ ਨੂੰ ਪੈਰਾਂ ਤੋਂ ਸਿਰ ਤੱਕ ਗਹੁ ਨਾਲ ਵੇਖਿਆ

"ਕੀ ਕਰਦਾ ਹੁੰਨਾ ਸਰਦਾਰ ਬੰਸ ਸਿਆਂ?" ਮੈਂ ਨਿਗਾਹ ਉਸਦੇ ਚਿਹਰੇ 'ਤੇ ਗੱਡ ਦਿੱਤੀ ਸੀ

"ਕਰਨਾ ਕੀ ਐ?"

"ਸੀਰੀ ਐ ਸਾਡੇ ਪਿੰਡ ਵਾਲੇ ਸਰਪੰਚ ਨਾਲ ਸਰਪੰਚ ਨੂੰ ਤਾਂ ਤੁਸੀਂ ਜਾਣਦੇ ਈ ਐਂ ਹੁਣ ਤੈਨੂੰ ਕੀ ਦੱਸਾਂ ਬਾਈ?" ਬੰਸੇ ਦੀ ਥਾਂ ਮਨਪ੍ਰੀਤ ਨੇ ਮੇਰੀ ਗੱਲ ਦਾ ਜਵਾਬ ਦਿੱਤਾ ਸੀ ਉਸਦੇ 'ਹੁਣ ਤੈਨੂੰ ਕੀ ਦੱਸਾਂ ਬਾਈ' ਵਾਲੇ ਵਾਕ ਉਹਲੇ ਲੁਕੇ ਵੱਡੇ ਭੇਦ ਨੂੰ ਮੇਰੇ ਅੰਦਰਲੇ ਲੇਖਕ ਨੇ ਫੜ ਲਿਆ ਸੀ

ਮੈਂ ਆਪਣੇ ਕਲਰਕ ਨੂੰ ਬੁਲਾਇਆ ਅਤੇ ਮਕਾਨ ਦੀ ਗ੍ਰਾਂਟ ਸਬੰਧੀ ਅਰਜ਼ੀ ਲਿਖ ਕੇ ਲਿਆਉਣ ਲਈ ਆਖਿਆ ਬਹਾਨੇ ਨਾਲ ਮੈਂ ਬੰਸ ਨੂੰ ਵੀ ਕਲਰਕ ਦੇ ਨਾਲ ਹੀ ਤੋਰ ਦਿੱਤਾ

"ਹੁਣ ਦੱਸ?"

"ਕੀ ਦੱਸਾਂ? ਬਾਈ ਇਹ ਬੰਦਾ ਤਾਂ ਵਿਚਾਰਾ ਰੱਬ ਲੋਕ ਐ ਕੋਈ ਵਲ ਵਿੰਗ ਨ੍ਹੀ ਏਹਦੇ 'ਚ ਕਿਰਤ ਕਰਨ ਵਾਲਾ ਕੰਮ ਦਾ ਵੀ ਪੂਰਾ ਕਰਿੰਦਾ ਕੋਈ ਵੈਲ਼ ਨ੍ਹੀ ਖੈਲ਼ ਨ੍ਹੀ ਜੁਆਕ ਜੱਲ੍ਹੇ ਵਾਲਾ ਐ ਦੋ ਜੁਆਕ ਐ ਨਿੱਕੇ ਨਿੱਕੇ "

"ਹੋਰ ਕੀ ਸਮੱਸਿਆ ਹੈ ਫਿਰ?"

"ਸਮੱਸਿਆ ਕਾਹਦੀ ਹੋਣੀ-ਸਮੱਸਿਆ ਤਾਂ ਉਹੀ ਐ ਜਿਹੜੀ ਗਰੀਬ ਬੰਦੇ ਨੂੰ ਹੁੰਦੀ ਐ ਸਰਪੰਚ ਇਹਦਾ ਘਰ ਪੱਟੀ ਫਿਰਦਾ ਮੈਨੂੰ ਤਾਂ ਤਰਸ ਆਉਂਦਾ ਏਹਨੂੰ ਸਮਝਦੇ ਈ ਕੁਛ ਨ੍ਹੀਂ ਕੋਈ ਹੋਰ ਹੁੰਦਾ ਸਰਪੰਚ ਨੂੰ ਵੱਢ ਕੇ ਨੀਹਾਂ ਥੱਲੇ ਦੱਬ ਦਿੰਦਾ "

ਅਸੀਂ ਆਪਸ 'ਚ ਗੱਲਾਂ ਕਰੀ ਜਾਂਦੇ ਸਾਂ ਇੰਨੇ ਚਿਰ ਨੂੰ ਬੰਸਾ ਦਫਤਰ ਦੇ ਕਲਰਕ ਤੋਂ ਅਰਜ਼ੀ ਲਿਖਵਾ ਕੇ ਲੈ ਆਇਆ ਸਾਡੀ ਆਪਸੀ ਗੱਲਬਾਤ ਬੰਦ ਹੋ ਗਈ ਮੈਂ ਬੰਸੇ ਤੋਂ ਅਰਜ਼ੀ ਫੜਦਿਆਂ ਦੁਬਾਰਾ ਗਹੁ ਨਾਲ ਉਸਦੀਆਂ ਅੱਖਾਂ 'ਚ ਵੇਖਿਆ ਉੱਥੇ ਬੇਬਸੀ ਪੱਕੇ ਤੌਰ 'ਤੇ ਡੇਰਾ ਲਾਈ ਬੈਠੀ ਸੀ



ਉਹ ਦੋਵੇਂ ਤਾਂ ਚਲੇ ਗਏ ਪਰ ਕਈ ਦਿਨ ਬੰਸੇ ਦੀਆਂ ਅੱਖਾਂ ਵਿਚਲੀ ਬੇਬਸੀ ਮੇਰਾ ਅੰਦਰ ਲੂੰਹਦੀ ਰਹੀ ਅਜਿਹੇ ਬਹੁਤ ਸਾਰੇ ਬੇਵੱਸ ਗਰੀਬ ਲੋਕ ਮੇਰੀਆਂ ਅੱਖਾਂ ਅੱਗੋਂ ਲੰਘ ਗਏ ਜੋ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਸਨ ਜਿੰਨ੍ਹਾਂ ਨਾਲ ਸਰਬੇ ਵਰਗੇ ਪੰਚ ਸਰਪੰਚ ਜਾਂ ਹੋਰ ਤਕੜੇ ਬੰਦੇ ਵਧੀਕੀਆਂ ਕਰ ਰਹੇ ਸਨ

ਇੱਕ ਦਿਨ ਲੰਘਿਆ ਜਾਂਦਾ ਮਨਪ੍ਰੀਤ ਧਾਲੀਵਾਲ ਮੈਨੂੰ ਰਾਹ 'ਚ ਮਿਲ ਗਿਆ

"ਕੀ ਹਾਲ ਹੈ ਤੇਰੇ ਪਿੰਡ ਵਾਲੇ ਰੱਬ ਲੋਕ ਦਾ?"

"ਹਾਲ ਕਾਹਦਾ? ਮੈਂ ਦਫ਼ਤਰ ਆਕੇ ਦੱਸਦਾਂ "

ਦੁਪਿਹਰੋਂ ਬਾਅਦ ਉਹ ਮੇਰੇ ਕੋਲ ਦਫ਼ਤਰ ਆ ਗਿਆ

"ਬਾਈ ਕੜਿਆਲਵੀ, ਮੇਰਾ ਇਹਦੇ ਨਾਲ ਪਿਆਰ ਐ ਲੰਘਦਾ-ਪਾਉਂਦਾ ਮੇਰੇ ਕੋਲ ਹੋ ਕੇ ਜਾਂਦਾ ਕਦੇ ਕਦਾਈਂ ਮੂੰਹ ਕਰਾਰਾ ਕਰ ਜਾਂਦਾ ਇਹਦੀਆਂ ਸਿੱਧ ਪੱਧਰੀਆਂ ਗੱਲਾਂ ਸੁਣ ਲੈਨਾਂ ਮੈਂ ਇਹਦੇ ਹਿਸਾਬ ਨਾਲ ਇਹਦਾ ਸਭ ਤੋਂ ਵੱਡਾ ਦਰਦੀ ਮੈਂ ਈ ਆਂ ਹੋਰ ਇਹ ਸੁਣਾਵੇ ਵੀ ਕੀਹਨੂੰ? ਦੁਨੀਆ ਤਾਂ ਸਾਲੀ ਚੰਗੇ ਭਲੇ ਦਾ ਮਜ਼ਾਕ ਬਣਾ ਦਿੰਦੀ ਐ ਪਿੰਡ ਆਲੇ ਏਹਦਾ ਵੀ ਮਜ਼ਾਕ ਉਡਾਉਂਦੇ ਐ "

"ਹੁਣ ਕੀ ਹੋ ਗਿਆ "

"ਹੋਣਾ ਕੀ? ਇੱਕ ਦਿਨ ਮੇਰੇ ਕੋਲ ਆਇਆ ਕਹਿੰਦਾ ਮੇਰਾ ਮਰਨ ਨੂੰ ਜੀਅ ਕਰਦਾ ਭਰਾਵਾ ਮਸਾਂ ਸਮਝਾ ਬੁਝਾ ਕੇ ਉਹਦਾ ਮਨ ਟਿਕਾਇਆ ਸਰਪੰਚ ਉਹਨੂੰ ਧੱਕੇ ਨਾਲ ਰਾਤ ਬਰਾਤੇ ਪਾਣੀ ਲਾਉਣ ਭੇਜ ਦਿੰਦਾ ਸੀ ਤੇ ਮਗਰੋਂ ਇਹਦੇ ਘਰੇ ਆ ਵੜਦਾ ਸੀ, ਹੁਣ ਹਾਲਤ ਇਹ ਐ-ਦਿਨ ਵੇਲੇ ਵੀ ਇਹਦੇ ਘਰੇ ਵੜਿਆ ਰਹਿੰਦਾ "

"ਯਾਰ ਇਹ ਜਨਾਨੀ ਨੂੰ ਕੁੱਝ ਆਂਹਦਾ ਨ੍ਹੀ ? ਧੌਲ ਧੱਫ਼ਾ ਨ੍ਹੀ ਕਰਦਾ?"

"ਕੀ ਕਰੇ? ਤੇਜ਼ ਬੜੀ ਹੈਗੀ ਸਾਲੀ ਸੋਹਣੀ ਬਹੁਤ ਐ ਫਿਲਮੀ ਐਕਟਰਨੀਆਂ ਵਰਗੀ ਜਿਵੇਂ ਆਂਹਦੇ ਹੁੰਦੇ ਵੀ ਗਰੀਬ ਦੀ ਜਨਾਨੀ ਸੋਹਣੀ ਨ੍ਹੀ ਹੋਣੀ ਚਾਹੀਦੀ ਅੰਦਰ ਵੜਦੀ ਹੈ ਤਾਂ ਚੂਹੇ ਖਾਂਦੇ, ਬਾਹਰ ਨਿਕਲਦੀ ਤਾਂ ਕਾਂ ਪੈਂਦੇ ਜੇ ਕੁੱਛ ਆਂਹਦਾ ਤਾਂ ਉਹ ਅੱਗੋਂ ਮਰਨ ਦੇ ਡਰਾਵੇ ਦਿੰਦੀ ਐ ਉਹ ਤਾਂ ਭਗਤ ਬੰਦਾ ਫਸਿਆ ਪਿਆ "

ਧਾਲੀਵਾਲ ਨੇ ਹੋਰ ਵੀ ਕਈ ਗੱਲਾਂ ਦੱਸੀਆਂ ਜੋ ਬੜੀਆਂ ਪ੍ਰੇਸ਼ਾਨ ਕਰਨ ਵਾਲੀਆਂ ਸਨ ਉਸ ਦਿਨ ਤੋਂ ਬਾਅਦ ਬੰਸਾ ਫੇਰ ਕਈ ਦਿਨ ਅੱਖਾਂ ਅੱਗੇ ਘੁੰਮਦਾ ਰਿਹਾ ਥੋੜ੍ਹੇ ਦਿਨਾਂ ਬਾਅਦ ਧਾਲੀਵਾਲ ਮਕਾਨ ਦੀ ਗ੍ਰਾਂਟ ਵਾਲੀ ਅਰਜ਼ੀ ਉਪਰ ਹੋਈ ਕਾਰਵਾਈ ਦੀ ਜਾਣਕਾਰੀ ਲੈਣ ਆ ਗਿਆ

"ਕੀ ਬਣਿਆ ਬਾਈ ਬੰਸੇ ਦੇ ਮਕਾਨ ਦੀ ਗ੍ਰਾਂਟ ਦਾ?"

"ਉਮੀਦ ਹੈ ਅਗਲੇ ਮਹੀਨੇ ਤੱਕ ਫੰਡ ਆ ਜਾਣਗੇ ਬਾਕੀ ਸਰਕਾਰੀ ਫੰਡਾਂ ਦਾ ਕੀ ਭਰੋਸਾ? ਆ ਜਾਣ ਤਾਂ ਹੁਣੇ ਆ ਜਾਣ-ਨਾ ਆਉਣ ਦੋ ਸਾਲ ਨਾ ਆਉਣ " ਮੈਂ ਸਿੱਧੇ ਤੌਰ 'ਤੇ ਜੁਆਬ ਨਾ ਦਿੱਤਾ ਭਾਵੇਂ ਕਿ ਮੈਨੂੰ ਪਤਾ ਸੀ ਕਿ ਸਰਕਾਰੀ ਫੰਡ ਆਉਣ ਦੀ ਅਜੇ ਕੋਈ ਸੰਭਾਵਨਾ ਨਹੀਂ ਸੀ

"ਵੈਸੇ ਹੁਣ ਹਾਲ ਕੀ ਐ ਤੇਰੇ ਯਾਰ ਦਾ?"

"ਹੁਣ ਤਾਂ ਗੱਲ ਅਗਾਂਹ ਨਿਕਲੀ ਜਾਂਦੀ ਐ ਬੰਸਾ ਕੱਲ੍ਹ ਸਰਬੇ ਸਰਪੰਚ ਦੇ ਖੇਤ ਨੂੰ ਜਾਂਦਿਆਂ ਘਰ ਆਇਆ ਸੀ ਮੇਰੇ ਕੋਲ ਬਾਹਰਲੀ ਦਾਰੂ ਪਈ ਸੀ ਦੋ ਤਿੰਨ ਪੈੱਗ ਲਵਾ ਦਿੱਤੇ ਰੱਬ ਲੋਕ ਨੂੰ ਭਾਵਕ ਹੋਇਆ ਰੋਣ ਲੱਗ ਪਿਆ ਹੁਣ ਤਾਂ ਸਰਪੰਚ ਰਾਤ ਵੇਲੇ ਇਹਦੇ ਘਰ ਹੁੰਦਿਆਂ ਵੀ ਆ ਜਾਂਦਾ ਇਹ ਵੱਖਰੇ ਮੰਜੇ 'ਤੇ ਪਿਆ ਹੁੰਦਾ ਇਹਦੀ ਘਰਵਾਲੀ ਸਾਹਬੋ ਤੇ ਸਰਪੰਚ ਨਾਲ ਵਾਲੇ ਮੰਜੇ 'ਤੇ ਸਾਰੀ ਸਾਰੀ ਰਾਤ ਕੁੱਤਪੁਣਾ ...!"

"ਉਹ ਤੇਰੀ...! ਐਨੀ ਬੇਬਸੀ?" ਮੈਂ ਸਿਰ ਦੋਵਾਂ ਹੱਥਾਂ 'ਚ ਘੁੱਟ ਲਿਆ

"ਯਾਰ ਕੁੱਝ ਕਰਦਾ ਕਿਉਂ ਨ੍ਹੀ?"

"ਏਹੀ ਸਵਾਲ ਮੈਂ ਵੀ ਕੀਤਾ ਸੀ ਇਹਨੂੰ ਇੱਕ ਵਾਰ "

"ਫੇਰ? ਕੀ ਜਵਾਬ ਦਿੱਤਾ?"

"ਸਾਡੇ ਪਿੰਡ ਸਾਹਬੋ ਵਰਗੀ ਈ ਤੀਵੀਂ ਹੁੰਦੀ ਸੀਗੀ ਉਹਦੇ ਘਰਵਾਲਾ ਉਹਨੂੰ ਬਾਹਰ ਅੰਦਰ ਜਾਣੋ ਰੋਕਦਾ ਸੀ ਉਹ ਵੀ ਸਾਹਬੋ ਵਾਂਗੂੰ ਸ਼ਰੇਆਮ ਮਿਲਣ ਜਾਂਦੀ ਸੀ ਯਾਰ ਬੇਲੀ ਨੂੰ ਉਹਦੇ ਘਰਵਾਲੇ ਨੇ ਮਾੜੀ ਮੋਟੀ ਹੱਥ ਦੱਬ ਕਰਤੀ ਉਹ ਕੁੱਛ ਖਾ ਕੇ ਮਰਗੀ ਮਗਰੋਂ ਉਹਦੇ ਘਰਵਾਲਾ ਜੇਲ੍ਹ 'ਚ ਹੱਡ ਗਾਲਦਾ ਰਿਹਾ ਜੁਆਕ ਅੱਡ ਰੁਲਗੇ ਬੰਸਾ ਵੀ ਏਸੇ ਗੱਲੋਂ ਡਰਦਾ ਕਹਿੰਦਾ ਸਾਹਬੋ ਦਾ ਤੇ ਸਰਪੰਚ ਦਾ ਕੀ ਜਾਣਾ ਮੇਰੇ ਜੁਆਕ ਰੁੱਲ ਜਾਣਗੇ "

ਮੈਂ ਸਿਰ ਫੜ ਕੇ ਬਹਿ ਗਿਆ ਸੱਚੀ ਗੱਲ ਸੀ-ਰੱਬ ਲੋਕ ਤਾਂ ਵਿਚਾਰਾ ਡਾਹਢਾ ਮਜਬੂਰ ਸੀ ਨਾ ਸਾਹਬੋ ਨੂੰ ਕੁੱਝ ਕਹਿ ਸਕਦਾ ਸੀ ਨਾ ਛੱਡ ਸਕਦਾ ਸੀ ਉਹ ਤਾਂ ਪੁੜਾਂ ਵਿਚਾਲੇ ਪਿਸ ਰਿਹਾ ਸੀ ਅੱਡੀਆਂ ਕੂਚਦੀ ਤੇ ਸਰਪੰਚ ਅੱਗੇ ਲੱਕ ਮਟਕਾਉਂਦੀ ਫਿਰਦੀ ਸਾਹਬੋ ਮੇਰੀਆਂ ਅੱਖਾਂ ਅੱਗੇ ਤੁਰੀ ਫਿਰਦੀ ਮੈਨੂੰ ਗੁੱਸਾ ਚੜਦਾ ਰਹਿੰਦਾ ਨਿੱਤ ਦਿਹਾੜੇ ਮੈਂ ਇਹੀ ਸੋਚੀ ਜਾਂਦਾ-ਹੁਣ ਰੱਬ ਲੋਕ ਦਾ ਕੀ ਬਣਿਆ ਹੋਊ ਸਾਡੇ ਨਾਲਦੇ ਪਿੰਡ ਸਾਹਬੋ ਵਰਗੀ ਤੀਮੀਂ ਨੇ ਆਵਦੇ ਪ੍ਰੇਮੀ ਨਾਲ ਮਿਲ ਕੇ ਘਰਵਾਲੇ ਦਾ ਕਤਲ ਕਰ ਦਿੱਤਾ ਸੀ ਫਿਰ ਅਖਬਾਰਾਂ 'ਚੋਂ ਵੀ ਤਾਂ ਐਹੋ ਜਿਹੀਆਂ ਖ਼ਬਰਾਂ ਆਏ ਦਿਨ ਪੜ੍ਹਨ ਸੁਨਣ ਨੂੰ ਮਿਲਦੀਆਂ ਰਹਿੰਦੀਆਂ ਸਨ ਮੈਨੂੰ ਰੱਬ ਲੋਕ ਦਾ ਫਿਕਰ ਲੱਗਾ ਰਹਿੰਦਾ ਬਿਨਾ ਕਿਸੇ ਜਾਣ ਪਛਾਣ ਦੇ ਹੀ ਉਸ ਨਾਲ ਸਾਂਝ ਬਣ ਗਈ ਸੀ

"ਕੀ ਹਾਲ ਐ ਤੇਰੇ ਰੱਬ ਜੀ ਦਾ?" ਉਸ ਬਾਰੇ ਪਤਾ ਲੈਣ ਲਈ ਮੈਂ ਮਨਪ੍ਰੀਤ ਦੇ ਕੰਮ ਵਾਲੇ ਥਾਂ 'ਤੇ ਹੀ ਚਲਾ ਗਿਆ ਚਾਰ ਚੁਫੇਰੇ ਟਾਈਪਿਸਟਾਂ ਤੋਂ ਅਰਜ਼ੀਆਂ ਟਾਈਪ ਕਰਵਾਉਣ ਵਾਲਿਆਂ ਅਤੇ ਫਾਰਮ ਭਰਵਾਉਣ ਵਾਲਿਆਂ ਦਾ ਰੌਲਾ ਗੌਲਾ ਪੈ ਰਿਹਾ ਸੀ ਮੇਰਾ ਸਵਾਲ ਸੁਣਕੇ ਕੰਪਿਊਟਰ ਦੇ ਕੀ ਬੋਰਡ 'ਤੇ ਚੱਲਦੇ ਹੱਥ ਰੁੱਕ ਗਏ ਉਹ ਕਿਸੇ ਦੀ ਕੋਈ ਅਰਜ਼ੀ ਟਾਈਪ ਕਰ ਰਿਹਾ ਸੀ ਮੈਂ ਉਸਦੇ ਸਾਹਮਣੇ ਪਏ ਬੈਂਚ 'ਤੇ ਬਹਿ ਗਿਆ ਸਾਂ

"ਬਾਈ ਤੁਸੀਂ ਐਥੇ ਕਿਉਂ ਆਉਣਾ ਸੀ? ਮੈਨੂੰ ਦੱਸਦੇ ਮੈਂ ਆ ਜਾਂਦਾ " ਸ਼ਾਇਦ ਮੈਨੂੰ ਫੱਟੇ 'ਤੇ ਬੈਠੇ ਨੂੰ ਦੇਖ ਧਾਲੀਵਾਲ ਸ਼ਰਮ ਮਹਿਸੂਸ ਕਰ ਰਿਹਾ ਸੀ ਨੇੜੇ ਕੋਈ ਕੁਰਸੀ ਵੀ ਨਹੀਂ ਸੀ

"ਬਾਈ ਤੁਸੀਂ ਦਫਤਰ ਚੱਲੋ, ਮੈਂ ਆਹ ਅਰਜ਼ੀ ਲਿਖ ਕੇ ਆਇਆ " ਉਸਨੇ ਆਪਣੇ ਗਾਹਕਾਂ ਵੱਲ ਵੇਖਦਿਆਂ ਆਖਿਆ



"ਨਹੀਂ ਨਹੀਂ, ਮੈਂ ਬੈਠਦਾਂ ਤੁਸੀਂ ਅਰਾਮ ਨਾਲ ਕੰਮ ਕਰਲੋ " ਮੈਂ ਉਸਦੀ ਇੱਕ ਨਾ ਸੁਣੀ ਮੈਨੂੰ ਉਹਨਾਂ ਦੇ ਕਿੱਤੇ ਦਾ ਭੇਤ ਸੀ ਉਸਦਾ ਕੀ ਪਤਾ ਹੋਰ ਕੰਮ 'ਚ ਰੁੱਝ ਜਾਵੇ-ਮੈਂ ਤਾਂ ਰੱਬ ਬਾਰੇ ਜਾਨਣ ਲਈ ਚਿੰਤਤ ਹੋਇਆ ਪਿਆ ਸਾਂ ਉਸਨੇ ਹਥਲਾ ਕੰਮ ਕਾਹਲੀ ਕਾਹਲੀ ਨਿਬੇੜਿਆ

"ਹਾਲ ਕਾਹਦਾ ਗਰੀਬ ਦਾ?" ਉਸਨੇ ਅਫਸੋਸ 'ਚ ਸਿਰ ਹਿਲਾਇਆ

"ਹੈਂ?"

"ਕੱਲ੍ਹ ਤਾਂ ਮੇਰੇ ਕੋਲ ਧਾਹਾਂ ਹੀ ਮਾਰਨ ਲੱਗ ਪਿਆ, 'ਸਰਬਾ ਅੱਗੇ ਤਾਂ ਸਾਹਬੋ ਨੂੰ ਲੈ ਕੇ ਨਾਲਦੇ ਮੰਜੇ 'ਤੇ ਪੈ ਜਾਂਦਾ ਸੀ ਆਵਦਾ ਕੁੱਤਪੁਣਾ ਕਰੀ ਜਾਂਦੇ ਸੀਗੇ-ਹੁਣ ਤਾਂ ਮੈਨੂੰ ਗਾਹਲਾਂ ਵੀ ਕੱਢਦਾ ਅਖੇ ਸਾਲਿਆ ਹੈਥੇ ਪਿਆ ਕੀ ਕਰਦਾਂ, ਉਰੇ ਆਕੇ ਮੱਦਦ ਕਰਾ ' ਬਾਈ ਉਹਦੀਆਂ ਗੱਲਾਂ ਸੁਣਕੇ ਤਾਂ ਸਾਲਾ ਆਵਦਾ ਮਰਨ ਨੂੰ ਜੀਅ ਕਰਨ ਲੱਗ ਜਾਂਦਾ ਧੰਨ ਐ ਯਾਰ ਪਤਾ ਨ੍ਹੀ ਜਿਉਂਈ ਕਿਵੇਂ ਜਾਂਦਾ "

ਮੈਂ ਉਦਾਸ ਉਦਾਸ ਦਫ਼ਤਰ ਵਾਪਸ ਆ ਗਿਆ ਰੱਬ ਕਿਹੜੇ ਹਾਲਾਤਾਂ 'ਚੋਂ ਦੀ ਲੰਘ ਰਿਹਾ ਹੋਵੇਗਾ? ਉਸਦੇ ਦਿਮਾਗ 'ਚ ਕੀ ਚੱਲ ਰਿਹਾ ਹੋਊ? ਕਿਤੇ ਨਾ ਕਿਤੇ ਤਾਂ ਉਸਦਾ ਸਬਰ ਜਵਾਬ ਦੇ ਹੀ ਜਾਊ? ਜੇ ਉਹ ਬਦਲਾ ਲਊ ਤਾਂ ਕਿਵੇਂ? ਮੈਂ ਇਹਨਾਂ ਸੁਆਲਾਂ 'ਚ ਉਲਝਿਆ ਰਹਿੰਦਾ ਰੱਬ ਲੋਕ ਮੇਰੀ ਡਾਇਰੀ ਦੇ ਪੰਨਿਆਂ 'ਤੇ ਆ ਬੈਠਾ ਸੀ ਮੈਂ ਧਾਲੀਵਾਲ ਨਾਲ ਹੋਣ ਵਾਲੀ ਹਰੇਕ ਮੁਲਾਕਾਤ ਦਾ ਵੇਰਵਾ ਤੇ ਆਪਣੀ ਟਿਪਣੀ ਡਾਇਰੀ 'ਚ ਲਿਖ ਲੈਂਦਾ

ਫਿਰ ਮੇਰੀ ਬਦਲੀ ਮੁਕਤਸਰ ਦੀ ਹੋ ਗਈ ਅਗਲੇ ਸਾਲ ਫਰੀਦਕੋਟ ਤੇ ਫਿਰ ਫਿਰੋਜ਼ਪੁਰ ਦੁਬਾਰਾ ਫਿਰ ਫਰੀਦਕੋਟ ਚੱਲ ਮੇਰੀ ਕੁਕੜੀ ਸ਼ਹਿਰੋ ਸ਼ਹਿਰ ਮੋਗੇ ਨਾਲੋਂ ਨਾਤਾ ਹੀ ਟੁੱਟ ਗਿਆ ਮਨਪ੍ਰੀਤ ਅਰਬ ਦੇ ਕਿਸੇ ਛੋਟੇ ਮੋਟੇ ਮੁਲਕ ਚਲਾ ਗਿਆ ਸੀ ਰੱਬ ਬਾਰੇ ਕੁੱਝ ਪਤਾ ਨਾ ਲੱਗਿਆ ਮੈਂ ਕਿਹੜਾ ਉਸਦੇ ਘਰ ਜਾ ਸਕਦਾ ਸਾਂ ਨੌਕਰੀ ਦੇ ਝਮੇਲਿਆਂ ਨੇ ਹੀ ਕਮਲਾ ਕਰ ਲਿਆ ਸੀ

ਪਰ ਗੱਲ ਆਈ ਗਈ ਨਹੀਂ ਸੀ ਹੋਈ ਜਦੋਂ ਵੀ ਡਾਇਰੀ ਖੋਹਲਦਾ-ਰੱਬ ਸਾਹਮਣੇ ਆ ਜਾਂਦਾ ਸਾਲ 2009 ਤੋਂ 2019 ਆ ਗਿਆ ਸੀ ਦਸ ਸਾਲ ਰੱਬ ਨਾਲ ਹੀ ਤਾਂ ਰਿਹਾ ਸੀ ਕਈ ਵਾਰ ਕਹਾਣੀ ਲਿਖਣ ਬਾਰੇ ਸੋਚਿਆ ਦਿਮਾਗ ਦੇ ਘੋੜੇ ਦੌੜਦੇ ਇੱਕ ਗਰੀਬ ਸੀਰੀ ਬੰਦਾ ਹੈ ਭਲਾ ਲੋਕ ਹੈ-ਰੱਬ ਦੀਆਂ ਦਿੱਤੀਆਂ ਖਾਣ ਵਾਲਾ ਪਿੰਡ ਦੇ ਸਰਪੰਚ ਦਾ ਸੀਰੀ ਹੈ ਸਰਪੰਚ ਉਸਦੀ ਘਰਵਾਲੀ 'ਤੇ ਡੋਰੇ ਪਾਈ ਬੈਠਾ ਹੈ ਦੋਵੇਂ ਰਲਕੇ ਗਰੀਬ ਬੰਦੇ ਨੂੰ ਜ਼ਲੀਲ ਕਰੀ ਜਾਂਦੇ ਹਨ ਕਹਾਣੀ ਇੱਥੋਂ ਤੱਕ ਆਉਂਦੀ ਤੇ ਚੁੱਪ ਕਰ ਜਾਂਦੀ ਇਹ ਤਾਂ ਕਹਾਣੀ ਨਹੀਂ ਬਣਦੀ-ਮੈਂ ਸੋਚਦਾ

ਫਿਰ ਪਤਾ ਹੀ ਨਹੀਂ ਲੱਗਾ ਮੈਂ ਕਦੋਂ ਧਾਲੀਵਾਲ 'ਚ ਬਦਲ ਗਿਆ ਮੈਨੂੰ ਲੱਗਾ ਜਿਵੇਂ ਰੱਬ ਲੋਕ ਬੰਦਾ ਮੇਰੇ ਕੋਲ ਹੀ ਘਰ ਆਉਂਦਾ ਸੀ ਤੇ ਆਪਣੇ ਦੁੱਖ ਸਾਂਝੇ ਕਰਦਾ ਸੀ ਮੇਰੇ ਨਾਲ ਪੈੱਗ ਲਾ ਲੈਂਦਾ ਲੋੜ ਵੇਲੇ ਦਾਸਾ ਬੀਸਾ ਉਧਾਰ ਵੀ ਲੈ ਜਾਂਦਾ

ਇਹਨਾਂ ਦਿਨਾਂ 'ਚ ਹੀ ਇੱਕ ਹੋਰ ਘਟਨਾ ਘਟ ਗਈ ਸਾਡੇ ਨੇੜਲੇ ਪਿੰਡ 'ਚ ਇੱਕ ਜਨਾਨੀ ਘਰਦੇ ਕਾਮੇ ਨਾਲ ਫੜੀ ਗਈ ਇਸ ਗੱਲ ਦਾ ਆਸੇ ਪਾਸੇ ਖਾਸਾ ਰੌਲਾ ਪਿਆ ਅਸਲ ਗੱਲ ਇਹ ਸੀ ਕਿ ਜਨਾਨੀ ਦੇ ਘਰਵਾਲੇ ਦੇ ਆਪਣੇ ਕਾਮੇ ਦੀ ਜਨਾਨੀ ਨਾਲ ਨਜਾਇਜ਼ ਸਬੰਧ ਸਨ ਉਹ ਰੋਕਿਆਂ ਰੁਕ ਹੀ ਨਹੀਂ ਸੀ ਰਿਹਾ ਆਵਦੇ ਬੰਦੇ ਨੂੰ ਮੱਤ ਦੇਣ ਵਾਸਤੇ ਹੀ ਜਨਾਨੀ ਨੇ ਪਤੀ

ਦੀ ਸਹੇਲੀ ਦੇ ਘਰਵਾਲੇ ਜਾਣੀ ਕਿ ਆਪਣੇ ਕਾਮੇ ਨਾਲ ਸਬੰਧ ਬਣਾ ਲਏ  ਏਨਾ ਹੀ ਨਹੀਂ ਜਨਾਨੀ ਨੇ ਕਾਮੇ ਨਾਲ ਰਲਕੇ ਘਰਵਾਲੇ ਦਾ ਬਣਦਾ ਸਰਦਾ ਫੈਂਟਾ ਵੀ ਚਾੜਿਆ  ਮੈਨੂੰ ਅਸਲ ਕਹਾਣੀ ਦਾ ਪਤਾ ਲੱਗਾ ਤਾਂ ਅੰਦਰੋਂ ਅਥਾਹ ਖੁਸ਼ੀ ਹੋਈ  ਮੇਰੀ ਸੁਤਾ ਰੱਬ ਲੋਕ ਵੱਲ ਚਲੀ ਗਈ  ਮੈਂ ਕਹਾਣੀ ਦੇ ਇਹੋ ਜਿਹੇ ਅੰਤ ਬਾਰੇ ਸੋਚਣ ਲੱਗਾ ਕਿ ਰੱਬ ਨੇ ਸਰਪੰਚ ਦੀ ਘਰਵਾਲੀ ਨਾਲ ਯਾਰੀ ਗੰਢ ਕੇ ਸਰਪੰਚ ਨੂੰ ਫੈਂਟਾ ਚਾੜਕੇ ਆਪਣਾ ਬਦਲਾ ਲੈ ਲਿਆ ਹੈ  ਮੇਰਾ ਮਨ ਕਹਾਣੀ ਦੇ ਅਜਿਹੇ ਅੰਤ ਨਾਲ ਸਹਿਮਤ ਨਹੀਂ ਸੀ ਹੋ ਰਿਹਾ  ਮਨਪ੍ਰੀਤ ਧਾਲੀਵਾਲ ਜਿਸ ਤਰ੍ਹਾਂ ਦੇ ਹਾਲਾਤ ਰੱਬ ਜੀ ਦੇ ਦੱਸਦਾ ਹੁੰਦਾ ਸੀ ਜਾਂ ਜਿਵੇਂ ਦਾ ਮੈਂ ਉਸ ਨੂੰ ਦਫ਼ਤਰ ਆਏ ਨੂੰ ਵੇਖਿਆ ਸੀ-ਉਸਤੋਂ ਤਾਂ ਅਜਿਹੇ ਕਿਸੇ ਕਾਰਨਾਮੇ ਦੀ ਉਮੀਦ ਨਹੀਂ ਸੀ  ਫਿਰ ਇਹ ਅੰਤ ਬਿਲਕੁੱਲ ਸਤਹੀ ਕਿਸਮ ਦਾ ਵੀ ਹੋਣਾ ਸੀ

ਮੈਂ ਸਰਬੇ ਸਰਪੰਚ ਦੀ ਘਰਵਾਲੀ ਬਾਰੇ ਵੀ ਸੋਚਣ ਲੱਗਿਆ  ਉਹ ਕਿਵੇਂ ਸੋਚਦੀ ਹੋਵੇਗੀ? ਘਰਵਾਲੇ ਦੀਆਂ ਆਦਤਾਂ ਤੋਂ ਕਿੰਨਾ ਕੁ ਦੁਖੀ ਹੋਵੇਗੀ? ਮਨਪ੍ਰੀਤ ਨੇ ਇੱਕ ਵਾਰ ਗੱਲਾਂ ਗੱਲਾਂ 'ਚ ਹੀ ਦੱਸਿਆ ਵੀ ਸੀ, "ਸਰਪੰਚ ਸਾਲਾ ਹੈ ਈ ਲੁੱਟਰ  ਸਾਰੀ ਦਿਹਾੜੀ ਬਿਗਾਨੀਆਂ ਜਨਾਨੀਆਂ ਦੀਆਂ ਸੁੱਥਣਾਂ ਸੁੰਘਦਾ ਰਹਿੰਦਾ  ਉਹਦੀ ਆਵਦੀ ਜਨਾਨੀ ਜੂਹੀ ਚਾਵਲਾ ਵਰਗੀ ਐ  ਸਾਊ ਵੀ ਪੁੱਜ ਕੇ  ਕੰਜਰ ਦੇ ਨੇ ਊਈਂ ਕਮਲੀ ਕੀਤੀ ਪਈ ਐ  ਕੂੰਜ ਵਰਗੀ ਤੀਮੀ ਨੂੰ ਛੱਡ ਕੇ ਬਿਗਾਨੀਆਂ ਖੁਰਲੀਆਂ 'ਚ ਮੂੰਹ ਆਪ ਮਾਰਦਾ ਫਿਰਦਾ, ਉਲਟਾ ਸ਼ੱਕ ਜਨਾਨੀ 'ਤੇ ਕਰਦਾ  ਏਸੇ ਸ਼ੱਕ ਕਰਕੇ ਘਰਵਾਲੀ ਦੀ ਕੁੱਟਮਾਰ ਵੀ ਕਰਦਾ "

ਹੁਣ ਮੇਰੇ ਕੋਲ ਕਹਾਣੀ ਦਾ ਸਾਰਾ ਮਸਾਲਾ ਤਿਆਰ ਸੀ  ਮਨਪ੍ਰੀਤ ਦੇ ਰੂਪ 'ਚ ਮੈਂ ਬਤੌਰ ਅਫਸਰ ਦਾਖਲ ਹੋ ਗਿਆ ਸਾਂ  ਰੱਬ ਲੋਕ ਬੰਸਾ ਸੀ ਜਿਸਨੂੰ 'ਰੱਬ ਜੀ' ਹੀ ਕਿਹਾ ਜਾ ਸਕਦਾ ਸੀ  ਉਸਦੀ ਚੱਕਵੇਂ ਸੁਭਾ ਵਾਲੀ ਤੀਵੀਂ ਸੀ  ਬਹੁਤ ਹੀ ਸਾਊ ਸੁਭਾਅ ਵਾਲੀ ਸਰਬੇ ਦੀ ਘਰਵਾਲੀ ਸੀ ਜਿਸ ਦੇ ਚਾਲ ਚੱਲਣ 'ਤੇ ਸਰਬਾ ਸ਼ੱਕ ਕਰਦਾ ਸੀ  ਸਰਬੇ ਦੇ ਇਸੇ ਸ਼ੱਕੀ ਸੁਭਾਅ ਦਾ ਫਾਇਦਾ ਉਠਾ ਕੇ ਹੀ ਸਰਬੇ ਦੇ ਘਰਵਾਲੀ ਰਾਹੀਂ ਰੱਬ ਜੀ ਤੋਂ ਬਦਲਾ ਦਿਵਾਉਣਾ ਸੀ  ਰੱਬ ਜੀ ਨੇ ਭਲਵਾਨੀ ਦਾਅ ਨਾਲ ਸਰਬੇ ਨੂੰ ਪਟਕਾ ਕੇ ਅਹੁ ਮਾਰਨਾ ਸੀ  ਗਰੀਬ ਲੋਕਾਂ ਦੀਆਂ ਇੱਜ਼ਤਾਂ ਨਾਲ ਖੇਡਣ ਵਾਲੇ ਸਰਬੇ  ਨੂੰ ਇਸ ਨਾਲ ਮੱਤ ਦਿੱਤੀ ਜਾਣੀ ਸੀ

ਪਰ ਕਹਾਣੀ ਦੇ ਇਸ ਅੰਤ ਨਾਲ ਪਤਾ ਨਹੀਂ ਕਿਉਂ ਸਹਿਮਤੀ ਨਹੀਂ ਸੀ ਹੋ ਰਹੀ  ਇਹ ਤਾਂ ਸਰਬੇ ਦੀ ਜਨਾਨੀ ਵਰਗੀਆਂ ਸਾਊ ਸ਼ਰੀਫ਼ ਔਰਤਾਂ ਨਾਲ ਨਿਰਾਪੁਰਾ ਵਧੀਕੀ ਸੀ  ਇਸ ਲਈ ਕਹਾਣੀ ਦੇ ਅੰਤ ਵਿੱਚ 'ਰੱਬ ਜੀ' ਦਾ ਇੱਕ ਡਾਇਲਾਗ, "ਰੱਬ ਨੇ ਚੰਗਾ ਨ੍ਹੀਂ ਕੀਤਾ ਅਪਸਰਾ " ਹੀ ਪਾਉਣਾ ਸੀ

***

**ਪਾਕਿਸਤਾਨ ਦੀਆਂ ਕਲਾਸਿਕ ਉਰਦੂ ਕਹਾਣੀਆਂ**
**ਸੰਪਾਦਕ : ਜਿੰਦਰ**
**ਸੰਗਮ ਪ੍ਰਕਾਸ਼ਨ, ਸਮਾਣਾ**



## ਉਹ ਰਾਤ ਕਹਾਣੀ ਦੀ ਸਿਰਜਣਾ /ਹਰਪ੍ਰੀਤ ਸੇਖਾ

ਪਿਛਲੇ ਕਈ ਸਾਲਾਂ ਦੌਰਾਨ ਪੰਜਾਬ ਤੋਂ ਕਨੇਡਾ ਚ ਪੜ੍ਹਾਈ ਕਰਨ ਆਉਣ ਵਾਲੇ ਬੱਚਿਆਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ ਹੈ  ਇਹ ਬੱਚੇ ਅਠਾਰਾਂ-ਉਨ੍ਹੀ ਸਾਲ ਦੀ ਉਮਰ ਦੇ ਹੁੰਦੇ ਹਨ  ਇਨ੍ਹਾਂ ਵਿਚੋਂ ਬਹੁਤ ਹੀ ਘੱਟ ਗਿਣਤੀ ਵਿਚ ਅਜੇਹੇ ਬੱਚੇ ਹੋਣਗੇ, ਜਿਨ੍ਹਾਂ ਦਾ ਕਨੇਡਾ ਆਉਣ ਦਾ ਮਕਸਦ ਉਚੇਰੀ ਵਿਦਿਆ ਪ੍ਰਾਪਤੀ ਹੋਵੇਗਾ  ਇਨ੍ਹਾਂ ਦਾ ਅਸਲੀ ਮਨੋਰਥ ਕਨੇਡਾ ਵਿਚ ਪੱਕੇ ਹੋਣਾ ਹੁੰਦਾ ਹੈ  ਕਨੇਡਾ ਦੇ ਕਾਲਜਾਂ ਵਿਚ ਦਾਖਲੇ ਲਈ ਇਹ ਇਧਰਲੇ ਵਿਦਿਅਰਥੀਆਂ ਦੇ ਮੁਕਾਬਲੇ ਤਿੱਗਣੀ ਫੀਸ ਤਾਰਦੇ ਹਨ  ਮਾਪੇ ਜ਼ਮੀਨਾਂ ਵੇਚ ਕੇ ਜਾਂ ਕਰਜ਼ੇ ਚੁੱਕ ਕੇ ਆਪਣੇ ਬੱਚਿਆਂ ਨੂੰ ਕਨੇਡਾ ਭੇਜਦੇ ਹਨ  ਇੱਥੋਂ ਦੇ ਵਿਦਿਅਕ ਅਦਾਰਿਆਂ ਨੂੰ ਆਪਣੀ ਫੰਡਿੰਗ ਵਿਚ ਵਾਧਾ ਕਰਨ ਦਾ ਇਹ ਤਰੀਕਾ ਰਾਸ ਆ ਗਿਆ ਹੈ  ਜਿਨ੍ਹਾਂ ਪੜ੍ਹਿਆਰਿਆਂ ਨੂੰ ਸਰਕਾਰੀ ਕਾਲਜਾਂ ਵਿਚ ਦਾਖਲੇ ਨਹੀਂ ਮਿਲਦੇ, ਉਨ੍ਹਾਂ ਦੀ ਸਹੂਲਤ ਲਈ ਕਈ ਪ੍ਰਾਈਵੇਟ ਕਾਲਜ ਖੁੱਲ੍ਹ ਗਏ ਹਨ  ਅੰਤਰ-ਰਸ਼ਟਰੀ ਵਿਦਿਆਰਥੀਆਂ ਤੋਂ ਇਹ ਅਦਾਰੇ ਖੂਬ ਕਮਾਈ ਕਰਦੇ ਹਨ  ਪੰਜਾਬ ਬੈਠੇ ਮਾਪੇ ਸੋਚਦੇ ਹਨ ਕਿ ਇਕ ਵਾਰ ਔਖੇ ਹੋ ਕੇ ਬੱਚੇ ਨੂੰ ਕਨੇਡਾ ਪਹੁੰਚਦਾ ਕਰ ਦਿਓ, ਅੱਗੋਂ ਟਰੂਡੋ ਆਪ ਸਾਂਭ ਲਵੇਗਾ  ਅਗਲੇ ਸਮੈਸਟਰਾਂ ਦੀ ਫੀਸ ਭਰਨ ਅਤੇ ਆਪਣੇ ਰਹਿਣ-ਸਹਿਣ ਦੇ ਖਰਚ ਲਈ ਇਹ ਪਾੜ੍ਹੇ ਕਮਾਈ ਕਰਨ ਲਈ ਦਿਨ-ਰਾਤ ਇਕ ਕਰ ਦਿੰਦੇ ਹਨ  ਪਰ ਕਾਨੂੰਨੀ ਤੌਰ 'ਤੇ ਇਹ ਪੜ੍ਹਾਈ ਦੌਰਾਨ  ਹਫ਼ਤੇ ਦੇ ਵੀਹ ਘੰਟੇ ਹੀ ਕੰਮ ਕਰ ਸਕਦੇ ਹਨ  ਇਨ੍ਹਾਂ ਵੀਹਾਂ ਘੰਟਿਆਂ ਦੀ ਕਮਾਈ ਨਾਲ ਇਨ੍ਹਾਂ ਦੇ ਖਰਚੇ ਪੂਰੇ ਨਹੀਂ ਹੁੰਦੇ  ਇਸ ਹੱਦ ਤੋਂ ਜ਼ਿਆਦਾ ਕੰਮ ਕਰਨ ਲਈ ਉਨ੍ਹਾਂ ਨੂੰ ਕੈਸ਼ ਕੰਮ (ਗੈਰ-ਕਾਨੂੰਨੀ) ਕਰਨਾ ਪੈਂਦਾ ਹੈ  ਕੰਮ-ਮਾਲਕ ਇਨ੍ਹਾਂ ਦੀ ਇਸ ਕਮਜ਼ੋਰੀ  ਦਾ ਪੂਰਾ ਲਾਹਾ ਲੈਂਦੇ ਹਨ  ਉਹ ਸਰਕਾਰ ਦੁਆਰਾ ਤਹਿ ਕੀਤੀ ਗਈ ਘੱਟੋ-ਘੱਟ ਤਨਖਾਹ ਤੋਂ ਕਿਤੇ ਥੱਲੇ ਉਜਰਤ ਦਿੰਦੇ ਹਨ  ਨਤੀਜਨ ਇਨ੍ਹਾਂ ਪਾੜ੍ਹਿਆਂ ਨੂੰ ਹੋਰ ਜ਼ਿਆਦਾ ਕੰਮ ਕਰਨਾ ਪੈਂਦਾ ਹੈ  ਆਪਣੇ ਖਾਣ-ਪੀਣ ਦਾ ਖਰਚ ਘਟਾਉਣ ਲਈ ਇਹ ਗੁਰਦਵਾਰਿਆਂ ਵੱਲ ਜਾਂਦੇ ਹਨ  ਮਾਪਿਆਂ ਤੋਂ ਦੂਰ ਕਿਸੇ ਨਿਗਰਾਨੀ ਤੋਂ ਮਸਾਂ ਮਸਾਂ ਮਿਲੀ ਆਜ਼ਾਦੀ ਦਾ ਕਈ ਬੱਚੇ ਲਾਭ ਲੈਣ ਲਗਦੇ ਹਨ  ਉਨ੍ਹਾਂ ਦੀਆਂ ਆਏ ਦਿਨ ਵੀਡੀਓ ਵਾਇਰਲ ਹੁੰਦੀਆ ਹਨ  ਪਰ ਇਹ ਗਿਣਤੀ ਬਹੁਤ ਹੀ ਨਿਗੂਣੀ ਹੁੰਦੀ ਹੈ  ਜ਼ਿਆਦਾਤਰ ਬੱਚੇ ਹੱਡ ਭੰਨਵੀਂ ਮੇਹਨਤ ਕਰਦੇ ਹਨ  ਕਨੇਡਾ 'ਚ ਪਹਿਲਾਂ ਆ ਕੇ ਵਸੇ ਪੰਜਾਬੀਆਂ ਦੀਆਂ ਮਹਿਫਲਾਂ ਵਿਚ  ਇਨ੍ਹਾਂ ਵਾਇਰਲ ਵੀਡੀਓ ਵਾਲੇ ਬੱਚਿਆਂ ਦੀਆਂ ਹੀ ਗੱਲਾਂ ਹੁੰਦੀਆਂ  ਉਨ੍ਹਾਂ ਨੂੰ ਇਹ ਵੀ ਲੱਗਦਾ ਰਹਿੰਦਾ ਕਿ ਪੰਜਾਬੋਂ ਪੜ੍ਹਣ ਆਏ ਬੱਚਿਆਂ ਤੋਂ ਵੱਧ ਫੀਸਾਂ ਵਸੂਲਣ ਦੇ ਚੱਕਰ ਵਿਚ ਇੱਥੋਂ ਦੇ ਕਾਲਜਾਂ ਨੇ ਇੱਧਰ ਜੰਮੇ ਬੱਚਿਆਂ ਲਈ ਦਾਖਲੇ ਔਖੇ ਕਰ ਦਿੱਤੇ ਹਨ  ਕਈ ਸੰਵੇਦਨਸ਼ੀਲ ਮਨੁੱਖ ਏਧਰਲੇ  ਕਾਰੋਬਾਰੀਆਂ ਦੁਆਰਾ ਇਨ੍ਹਾਂ ਅੰਤਰ ਰਸ਼ਟਰੀ ਵਿਦਿਆਰਥੀਆਂ ਦੀ ਹੁੰਦੀ ਲੁੱਟ ਦੀਆਂ ਗੱਲਾਂ ਕਰਦੇ  ਮੈਂ ਇਸ ਸਾਰੇ ਵਰਤਾਰੇ ਨੂੰ ਸਮਝਣ ਲਈ ਇੱਧਰ ਹੋਰ ਧਿਆਨ ਦੇਣ ਲੱਗਾ  ਇਸ ਬਾਰੇ ਲੋਕਾਂ ਦੀਆਂ ਗੱਲਾਂ ਗੌਰ ਨਾਲ ਸੁਨਣ ਲੱਗਾ  ਨਿੱਤ ਨਵੀਂ ਕਹਾਣੀ ਸੁਨਣ ਨੂੰ ਮਿਲ ਜਾਂਦੀ  ਇਸ ਬਾਰੇ ਮੈਂ ਇਕ ਕਹਾਣੀ ਵੀਡਜ਼ ਲਿਖੀ  ਪਰ ਕਹਾਣੀ ਵਿਚ ਸਾਰਾ ਕੁਝ ਨਹੀਂ ਸੀ ਸਮੇਟਿਆ ਗਿਆ  ਕਹਾਣੀ ਦੀ ਸੀਮਾ ਹੁੰਦੀ ਹੈ  ਇਸ ਵਿਸ਼ੇ ਨਾਲ ਸਬੰਧਤ ਹੋਰ ਕਹਾਣੀਆਂ ਮਨ ਵਿੱਚ ਉੱਸਲਵੱਟੇ ਲੈ ਰਹੀਆਂ ਸਨ ਪਰ  ਕਿਸੇ ਕਹਾਣੀ ਨੇ ਪੂਰਾ ਰੂਪ ਨਹੀਂ ਸੀ ਲਿਆ  ਮੈਨੂੰ ਜਦੋਂ ਤੱਕ ਪੂਰੀ ਕਹਾਣੀ ਦਿਸਣ ਨਹੀਂ ਲੱਗ ਜਾਂਦੀ, ਮੈਥੋਂ ਲਿਖ ਨਹੀਂ ਹੁੰਦੀ  ਉਨ੍ਹਾਂ ਹੀ ਦਿਨਾਂ 'ਚ ਮੈਨੂੰ ਡਾਕਟਰ ਰਜਨੀਸ਼ ਬਹਾਦਰ ਸਿੰਘ ਦੀ ਪ੍ਰਵਚਨ ਦੇ

ਗੋਸ਼ਟੀ ਅੰਕ ਲਈ ਕਹਾਣੀ ਭੇਜਣ ਲਈ ਈਮੇਲ ਮਿਲੀ ਮੇਰੇ ਕੋਲ ਅਣਛਪੀ ਕਹਾਣੀ ਨਹੀਂ ਸੀ ਵੀਡਜ਼ ਮੈਂ ਸਿਰਜਣਾ ਨੂੰ ਭੇਜ ਚੁੱਕਾ ਸੀ ਇਸ ਤਰ੍ਹਾਂ ਕਿਸੇ ਦੇ ਕਹੇ ਤੋਂ ਮੈਂ ਕਦੇ ਵੀ ਕਹਾਣੀ ਨਹੀਂ ਸੀ ਲਿਖੀ ਪਰ ਗੋਸ਼ਟੀ ਲਈ ਕਹਾਣੀ ਭੇਜਣ ਦਾ ਲਾਲਚ ਮੈਨੂੰ ਨਵੀਂ ਕਹਾਣੀ ਲਿਖਣ ਲਈ ਉਕਸਾ ਰਿਹਾ ਸੀ ਮੈਂ ਕੋਈ ਕਹਾਣੀ ਲਿਖਣ ਬਾਰੇ ਸੋਚਣ ਲੱਗਾ ਉਸ ਤੋਂ ਕੁਝ ਦਿਨ ਪਹਿਲਾਂ ਹੀ ਮੇਰੀ ਇਕ ਦੋਸਤ ਨਵਜੋਤ ਢਿੱਲੋਂ ਅਪਣੇ ਫਿਲਮਕਾਰ ਭਰਾ ਨਾਲ ਮੇਰੇ ਕੋਲ ਅੰਤਰ ਰਾਸ਼ਟਰੀ ਵਿਦਿਆਰਥੀਆਂ ਬਾਰੇ ਕੋਈ ਕਹਾਣੀ ਮੰਗਣ ਆਈ ਸੀ ਉਸਦਾ ਭਰਾ ਪੰਜਾਬੀ ਫਿਲਮ ਬਣਾਉਣੀ ਚਾਹੁੰਦਾ ਸੀ ਮੈਂ ਉਨ੍ਹਾਂ ਵਾਸਤੇ ਫਿਲਮ ਦੀ ਕਹਾਣੀ ਤਾਂ ਨਾ ਲਿਖ ਸਕਿਆ ਪਰ ਉਹ ਅਚੇਤ ਹੀ ਗੱਲਾਂ ਗੱਲਾਂ ਵਿਚ ਮੈਨੂੰ ਕਹਾਣੀ ਦੇ ਬੀਜ ਦੇ ਗਏ ਨਵਜੋਤ ਨੇ ਪੰਜਾਬ ਤੋਂ ਇੱਥੇ ਪੜ੍ਹਣ ਆਈ ਕੁੜੀ ਦੀ ਗੱਲ ਸੁਣਾਈ ਉਸ ਕੁੜੀ ਨੇ ਉਮਰ ਦਾ ਮਸਾਂ ਅਠਾਰਵਾਂ ਵਰ੍ਹਾ ਪਾਰ ਕੀਤਾ ਸੀ ਕੁੜੀ ਨੇ ਕਨੇਡਾ ਪੜ੍ਹਣ ਆਉਣ ਲਈ ਜ਼ਰੂਰੀ ਅੰਗ੍ਰੇਜ਼ੀ ਦਾ ਇਮਤਿਹਾਨ ਪਾਸ ਕਰ ਲਿਆ ਸੀ ਘਰਦੇ ਗਰੀਬ ਸਨ ਉਨ੍ਹਾ ਨੇ ਕੁੜੀ ਦਾ ਵਿਆਹ ਕਿਸੇ ਸਰਦੇ-ਪੁੱਜਦੇ ਘਰ ਦੇ ਮੁੰਡੇ ਨਾਲ ਕਰ ਦਿੱਤਾ ਮੁੰਡੇ ਤੋਂ ਆਪ ਅੰਗ੍ਰੇਜ਼ੀ ਦਾ ਇਮਤਿਹਾਨ ਪਾਸ ਨਹੀਂ ਸੀ ਹੋਇਆ ਤੇ ਉਸ ਨੇ ਕੁੜੀ ਦੀ ਪੜ੍ਹਾਈ ਦਾ ਖਰਚਾ ਚੁੱਕਣਾ ਸੀ ਤੇ ਫਿਰ ਕੁੜੀ ਦੇ ਮਗਰ ਆਪ ਕਨੇਡਾ ਆਉਣਾ ਸੀ ਕੁੜੀ ਦੀ ਏਧਰ ਆ ਕੇ ਕਿਸੇ ਵਿਆਹੇ ਵਰ੍ਹੇ ਬੰਦੇ ਨਾਲ ਦੋਸਤੀ ਹੋ ਗਈ ਬੰਦੇ ਦੀ ਘਰਵਾਲੀ ਨੇ ਕੁੜੀ ਨੂੰ ਆਪਣੇ ਬੰਦੇ ਤੋਂ ਵੱਖ ਕਰਵਾਉਣ ਲਈ ਕਈ ਯਤਨ ਕੀਤੇ ਤੇ ਆਖਿਰ ਕੁੜੀ ਦੇ ਘਰਵਾਲੇ ਨਾਲ ਇੰਡੀਆ ਸੰਪਰਕ ਕਰ ਲਿਆ ਉਹ ਮੁੰਡਾ ਕਹਿੰਦਾ ਕਿ ਉਸ ਨੂੰ ਆਪਣੀ ਘਰਵਾਲੀ ਉੱਪਰ ਪੂਰਾ ਭਰੋਸਾ ਹੈ ਉਹ ਇਸ ਤਰ੍ਹਾਂ ਦੀ ਨਹੀਂ ਹੈ ਗੱਲ ਸੁਣਾ ਕੇ ਨਵਜੋਤ ਕਹਿੰਦੀ ਕਿ ਜੇ ਉਸ ਮੁੰਡੇ ਨੇ ਕਨੇਡਾ ਨਾ ਆਉਣਾ ਹੁੰਦਾ ਤਾਂ ਕੀ ਉਸਦਾ ਪ੍ਰਤੀਕਰਮ ਫਿਰ ਵੀ ਇਹੀ ਹੋਣਾ ਸੀ। ਕਿਉਂ ਕਿ ਨਵਜੋਤ ਦਾ ਸਬੰਧ ਮੀਡੀਏ ਨਾਲ ਹੈ, ਉਸ ਕੋਲ ਬਹੁਤ ਸਾਰੀਆਂ ਕਹਾਣੀਆਂ ਪਹੁੰਚਦੀਆਂ ਰਹਿੰਦੀਆਂ ਹਨ ਉਸੇ ਹੀ ਬੈਠਕ ਵਿਚ ਉਸ ਨੇ ਇਸੇ ਤਰ੍ਹਾਂ ਹੀ ਕਨੇਡਾ ਆਈ ਇਕ ਹੋਰ ਕੁੜੀ ਦੀ ਗੱਲ ਸੁਣਾਈ ਕਿ ਉਸਦਾ ਘਰਵਾਲਾ ਇੰਡੀਆ ਬੈਠਾ ਅਚਾਨਕ ਹੀ ਵੀਡੀਓ ਕਾਲ ਕਰਕੇ ਆਖਦਾ ਕਿ ਕੈਮਰਾ ਘੁਮਾਕੇ ਦਿਖਾਵੇ ਕਿ ਉਹ ਕਿੱਥੇ ਤੇ ਕਿਸ ਨਾਲ ਸੀ ਜਾਂ ਕਦੇ ਕਨੇਡਾ ਰਹਿੰਦੇ ਆਪਣੇ ਕਿਸੇ ਰਿਸ਼ਤੇਦਾਰ ਨੂੰ ਉਸਦੀ ਨਿਗਰਾਨੀ ਕਰਨ ਲਈ ਭੇਜ ਦਿੰਦਾ ਕਨੇਡਾ ਪਹੁੰਚਣ ਲਈ ਪੰਜਾਬੀਆਂ ਵਿਚ ਚੱਲ ਰਹੇ ਇਸ ਨਵੇਂ ਵਰਤਾਰੇ ਦਾ ਮੈਨੂੰ ਇਲਮ ਨਹੀਂ ਸੀ ਕੁਝ ਦਿਨਾਂ ਬਾਅਦ ਮੈਂ ਕਾਰ ਰਾਹੀਂ ਜਾ ਰਿਹਾ ਸੀ ਕਿ ਮੇਰੀ ਨਜ਼ਰ ਬਸ ਸਟਾਪ ਤੇ ਖੜ੍ਹੀ ਇਕ ਅਣਭੋਲ ਜਿਹੀ ਕੁੜੀ 'ਤੇ ਪਈ ਉਹ ਦੇਖਣ ਵਿਚ ਮਸਾਂ ਪੰਦਰਾਂ-ਸੋਲਾਂ ਸਾਲ ਦੀ ਲੱਗਦੀ ਸੀ ਉਸ ਦੀਆਂ ਬਾਹਾਂ ਵਿਚ ਚੂੜਾ ਪਾਇਆ ਹੋਇਆ ਦੋਹਾਂ ਹੱਥਾਂ ਵਿਚ ਸੌਦੇ-ਪੱਤੇ ਵਾਲੇ ਲਿਫਾਫੇ ਫੜੇ ਹੋਏ ਤੇ ਪਿੱਠ ਤੇ ਪਿੱਠੂ ਲਟਕ ਰਿਹਾ ਸੀ ਉਸਦਾ ਚੇਹਰਾ ਮੈਨੂੰ ਬਹੁਤ ਹੀ ਉਦਾਸਿਆ ਪ੍ਰਤੀਤ ਹੋਇਆ ਮੈਨੂੰ ਲੱਗਾ ਕਿ ਉਹ ਸ਼ਾਇਦ ਕਾਲਜ ਤੋਂ ਬਾਅਦ ਕੰਮ ਤੇ ਗਈ ਹੋਵੇ ਤੇ ਫਿਰ ਗਰੋਸਰੀ ਖ੍ਰੀਦਣ ਇਕਦਮ ਮੇਰੇ ਦਿਮਾਗ ਵਿਚ ਨਵਜੋਤ ਦੀਆਂ ਸੁਣਾਈਆਂ ਗੱਲਾਂ ਆ ਗਈਆਂ ਮੇਰੇ ਚਿੱਤ 'ਚ ਆਈ ਕਿ ਕੀ ਇਸ ਨਵ ਵਿਆਹੀ ਦੇ ਘਰਵਾਲੇ ਨੂੰ ਇਸਦੀ ਮੁਸ਼ੱਕਤ ਭਰੀ ਜ਼ਿੰਦਗੀ ਬਾਰੇ ਅਹਿਸਾਸ ਹੋਵੇਗਾ ਫਿਰ ਮੈਂ ਉਸ ਕੁੜੀ ਬਾਰੇ ਭੁੱਲ ਭੁਲਾ ਗਿਆ ਜਦੋਂ ਮੈਂ ਪ੍ਰਵਚਨ ਦੇ ਗੋਸ਼ਟੀ ਅੰਕ ਲਈ ਕਹਾਣੀ ਲਿਖਣ ਬਾਰੇ ਸੋਚਿਆ ਤਾਂ ਮੇਰੇ ਦਿਮਾਗ ਵਿਚ ਨਵਜੋਤ ਦੀ ਸੁਣਾਈ ਗੱਲ ਆ ਗਈ ਤੇ ਫਿਰ ਬਸ ਸਟਾਪ ਤੇ ਖੜ੍ਹੀ ਕੁੜੀ ਮੇਰੀਆਂ ਅੱਖਾਂ ਮੂਹਰੇ ਆ ਗਈ ਤੇ ਤੰਦ ਨਾਲ ਤੰਦ ਜੁੜਣ ਲੱਗੀ ਤੇ ਕਹਾਣੀ ਬਣਨ ਲੱਗ ਪਈ



## 'ਛਣ ਛਣ' ਦੀ ਸਿਰਜਣਾ ਦਾ ਰਹੱਸ/ਭਗਵੰਤ ਰਸੂਲਪੁਰੀ

ਕਹਾਣੀਕਾਰ ਵੱਲੋਂ ਸਿਰਜੀ ਕਹਾਣੀ ਦੇ ਟੁਕੜੇ ਉਸ ਵੱਲੋਂ ਹੰਢਾਏ ਅਤੀਤ,ਯਾਦਾਂ, ਅੱਖੀਂ ਵੇਖੀਆਂ ਘਟਨਾਵਾਂ, ਜਿਉਂਦੇ ਜਾਗਦੇ ਪਾਤਰ ਦੇ ਮੂੰਹੋਂ ਆਪਣੇ ਬਾਰੇ, ਦੂਜਿਆਂ ਦੇ ਬਾਰੇ ਸੁਣੇ ਬਿਰਤਾਂਤ ਵਿਚ ਮੌਜੂਦ ਹੁੰਦੇ ਹਨ। ਇਸ ਵਿਚ ਕਹਾਣੀਕਾਰ ਦਾ ਅਨੁਭਵ ਬਹੁਤ ਅਹਿਮ ਰੋਲ ਅਦਾ ਕਰਦਾ ਹੈ। ਉਸ ਦੇ ਨਾਲ-ਨਾਲ ਉਸ ਦੀ ਕਲਪਨਾ ਸ਼ਕਤੀ ਵੀ ਕਹਾਣੀ ਦੀ ਬੁਣਤੀ ਤਿਆਰ ਕਰਨ 'ਚ ਅਹਿਮ ਰੋਲ ਅਦਾ ਕਰਦੀ ਹੈ। ਜਿਹੜੀ ਕਲਪਨਾ ਸ਼ਕਤੀ ਸਮਾਜਕ ਅਨੁਭਵ ਦੇ ਨਾਲ-ਨਾਲ ਉਸ ਵੱਲੋਂ ਪੜ੍ਹੇ ਸਾਹਿਤ, ਇਤਿਹਾਸ ਅਤੇ ਸਮਾਜ ਵਿਗਿਆਨ ਵਾਲੇ ਚਿੰਤਨ ਨਾਲ ਵੀ ਬਣਦੀ ਹੈ। ਮੇਰੇ ਅੰਦਰ ਬੈਠੇ ਕਹਾਣੀਕਾਰ ਨਾਲ ਏਸੇ ਤਰ੍ਹਾਂ ਹੀ ਹੁੰਦਾ ਹੈ। ਜਦੋਂ ਮੈਨੂੰ ਲੱਗਣ ਲੱਗ ਪੈਂਦਾ ਹੈ ਕਿ ਇਨ੍ਹਾਂ ਘਟਨਾਵਾਂ ਅਤੇ ਪਾਤਰਾਂ ਦੇ ਇਰਦ-ਗਿਰਦ ਘਟਨਾਵਾਂ ਜੁੜ ਕੇ ਕਹਾਣੀ ਦੀ ਸ਼ਕਲ ਬਣਨ ਲੱਗ ਪਈ ਹੈ ਤਾਂ ਮੈਂ ਆਪਣਾ ਸਾਰਾ ਧਿਆਨ ਅਤੇ ਚਿੰਤਨ ਉਨ੍ਹਾਂ ਘਟਨਾਵਾਂ 'ਤੇ ਫੋਕਸ ਕਰਨ ਲੱਗ ਪੈਂਦਾ ਹਾਂ। ਮੇਰੇ ਦਿਮਾਗ਼ ਦੀ ਕਲਪਨਾ ਵੀ ਬੜੀ ਤੇਜ਼ੀ ਨਾਲ ਕੰਮ ਕਰਨ ਲੱਗ ਪੈਂਦੀ ਹੈ। ਦਿਨ ਰਾਤ ਕਹਾਣੀ ਦਿਮਾਗ਼ ਵਿਚ ਰਿੜਕ ਹੋਣ ਲੱਗ ਪੈਂਦੀ ਹੈ। ਉਸ ਸਮੇਂ ਸਿਰਜਣਾ ਦੀ ਪੀੜ ਵਿਚ ਮੈਂ ਆਪਣੇ ਆਪ ਨਾਲ ਗੱਲਾਂ ਕਰਦਾ ਹਾਂ। ਆਪਣੇ ਪਾਤਰਾਂ ਨਾਲ ਸੰਵਾਦ ਰਚਾਉਂਦਾ ਹਾਂ। ਘਰ ਵਿਚ ਏਧਰ ਉਧਰ ਬਹੁਤ ਘੱਟ ਗੱਲ ਕਰਦਾ ਹਾਂ। ਆਪਣੇ ਨਿੱਤ ਦੇ ਸਾਰੇ ਕੰਮ ਮੁਲਤਵੀ ਕਰ ਦਿੰਦਾ ਹਾਂ। ਜਦੋਂ ਪਾਤਰਾਂ ਦਾ ਦਬਾਅ ਪੈਂਦਾ ਹੈ ਤਾਂ ਕਹਾਣੀ ਲਿਖਣੀ ਸ਼ੁਰੂ ਕਰ ਦਿੰਦਾ ਹਾਂ। ਪਹਿਲਾ ਡਰਾਫਟ ਲਿੱਖ ਕੇ ਰੱਖ ਦਿੰਦਾ ਹਾਂ। ਹਫ਼ਤੇ ਕੁ ਬਾਅਦ ਕਹਾਣੀ ਦੀ ਅੰਤਮ ਸ਼ਕਲ ਕੰਪਿਊਟਰ 'ਤੇ ਤਿਆਰ ਕਰਦਾ ਹਾਂ। ਉਸ ਸਮੇਂ ਦੌਰਾਨ ਮੇਰੇ ਮਨ ਵਿਚ ਕਹਾਣੀ ਦੇ ਪਾਤਰਾਂ ਦੇ ਨਕਸ਼ ਸਪੱਸ਼ਟ ਹੋ ਜਾਂਦੇ ਹਨ। ਕਈ ਘਟਨਾਵਾਂ ਹੋਰ ਗੂੜ੍ਹੀਆਂ ਤੇ ਕਹਾਣੀ ਦੇ ਅਨਕੂਲ ਕਰ ਦਿੰਦਾ ਹਾਂ। ਕੁਝ ਘਟਨਾਵਾਂ ਹੋਰ ਵੀ ਜੁੜ ਜਾਂਦੀਆਂ ਹਨ ਕੁਝ ਘਟਨਾਵਾਂ ਕੱਟੀਆਂ ਜਾਂਦੀਆਂ ਹਨ। ਕਹਾਣੀ ਨੂੰ ਅੰਤਮ ਕਰਕੇ ਹੀ ਸਾਹ ਲੈਂਦਾ ਹਾਂ। ਜਦੋਂ ਮੈਨੂੰ ਤਸੱਲੀ ਹੋ ਜਾਂਦੀ ਹੈ ਕਿ ਕਹਾਣੀ ਹੁਣ ਛਪ ਜਾਣੀ ਚਾਹੀਦੀ ਹੈ ਤਾਂ ਛਪਵਾ ਕੇ ਪਾਠਕਾਂ ਦੇ ਹਵਾਲੇ ਕਰ ਦਿੰਦਾ ਹਾਂ। ਕਹਾਣੀ 'ਛਣ-ਛਣ' ਲਿਖਦਿਆਂ ਵੀ ਇਸ ਤਰ੍ਹਾਂ ਹੀ ਹੋਇਆ। ਇਹ ਕਹਾਣੀ ਬਹੁਤ ਤੇਜੀ ਨਾਲ ਲਿਖੀ ਗਈ ਪਰ ਮੇਰੇ ਦਿਮਾਗ਼ ਵਿਚ ਕਹਾਣੀ ਦੇ ਬੀਜ਼ ਪਿਛਲੇ ਤਿੰਨ ਕੁ ਸਾਲ ਤੋਂ ਬੀਜ਼ੇ ਗਏ ਸਨ। ਭਾਵ ਕਿ ਦਿਮਾਗ਼ ਵਿਚ ਕਹਾਣੀ ਬਣੀ ਜਾਂਦੀ ਸੀ।

ਇਕ ਦਿਨ ਫੇਸ ਬੁੱਕ ਉੱਤੇ ਮੈਂ ਇਕ ਖੂਬਸੂਰਤ ਕੁੜੀ ਦੀ ਫਰੈਂਡ ਰੁਕਵੈਸਟ ਵੇਖਦਾ ਹਾਂ। ਸਕਰੀਨ 'ਤੇ ਇਕ ਖੂਬਸੂਰਤ ਕੁੜੀ ਦੀ ਤਸਵੀਰ ਚਮਕਦੀ ਹੈ। ਮੈਂ ਝਟ ਉਸ ਨੂੰ ਸਵੀਕਾਰ ਕਰ ਲੈਂਦਾ ਹਾਂ। ਫਿਰ ਉਸ ਦੀ ਪ੍ਰੋਫਾਇਲ ਵੇਖਦਾ ਹਾਂ। ਤਿੰਨ ਚਾਰ ਉਸ ਦੀ ਚਿਕਨੀਆਂ ਫੋਟੋਆਂ ਵੇਖਦਾ ਹਾਂ। ਉਸ ਬਾਰੇ ਹੋਰ ਕੁਝ ਵੀ ਪਤਾ ਨਹੀਂ ਲੱਗਦਾ। ਉਹ ਇੰਗਲੈਂਡ ਦੇ ਇਕ ਸ਼ਹਿਰ ਵਿਚ ਰਹਿ ਰਹੀ ਸੀ। ਕੁਝ ਦਿਨ ਮੈਸੇਜ਼ ਦਾ ਅਦਾਨ ਪ੍ਰਦਾਨ ਹੁੰਦਾ ਹੈ। ਉਹ ਦੋਸਤੀ ਕਰਨਾ ਚਾਹੁੰਦੀ ਹੈ। ਮੈਂ ਸੋਚਦਾ ਹਾਂ ਚਲੋ ਟਾਇਮ ਪਾਸ ਕਰਨ ਲਈ ਅੱਗੇ ਵੱਧਦੇ ਹਾਂ। ਉਸ ਮੇਰਾ ਵਟਸ ਐਪ ਨੰਬਰ ਮੰਗਦੀ ਹੈ। ਤੇ ਆਪਣਾ ਭੇਜਦੀ ਹੈ। ਫਿਰ ਅਸੀਂ ਵਟਸ ਐਪ 'ਤੇ ਇੰਗਲਿਸ਼ 'ਚ ਚੈਟਿੰਗ ਸ਼ੁਰੂ ਕਰ ਦਿੰਦੇ ਹਾਂ। ਪਹਿਲਾ ਮੈਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਇਹ ਕੁੜੀ ਸਾਰਾ ਕੁਝ ਫੇਕ ਕਰ ਰਹੀ ਹੈ। ਮੈਂ ਸੋਚਦਾ ਹਾਂ ਚਲੋ ਵੇਖਦੇ ਹਾਂ ਏਸ ਰਹੱਸ ਦਾ ਅਸਲੀ ਚਿਹਰਾ ਕਿਹੋ ਜਿਹਾ ਹੈ। ਦੋ ਤਿੰਨ

ਮਹੀਨੇ ਚੈਟਿੰਗ ਚੱਲਦੀ ਹੈ। ਇਸ ਚੈਟਿੰਗ ਵਿਚ ਉਹ ਵੀ ਮੈਨੂੰ ਸਵਾਲ ਕਰਦੀ ਹੈ ਮੈਂ ਵੀ ਉਹਦੇ ਬਾਰੇ ਜਾਣਕਾਰੀ ਲੈਂਦਾ ਹਾਂ। ਜਵਾਬ ਵਿਚ ਮੈਂ ਵੀ ਝੂਠ ਬੋਲਦਾ ਹਾਂ, ਉਹ ਵੀ ਬੋਲਦੀ ਹੋਵੇਗੀ ਹੈ। ਮੇਰੇ ਮਨ ਵਿਚ ਉਸ ਦੀ ਇਕ ਭ੍ਰਮਤ ਕਰਨ ਵਾਲੀ ਉਸ ਕੁੜੀ ਦੀ ਤਸਵੀਰ ਬਣਨ ਲੱਗ ਪੈਂਦੀ ਹੈ। ਅਸੀਂ ਆਪਣੀਆਂ ਫੋਟੋਆਂ ਦਾ ਅਦਾਨ ਪ੍ਰਦਾਨ ਕਰਦੇ ਹਾਂ। ਇਸ ਦੌਰਾਨ ਮੈਂ ਕੈਨੇਡਾ ਚਲੇ ਜਾਂਦਾ ਹਾਂ। ਵਿਹਲੇ ਸਮੇਂ ਉਸ ਨਾਲ ਚੈਟਿੰਗ ਕਰਦਾ ਹਾਂ। ਕੈਨੇਡਾ ਦੀਆਂ ਆਪਣੀਆਂ ਤਸਵੀਰਾਂ ਭੇਜਦਾ ਹਾਂ। ਸਮਾਂ ਚੰਗਾ ਲੰਘ ਰਿਹਾ ਹੈ। ਇਕ ਸਟੇਜ ’ਤੇ ਮੈਨੂੰ ਲੱਗਣ ਲੱਗ ਪੈਂਦਾ ਹੈ ਕਿ ਇਹ ਕੁੜੀ ਬਿਲਕੁੱਲ ਠੀਕ ਹੈ। ਮੈਂ ਕੈਨੇਡਾ ਆਪਣੇ ਦੋਸਤ ਨੂੰ ਦੱਸਦਾ ਹਾਂ ਕਿ ਫੇਸ ਬੁੱਕ ਤੇ ਮੇਰੀ ਇਕ ਇੰਗਲੈਂਡ ਰਹਿੰਦੀ ਕੁੜੀ ਦੋਸਤ ਬਣੀ ਹੈ। ਮੈਨੂੰ ਲੱਗਦਾ ਹੈ ਉਹ ਮੈਨੂੰ ਆਪਣੇ ਜਾਲ਼ ਵਿਚ ਫਸਾਈ ਜਾ ਰਹੀ ਹੈ।’ ਉਹ ਅੱਗੋ ਕਹਿੰਦਾ ਹੈ ਕਿ ਬਚ ਕੇ ਰਹੀ ! ਏਹੋ ਜਿਹੀਆਂ ਕੁੜੀਆਂ ਤੁਹਾਡੇ ਮਗਰ ਲੱਗ ਜਾਂਦੀ ਹਨ। ਤੂੰ ਘਰ ਪਰਿਵਾਰ ਵਾਲਾ ਹੈ। ਤੇਰੇ ਬੱਚੇ ਵੀ ਹਨ। ਏਹੋ ਜਿਹੀਆਂ ਕੁੜੀਆਂ ਤੁਹਾਡੇ ਘਰ ਆ ਜਾਂਦੀਆਂ ਹਨ।’’

ਚੈਟਿੰਗ ਵਿਚ ਉਹ ਇੰਡੀਆ ਆਉਣ ਲਈ ਕਹਿੰਦੀ ਹੈ। ਇਹ ਵੀ ਕਹਿੰਦੀ ਹੈ ਤੇਰੇ ਵਰਗਾ ਦੋਸਤ ਮੈਨੂੰ ਪਹਿਲੀ ਵਾਰ ਮਿਲਿਆ ਹੈ। ਮੈਂ ਉਹਨੂੰ ਗ਼ਲਤ ਐਡਰੈਸ ਭੇਜਦਾ ਹਾਂ। ਇਕ ਦਿਨ ਉਹ ਮੇਰਾ ਜਨਮ ਦਿਨ ਪੁੱਛਦੀ ਹੈ। ਮੈਂ ਦੱਸ ਦਿੰਦਾ ਹਾਂ। ਉਸ ਦਿਨ ਉਹ ਮੈਨੂੰ ਗਿਫ਼ਟ ਭੇਜਣਾ ਚਾਹੁੰਦੀ ਹੈ। ਮੇਰੇ ਉਹ ਕੱਪੜਿਆਂ ਦਾ ਸਾਇਜ਼ ਪੁੱਛਦੀ ਹੈ। ਅਤੇ ਦੂਜੇ ਦਿਨ ਬਹੁਤ ਸਾਰੇ ਕੀਮਤੀ ਬਰੈਂਡਡ ਕੱਪੜੇ, ਲੈਪਟਾਪ, ਘੜੀ, ਸੋਨੇ ਦੇ ਗਹਿਣੇ ਅਤੇ ਹੋਰ ਨਿੱਕ-ਸੁੱਕ ਦੀਆਂ ਫੋਟੋਆਂ ਭੇਜਦੀ ਹੈ। ਮੈਂ ਸੋਚਦਾ ਹਾਂ ਇਹ ਤਾਂ ਬਹੁਤ ਅਮੀਰ ਕੁੜੀ ਹੈ। ਕਿ ਚਲੋ ਗਿਫ਼ਟ ਤਾਂ ਪ੍ਰਾਪਤ ਕਰੋ। ਮੈਂ ਉਹਨੂੰ ਕਹਿੰਦਾ ਹਾਂ ਕਿ ਤੂੰ ਮੇਰੇ ਜਲੰਧਰ ਵਾਲੇ ਐਡਰੈੱਸ ’ਤੇ ਇਹ ਗਿਫ਼ਟ ਭੇਜਦੇ, ਮੈਂ ਮਹੀਨੇ ਤੱਕ ਇੰਡੀਆ ਚਲੇ ਜਣਾ ਹੈ ਤੇਰੇ ਗਿਫ਼ਟ ਪ੍ਰਾਪਤ ਕਰ ਲਵਾਂਗਾ। ਉਹਨੂੰ ਇਹ ਵੀ ਕਹਿੰਦਾ ਹਾਂ ਕਿ ਕੈਨੇਡਾ ਮੈਂ ਆਪਣੇ ਬਿਜਨਸ ਦੇ ਸਬੰਧ ਵਿਚ ਆਇਆ ਹੋਇਆ ਹਾਂ। ਸਾਇਦ ਉਹਨੂੰ ਵੀ ਲੱਗਦਾ ਹੋਵੇਗਾ ਇਹ ਕਾਫੀ ਅਮੀਰ ਬੰਦਾ ਹੈ। ਫਿਰ ਉਹ ਕੈਨੇਡਾ ਦਾ ਐਡਰੈਸ ਮੰਗਦੀ ਹੈ। ਮੈਂ ਆਪਣੇ ਦੋਸਤ ਦਾ ਭੇਜ ਦਿੰਦਾ ਹਾਂ। ਮੈਂ ਕਈ ਦਿਨ ਉਸਦਾ ਗਿਫ਼ਟ ਉਡੀਕਦਾ ਹਾਂ। ਜੋ ਨਹੀਂ ਮਿਲਦਾ। ਪਰ ਸਾਡੀ ਚੈਟਿੰਗ ਚਲਦੀ ਰਹਿੰਦੀ ਹੈ। ਇਸ ਵਿਚ ਪਿਆਰ ਭਰੀਆਂ ਗੱਲਾਂ ਹੁੰਦੀਆਂ ਸਨ, ਰੁਮਾਂਸ ਵੀ ਹੁੰਦਾ ਸੀ। ਮੇਰਾ ਸਮਾਂ ਵਧੀਆ ਲੰਘ ਰਿਹਾ ਸੀ। ਇਕ ਦਿਨ ਉਹ ਮੈਸਿਜ ਵਿਚ ਕਹਿੰਦੀ ਹੈ ਕਿ ਮੈਂ ਹਸਪਤਾਲ ਵਿਚ ਦਾਖਲ ਹਾਂ। ਮੇਰੇ ਹਾਰਟ ਦੀ ਸਰਜਰੀ ਹੋਣੀ ਹੈ ਤੂੰ ਮੈਨੂੰ ਵੀਹ ਹਜ਼ਾਰ ਡਾਲਰ ਭੇਜ। ਮੈਂ ਤੈਨੂੰ ਵਾਪਸ ਕਰ ਦੇਵਾਂਗੀ। ਮੈਂ ਉਹਨੂੰ ਵੀਡੀਓ ਕਾਲ ਕਰਨ ਲਈ ਕਹਿੰਦਾ ਹਾਂ। ਪਰ ਉਹ ਆਪਣੀਆਂ ਹਸਪਤਾਲ ਦੀਆਂ ਫੋਟੋਆਂ ਭੇਜ ਦਿੰਦੀ ਹੈ। ਮੈਂ ਉਹਨੂੰ ਆਪਣਾ ਬੈਂਕ ਅਕਾਂਊਂਟ ਭੇਜਣ ਲਈ ਕਹਿੰਦਾ ਹਾਂ। ਉਸ ਕਹਿੰਦੀ ਹੈ ਕਿ ਮੇਰਾ ਇਕ ਦੋਸਤ ਕੈਨੇਡਾ ਆਇਆ ਹੋਇਆ ਹੈ। ਤੂੰ ਉਸ ਦੇ ਅਕਾਊਂਟ ਵਿਚ ਡਾਲਰ ਪਾ ਦੇ ਮੈਨੂੰ ਮਿਲ ਜਾਣਗੇ। ਪਰ ਮੈਂ ਡਾਲਰ ਕਿੱਥੋਂ ਭੇਜਣੇ ਸਨ। ਇਕ ਦਿਨ ਮੈਨੂੰ ਗਾਲਾਂ ਭਰਿਆ ਮੇਸੇਜ਼ ਭੇਜ ਕੇ ਮੈਨੂੰ ਅਨਫਰਿੰਡ ਕਰ ਦਿੰਦੀ ਹੈ। ਨਾਲ ਹੀ ਆਪਣੀ ਫੇਸ ਬੁੱਕ ਵੀ ਬੰਦ ਕਰ ਲੈਂਦੀ ਹੈ। ਇਸ ਤਰ੍ਹਾਂ ਸੁਪਨਸਾਜ਼ ਦੋਸਤੀ ਦਾ ਅੰਤ ਹੋ ਜਾਂਦਾ ਹੈ।

ਇਸ ਤੋਂ ਬਾਅਦ ਮੈਂ ਇਸ ਤੰਤਰ ਨੂੰ ਸਮਝਣ ਲਈ ਏਸ ਕਿਸਮ ਦੀਆਂ ਚਾਰ ਪੰਜ ਇੰਗਲੈਂਡ ਤੋਂ ਫੇਸ ਬੁੱਕ ਚਲਾ ਰਹੀਆਂ ਕੁੜੀਆਂ, ਔਰਤਾਂ ਨਾਲ ਝੂਠੀ ਦੋਸਤੀ ਕਰਦਾ ਹਾਂ। ਇਸ ਵਿਚ ਸਾਰਾ ਕੁਝ



ਝੂਠ ਤੇ ਜਾਅਲੀ ਪੇਸ਼ ਕਰਦਾ ਹਾਂ। ਉਹ ਵੀ ਝੂਠ ਬੋਲਦੀਆਂ ਹੋਣਗੀਆਂ। ਮੈਂ ਵੀ ਝੂਠ ਬੋਲਦਾ ਹਾਂ। ਆਪਣੀ ਜੀਵਨ ਸਾਥਣ ਸਰੋਜ ਨੂੰ ਵੀ ਪਤਾ ਲੱਗ ਜਾਂਦਾ ਹੈ। ਉਹਨੂੰ ਮੈਂ ਕਹਿੰਦਾ ਹਾਂ ਕਿ ਮੈਂ ਇਸ ਤੰਤਰ ਨੂੰ ਸਮਝਣ ਲਈ ਸਾਰਾ ਕੁਝ ਕਰ ਰਿਹਾ ਹਾਂ। ਉਹ ਕਹਿੰਦੀ ਹੈ ਤੂੰ ਆਪਣਾ ਸਮਾਂ ਕਿਉਂ ਖਰਾਬ ਕਰ ਰਿਹਾ ਹਾਂ। ਪਰ ਮੈਂ ਇਸ ਤੰਤਰ ਨੂੰ ਸਮਝਣ ਲਈ ਅੰਦਰ ਤੱਕ ਜਾਣਾ ਚਾਹੁੰਦਾ ਸਾਂ। ਉਸ ਵੇਲੇ ਮੈਨੂੰ ਪਤਾ ਨਹੀਂ ਸੀ ਕਿ ਇਸ ’ਤੇ ਕਹਾਣੀ ਲਿਖ ਹੋ ਜਾਣੀ ਹੈ। ਇਕ ਦਿਨ ਮੇਰੇ ਨਾਲ ਆਪਣੇ ਆਪ ਨੂੰ ਅਮਰੀਕਨ ਦੱਸਦੀ ਕੁੜੀ ਜੁੜਦੀ ਹੈ ਜਿਹੜੀ ਕਹਿੰਦੀ ਹੈ ਕਿ ਮੈਂ ਅਮਰੀਕਾ ਫੌਜ਼ ਵਿਚ ਜੌਬ ਕਰਦੀ ਹਾਂ ਪਰ ਮੈਂ ਇਸ ਸਮੇਂ ਸੀਰੀਆ ਆਪਣੇ ਮਾਂ ਬਾਪ ਕੋਲ ਆਈ ਹੋਈ ਹਾਂ। ਜਿੱਥੇ ਲੜਾਈ ਲੱਗੀ ਹੋਈ ਹੈ। ਖ਼ਬਰਾ ਤੋਂ ਵੀ ਮੈਨੂੰ ਪਤਾ ਲੱਗਦਾ ਹੈ ਕਿ ਸੀਰੀਆ ਵਿਚ ਅਮਰੀਕੀ ਫੌਜ਼ਾ ਤਬਾਹੀ ਮਚਾ ਰਹੀਆਂ ਹਨ। ਸਾਡੀ ਦੋਸਤੀ ਅੱਗੇ ਵੱਧਦੀ ਹੈ। ਮੈਂ ਸੋਚਦਾ ਹਾਂ ਇਹਨੂੰ ਵੀ ਵੇਖਦੇ ਹਾਂ ਕਿ ਇਹ ਕਿਥੇ ਤੱਕ ਜਾਂਦੀ ਹੈ। ਦੋਹਾਂ ਪਾਸੇ ਝੂਠ ਨਾਲ ਭਰੇ ਮੈਸੇਜ਼ ਦਾ ਅਦਾਨ ਪ੍ਰਦਾਨ ਹੁੰਦਾ ਹੈ। ਇਕ ਸਟੇਜ ’ਤੇ ਆ ਕੇ ਮੈਨੂੰ ਵੀ ਉਹ ਸੱਚੀ ਲੱਗਣ ਲੱਗ ਪੈਂਦੀ ਹੈ। ਉਹ ਵੀ ਮੈਨੂੰ ਜਨਮ ਦਿਨ ’ਤੇ ਗਿਫ਼ਟ ਭੇਜਣ ਦੀ ਇੱਛਾ ਕਰਦੀ ਹੈ। ਪਹਿਲਾਂ ਕੁਝ ਫੋਟੋ ਭੇਜਦੀ ਹੈ। ਮੈਂ ਉਹਨੂੰ ਗ਼ਲਤ ਐਡਰਸ ਭੇਜ ਦਿੰਦਾ ਹਾਂ ਤੇ ਨਾਲ ਆਪਣਾ ਮੁਬਾਇਲ ਫ਼ੋਨ ਭੇਜ ਦਿੰਦਾ ਹਾਂ। ਉਹ ਕੋਰੀਅਰ ਕੀਤੀ ਨਾਮੀ ਕੰਪਨੀ ਦੀ ਰਸੀਦ ਅਤੇ ਪੈਕੇਟ ਦੀ ਫੋਟੋ ਮੈਨੂੰ ਭੇਜਦੀ ਹੈ। ਮੈਨੂੰ ਲੱਗਦਾ ਹੈ ਇਹ ਤਾਂ ਸੱਚੀ ਮੈਨੂੰ ਪੈਕੇਟ ਭੇਜ ਰਹੀ ਹੈ। ਤਿੰਨ ਚਾਰ ਦਿਨ੍ਹਾਂ ਬਾਅਦ ਮੈਨੂੰ ਇੰਡੀਆਂ ਦੇ ਨੰਬਰ ਤੋਂ ਇਕ ਕਾਲ ਆਉਂਦੀ ਹੈ ਇਕ ਬੰਦਾ ਇੰਗਲਿਸ਼ ਵਿਚ ਮੈਨੂੰ ਕਹਿੰਦਾ ਹੈ ਕਿ ਤੁਹਾਡਾ ਏਸ ਨੰਬਰ ਵਾਲਾ ਇਕ ਕੋਰੀਅਰ ਆਇਆ ਹੈ। ਇਸ ਵਿਚ ਬਹੁਤ ਕੀਮਤੀ ਸਮਾਨ ਤੇ ਸੋਨਾ ਹੈ ਸੋ ਇਸ ’ਤੇ ਜੀ ਐਸ ਟੀ ਵਗੈਰਾ ਦਾ ਟੈਕਸ ਲੱਗ ਗਿਆ ਸੋ ਤੁਸੀਂ ਇਸ ਅਕਾਊਂਟ ’ਚ ਦਸ ਹਜ਼ਾਰ ਰੁਪਏ ਜ਼ਮਾ ਕਰਵਾ ਦਿਓ ਤਾਂ ਕਿ ਤੁਹਾਨੂੰ ਕੋਰੀਅਰ ਪਹੁੰਚਦਾ ਕੀਤਾ ਜਾ ਸਕੇ। ਮੈਨੂੰ ਪਤਾ ਸੀ ਇਹ ਸਾਰਾ ਕੁਝ ਫਰਾਡ ਹੈ। ਮੈਂ ਇਨਕਾਰ ਕਰ ਦਿੰਦਾ ਹਾਂ। ਇਸ ਤਰ੍ਹਾਂ ਮੈਂ ਸ਼ੋਸ਼ਲ ਮੀਡੀਆਂ ਉੱਤੇ ਚਲਦੇ ਠੱਗੀ ਦੇ ਜਾਲ਼ ਨੂੰ ਸਮਝਣ ਲੱਗਦਾ ਹਾਂ। ਫੇਸ ਬੁੱਕ ’ਤੇ ਇਕ ਸੱਚ ਮੁੱਚ ਪਿਆਰ ਕਰਨ ਵਾਲੀ ਔਰਤ ਵੀ ਮਿਲਦੀ ਹੈ। ਫੇਸ ਬੁੱਕ ਤੋਂ ਵਟਸ ਐਪ ਤੱਕ ਸਾਡੀ ਦੋਸਤੀ ਲੰਮੀ ਚੱਲਦੀ ਹੈ। ਮੇਰੀ ਇਹ ਸਥਿਤੀ ਹੋ ਜਾਂਦੀ ਹੈ ਮੈਂ ਕਈ ਵਾਰ ਰਾਤ ਨੂੰ ਵੀ ਉਸ ਦੇ ਮੇਸੇਜ਼ ਦੀ ਉਡੀਕ ਕਰਦਾ ਹਾਂ। ਜਦੋਂ ਮੁਬਾਇਲ ਤੇ ‘ਛਣ-ਛਣ’ ਹੁੰਦੀ ਮੈਂ ਝਟ ਬੈੱਡ ਤੋਂ ਉੱਠ ਕੇ ਦੂਜੇ ਕਮਰੇ ਵਿਚ ਜਾ ਉਸ ਦਾ ਮੈਸੇਜ਼ ਪੜ੍ਹਦਾ, ਸਰੋਜ ਇਸ ਗੱਲ ’ਤੇ ਕਈ ਵਾਰ ਖਿੱਝ ਜਾਂਦੀ। ਮੈਂ ਕਲਪਨਾ ਵਿਚ ਉਸ ਨੂੰ ਮਿਲਣ ਲਈ ਤੜਫਦਾ ਹਾਂ। ਕਿਵੇਂ ਉਹ ਦਿੱਲੀ ਆਵੇਗੀ... ਮੈਨੂੰ ਹੋਟਲ ਵਿਚ ਸੱਦੇਗੀ... ਮੈਂ ਅਗਲੇ ਸਾਲ ਇੰਗਲੈਂਡ ਜਾਵਾਗਾ ਉਸ ਕੋਲ ਰਹਾਂਗਾ। ਪਤਾ ਨਹੀਂ ਮੇਰੇ ਨਾਲ ਕੀ ਹੋਵੇਗਾ... ਵਗੈਰਾ ਵਗੈਰਾ। ਉਨ੍ਹਾਂ ਦਿਨ੍ਹਾਂ ਵਿਚ ਮੇਰੀ ਕਲਪਨਾ ਦੇ ਘੋੜੇ ਬਹੁਤ ਤੇਜ਼ ਨੱਠ ਰਹੇ ਸਨ। ਮੈਂ ਇਕ ਦਿਨ ਸੋਚਿਆ ਕਿ ਮਨਾਂ ਤੂੰ ਕਿਹੜੇ ਜਾਲ਼ ਵਿਚ ਫਸੀ ਜਾ ਰਿਹਾ ਹਾਂ। ਤੇਰਾ ਪਰਿਵਾਰ ਹੈ। ਤੇਰੇ ਬੱਚੇ ਹਨ। ਘਰ ਹੈ। ਖੂਬਸੂਰਤ ਪਤਨੀ ਹੈ ਤੇ ਇਕ ਦਿਨ ਮੈਂ ਸਾਰੇ ਭਰਮ ਜਾਲ਼ ਨੂੰ ਕਰੈਸ਼ ਕਰ ਦਿੰਦਾ ਹਾਂ। ਇਹ ਸ਼ੋਸ਼ਲ ਮੀਡੀਆ ਦੀ ਬਿਮਾਰੀ ਸੀ ਜਿਹੜੀ ਮੈਨੂੰ ਤਿੰਨ ਕੁ ਸਾਲ ਚੁੰਬੜੀ ਰਹੀ। ਜਾਂ ਮੈਂ ਖੁਦ ਇਸ ਵਿਚ ਵੜ ਗਿਆ ਪਰ ਸ਼ੋਸ਼ਲ ਮੀਡੀਆਂ ਦੇ ਭਰਮ ਜਾਲ਼ ਨੂੰ ਅੰਦਰ ਤੱਕ ਜਾ ਕੇ ਸਮਝਿਆ ਜ਼ਰੂਰ।

ਫਿਰ ਮੇਰੇ ਮਨ ਵਿਚ ਕਹਾਣੀ ਜੁੜਨ ਲੱਗੀ। ਪਰ ਇਹ ਕਹਾਣੀ ਸਪਾਟ ਬਣ ਰਹੀ ਸੀ।

ਕਰਾਇਮ ਸਟੋਰੀ ਵਰਗੀ। ਪਰ ਮੈਂ ਇਸ ਕਹਾਣੀ ਨੂੰ ਸਮਾਜਕ ਯਥਾਰਥ ਵਾਲੀ, ਮਨੁੱਖੀ ਭਾਵਨਾਵਾਂ ਦੀ ਕਹਾਣੀ ਬਣਾਉਣੀ ਚਾਹੁੰਦਾ ਸੀ। ਗੱਲ ਪਕੜ ਵਿਚ ਨਹੀਂ ਸੀ ਆ ਰਹੀ। ਮੇਰੇ ਦਿਮਾਗ਼ ਵਿਚ ਸਾਡੀ ਰਿਸ਼ਤੇਦਾਰੀ ਵਿਚ ਇਕ ਫੌਜ਼ੀ ਘੁੰਮਣ ਲੱਗ ਪਿਆ। ਮੈਂ ਮੁੜ ਉਹਨੂੰ ਮਿਲਿਆ। ਕਈ ਵਾਰ ਮਿਲਿਆ। ਉਹ ਪਾਕਿਸਤਾਨ ਨਾਲ ਲੜੀ ਲੜਾਈ ਲੜ ਚੁੱਕਾ ਸੀ। ਤੇ ਉਸ ਜੰਗ ਬਾਰੇ ਬਹੁਤ ਸਾਰੀਆਂ ਗੱਲਾਂ ਮੈਨੂੰ ਦੱਸਦਾ ਗਿਆ। ਮੇਰੇ ਦਿਮਾਗ਼ ਨੂੰ ਇਕ ਦਮ ਝਟਕਾ ਲੱਗਾ। ਮੇਰੇ ਅੱਗੇ ਸੀਰੀਆ ਦੀ ਦੋਸਤ ਕੁੜੀ ਘੁੰਮਣ ਲੱਗੀ। ਜਿਹੜੀ ਮੈਨੂੰ ਮੈਸੇਜ਼ ਰਾਹੀਂ ਸੀਰੀਆ ਦੀ ਸਥਿਤੀ ਦੱਸਣ ਲੱਗ ਪਈ ਸੀ। ਅਤੇ ਜੰਗ ਦੀਆਂ ਬੰਬਾਂ ਦੀ ਤਬਾਹੀ ਦੀਆਂ ਫੋਟੋਆਂ ਘੁੰਮਣ ਲੱਗ ਪਈਆਂ। ਇਕ ਦਮ ਮੇਰੇ ਅੰਦਰ ਬਣ ਰਹੀ ਕਹਾਣੀ ਨੇ ਨਵਾਂ ਮੋੜ ਕੱਟ ਲਿਆ। ਮੈਂ ਉਸ ਫੌਜ਼ੀ ਪਾਤਰ ਵਿਚੋਂ ਕਹਾਣੀ ਦਾ ਮੁੱਖ ਪਾਤਰ ਘੜਨ ਲੱਗ ਪਿਆ।

ਕਹਾਣੀ ਦਾ ਚੌਖਟਾ ਬੰਨ੍ਹਣ ਲਈ ਮੈਨੂੰ ਇਕ ਹੋਰ ਬਜ਼ੁਰਗ ਦੀ ਭਾਲ ਸੀ। ਜਿਹੜਾ ਸ਼ੋਸ਼ਲ ਮੀਡੀਆਂ ਵਰਤਦਾ ਰਿਹਾ ਹੋਵੇ। ਮੇਰੇ ਸਾਹਮਣੇ ਇਕ ਦਮ ਪ੍ਰੇਮ ਪ੍ਰਕਾਸ਼ ਆ ਖੜਿਆ। ਉਸ ਦੇ ਔਰਤਾਂ ਪ੍ਰਤੀ ਖਿੱਚ ਵਾਲੇ ਸੁਭਾਅ ਤੋਂ ਮੈਂ ਜਾਣੂ ਹੀ ਸੀ। ਆਪਣੇ ਕੰਪਿਊਟਰ ਵਿਚ ਸਾਂਭੀਆਂ ਔਰਤਾਂ ਲੇਖਕਾਵਾਂ ਦੀਆਂ ਅਤੇ ਹੋਰ ਤਸਵੀਰਾ ਬਾਰੇ ਚਸਕੇ ਲੈ ਲੈ ਕੇ ਮੈਨੂੰ ਕਈ ਵਾਰ ਦੱਸਦਾ ਰਿਹਾ ਸੀ। ਮੈਂ ਪ੍ਰੇਮ ਪ੍ਰਕਾਸ਼, ਬਜ਼ੁਰਗ ਫੌਜ਼ੀ, ਤੀਜਾ ਮੈਂ ਆਪ ਜਾਣੀ ਕਿ ਤਿੰਨਾਂ ਜਿਉਂਦੇ ਜਾਗਦੇ ਪਾਤਰਾਂ ਵਿਚੋਂ ਇਕ ਪਾਤਰ ਸੋਹਣ ਫੌਜ਼ੀ ਘੜ ਲਿਆ। ਕਹਾਣੀ ਦਾ ਧਰਾਤਲ ਮੈਂ ਪ੍ਰੇਮ ਪ੍ਰਕਾਸ਼ ਦਾ ਘਰ ਤੇ ਉਸਦਾ ਕਮਰਾ ਲੈ ਲਿਆ। ਬਹੁਤ ਕੁਝ ਆਪਣੀ ਕਲਪਨਾ ਨਾਲ ਉਸਾਰ ਲਿਆ। ਸੋਹਣ ਦੀ ਪਤਨੀ ਦਾ ਪਾਤਰ ਮੈਂ ਇਕ ਹੋਰ ਬਜ਼ੁਰਗ ਦੀ ਪਤਨੀ ਵਿਚੋਂ ਉਸਾਰ ਲਿਆ। ਮੇਰੇ ਸਾਹਮਣੇ ਕਹਾਣੀ ਦੇ ਸਪੱਸ਼ਟ ਨਕਸ਼ ਬਣਨ ਲੱਗ ਪਏ ਸਨ। ਜਿਹੜੀ 'ਕਰਾਇਮ ਸਟੋਰੀ' ਤੋਂ ਬਿਲਕੁੱਲ ਵੱਖਰੇ ਸਨ। ਮੇਰੇ ਮਨ ਨੱਚਣ ਲੱਗ ਪਿਆ। ਲੈ ਹੁਣ ਕਹਾਣੀ ਬਣੀ ਹੈ।

ਉਨ੍ਹਾਂ ਦਿਨ੍ਹਾਂ ਵਿਚ ਮੈਂ 'ਕਹਾਣੀ ਧਾਰਾ' ਦਾ 'ਚਿੱਠੀਆਂ ਵਿਸ਼ੇਸ਼ ਅੰਕ' ਸੰਪਾਦਤ ਕਰ ਰਿਹਾ ਸੀ। ਲੇਖਕਾਂ ਕੋਲੋਂ ਚਿੱਠੀਆਂ ਮੰਗਵਾ ਕੇ ਪੜ੍ਹ ਰਿਹਾ ਸੀ। ਚਿੱਠੀਆਂ ਦੀਆਂ ਕਿਤਾਬਾਂ ਪੜ੍ਹ ਰਿਹਾ ਸੀ। ਉਸ ਸਮੇਂ ਮੇਰੇ ਮਨ ਵਿਚ ਇਹ 'ਛਣ-ਛਣ' ਕਹਾਣੀ ਜੁੜ ਰਹੀ ਸੀ। ਮੈਨੂੰ ਪਤਾ ਹੀ ਨਾ ਲੱਗਾ ਇਸ ਜੁੜ ਰਹੀ ਕਹਾਣੀ ਦੀ ਸ਼ੈਲੀ ਇਕ ਚਿੱਠੀ ਦੇ ਰੂਪ ਵਿਚ ਬਣਨ ਲੱਗ ਪਈ ਏ। ਮੇਰੇ ਦਿਮਾਗ਼ ਵਿਚ ਜਿਹੜੇ ਦ੍ਰਿਸ਼, ਬਿਰਤਾਂਤ ਬਣਿਆ ਉਹ ਇਕ ਚਿੱਠੀ ਦੀ ਸ਼ਕਲ ਅਖ਼ਤਿਆਰ ਕਰਨ ਲੱਗ ਪਿਆ। ਇਸ ਕਹਾਣੀ ਦਾ ਮੁੱਖ ਪਾਤਰ ਆਪਣੇ ਦੋਸਤ ਨੂੰ ਆਪਣੇ ਮਨ ਦੀ ਅਵਸਥਾ ਅਤੇ ਬੀਤੀਆਂ ਘਟਨਾਵਾਂ ਇਕ ਚਿੱਠੀ ਵਿਚ ਲਿਖਦਾ ਏ ਪਰ ਉਹ ਵਰਤਮਾਨ 'ਚ ਓਸ ਸਮੇਂ ਵਿੱਚ ਵਿਚਰ ਰਿਹਾ ਹੈ ਜਿਹੜਾ ਸਮਾਂ ਫੇਸ ਬੁੱਕ, ਵਟਸ ਐਪ, ਟਵੀਟਰ 'ਤੇ ਇੰਟਰਨੈੱਟ ਦਾ ਹੈ। ਚਿੱਠੀ ਮੇਰੀ ਕਹਾਣੀ ਦੀ ਸ਼ੈਲੀ ਬਣ ਗਈ। ਮੈਂ ਹੈਰਾਨ ਇਹ ਕਿਵੇਂ ਹੋ ਗਿਆ। ਮੈਂ ਕਦੇ ਕਲਪਨਾ ਵੀ ਨਹੀਂ ਸੀ ਕੀਤੀ ਕਿ ਕਹਾਣੀ ਦੀ ਸ਼ੈਲੀ ਚਿੱਠੀ ਦੇ ਰੂਪ ਵਿਚ ਉਸਰਨ ਲੱਗ ਪਵੇਗੀ। ਕੁਝ ਘਟਨਾਵਾਂ ਇੰਜ ਕਹਾਣੀ ਵਿਚ ਜੁੜ ਗਈਆਂ ਜਿਵੇਂ ਮੈਨੂੰ ਕੋਈ ਇਲਹਾਮ ਹੋਇਆ ਹੋਵੇ।

ਸ਼ੁਰੂ ਵਿਚ ਮੇਰੇ ਮਨ ਵਿਚ ਜਿਹੜੀਆਂ ਘਟਨਾਵਾਂ ਸਨ ਉਸ ਦੇ ਅਧਾਰ 'ਤੇ ਕਹਾਣੀ ਦੀ ਸ਼ਕਲ ਵੱਖਰੀ ਕਿਸਮ ਦੀ ਬਣ ਰਹੀ ਸੀ। ਫਿਰ ਜਿਵੇਂ ਜਿਵੇਂ ਮੈਂ ਇਨ੍ਹਾਂ ਘਟਨਾਵਾਂ ਅਤੇ ਚਿੰਤਨ 'ਤੇ ਕੰਮ ਕਰਨ ਲੱਗ ਪਿਆ ਤਾਂ ਕਹਾਣੀ ਦੀ ਸ਼ਕਲ ਬਦਲਣ ਲੱਗ ਪਈ। ਇਸ ਕਹਾਣੀ ਦੀਆਂ ਅਨੇਕਾਂ



ਪਰਤਾਂ ਉਸਰਨ ਲੱਗ ਪਈਆਂ। ਸੋਹਣ ਸਨਕੀ ਦੀ ਕਹਾਣੀ ਨਾ ਰਹਿ ਕੇ ਇਹ ਕਹਾਣੀ ਮਨੁੱਖੀ ਘਾਣ ਦੀ ਕਹਾਣੀ ਬਣਨ ਗਈ। ਇਕ ਇਕੱਲੇ ਬਜ਼ੁਰਗ ਦੀ ਮਨੋਦਸ਼ਾ ਪੇਸ਼ ਕਰਨ ਵਾਲੀ ਕਹਾਣੀ ਬਣ ਗਈ। ਔਰਤ ਦੀ ਤ੍ਰਾਸ਼ਦੀ ਦੀ ਕਹਾਣੀ ਬਣ ਗਈ। ਕਹਾਣੀ ਵਿਚ ਬਜ਼ੁਰਗ ਬੰਦੇ ਦੀਆਂ ਅਨੇਕਾਂ ਪਰਤਾਂ ਹਨ। ਔਰਤ ਦੀਆਂ ਅਨੇਕਾਂ ਪਰਤਾਂ ਹਨ। ਸ਼ੋਸ਼ਲ ਮੀਡੀਆਂ ਦੀਆਂ ਅਨੇਕਾਂ ਪਰਤਾਂ ਹਨ। ਇਕੱਲਤਾ ਹੰਢਾ ਰਹੇ ਬੰਦੇ ਦੀਆਂ ਸਮਾਜਕ, ਪਰਿਵਾਰਕ ਸਥਿਤੀ ਦੀਆਂ ਪਰਤਾਂ ਹਨ। ਅੱਜ ਦਾ ਮਨੁੱਖ ਜਿਉਣ ਲਈ ਕਿਸ ਕਿਸਮ ਦੀਆਂ ਫੌਹੜੀਆਂ ਦਾ ਆਸਰਾ ਭਾਲਦਾ ਫਿਰਦਾ ਹੈ। ਪਰ ਉਸ ਦੇ ਅਵਚੇਤਨ ਵਿਚ ਪਿਆ ਸਮਾਜਕ ਯਥਾਰਥ ਵੀ ਉਸ ਦਾ ਪਿੱਛਾ ਨਹੀਂ ਛੱਡਦਾ।

ਜਦੋਂ ਨਵੀਂ ਕਹਾਣੀ ਮੇਰੇ ਮਨ ਵਿਚ ਉਸਰਦੀ ਹੈ ਜਾਂ ਮੈਂ ਉਸ ਨੂੰ ਆਪਣੇ ਮਨ ਵਿਚ ਉਸਾਰਨ ਲੱਗਦਾ ਹਾਂ ਤਾਂ ਮੇਰੇ ਮਨ ਵਿਚ ਪੰਜਾਬੀ ਕਹਾਣੀ ਦਾ ਸਮੁੱਚਾ ਦ੍ਰਿਸ਼ ਪਿਆ ਹੁੰਦਾ ਹੈ। ਮੇਰੇ ਸਾਹਮਣੇ ਪਹਿਲਾਂ ਲਿਖੀਆਂ ਕਹਾਣੀਆਂ ਦੇ ਵਿਸ਼ੇ ਪਏ ਹੁੰਦੇ ਹਨ। ਉਨ੍ਹਾਂ ਦੀ ਸ਼ੈਲੀ ਪਈ ਹੁੰਦੀ ਹੈ ਅਤੇ ਉਨ੍ਹਾਂ ਵਿਚ ਵਰਤੀਆਂ ਜੁਗਤਾਂ ਵੀ ਪਈਆਂ ਹੁੰਦੀਆਂ ਹਨ। ਰਵਾਇਤੀ ਵਿਸ਼ੇ, ਰਵਾਇਤੀ ਨਿਭਾ, ਰਵਾਇਤੀ ਪੇਸ਼ਕਾਰੀ, ਰਵਾਇਤੀ ਪਾਤਰ, ਰਵਾਇਤੀ ਦ੍ਰਿਸ਼, ਰਵਾਇਤੀ ਪਾਤਰਾ ਦਾ ਵਿਹਾਰ ਆਦਿ ਆਦਿ ਨਵੀਂ ਕਹਾਣੀ ਵਿਚ ਵਰਤਰ ਤੋਂ ਗੁਰੇਜ਼ ਕਰਦਾ ਹਾਂ। 'ਨਿੱਕੀ ਹੁਨਰੀ ਕਹਾਣੀ' ਦੀ ਧਾਰਨਾ ਮੈਨੂੰ ਮੂਲੋ ਹੀ ਹਜ਼ਮ ਨਹੀਂ ਹੁੰਦੀ। ਸਮੇਂ ਅਤੇ ਸਥਿਤੀਆਂ ਨੇ ਕਹਾਣੀ ਦੀ ਸ਼ਕਲ ਬਦਲਣੀ ਹੁੰਦੀ ਹੈ। ਕਹਾਣੀ ਦੀ ਸ਼ਕਲ ਉਸ ਦੇ ਪਾਤਰ ਤਿਆਰ ਕਰਦੇ ਹਨ, ਉਹ ਘਟਨਾਵਾਂ ਤਿਆਰ ਕਰਦੀਆਂ ਹਨ ਜਿਹੜੀਆਂ ਘਟਨਾਵਾਂ ਕਹਾਣੀਕਾਰ ਕਹਾਣੀ ਦੇ ਬਿਰਤਾਂਤ ਲਈ ਚੁਣਦਾ ਹੈ। ਕਹਾਣੀ ਦੀ ਸ਼ਕਲ ਉਸ ਦਾ ਵਿਸ਼ਾ ਵੀ ਬਣਾਉਂਦਾ ਹੈ। ਸਭ ਤੋਂ ਵੱਧ ਕਹਾਣੀ ਦੀ ਸ਼ਕਲ ਕਹਾਣੀਕਾਰ ਖੁਦ ਘੜਦਾ ਹੈ। ਕਹਾਣੀ ਦਾ ਰਵਾਇਤੀ ਵਿਸ਼ਾ ਅਤੇ ਰਵਾਇਤੀ ਸ਼ੈਲੀ ਉਸ ਮਾੜੇ ਬਲਦ ਵਰਗੀ ਹੁੰਦੀ ਹੈ ਜਿਹੜਾ ਭਾਰ ਨਾਲ ਲੱਦਿਆਂ ਗੱਡਾ ਰਵਾਇਤੀ ਲੀਹ 'ਤੇ ਅੱਗੇ ਨੂੰ ਘੜੀਸਣ ਲਈ ਬੇਵੱਸ ਹੁੰਦਾ ਹੈ। ਉਸ ਕੋਲੋਂ ਨਵੀਂ ਲੀਹ ਤੇ ਚੱਲਣਾ ਬਹੁਤ ਮੁਸ਼ਕਲ ਹੁੰਦਾ ਹੈ। ਉਸ ਕੋਲੋਂ ਰਵਾਇਤੀ ਲੀਹ ਪਾੜ ਨਹੀਂ ਹੁੰਦੀ। 'ਛਣ-ਛਣ' ਕਹਾਣੀ ਮੈਨੂੰ ਵੱਖਰੀ ਖੜੀ ਦਿਸਦੀ ਹੈ। ਮੈਨੂੰ ਹੀ ਨਹੀਂ ਹੋਰ ਪਾਠਕਾਂ ਨੂੰ ਵੀ ਵੱਖਰੀ ਖੜੀ ਦਿਸਦੀ ਹੈ। ਸਮਾਂ ਅਤੇ ਸਥਿਤੀਆਂ ਮਨੁੱਖ ਨੂੰ ਬਦਲਦੀਆਂ ਰਹਿੰਦੀਆਂ ਹਨ। ਘਟਨਾਵਾਂ ਬਦਲੀਆਂ ਰਹਿੰਦੀਆਂ ਹਨ। ਬਦਲ ਰਹੇ ਸਮੇਂ ਵਿਚ ਕੁਝ ਮਨੁੱਖ ਆਪਣੇ ਆਪ ਨੂੰ ਬਦਲਦੇ ਨਹੀਂ। ਕੁਝ ਆਪਣੇ ਆਪ ਨੂੰ ਬਦਲ ਲੈਂਦੇ ਹਨ। ਉਹ ਬਦਲੇ ਹੋਏ ਮਨੁੱਖ ਜੋ ਸੋਚਦੇ ਹਨ, ਜਿਸ ਤਰ੍ਹਾਂ ਸਮਾਜ ਵਿਚ ਵਿਚਰਦੇ ਹਨ, ਉਨ੍ਹਾਂ 'ਚ ਨਵਾਂਪਨ ਹੁੰਦਾ ਹੈ। ਮੈਂ ਬਦਲੇ ਹੋਏ ਮਨੁੱਖ ਦੀ ਬਦਲੀ ਹੋਈ ਸੋਚ, ਵਿਹਾਰ ਅਤੇ ਵਤੀਰੇ ਨੂੰ ਹੀ 'ਛਣ-ਛਣ' ਕਹਾਣੀ ਵਿਚ ਫੜਿਆ ਹੈ। ਫੜਿਆ ਸਮਾਜਕ ਇਤਿਹਾਸ ਰਾਹੀਂ ਹੀ ਹੈ। ਬਸ ਅਹਿਸਾਸ ਮੇਰੇ ਆਪਣੇ ਹਨ। ਸੋਚ ਮੇਰੀ ਆਪਣੀ ਹੈ।

**ਆਲੋਚਨਾ**

# "ਛਣ-ਛਣ" ਦੀ ਬੁਣਤਰ/ਡਾ. ਕੁਲਦੀਪ ਸਿੰਘ

ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦੇ ਸਮਰੱਥ ਪੰਜਾਬੀ ਕਹਾਣੀਕਾਰਾਂ ਵਿਚੋਂ ਭਗਵੰਤ ਰਸੂਲਪੁਰੀ ਸਥਾਪਤ ਅਤੇ ਪ੍ਰਮੁੱਖ ਕਹਾਣੀਕਾਰ ਹੈ। 'ਚਾਨਣ ਦੀ ਲੀਕ' (1992) ਕਹਾਣੀ ਸੰਗ੍ਰਹਿ ਤੋਂ ਲੈ ਕੇ 'ਮੈਂ ਸ਼ੈਤਾਨ ਤੇ ਇੰਦੂਮਣੀ' (1996), 'ਤੀਜਾ ਨੇਤਰ' (2005), 'ਮਰਨ ਰੁੱਤ' (2010), 'ਕੁਵੇਲੇ ਤੁਰਿਆ ਪਾਂਧੀ' (2013) ਅਤੇ 'ਕੁੰਭੀ ਨਰਕ' (2017) ਆਦਿ ਕਹਾਣੀ ਸੰਗ੍ਰਹਿਆਂ ਤੱਕ ਉਸਦੇ ਕੁੱਲ ਛੇ ਕਹਾਣੀ ਸੰਗ੍ਰਹਿ ਪ੍ਰਾਪਤ ਹੁੰਦੇ ਹਨ। ਅਨੁਵਾਦਕ ਦੇ ਤੌਰ 'ਤੇ ਚਾਰ ਪੁਸਤਕਾਂ ਦਾ ਅਨੁਵਾਦ ਅਤੇ ਬਾਲ ਸਾਹਿਤ ਦੇ ਖੇਤਰ ਵਿਚ ਦੋ ਪੁਸਤਕਾਂ ਬਾਲ ਕਹਾਣੀਆਂ ਦੀਆਂ ਵੀਪ੍ਰਾਪਤ ਹੁੰਦੀਆਂ ਹਨ। ਸਾਲ 2019 ਵਿਚ ਪ੍ਰਕਾਸ਼ਿਤ ਨਾਵਲ 'ਜ਼ਰਖ਼ੇਜ਼' ਵੀ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ। ਆਮ ਤੌਰ ਤੇ ਭਗਵੰਤ ਰਸੂਲਪੁਰੀ ਦੀਆਂ ਕਹਾਣੀਆਂ ਦਾ ਰਚਨਾ ਵਸਤੂ ਦਲਿਤ ਸਮਾਜ ਦੀ ਅੰਦਰੂਨੀ ਕਸ਼ਮਕਸ਼ ਅਤੇ ਔਰਤ-ਮਰਦ ਦੇ ਜਿਨਸੀ ਸਬੰਧਾਂ ਨਾਲ ਸਬੰਧਤ ਹੁੰਦਾ ਹੈ। ਉਸ ਦੀਆਂ ਕਹਾਣੀਆਂ ਦੀ ਕਥਾ-ਸ਼ੈਲੀ ਵਿਚ ਉੱਤਮ-ਪੁਰਖੀ ਬਿਰਤਾਂਤਕ ਸਿਰਜਣਾ, ਜਟਿਲ ਕਥਾਨਕ, ਚੇਤਨਾ-ਪ੍ਰਵਾਹ ਦੀ ਕਥਾ ਜੁਗਤ, ਮਨੋਵਿਗਿਆਨਕ ਛੋਹਾਂ ਰਾਹੀਂ ਪਾਤਰ-ਉਸਾਰੀ ਆਦਿ ਉਭਰਵੇਂ ਲੱਛਣ ਦਿਖਾਈ ਦਿੰਦੇ ਹਨ। ਹੱਥਲਾ ਲੇਖ ਰਸੂਲਪੁਰੀ ਦੀ 'ਕਹਾਣੀ ਧਾਰਾ' ਅਕਤੂਬਰ-ਦਸੰਬਰ, 2020 ਦੇ ਅੰਕ ਵਿਚ ਛਪੀ ਕਹਾਣੀ 'ਛਣ-ਛਣ' ਦੀ ਪਰਖ ਪੜਚੋਲ ਨਾਲ ਸੰਬੰਧਿਤ ਹੈ। ਸਮੁੱਚੀ ਕਹਾਣੀ ਖ਼ਤੋ ਕਿਤਾਬਤੀ ਸ਼ੈਲੀ ਵਿਚ ਲਿਖੀ ਗਈ ਹੈ। ਇਸ ਸ਼ੈਲੀ ਨੂੰ ਅੰਗ੍ਰਜ਼ੀ ਭਾਸ਼ਾ ਵਿਚ ਓਪਸਿਟੋਲਅਰੇ (ਐਪਿਸਟੋਲਰੀ ਜਾਂ ਐਪਿਸਟ੍ਰੀਰੀ) ਕਿਹਾ ਜਾਂਦਾ ਹੈ। ਐਪਿਸਟੋਲਰੀ ਇਕ ਗ੍ਰੀਕ ਸ਼ਬਦ ਹੈ ਜਿਹੜਾ ਓਪਸਿਟੋਲਅਰੇ ਤੋਂ ਆਇਆ ਹੈ, ਜਿਸਦਾ ਅਰਥ ਹੈ 'ਅੱਖਰ' । ਐਪਿਸਟ੍ਰੀਰੀ ਅੱਖਰਾਂ ਨਾਲ ਸੰਬੰਧਿਤ ਇਕ ਅਜਿਹੀ ਸਾਹਿਤਕ ਸ਼ੈਲੀ ਹੈ ਜਿਸ ਰਾਹੀਂ ਲੇਖਕ ਆਪਣੇ ਸਾਹਿਤਕ ਕਾਰਜਾਂ ਵਿਚ ਪੱਤਰ, ਪੱਤ੍ਰਿਕਾਵਾਂ ਅਤੇ ਡਾਇਰੀ ਵਿਵਰਣ ਦਾ ਪ੍ਰਯੋਗ ਕਰਦੇ ਹਨ ਜਾਂ ਉਹ ਆਪਣੀਆਂ ਕਹਾਣੀਆਂ ਨੂੰ ਦੱਸਦੇ ਹਨ ਜਾਂ ਖ਼ਤਾਂ ਦੀ ਲੜੀ ਦੇ ਰਾਹੀਂ ਸੰਦੇਸ਼ ਦਿੰਦੇ ਹਨ। ਪਰੰਤੂ ਸੂਚਨਾ ਅਤੇ ਤਕਨੀਕ ਦੇ ਸਮੇਂ ਵਿਚ ਲੇਖਕ ਈ-ਮੇਲ, ਬਲਾਗ, ਰੇਡੀਓ ਪ੍ਰਸਾਰਣ ਅਤੇ ਰਿਕਾਡਿੰਗ ਵਰਗੇ ਇਲੈਕਟ੍ਰਾਨਿਕ ਦਸਤਾਵੇਜਾਂ ਦਾ ਪ੍ਰਯੋਗ ਵੀ ਕਰਦੇ ਹਨ। ਹਾਲਾਂਕਿ ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀ ਕਿ ਕਿਸੇ ਵੀ ਰਚਨਾਕਾਰ ਦਾ ਰਚਨਾ ਦੀ ਸਿਰਜਣਾ ਕਰਨਾ ਅਤੇ ਕਿਸੇ ਵੀ ਪਾਠਕ ਦਾ ਉਸ ਰਚਨਾ ਨੂੰ ਪੜ੍ਹਨਾ ਦੋ ਦਿਲਚਸਪ ਵਰਤਾਰੇ ਹਨ। ਇਹ ਦੋਵੇਂ ਵਰਤਾਰੇ ਇਕ ਦੂਜੇ ਨਾਲ ਅੰਤਰ ਸੰਬੰਧਿਤ ਹੋਣ ਦੇ ਬਾਵਜੂਦ ਆਪਣੇ ਆਪ ਵਿਚ ਸੁਤੰਤਰ ਹੁੰਦੇ ਹਨ। ਕਿਸੇ ਵੀ ਰਚਨਾਕਾਰ ਲਈ ਛਿਣ-ਪਲ, ਕੋਈ ਘਟਨਾ, ਕੋਈ ਪ੍ਰਭਾਵ ਜਾਂ ਕੋਈ ਮਨੁੱਖ ਉਹਦੀ ਰਚਨਾ ਪ੍ਰਕਿਰਿਆ ਵਾਸਤੇ ਮਹੱਤਵਪੂਰਨ ਪ੍ਰੇਰਕ ਬਣ ਜਾਂਦਾ ਹੈ। ਇਨ੍ਹਾਂ ਪਲਾਂ ਬਾਰੇ ਉਹ ਕੋਈ ਗੱਲ ਪਾਠਕਾਂ ਨਾਲ ਸਾਂਝੀ ਤਾ ਕਰਨਾ ਚਾਹੁੰਦਾ ਹੈ ਪਰੰਤੂ ਰਚਨਾ ਦੀ ਸਿਰਜਣਾ ਉਹ ਆਪਣੇ ਸਿਰਜਣ ਪ੍ਰਵਾਹ ਦੀ ਗਤੀ ਮੁਤਾਬਿਕ ਹੀ ਕਰਦਾ ਹੈ, ਪਾਠਕਾਂ ਨੂੰ ਸਾਹਮਣੇ ਰੱਖ ਕੇ ਨਹੀਂ।

ਉੱਤਰ ਆਧੁਨਿਕ ਦੌਰ ਵਿਚ ਸਾਹਿਤਕ ਰਚਨਾਵਾਂ ਪਾਠਕਾਂ ਨੂੰ ਸਪੱਸ਼ਟ ਸੁਨੇਹਾ ਜਾਂ ਸਿੱਖਿਆ ਦੇਣ ਦੇ ਮਕਸਦ ਤੋਂ ਬਹੁਤ ਅੱਗੇ ਲੰਘ ਆਈਆਂ ਹਨ। ਅਜਿਹੇ ਮਕਸਦ ਨੂੰ ਰਚਨਾ ਦਾ ਔਗੁਣ ਮੰਨਿਆ ਜਾਣ ਲੱਗਿਆ ਹੈ। ਤਾਂ ਵੀ ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ



ਕਿ ਅਜਿਹਾ ਕੁਝ ਤਾਂ ਹੁੰਦਾ ਹੈ ਰਚਨਾਕਾਰ ਦੇ ਮਨ ਵਿਚ ਜਿਸ ਨੂੰ ਉਹ ਆਪਣੇ ਪਾਠਕਾਂ ਤੱਕ ਪਹੁੰਚਾਉਣਾ ਚਾਹੁੰਦਾ ਹੈ। ਇਸ ਮੰਤਵ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਅਸੀਂ 'ਛਣ-ਛਣ' ਕਹਾਣੀ ਦੇ ਆਰੰਭ ਤੋਂ ਲੈ ਕੇ ਅੰਤ ਦਰਮਿਆਨ ਵਾਪਰੇ ਕਥਾਤਮਕ ਪ੍ਰਕਾਰਜ ਨੂੰ ਕਹਾਣੀ ਵਿਚਲੀ ਕਥਾ-ਵਸਤੂ ਅਤੇ ਕਹਾਣੀ ਦੇ ਸੰਰਚਨਾਤਮਕ ਪੈਟਰਨ ਦੇ ਆਧਾਰ 'ਤੇ ਪਰਖਣ ਦੀ ਕੋਸ਼ਿਸ਼ ਕਰਾਂਗੇ। ਕਹਾਣੀ ਦੀ ਤੰਦ ਦਾ ਇਕ ਸਿਰਾ ਜੇਕਰ ਕਹਾਣੀਕਾਰ ਕੋਲ ਹੈ ਤਾਂ ਇਸੇ ਤੰਦ ਦਾ ਦੂਜਾ ਸਿਰਾ ਪਾਠਕ ਕੋਲ ਵੀ ਹੁੰਦਾ ਹੈ। ਇਸੇ ਦੂਜੇ ਸਿਰੇ ਨੂੰ ਫੜ੍ਹ ਕੇ ਪਾਠਕ ਰਚਨਾ ਦੇ ਅਰਥ ਆਪਣੇ ਅਨੁਸਾਰ ਕਰਦਾ ਹੈ। 'ਛਣ-ਛਣ' ਕਹਾਣੀ ਦਾ ਆਰੰਭ 'ਪਿਆਰੇ ਸੰਤੋਖ ਉਰਫ਼ ਤੋਖੀ' ਵਾਲੇ ਵਾਕ ਅਤੇ ਅੰਤ 'ਤੇਰੇ ਬਹੁਤ ਸਾਰੇ ਭੇਤਾਂ ਦਾ ਰਾਜਦਾਰ ਸੋਹਣ ਉਰਫ਼ ਸੋਹਣ ਸਨਕੀ (ਰਿਟਾਇਰਡ ਹੌਲਦਾਰ) ਦੇ ਵਾਕ ਨਾਲ ਹੁੰਦਾ ਹੈ। ਇਨ੍ਹਾਂ ਦੋਹਾਂ ਵਾਕਾਂ ਦਰਮਿਆਨ ਕਹਾਣੀ ਦੀ ਸਮੁੱਚੀ ਕਥਾ-ਵਸਤੂ ਉੱਸਰਦੀ ਹੈ। ਕਹਾਣੀ ਦੇ ਪਹਿਲੇ ਵਾਕ ਤੋਂ ਹੀ ਪਾਠਕ ਨੂੰ ਖ਼ਤੋ ਕਿਤਾਬਤੀ ਹੋਂਦ ਵਾਲੀ ਕਹਾਣੀ ਦੇ ਹੋਣ ਦਾ ਅੰਦਾਜ਼ਾ ਹੋ ਜਾਂਦਾ ਹੈ। ਕਹਾਣੀ ਦਾ ਵਕਤਾ ਸੋਹਣ ਸਨਕੀ ਮੁੰਬਈ ਮਹਾਂਨਗਰ ਵਿਚ ਰਹਿੰਦੇ ਆਪਣੇ ਦੋਸਤ ਸੰਤੋਖ ਉਰਫ਼ ਤੋਖੀ ਨੂੰ ਜਵਾਬੀ ਖ਼ਤ ਲਿਖਦਾ ਹੈ। ਜਵਾਬੀ ਖ਼ਤ ਦੀ ਸੰਬੋਧਨੀ ਸੁਰ ਵਾਪਰ ਚੁੱਕੇ ਜਾਂ ਵਾਪਰ ਰਹੇ ਪਲਾਂ ਦੀ ਤਸਵੀਰਕਸ਼ੀ ਕਰਦੀ ਹੈ। ਇਨ੍ਹਾਂ ਪਲਾਂ ਦੀ ਤਸਵੀਰਕਸ਼ੀ ਦੀਆਂ ਕਈ ਤੰਦਾਂ ਸੰਜੋਗਾਤਮਕ ਰੂਪ ਵਿਚ ਪਈਆਂ ਹੋਣ ਦੇ ਬਾਵਜੂਦ ਵੀ ਕਹਾਣੀ ਵਿਚ ਵਿਜੋਗਾਤਮਕ ਸਰੂਪ ਵਾਲੀਆਂ ਲਗਦੀਆਂ ਹਨ। ਜਿਸ ਕਾਰਣ ਪਾਠਕ ਨੂੰ ਖ਼ਤ ਰੂਪੀ ਕਹਾਣੀ ਵਿਚੋਂ ਆਉਣ ਵਾਲੇ ਰਸ ਤੋਂ ਕਿਤੇ ਕਿਤੇ ਥਿੜਕਣਾ ਵੀ ਪੈਂਦਾ ਹੁੰਦੀ ਹੈ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਟੁਕੜਿਆਂ ਵਿਚ ਜਿਉਂ ਰਹੇ ਖੰਡਿਤ ਮਨੁੱਖ ਦੀ ਜੀਵਨ ਗਾਥਾ ਹੈ, ਜਿਹੜਾ ਇਕੋਂ ਸਮੇਂ ਕਈ ਧਰਾਤਲਾਂ 'ਤੇ ਜਿਉਂ ਰਿਹਾ ਹੋਵੇ। ਇਹ ਪ੍ਰਸ਼ਨ ਇਸ ਲਈ ਖੜਾ ਹੁੰਦਾ ਹੈ ਕਿਉਂਕਿ ਚਿੱਠੀ ਲਿਖਣ ਵਾਲੇ ਕੋਲ ਚਿੱਠੀ ਲਿਖਣ ਦਾ ਕੋਈ ਢੁੱਕਵਾਂ ਤੇ ਵਾਜਿਬ ਕਾਰਨ ਪਾਠਕ ਨੂੰ ਸਮਝ ਨਹੀਂ ਆਉਂਦਾ।

*"ਯਾਰ ਤੋਖੀ! ਚਿੱਠੀ ਬਹੁਤ ਲੰਮੀ ਹੋਈ ਜਾਂਦੀ ਏ। ਏਸ_ਚਿੱਠੀ ਨੂੰ ਮੈਂ ਕਈ ਦਿਨਾਂ ਵਿਚ ਲਿਖਿਆ ਏ। ਮੈਂ ਵਟਸ ਐਪ 'ਤੇ ਤੈਨੂੰ ਅਨੇਕਾਂ ਮੈਸੇਜ ਭੇਜੇ ਵੀ ਨੇ। ਫੇਸ ਬੁੱਕ ਤੇ ਮੈਸੇਜ ਛੱਡੇ ਨੇ। ਕਈ ਵਾਰ ਫ਼ੋਨ ਵੀ ਕੀਤਾ ਪਰ ਤੂੰ ਕਦੇ ਸੁਣਿਆ ਨਹੀਂ ਏ। ਪਤਾ ਨਹੀਂ ਤੂੰ ਗੱਲਾਂ ਕਰਨੀਆਂ ਕਿਉਂ ਬੰਦ ਕਰ ਦਿੱਤੀਆਂ ਨੇ। ਮੇਰੇ ਨਾਲ ਵੀ ਕਈ ਵਾਰੀ ਐਦਾਂ ਹੁੰਦਾ ਬਈ ਮੈਂ ਚੁੱਪ ਕਰ ਜਾਂਦਾ ਹਾਂ...।"*[1]

ਇਹ ਉਪਰੋਕਤ ਤਰਕ ਚਿੱਠੀ ਲਿਖਣ ਵਾਲੇ ਸੋਹਣ ਸਨਕੀ, ਚਿੱਠੀ ਸਮਾਪਤੀ ਉਪਰ ਆਪਣੇ ਉਸ ਦੋਸਤ ਨੂੰ ਕਹਿ ਰਿਹਾ ਹੈ ਜਿਸ ਦੇ ਖ਼ਤ ਆਉਣ ਤੋਂ ਚਾਰ ਦਿਨ ਬਾਅਦ ਉਸ ਨੂੰ ਖ਼ਤ ਲਿਖਦਾ ਹੋਇਆ ਕਹਿੰਦਾ ਹੈ ਕਿ , *"ਯਾਰ ਤੋਖੀ! ਉਸ ਦਿਨ ਤੇਰਾ ਖ਼ਤ ਆਇਆ ਸੀ। ਅੱਜ ਉਸ ਨੂੰ ਵੀ ਚਾਰ ਦਿਨ ਹੋ ਗਏ ਹੋਏ ਨੇ।"*[2]

ਦੋਹਾਂ ਦੋਸਤਾਂ ਕੋਲ ਸਾਲ 2020 ਵਿਚ ਸਮਾਰਟ ਫ਼ੋਨ ਅਤੇ ਫੇਸਬੁੱਕ ਫਰੈਂਡ ਹੋਣ ਦੇ ਬਾਵਜੂਦ ਵੀ ਇਕ ਦੂਜੇ ਨੂੰ ਖ਼ਤ ਲਿਖਣਾ ਪਾਠਕ ਨੂੰ ਅਚੰਭਿਤ ਤਾਂ ਕਰਦਾ ਹੀ ਹੈ। ਪਰੰਤੂ ਇਹ ਅਚੰਭਾ ਪਾਠਕ ਨੂੰ ਉਦੋਂ ਹੋਰ ਰੜਕਦਾ ਹੈ ਜਦੋਂ ਖ਼ਤ ਲਿਖਣ ਵਾਲਾ ਦੋਸਤ ਆਪਣੇ ਖ਼ਾਸ ਦੋਸਤ ਨੂੰ 'ਪਿਆਰੇ ਸੰਤੋਖ ਉਰਫ਼ ਤੋਖੀ ਅਤੇ ਸਮਾਪਨ ਉਪਰ 'ਸੋਹਣ ਉਰਫ਼ ਸੋਹਣ ਸਨਕੀ' ਦੇ ਨਾਂ ਤੋਂ ਸੰਬੋਧਿਤ ਕਰਦਾ ਹੈ। ਖ਼ਤ ਲਿਖਣ ਵਾਲੇ ਦੋਸਤ ਦਾ ਇਕ ਦੂਜੇ ਨੂੰ 'ਉਰਫ਼' ਸ਼ਬਦ ਲਾ ਕੇ ਸੰਬੋਧਿਤ ਕਰਨਾ ਪਾਠਕ ਨੂੰ ਥਿੜਕਾਉਂਦਾ ਹੈ। ਵਾਸਤਵਿਕ ਜੀਵਨ ਵਿਚ ਵੀ ਦੇਖਣ ਵਿਚ ਆਉਂਦਾ ਹੈ ਕਿ ਦੋਸਤ ਨੂੰ ਜਾਂ ਤਾਂ ਨਾਂ ਤੋਂ ਸੰਬੋਧਨ ਹੁੰਦਾ ਹੈ ਜਾਂ ਉਸਦੇ ਉਪਨਾਮ/ ਨਿੱਕ ਨੇਮ ਤੋਂ। ਉਰਫ਼

ਸ਼ਬਦ ਨਾਲ ਦੋਸਤ ਨੂੰ ਸੰਬੋਧਿਤ ਹੋਣਾ ਅਣਉਚਿਤ ਪ੍ਰਤੀਤ ਹੁੰਦਾ ਹੈ ਕਿਉਂਕਿ ਚਿੱਠੀ ਲਿਖਣ ਵਾਲੇ ਦੋਸਤ ਨੂੰ ਵੀ ਪਤਾ ਹੈ ਕਿ ਉਹ ਕਿਸ ਨੂੰ ਮੁਖਾਤਿਬ ਹੋ ਰਿਹਾ ਹੈ ਅਤੇ ਚਿੱਠੀ ਜਿਸ ਸਿਰਨਾਵੇਂ 'ਤੇ ਪਹੁੰਚਣੀ ਹੈ ਉਸ ਨੂੰ ਵੀ ਪਤਾ ਹੈ ਕਿ ਇਹ ਚਿੱਠੀ ਕਿਸ ਨੇ ਭੇਜੀ ਹੈ।

ਸਮੁੱਚੀ ਕਹਾਣੀ ਦਾ ਕਥਾ-ਵਸਤੂ ਸੰਤੋਖ ਉਰਫ਼ ਤੋਖੀ ਅਤੇ ਸੋਹਣ ਉਰਫ਼ ਸੋਹਣ ਸਨਕੀ ਦੀ ਚਿੱਠੀ ਵਿਚ ਲਿਖੀ ਗੱਲਬਾਤ ਰਾਹੀਂ ਵਾਪਰਦਾ ਹੈ। ਇਨ੍ਹਾਂ ਦੋਹਾਂ ਪਾਤਰਾਂ ਵਿਚਕਾਰ ਹੋ ਰਹੀ ਗੱਲਬਾਤ ਵਿਚੋਂ ਸੁਣ ਕੇ ਹੁੰਗਾਰਾ ਭਰਨ ਵਾਲੀ ਧਿਰ ਗ਼ੈਰ-ਹਾਜ਼ਰ ਹੈ। ਰਸੂਲਪੁਰੀ ਦੀ ਇਸ ਕਹਾਣੀ ਦੀ ਬਣਤਰ ਹੀ ਅਜਿਹੀ ਹੈ ਕਿ ਉਹ ਕਹਾਣੀ ਦਾ ਕਰਤਾ ਨਾ ਜਾਪ ਕੇ ਕਹਾਣੀ ਕਹਿਣ ਦਾ ਮਾਧਿਅਮ ਬਣਦਾ ਹੈ। ਇਹ ਕਹਾਣੀ ਖ਼ਤ ਰਾਹੀਂ ਸੋਹਣ ਸਨਕੀ ਸੁਣਾ ਰਿਹਾ ਹੈ। ਇਨ੍ਹਾਂ ਦੋਵਾਂ ਵਿਚੋਂ ਇਕ ਪਾਤਰ ਹਾਜ਼ਰ ਹੈ ਤੇ ਦੂਜਾ ਗੈਰ ਹਾਜ਼ਰ ਹੈ। ਕਹਾਣੀ ਦੀ ਬੁਣਤਰ ਵਿਚ ਪਈਆਂ ਕੁਝ ਆਵਾਜ਼ਾਂ ਸਪੱਸ਼ਟ ਹਨ। ਇਨ੍ਹਾਂ ਸਪੱਸ਼ਟ ਆਵਾਜ਼ਾਂ ਵਿਚੋਂ ਇਕ ਆਵਾਜ਼ ਕਹਾਣੀ ਦੇ ਲੇਖਕ ਦੀ ਹੈ। ਇਹ ਆਵਾਜ਼ ਸੋਹਣ ਸਨਕੀ ਨੂੰ ਮਾਧਿਅਮ ਬਣਾਉਂਦੀ ਹੋਈ ਖ਼ਤ ਰਾਹੀਂ ਸੰਤੋਖ ਉਰਫ਼ ਤੋਖੀ ਨੂੰ ਸੰਬੋਧਿਤ ਹੈ। ਕਹਾਣੀ ਵਿਚਲੀਆਂ ਹੋਰ ਆਵਾਜ਼ਾਂ ਵਿਚੋਂ ਇਕ ਆਵਾਜ਼ ਸੋਹਣ ਸਨਕੀ ਦੀ ਪਤਨੀ ਕੁਸ਼ੱਲਿਆ/ਬੁੜ੍ਹੀ ਦੀ, ਇਕ ਆਵਾਜ਼ ਸੋਹਣ ਸਨਕੀ ਦੇ ਮੁੰਡੇ ਦੀ, ਇਕ ਆਵਾਜ਼ ਸੋਹਣ ਸਨਕੀ ਦੀ ਫੇਸਬੁੱਕ ਫਰੈਂਡ ਲੀਜ਼ਾ ਹਰਲੇ ਦੀ, ਇਕ ਆਵਾਜ਼ ਸੰਤੋਖ ਤੋਖੀ ਦੀ, ਇਕ ਆਵਾਜ਼ ਸੰਤੋਖ ਤੋਖੀ ਦੇ ਮੁੰਡੇ ਦੀ ਮਿਲਦੀ ਹੈ। ਇਸ ਤਰ੍ਹਾਂ ਕਹਾਣੀ ਵਿਚਲੀਆਂ ਇਹ ਆਵਾਜ਼ਾਂ ਬਿਰਤਾਂਤ ਨੂੰ ਇਕ ਸੰਗਠਨਾਤਮਕ ਪੈਟਰਨ ਵਿਚ ਬੰਨ੍ਹ ਕੇ ਕਹਾਣੀ ਨੂੰ ਇਕ ਸਮੁੱਚ ਵਿਚ ਪੇਸ਼ ਕਰਦੀਆਂ ਹਨ। ਕਹਾਣੀ ਰਚਨਾ ਦੀ ਇਹ ਬਿਰਤਾਂਤਕ ਸ਼ੈਲੀ ਭਾਰਤੀ ਸਾਹਿਤ ਪਰੰਪਰਾ ਵਿਚ ਪਹਿਲਾਂ ਤੋਂ ਵੀ ਮੌਜੂਦ ਰਹੀ ਹੈ।

ਕਹਾਣੀ ਕਹਿਣ ਲਈ ਰਸੂਲਪੁਰੀ ਨੇ ਜਿਸ ਖ਼ਤੋਕਿਤਾਬਤੀ ਜੁਗਤ ਨੂੰ ਜਿਸ ਸਮੇਂ ਦੌਰਾਨ ਮਾਧਿਅਮ ਬਣਾਇਆ ਹੈ ਉਹ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦਾ ਅੱਠਵਾਂ ਮਹੀਨਾ (ਅਗਸਤ) ਹੈ। ਹਾਲਾਂਕਿ ਇਸ ਜੁਗਤ ਦੀ ਵਰਤੋਂ ਪਹਿਲਾਂ ਵੀ ਵਿਸ਼ਵ, ਭਾਰਤੀ ਤੇ ਪੰਜਾਬੀ ਸਾਹਿਤ ਵਿਚ ਬਹੁਤ ਸਾਰੀਆਂ ਸਾਹਿਤਕ ਰਚਨਾਵਾਂ ਵਿਚ ਵੇਖਣ ਨੂੰ ਮਿਲਦੀ ਹੈ। ਇਹ ਕਹਾਣੀ ਕਿਉਂਕਿ ਇਕ ਗਲਪੀ ਰਚਨਾ ਹੈ ਇਸ ਲਈ ਇਸਦੇ ਪਾਤਰ ਵਾਸਤਵਿਕ ਨਾ ਹੋ ਕੇ ਗਲਪੀ ਹਨ। ਕਹਾਣੀ ਵਿਚ ਪੇਸ਼ ਸ਼ਬਦ ਸੰਸਾਰ ਵਾਸਤਵਿਕ ਹੈ ਪਰੰਤੂ ਇਨ੍ਹਾਂ ਸ਼ਬਦਾਂ ਰਾਹੀਂ ਉਲੀਕਿਆ ਸੁਨੇਹਾ ਗਾਲਪਿਕ ਹੁੰਦਾ ਹੋਇਆ ਵੀ ਯਥਾਰਥਕ ਹੋਣ ਦਾ ਭ੍ਰਮ ਸਿਰਜਦਾ ਹੈ। ਕਹਾਣੀ ਵਿਚ ਯਥਾਰਥਕ ਚਿੱਤਰਣ ਦੇ ਇਹ ਹਵਾਲੇ ਲੀਜ਼ਾ ਦੇ ਮਦਰ ਕੰਟਰੀ ਸੀਰੀਆ ਦੇ ਰੱਕਾ ਸ਼ਹਿਰ ਵਿਚ ਬਾਗ਼ੀ ਲੜਾਕਿਆਂ ਅਤੇ ਫ਼ੌਜੀ ਸੈਨਿਕਾਂ ਵਿਚਕਾਰ ਹੋ ਰਹੀ ਭਿਆਨਕ ਜੰਗ ਦੇ ਸਿੱਟੇ ਵੱਜੋਂ ਹੋ ਰਹੀ ਭਾਰੀ ਤਬਾਹੀ ਦੇ ਚਿੰਨ੍ਹਾਂ ਅਤੇ ਇਸ ਦੇ ਸਿੱਟੇ ਵੱਜੋਂ ਸੋਹਣ/ਸਨਕੀ ਦੇ ਅਵਚੇਤਨ ਵਿਚ ਉਸਦੇ ਫ਼ੌਜੀ ਜੀਵਨ ਸਮੇਂ ਵਾਪਰੀ ਭਾਰਤ-ਪਾਕਿ ਜੰਗ ਦੌਰਾਨ ਪੰਜਾਬ ਦੇ ਸਰਹੱਦੀ ਇਲਾਕਿਆਂ ਵਿਚ ਹੋਈ ਭਾਰੀ ਤਬਾਹੀ ਦੇ ਮੰਜ਼ਰ ਵਿਚੋਂ ਪਛਾਣੇ ਜਾ ਸਕਦੇ ਹਨ। ਕਹਾਣੀ ਵਿਚ ਸੀਰੀਆ ਦੇ ਰੱਕਾ ਸ਼ਹਿਰ ਦੀ ਤਬਾਹੀ ਦੇ ਹਾਲਾਤਾਂ ਦਾ ਵਰਣਨ, 1971 ਦੀ ਭਾਰਤ-ਪਾਕਿ ਜੰਗ ਸਮੇਂ ਅੰਮ੍ਰਿਤਸਰ ਦੇ ਸਰਹੱਦੀ ਇਲਾਕੇ ਦੇ ਲੋਕਾਂ ਦੇ ਹਾਲਾਤਾਂ ਦਾ ਦਿਲ ਕੰਬਾਊ ਚਿੱਤਰਣ, ਸੀਰੀਆ ਦੇ ਅਲਫੌਅ,ਕੈਪਰਾਇਆ ਸ਼ਹਿਰ ਅਤੇ ਰੱਕਾ ਸ਼ਹਿਰ ਵਿਚ ਜੰਗ ਦੌਰਾਨ ਔਰਤਾਂ ਨੂੰ ਬਾਗੀਆਂ ਦੁਆਰਾ ਜ਼ਬਰਨ ਚੁੱਕ ਕੇ ਖ਼ਜੱਲ ਖੁਆਰ ਕਰਨਾ, ਉਨ੍ਹਾਂ ਦੀ ਦੇਹ ਨੂੰ ਜ਼ਬਰਨ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ ਆਦਿ ਵੇਰਵੇ ਪਾਠਕ ਨੂੰ ਜੰਗਾਂ ਦੇ ਭਿਅੰਕਰ ਸਿੱਟਿਆਂ ਤੋਂ ਰੂ-ਬ-ਰੂ ਕਰਵਾਉਂਦੇ ਹਨ। ਸੀਰੀਆ ਦੀ ਜੰਗ ਅਤੇ ਭਾਰਤ-ਪਾਕਿ ਜੰਗ ਨੂੰ ਪੇਸ਼ ਕਰਨ ਲਈ ਕਹਾਣੀਕਾਰ ਵੱਲੋਂ ਫੇਸਬੁੱਕ ਫਰੈਂਡ ਵਜੋਂ ਪਰਵਾਨ ਚੜ੍ਹੀ ਪਿਆਰ ਦੀ ਤੰਦ ਨੂੰ ਆਧਾਰ ਬਣਾਇਆ ਹੈ। ਹਾਲਾਂਕਿ ਪਿਆਰ ਦੀ ਇਹ ਤੰਦ ਝੂਠ/ਫਰੇਬ ਦੇ ਸਹਾਰੇ ਖੜ੍ਹੀ ਹੈ। ਕਹਾਣੀ ਦੇ ਮਰਦ ਪਾਤਰ ਵੱਲੋਂ ਬੁਢਾਪੇ ਵਿਚ ਆਪਣੇ ਅਵਚੇਤਨ ਵਿਚ ਪਈਆਂ ਕਾਮੁਕ ਅਕਾਂਖਿਆਵਾਂ ਦੀ ਪੂਰਤੀ ਹਿੱਤ ਝੂਠ ਦਾ ਸਹਾਰਾ ਲੈ ਕੇ ਉਮਰ ਵਿਚ ਆਪਣੇ ਤੋਂ ਛੋਟੀ ਕੁੜੀ ਨਾਲ ਕੀਤੀ ਦੋਸਤੀ ਰਾਹੀਂ ਕਾਮੁਕ ਬਿਰਤੀਆਂ ਨੂੰ ਸ਼ਾਂਤ ਕਰਨਾ ਡਿਜੀਟਲ ਸੰਸਾਰ ਦੇ ਨਕਾਰਾਤਮਕ ਪੱਖ ਨੂੰ ਪੇਸ਼ ਕਰਦਾ ਹੈ। ਡਿਜੀਟਲ ਸੰਸਾਰ ਦੇ ਸਕਾਰਾਤਮਕ ਪੱਖ ਨੂੰ ਸੰਤੋਖ ਉਰਫ ਤੋਖੀ ਅਤੇ ਸੋਹਣ ਉਰਫ਼ ਸਨਕੀ ਦੇ ਫ਼ੌਜੀ ਜੀਵਨ ਵਿਚੋਂ ਸੇਵਾ ਮੁਕਤ ਹੋਣ ਤੋਂ ਬਾਅਦ ਆਏ ਇਕਲਾਪੇ ਵਿਚੋਂ ਨਿਕਲਣ ਲਈ ਮੁਬਾਇਲ, ਵਟਸਐਪ ਤੇ ਫੇਸਬੁੱਕ ਦੀ ਵਰਤੋਂ ਕਰਨ ਵਿਚ ਮਸ਼ਗੂਲ ਹੋਣ ਵਿਚੋਂ ਦੇਖਿਆ ਜਾ ਸਕਦਾ ਹੈ। ਡਿਜੀਟਲ ਯੁੱਗ ਵਿਚ ਮਨੁੱਖ ਭਾਵੇਂ ਮੁੰਬਈ ਵਰਗੇ ਸ਼ਹਿਰ ਵਿਚ ਰਹਿ ਰਿਹਾ ਹੋਵੇ ਭਾਵੇਂ ਉਹ ਪੇਂਡੂ ਜੀਵਨ ਵਿਚ ਵਿੱਚਰ ਰਿਹਾ ਹੋਵੇ ਡਿਜੀਟਲ ਉਪਕਰਣਾਂ ਦੀ ਵਰਤੋਂ ਰਾਹੀਂ ਮਨੁੱਖ ਸਮੁੱਚੀ ਦੁਨੀਆ ਵਿਚ ਵਾਪਰਨ ਵਾਲੀਆਂ ਸਭ ਤਰ੍ਹਾਂ ਦੀਆਂ ਘਟਨਾਵਾਂ ਤੋਂ ਵਾਕਿਫ਼ ਰਹਿੰਦਾ ਹੈ। ਡਿਜੀਟਲ ਉਪਕਰਣਾਂ ਦੀ ਵਰਤੋਂ ਅਤੇ ਉਸ ਵਿਚਲੀ ਸਮੱਗਰੀ ਨੂੰ ਮਨੁੱਖ ਆਪਣੇ ਸੁਭਾਉ ਅਨੁਸਾਰ ਵਰਤਦਾ ਹੈ। ਡਿਜੀਟਲ ਸੰਸਾਰ ਨੇ ਸਮੁੱਚੇ ਸੰਸਾਰ ਦੇ ਗਿਆਨ ਨੂੰ ਮਨੁੱਖ ਦੇ ਹੱਥਾਂ ਵਿਚ ਦੇ ਦਿੱਤਾ ਹੈ। ਸੋਹਣ/ਸਨਕੀ ਆਪਣੇ ਠਰਕੀ ਸੁਭਾਉ ਵਾਲੀਆਂ ਅਤ੍ਰਿਪਤ ਕਾਮਨਾਵਾਂ ਦੀ ਪੂਰਤੀ ਹਿੱਤ ਲੀਜ਼ਾ ਨਾਲ ਫੇਸਬੁੱਕ 'ਤੇ ਝੂਠੀ ਦੋਸਤੀ ਦਾ ਸਵਾਂਗ ਰਚਦਾ ਹੈ। ਬੁਢਾਪੇ ਦੀ ਅਵਸਥਾ ਵਿਚ ਆ ਕੇ ਸੋਹਣ/ਸਨਕੀ ਕਈ ਧਰਾਤਲਾਂ ਉਪਰ ਵਿਚਰਦਾ ਹੈ। ਇਸ ਉਮਰ ਵਿਚ ਮਾਂ ਦਾ ਦੁੱਧ ਪੀਣ ਦੀ ਮਾਨਸਿਕ ਗੁੰਝਲ ਦਾ ਸ਼ਿਕਾਰ ਹੋਇਆ ਉਸਦਾ ਆਪਣੀ ਪਤਨੀ ਨੂੰ ਬੁੜ੍ਹੀ ਕਹਿਣਾ, ਉਸਦੀਆਂ ਛਾਤੀਆਂ ਨੂੰ ਤੋਰੀਆਂ ਵਾਂਗ ਲੰਮਕਦੀਆਂ ਕਹਿਣਾ, ਪਤਨੀ ਨੂੰ ਬੇ-ਸੁਆਦੀ ਕਹਿਣਾ, ਲੀਜ਼ਾ ਨਾਲ ਝੂਠ ਦੇ ਸਹਾਰੇ ਬਣੇ ਫੇਸਬੁੱਕੀ ਰਿਸ਼ਤੇ ਨੂੰ ਜਾਇਜ਼ ਠਹਿਰਾਉਣ ਦੀ ਨਾਜ਼ਾਇਜ ਕੋਸ਼ਿਸ਼ ਹੈ। ਕੀ ਫ਼ੌਜੀ ਜੀਵਨ ਵਿਚ ਘਰੋਂ ਦੂਰ ਰਹਿਣ ਦੀ ਅਵਸਥਾ ਦੌਰਾਨ ਪਤੀ-ਪਤਨੀ ਦੇ ਰਿਸ਼ਤੇ ਵਿਚ ਆਈ ਦੂਰੀ ਸੋਹਣ/ਸਨਕੀ ਦੀ ਮਾਨਸਿਕਤਾ ਦਾ ਆਧਾਰ ਬਣਦੀ ਹੈ ਜਾਂ ਇਸਦਾ ਕੋਈ ਹੋਰ ਕਾਰਨ ਹੈ। ਇਸ ਮਾਨਸਿਕ ਗੁੰਝਲ ਦੀ ਅਤ੍ਰਿਪਤ ਅਕਾਂਖਿਆ ਵਿਚ ਪਿਆ ਹੋਇਆ ਹੈ। ਸੋਹਣ/ਸਨਕੀ ਦੇ ਫ਼ੌਜੀ ਜੀਵਨ ਵਾਲਾ ਹਿੱਸਾ ਜਿਸ ਵਿਚ ਉਸਦਾ ਫ਼ੌਜੀ ਵਰਦੀ ਵੱਲ ਘੂਰ-ਘੂਰ ਵੇਖਣਾ, ਫ਼ੌਜੀ ਵਰਦੀ ਨਾਲ ਗੱਲਾਂ ਕਰਨਾ, ਲੀਜ਼ਾ ਦੇ ਸ਼ਹਿਰ ਰੱਕਾ ਵਿਚ ਹੋ ਰਹੀ ਤਬਾਹੀ ਨੂੰ ਵੇਖ ਕੇ ਆਪਣੇ ਫ਼ੌਜੀ ਸਮੇਂ ਦੌਰਾਨ ਲੜੀ ਲੜਾਈ ਦੀਆਂ ਗੱਲਾਂ ਨੂੰ ਹੂ-ਬ-ਹੂ ਚੇਤੇ ਕਰਕੇ ਲੀਜ਼ਾ ਪ੍ਰਤੀ ਸੰਵੇਦਨਾ ਜਤਾਉਣਾ, ਇਨ੍ਹਾਂ ਲੜਾਈਆਂ ਦੌਰਾਨ ਔਰਤਾਂ ਨਾਲ ਹੋਣ ਵਾਲੀ ਬੇਪਤੀ ਨੂੰ ਬਿਆਨ ਕਰਨਾ ਆਦਿ ਵੇਰਵੇ ਜਿੱਥੇ ਉਸਦੀ ਫ਼ੌਜ ਪ੍ਰਤੀ ਕਮਿਟਮੈਂਟ ਨੂੰ ਪੇਸ਼ ਕਰਦੇ ਹਨ। ਫ਼ੌਜ ਵਿੱਚੋਂ ਸੇਵਾ ਮੁਕਤ ਹੋਣ ਤੋਂ ਬਾਅਦ ਅਤ੍ਰਿਪਤ ਕਾਮ ਅਕਾਖਿਆਵਾਂ ਦੀ ਪੂਰਤੀ ਲਈ ਬੁਢਾਪੇ ਵਿਚ ਜਵਾਨ ਔਰਤ ਦੇ ਸਾਥ ਦੀ ਕਾਮਨਾ ਮਰਦ ਦੇ ਉਸ ਮਾਨਸਿਕ ਧਰਾਤਲ ਨੂੰ ਪੇਸ਼ ਕਰਦੀ ਹੈ ਜਿੱਥੇ ਉਸਦੀਆਂ ਇਹ ਕਾਮਨਾਵਾਂ ਸਮਾਜਕ, ਪਰਿਵਾਰਕ ਰਿਸ਼ਤਿਆਂ ਦੇ ਸਦਾਚਾਰਕ ਨੇਮਾਂ/ਪ੍ਰਤਿਬੰਧਾਂ ਕਾਰਣ ਸੁਪਨ ਅਵਸਥਾ ਵਿਚ ਪਈਆਂ ਰਹਿੰਦੀਆਂ ਹਨ। ਕਿਉਂਕਿ ਸਮਾਜਕ ਸਭਿਆਚਾਰਕ ਰਿਸ਼ਤਿਆਂ ਦੇ ਸਦਾਚਾਰਕ ਧਰਾਤਲ ਹੇਠ ਹੀ ਮਨੁੱਖ ਸਮਾਜ ਵਿਚ ਅਨੁਸ਼ਾਸਿਤ ਰਹਿੰਦਾ ਹੈ। ਇਹ ਵੀ ਜ਼ਰੂਰੀ ਨਹੀਂ ਕਿ ਸੋਹਣ/ ਸਨਕੀ ਵਰਗੀ ਸਥਿਤੀ ਦਾ ਸ਼ਿਕਾਰ ਸਿਰਫ਼ ਮਰਦ ਹੀ ਹੁੰਦਾ ਹੈ। ਅਜਿਹੀ ਸਥਿਤੀ ਦਾ ਸ਼ਿਕਾਰ ਔਰਤ ਵੀ ਹੋ ਸਕਦੀ ਹੈ।

ਕਹਾਣੀ ਵਿਚ ਕੁਸ਼ੱਲਿਆ ਦੇ ਕੌੜੇ ਸੁਭਾਅ ਦਾ ਕਾਰਣ ਵੀ ਉਸਦੀਆਂ ਅਤ੍ਰਿਪਤ ਕਾਮੁਕ ਅਕਾਂਖਿਆਵਾਂ ਹੋ ਸਕਦੀਆਂ ਹਨ। ਪਰੰਤੂ ਸਥਿਤੀ ਵਿਚ ਅੰਤਰ ਸਿਰਫ਼ ਇਤਨਾ ਹੈ ਕਿ

ਜਿੱਥੇ ਸੋਹਣ/ਸਨਕੀ ਅਤ੍ਰਿਪਤ ਕਾਮੁਕ ਅਕਾਂਖਿਆਵਾਂ ਦੀ ਪੂਰਤੀ ਲਈ ਨਾਜ਼ਾਇਜ ਰਿਸ਼ਤੇ ਦਾ ਆਸਰਾ ਲੈਂਦਾ ਹੈ ਉਥੇ ਕੁਸ਼ੱਲਿਆ ਆਪਣੇ ਆਪ ਤੋਂ ਅਵੇਸਲੀ ਹੋ ਕੇ ਮਾਨਸਿਕ ਤੌਰ ਤੇ ਕੌੜੇ ਸੁਭਾਅ ਦੀ ਸ਼ਿਕਾਰ ਹੋ ਜਾਦੀ ਹੈ। ਇਸ ਸੰਬੰਧ ਵਿਚ ਮਨੋਵਿਗਿਆਨਕ ਮਾਹਿਰਾਂ ਦਾ ਮੰਨਣਾ ਹੈ ਕਿ ਮਨੁੱਖੀ ਵਿਵਹਾਰ ਏਨਾਂ ਜਿਆਦਾ ਗੁੰਝਲਦਾਰ ਹੈ ਕਿ ਕੋਈ ਵੀ ਨਿਯਮ ਜਾਂ ਸਿਧਾਂਤ ਇਹ ਨਹੀਂ ਦੱਸ ਸਕਦਾ ਕਿ ਵਿਅਕਤੀ ਇੰਝ ਕਿਉਂ ਕਰਦਾ ਹੈ ਜੋ ਉਹ ਕਰ ਰਿਹਾ ਹੈ। ਇਕ ਵਿਅਕਤੀ ਕਿਉਂ ਅਤੇ ਕਿਵੇਂ ਮਹਿਸੂਸ ਕਰਦਾ ਹੈ, ਕਲਪਨਾ ਕਰਦਾ ਹੈ ਜਾਂ ਸੋਚਦਾ ਹੈ। ਮਨੋਵਿਗਿਆਨ ਮਨੁੱਖੀ ਵਿਵਹਾਰ, ਵਿਵਹਾਰ ਦੇ ਸਾਰੇ ਪੱਖਾਂ ਦਾ ਅਧਿਐਨ ਕਰਦਾ ਹੋਇਆ ਉਸ ਨੂੰ ਗਿਆਨਾਤਮਕ, ਭਾਵਨਾਤਮਕ ਅਤੇ ਕਿਰਿਆਤਮਕ ਪੱਖ ਆਦਿ ਤਿੰਨ ਖੇਤਰਾਂ ਵਿਚ ਵੰਡਦਾ ਹੈ। *"ਗਿਆਨਅਤਮਕ ਪੱਖ ਵਿਅਕਤੀ ਦਾ ਬੌਧਿਕ ਪੱਖ ਹੈ, ਭਾਵ ਉੱਚੀਆਂ ਮਾਨਸਿਕ ਕਿਰਿਆਵਾਂ, ਜਿਨ੍ਹਾਂ ਵਿਚ ਸਿੱਖਣ ਯੋਗਤਾ, ਯਾਦਸ਼ਕਤੀ, ਭੁੱਲਣ ਦੀ ਪ੍ਰਕਿਰਿਆ, ਕਲਪਣਾ, ਸੋਚਣ ਸ਼ਕਤੀ, ਤਰਕ ਯੋਗਤਾ, ਨਿਰਣੈ ਕਰਨ ਦੀ ਸ਼ਕਤੀ ਅਤੇ ਸਮੱਸਿਆ ਸਮਾਧਾਨ ਆਦਿ ਆਉਂਦੇ ਹਨ। ਭਾਵਾਤਮਕ ਪੱਖ ਵਿਚ ਵਿਅਕਤੀ ਦੇ ਸੰਵੇਗ, ਭਾਵਨਾਵਾਂ, ਜਜ਼ਬੇ ਜਾਂ ਸਥਾਈ ਭਾਵ, ਵਤੀਰਾ ਆਦਿ ਸ਼ਾਮਿਲ ਹਨ। ਕਿਰਿਆਤਮਕ ਪੱਖ ਵਿਚ ਉਸ ਦੇ ਕਾਰਜ਼, ਕਿਰਿਆਵਾਂ ਅਤੇ ਗਤੀਵਿਧੀਆਂ ਆ ਜਾਂਦੀਆਂ ਹਨ।"*[3] ਇਸ ਕਥਨ ਦੇ ਆਧਾਰ ਤੇ 'ਛਣ-ਛਣ' ਕਹਾਣੀ ਦੇ ਪਾਤਰਾਂ ਦੇ ਮਨੁੱਖੀ ਵਿਵਹਾਰ ਦੇ ਕਿਰਿਆਤਮਕ ਪੱਖ ਵਧੇਰੇ ਕਾਰਜਸ਼ੀਲ ਦਿਖਾਈ ਦਿੰਦੇ ਹਨ। ਸੋਹਣ/ਸਨਕੀ ਦਾ ਠਰਕੀ ਸੁਭਾਉ ਇਕ ਪਾਸੇ ਤਾਂ ਬੁਢਾਪੇ ਵਿਚ ਆਪਣੇ ਤੋਂ ਉਮਰ ਵਿਚ ਛੋਟੀ ਲੀਜ਼ਾ ਤੋਂ ਜਵਾਨੀ ਵਾਲੀ ਮੁਹਬੱਤੀ ਨਿੱਘ ਦੀ ਆਸ ਰੱਖਦਾ ਹੈ ਅਤੇ ਦੂਜੇ ਪਾਸੇ ਉਹ ਰਿਸ਼ਤੇ ਵਿਚ ਭਾਬੀ ਲਗਦੀ ਤੋਖੀ ਦੀ ਪਤਨੀ ਅਤੇ ਆਪਣੀ ਪਤਨੀ ਉਪਰ ਵਿਅੰਗਾਤਮਕ ਲਹਿਜੇ 'ਚ ਕਟਾਖ਼ਸ਼ ਕਰਦਾ ਹੋਇਆ ਔਰਤ ਪ੍ਰਤੀ ਆਪਣੀ ਨਫ਼ਰਤ ਦੇ ਉਬਾਲ ਨੂੰ ਨਿਮਨ ਸਤਰ ਤੇ ਵਿਅਕਤ ਕਰਦਾ ਹੈ। ਸੋਹਣ/ਸਨਕੀ ਦੀ ਇਹ ਸੋਚ ਔਰਤ ਪ੍ਰਤੀ ਉਸਦੀ ਸੰਕੀਰਣ ਮਾਨਸਿਕਤਾ ਨੂੰ ਪੇਸ਼ ਕਰਦੀ ਹੈ। ਉਸ ਲਈ ਔਰਤ ਮਰਦ ਦੀਆਂ ਕਾਮੁਕ ਅਕਾਂਖਿਆਵਾਂ ਦੀ ਪੂਰਤੀ ਲਈ ਵਰਤੀ ਜਾਣ ਵਾਲੀ ਮਹਿਜ ਇਕ ਵਸਤ ਹੈ। ਬੁਢਾਪੇ ਵਿਚ ਵੀ ਜਵਾਨ ਹੋਣ ਦੀ ਲੋਚਾ ਦੀ ਮਾਨਸਿਕ ਗੁੰਝਲ ਅਧੀਨ ਉਹ ਜ਼ਿੰਦਗੀ ਦੀ ਵਾਸਤਵਿਕਤਾ ਨੂੰ ਸਮਝਣ ਤੋਂ ਇਨਕਾਰੀ ਹੈ।

*ਸੱਚਮੁੱਚ ਈ ਸਾਡੀ ਭਰਜਾਈ ਤੈਨੂੰ ਕੱਲੇ ਨੂੰ ਛੱਡ ਕੇ ਤੁਰ ਗਈ ਏ...ਏਹ ਵੀ ਯਾਰ ਤੋਖ਼ੀ! ਮਨ ਨੂੰ ਧਰਵਾਸ ਦੇਣ ਵਾਲੀ ਗੱਲ ਏ। ਉਹ ਤਾਂ ਜਵਾਨੀ ਵੇਲੇ ਵੀ ਨੱਕ 'ਚੋਂ ਐਡੇ-ਐਡੇ ਠੂੰਹੇਂ ਸੁੱਟਦੀ ਹੁੰਦੀ ਸੀਗੀ।...ਤੂੰ ਮੇਰੇ ਆਲੀ ਬੁੜ੍ਹੀ ਈ ਵੇਖ ਲੈ ਬਊਂ-ਬਊਂ ਕਰਨ ਪੈਂਦੀ ਐ। ਸੜੀ ਹੋਈ ਬੁਥੀ 'ਤੇ ਚੌਵੀਂ ਘੰਟੇ ਪਿਲੱਤਣ ਛਾਈ ਰਹਿੰਦੀ ਏ। ਵਾਲਾਂ ਨੂੰ ਮਹਿੰਦੀ ਲਾ ਲੈਂਦੀ ਐ।.... ਠੋਡੀ ਤੇ ਦਸ ਪੰਦਰਾਂ ਵਾਲ਼ ਉੱਗ ਆਏ ਨੇ। ...ਲੈ ਆਪਾਂ ਹੁਣ ਜਵਾਨਾਂ ਵਾਲੀਆਂ ਗੱਲਾਂ ਕਰਦੇ ਆਂ।*[4]

ਕਹਾਣੀਕਾਰ ਮਹਾਂਨਗਰੀ ਜੀਵਨ 'ਤੇ ਜਿੱਥੇ ਕਟਾਖਸ਼ ਕਰਦਾ ਹੈ ਉੱਥੇ ਉਹ ਮਹਾਂਨਗਰੀ ਜੀਵਨ ਦੇ ਸਕਾਰਾਤਮਕ ਪੱਖ ਨੂੰ ਵੀ ਪੇਸ਼ ਕਰਦਾ ਹੈ। ਤਬਦੀਲੀ/ ਵਿਕਾਸ ਨੇ ਡਿਜੀਟਲ ਯੁੱਗ ਵਿਚ ਮਨੁੱਖ ਨੂੰ ਜਿੱਥੇ ਸਮੂਹਿਕ ਦਾਇਰੇ ਤੋਂ ਵੱਖ ਕੀਤਾ ਹੈ, ਉੱਥੇ ਉਸ ਨੂੰ ਭੱਜ ਦੌੜ ਦੀ ਜਿੰਦਗੀ ਵਿਚ ਸੰਚਾਰ ਦੇ ਨਵੇਂ ਸਾਧਨਾਂ ਰਾਹੀਂ ਇਕੱਲਤਾ ਵਿਚ ਆਪਣੇ ਤੋਂ ਦੂਰ ਬੈਠੇ ਰਿਸ਼ਤੇਦਾਰਾਂ, ਦੋਸਤਾਂ, ਮਿੱਤਰਾਂ ਨਾਲ ਜੋੜਿਆ ਵੀ ਹੈ। ਕਹਾਣੀ ਵਿਚ ਨਵੀਂ ਪੀੜ੍ਹੀ ਦਾ ਆਪਣੇ ਮਾਪਿਆਂ ਨੂੰ ਨਵੇਂ ਸੰਚਾਰ ਸਾਧਨਾਂ ਦੀ ਉਪਲੱਬਧਤਾ ਕਰਵਾਉਣਾ ਉਨ੍ਹਾਂ ਨੂੰ ਆਪਣੇ ਦੋਸਤਾਂ-ਮਿੱਤਰਾਂ ਨਾਲ ਜੋੜੇ ਰੱਖਣ ਅਤੇ ਇਕੱਲਤਾ ਦੇ ਪ੍ਰਭਾਵ ਤੋਂ ਬਚਾ ਕੇ ਮਸ਼ਗੂਲ ਰੱਖਣ ਦਾ ਜ਼ਰੀਆ ਵੀ ਹੈ।



ਸੰਤੋਖ/ਤੋਖ਼ੀ ਅਤੇ ਸੋਹਣ/ਸਨਕੀ ਦੋਵਾਂ ਦੇ ਮੁੰਡਿਆਂ ਦਾ ਉਨ੍ਹਾਂ ਨੂੰ ਨਵੇਂ ਸਮਾਰਟ ਮੁਬਾਇਲ ਦਿਵਾਉਣਾ ਨਾ ਸਿਰਫ਼ ਉਨ੍ਹਾਂ ਨੂੰ ਮਾਪਿਆਂ ਦੀ ਦੇਖਭਾਲ ਲਈ ਜ਼ਰੂਰੀ ਸਾਧਨ ਲਗਦਾ ਹੈ ਸਗੋਂ ਉਨ੍ਹਾਂ ਨੂੰ ਆਧੁਨਿਕ ਸਮੇਂ ਵਿਚ ਹੋ ਰਹੀਆਂ ਤਬਦੀਲੀਆਂ ਤੋਂ ਜਾਣੂ ਕਰਵਾਉਣ ਦਾ ਜਤਨ ਵੀ ਹੈ। ਕਹਾਣੀਕਾਰ ਨੇ ਕਹਾਣੀ ਵਿਚ ਫੇਸਬੁੱਕ ਦੋਸਤੀ ਦੇ ਸਕਾਰਾਤਮਕ ਤੇ ਨਕਾਰਾਤਮਕ ਪੱਖ, ਅਣਜਾਣੇ ਤੇ ਅਣਦਿੱਸਦੇ ਵਿਅਕਤੀਆਂ ਨਾਲ ਹੋਣ ਵਾਲੀ ਦੋਸਤੀ ਦੀ ਵਾਸਤਵਿਕ ਤਸਵੀਰ, ਮਿਲਟਰੀ ਵਿਚ ਛੁੱਟੀ ਲੈਣ ਅਤੇ ਕਾਮ ਤ੍ਰਿਪਤੀ ਲਈ ਪਰਾਈ ਔਰਤ ਦੀ ਜੁਗਾੜਬਾਜੀ ਦੇ ਨਿੱਕੇ ਨਿੱਕੇ ਬਿਰਤਾਂਤਕ ਵੇਰਵਿਆਂ ਦੀ ਪੇਸ਼ਕਾਰੀ ਰਾਹੀਂ ਫ਼ੌਜੀ ਜੀਵਨ ਦੀਆਂ ਅਣਸੁਣੀਆਂ ਅਤੇ ਅਣਦਿੱਸਦੀਆਂ ਘਟਨਾਵਾਂ ਨੂੰ ਵੀ ਪੇਸ਼ ਕੀਤਾ ਹੈ।

*"ਤੂੰ ਕਿਸੇ ਨਾ ਕਿਸੇ ਤਰ੍ਹਾਂ ਮਿਲਟਰੀ 'ਚ ਛੁੱਟੀ ਦਾ ਜੁਗਾੜ ਲਾ ਲੈਂਦਾ ਸੀ। ਜੇ ਭਰਜਾਈ ਕੋਲ ਜਾਣ ਨੂੰ ਦੇਰੀ ਹੋ ਜਾਣੀ ਤਾਂ ਤੂੰ ਉਥੇ ਹੀ ਕਿਸੇ ਤੀਮੀ ਨਾਲ ਜੁਗਾੜ ਲਾ ਲੈਂਦਾ ਸੀ।...ਤੈਨੂੰ ਪਤਾ ਈ ਏ ਤੂੰ ਤੇ ਮੈਂ ਛਣ-ਛਣ ਸੁਣਨ ਲਈ ਕਈ ਵਾਰ ਨੇੜੇ ਦੇ ਪਿੰਡ ਚਲੇ ਜਾਂਦੇ ਸੀ। ਆਪਣਾ ਜੁਗਾੜ ਪਿੰਡ ਦੇ ਚੌਂਕੀਦਾਰ ਨੇ ਕਰਵਾ ਦਿੱਤਾ ਸੀ। ਅਖੇ ਮਰਦੀ ਨੇ ਅੱਕ ਚੱਬਿਆ...। "*[5]

ਰਸੂਲਪੁਰੀ ਨੇ ਕਹਾਣੀ ਵਿਚ ਲੀਜ਼ਾ ਅਤੇ ਕੁਸ਼ੱਲਿਆ ਦੇ ਮਾਨਸਿਕ ਅਵਚੇਤਨ ਦੀ ਪੇਸ਼ਕਾਰੀ ਨੂੰ ਦੋ ਵਿਰੋਧੀ ਸਥਿਤੀਆਂ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ। ਇਨ੍ਹਾਂ ਵਿੱਚੋਂ ਇਕ ਸਥਿਤੀ ਲੀਜ਼ਾ ਦੇ ਸੱਚ ਦੀ ਹੈ ਜੋ ਆਪਣੇ ਪਹਿਲੇ ਦੋਸਤ ਦੇ ਧੋਖੇ ਅਤੇ ਉਸ ਨਾਲ ਸਰੀਰਕ ਸੰਬੰਧ ਬਣਾ ਕੇ ਛੱਡ ਜਾਣ ਨੂੰ ਵੀ ਤੋਖੀ ਨੂੰ ਬੜੀ ਬੇਬਾਕੀ ਨਾਲ ਦੱਸਦੀ ਹੈ। ਪਿਆਰ ਵਿਚ ਮਿਲੇ ਧੋਖੇ ਤੋਂ ਬਾਅਦ ਵੀ ਉਹ ਸੱਚੇ ਪਿਆਰ ਦੀ ਕਾਮਨਾ ਦਾ ਇਜ਼ਹਾਰ ਤੋਖੀ ਉਰਫ਼ ਹਨੀ ਤੋਂ ਕਰਦੀ ਹੈ। ਪਿਆਰ ਵਿਚ ਧੋਖਾ, ਬੇਵਫਾਈ ਤੇ ਵਫ਼ਾ ਦੀ ਉਮੀਦ ਔਰਤ-ਮਰਦ ਸੰਬੰਧਾਂ ਦੀ ਅੰਤਹੀਨ ਪ੍ਰਕਿਰਿਆ/ਵਰਤਾਰਾ ਹੈ। ਕਹਾਣੀ ਵਿਚ ਜਿਸ ਮਰਦ ਤੋਂ ਲੀਜ਼ਾ ਨੂੰ ਸੱਚੇ ਪਿਆਰ ਦੀ ਆਸ ਹੈ ਉਹ ਖੁਦ ਅੱਠ ਸਾਲ ਦੇ ਪੋਤੇ ਦਾ ਦਾਦਾ ਹੈ। ਇਸ ਤਰ੍ਹਾਂ ਲੀਜ਼ਾ ਦੇ ਪਿਆਰ ਦੀ ਬੁਨਿਆਦ ਇਕ ਵਾਰ ਫਿਰ ਉਸ ਮਰਦ ਦੇ ਝੂਠ ਉਪਰ ਖੜੀ ਹੈ ਜਿਸ ਨੂੰ ਉਸ ਨੇ ਦੇਖਿਆ ਨਹੀਂ। ਇਸ ਰਿਸ਼ਤੇ ਦਾ ਅੰਜਾਮ ਲੀਜ਼ਾ ਨੂੰ ਭਾਵੇਂ ਨਾ ਲੱਗੇ ਪਰੰਤੂ ਪਾਠਕ ਨੂੰ ਇਸ ਦੇ ਅੰਜਾਮ ਬਾਰੇ ਅਨੁਮਾਨ ਹੋ ਜਾਂਦਾ ਹੈ। ਲੀਜ਼ਾ ਦੇ ਤੋਖੀ ਨੂੰ ਕਹੇ ਸ਼ਬਦ ਕਿ, *"ਮੈਨੂੰ ਇੰਡੀਅਨ ਲੋਕ, ਖਾਸ ਕਰਕੇ ਪੰਜਾਬੀ, ਬਹੁਤ ਪੰਸਦ ਹਨ।"*[6] ਪੰਜਾਬੀਆਂ ਦੇ ਸੱਚੇ-ਸੁੱਚੇ ਸੁਭਾਉ ਤੇ ਸਦਾਚਾਰ ਦੀ ਹਾਮੀ ਭਰਦੇ ਹਨ। ਹਾਲਾਂਕਿ ਤੋਖੀ ਦੀ ਪੰਜਾਬੀਅਤ ਲੀਜ਼ਾ ਦੇ ਵਿਸ਼ਵਾਸ ਉੱਤੇ ਪ੍ਰਸ਼ਨ ਚਿੰਨ੍ਹ ਖੜ੍ਹਾ ਕਰਦੀ ਹੈ। ਦੂਜੀ ਸਥਿਤੀ ਵਿਚ ਕੁਸ਼ੱਲਿਆ ਦਾ ਪਤੀ ਦੇ ਪਿਆਰ ਤੋਂ ਵਿਹੂਣੀ ਜਿਸ ਨੂੰ ਜਿਊਣਾ ਉਸਦੇ ਸੱਚੇ ਪਿਆਰ ਦੀ ਨਿਸ਼ਠਾ ਨੂੰ ਦ੍ਰਿੜ੍ਹਾਉਂਦਾ ਹੈ। ਫ਼ੌਜ ਵਿਚ ਗਏ ਪਤੀ ਦੀ ਗ਼ੈਰ-ਹਾਜ਼ਿਰੀ ਵਿਚ ਕੁੱਸ਼ਲਿਆ ਦਾ ਝਾਂਜਰਾਂ ਤੇ ਵੰਗਾਂ ਨੂੰ ਪਾਉਣ ਦਾ ਤਿਆਗ ਉਸਦੀ ਆਪਣੇ ਪਤੀ ਪ੍ਰਤੀ ਕਮਿਟਮੈਂਟ ਤੇ ਵਫਾਦਾਰੀ ਨੂੰ ਦਰਸਾਉਂਦਾ ਹੈ। ਉਹ ਕਹਿੰਦੀ ਹੈ, *"ਮੈਂ ਝਾਂਜਰਾਂ ਲਾਹ ਕੇ ਅੰਗੀਠੀ ਤੇ ਰੱਖ ਦਿੱਤੀਆਂ ਨੇ। ਵੰਗਾਂ ਵੀ ਲਾਹ ਦਿੱਤੀਆਂ ਨੇ।"*[7] ਝਾਂਜਰਾਂ ਤੇ ਵੰਗਾਂ ਦਾ ਜਿਉਂਦੇ ਹੋਏ ਪਤੀ ਦੇ ਹੁੰਦੇ ਹੋਇਆਂ ਲਾਹੁਣਾ ਔਰਤ ਲਈ ਬਹੁਤ ਵੱਡਾ ਅਪਸ਼ਗਨ ਮੰਨਿਆ ਜਾਂਦਾ ਹੈ। ਫ਼ੌਜ ਵਿਚ ਗਏ ਪਤੀ ਦਾ ਛੁੱਟੀ ਲੈ ਕੇ ਘਰ ਆਉਣਾ ਹੀ ਪਤਨੀ ਲਈ ਸਭ ਤੋਂ ਵੱਡਾ ਸ਼ਗਨ ਹੈ। ਕੁਸ਼ੱਲਿਆ ਦਾ ਏਸੇ ਸ਼ਗਨ ਦੀ ਖੁਸ਼ੀ ਲਈ ਗਹਿਣਿਆਂ ਨੂੰ ਲਾਹੁਣਾ ਅਸ਼ੁੱਭ ਨਹੀਂ ਹੈ। ਕਹਾਣੀ ਵਿਚ 'ਰੰਡੀਆਂ ਚਿੜੀਆਂ' ਅਪਤਨੀ ਅਤੇ 'ਜਾਲੀ ਆਲਾ ਦਰਵਾਜ਼ਾ' ਪਤਨੀ ਦਾ ਪ੍ਰਤੀਕ ਹੈ। ਜਾਲੀ ਵਾਲਾ ਦਰਵਾਜ਼ਾ ਬਾਹਰੋਂ ਆਉਣ ਵਾਲੀ ਤਾਜ਼ੀ ਹਵਾ ਤੋਂ ਬਿਨਾਂ ਕਿਸੇ ਹੋਰ ਚੀਜ਼ ਨੂੰ ਕਮਰੇ ਅੰਦਰ ਦਾਖ਼ਲ ਹੋਣ ਤੋਂ

ਰੋਕਦਾ ਹੈ। ਚਿੜੀਆਂ ਦਾ ਤੋਖੀ ਦੇ ਕਮਰੇ ਵਿਚ ਆਉਣਾ ਕੁਸ਼ੱਲਿਆ ਨੂੰ ਚੰਗਾ ਨਹੀਂ ਲੱਗਦਾ। ਉਹ ਸਹਿਜੇ ਹੀ ਤੋਖੀ ਨੂੰ ਕਹਿੰਦੀ ਹੈ, *"ਏਹ ਰੰਡੀਆਂ ਚਿੜੀਆਂ ਵੀ ਤੇਰੇ ਕਮਰੇ 'ਚ ਪਤਾ ਨ੍ਹੀਂ ਕਿੱਥੋਂ ਆ ਜਾਂਦੀਆਂ ਨੇ। ਜਾਲੀ ਆਲਾ ਦਰਵਾਜਾ ਵੀ ਲੱਗਾ ਏ।"* [8] ਤੋਖੀ ਦੀ ਜ਼ਿੰਦਗੀ ਵਿਚ ਰੰਡੀਆਂ ਚਿੜੀਆਂ 'ਅਪਤਨੀ' (ਲੀਜ਼ਾ) ਅਤੇ ਜਾਲੀ ਵਾਲਾ ਦਰਵਾਜਾ 'ਪਤਨੀ' ਕੁਸ਼ੱਲਿਆ ਦਾ ਪ੍ਰਤੀਕ ਹੈ।

ਕਹਾਣੀ ਵਿਚ ਪੇਸ਼ ਫੌਜ਼ੀ-ਜੀਵਨ ਦੀ ਝਲਕ ਨੂੰ ਤੋਖੀ ਦੇ ਕਮਰੇ ਵਿਚ ਪਏ ਸੰਦਾਂ, ਫ਼ਰਨੀਚਰ, ਰੱਕਾ ਸ਼ਹਿਰ ਵਿਚ ਹੋ ਰਹੀ ਜੰਗ, ਭਾਰਤ-ਪਾਕਿ ਜੰਗ ਦੇ ਵੇਰਵੇ, ਤੋਖੀ ਦਾ ਬੁਢਾਪੇ ਨੂੰ ਲੈ ਕੇ ਕੀਤਾ ਗਿਆ ਸਵੈ-ਵਿਸ਼ਲੇਸ਼ਣ, ਲੀਜ਼ਾ ਨਾਲ ਫੇਸਬੁੱਕ ਉਪਰ ਕੀਤੀ ਦੋਸਤੀ ਦੇ ਵਲ-ਛਲ, ਗੋਰੀ ਕੁੜੀ ਨਾਲ ਪੰਜਾਬੀ ਮੁੰਡੇ ਦੀ ਫੇਸਬੁੱਕ ਦੋਸਤੀ ਦਾ ਹਸ਼ਰ, ਤੋਖੀ ਦਾ ਟਾਈਮ ਪਾਸ ਲਈ ਕੀਤਾ ਗਿਆ ਫੇਸਬੁੱਕ ਇਸ਼ਕ, ਇਸ ਇਸ਼ਕ ਤੋਂ ਤੋਖੀ ਦੇ ਜੀਵਨ ਵਿਚ ਆਈ ਤਬਦੀਲੀ, ਲੀਜ਼ਾ ਦੀ ਸੁੰਦਰਤਾ ਦਾ ਤੋਖੀ ਲਈ ਬੁਢਾਪੇ ਵਿਚ ਜਿਉਣ ਦਾ ਰਾਹ ਖੋਲਣਾ, ਤੋਖੀ ਦੇ ਠਰਕੀ ਸੁਭਾਉ ਦੀ ਪੇਸ਼ਕਾਰੀ, ਸੀਰੀਆ ਦੇ ਰੱਕਾ ਸ਼ਹਿਰ ਦੇ ਹਾਲਾਤਾਂ ਦਾ ਵਰਣਨ, ਭਾਰਤ-ਪਾਕਿ ਜੰਗ ਸਮੇਂ ਅੰਮ੍ਰਿਤਸਰ ਵੱਲ ਲੜੀ ਲੜਾਈ ਦਾ ਦੁਖਾਂਤਕ ਚਿੱਤਰਣ, ਲੀਜ਼ਾ ਦੀ ਸਮੱਸਿਆ ਰਾਹੀਂ ਯੁੱਧ ਦੇ ਸਮੇਂ ਔਰਤਾਂ ਦੀ ਦੁਖਦਾਈ ਸਥਿਤੀ ਦਾ ਚਿੱਤਰਣ, ਸਥਾਨਕ ਲੋਕਾਂ ਦਾ ਯੁੱਧ ਦੌਰਾਨ ਹੋਈ ਬੰਬਾਰੀ ਤੋਂ ਬੇਖੌਫ਼ ਹੋਣਾ, ਜੰਗ ਵਿਚ ਆਮ ਲੋਕਾਂ ਦਾ ਘਾਣ, ਬੇਰਹਿਮੀ ਨਾਲ ਯੁੱਧ ਵਿਚ ਮਰਨਾ ਅਤੇ ਯੁੱਧ ਦੀ ਭਿਆਨਕਤਾ ਦਾ ਚਿੱਤਰਣ ਆਦਿ ਘਟਨਾਵੀ ਵੇਰਵੇ ਕਹਾਣੀ ਨੂੰ ਸੰਰਚਨਾਤਮਕ ਤੌਰ 'ਤੇ ਮਜਬੂਤੀ ਤਾਂ ਪ੍ਰਦਾਨ ਕਰਦੇ ਹਨ ਪਰੰਤੂ ਇਸ ਨਾਲ ਕਹਾਣੀ ਦੀ ਤੋਰ ਮੱਠੀ ਪੈਂਦੀ ਪ੍ਰਤੀਤ ਹੁੰਦੀ ਹੈ।

ਕਹਾਣੀ ਨੂੰ ਪੜ੍ਹਦਿਆਂ ਪਾਠਕ ਇਹ ਸੋਚਦਾ ਹੈ ਕਿ ਇਹ ਫੌਜ਼ੀ ਜੀਵਨ ਦੀ ਕਹਾਣੀ ਹੈ? ਜਾਂ ਮਨੁੱਖੀ (ਮਰਦ) ਦੇ ਮਨ ਵਿਚ ਪਈਆਂ ਅਤ੍ਰਿਪਤ ਅਕਾਂਖਿਆਵਾਂ ਦੀ ਕਹਾਣੀ ਹੈ? ਜਾਂ ਫੇਸਬੁੱਕ ਸਹਾਰੇ ਉਲੀਕੇ ਝੂਠੇ ਪ੍ਰੇਮ ਪ੍ਰਸੰਗ ਦੀ ਕਹਾਣੀ ਹੈ? ਕਹਾਣੀ ਦੇ ਆਰੰਭ ਤੋਂ ਹੀ ਇਸ ਗੱਲ ਦਾ ਅਹਿਸਾਸ ਪਾਠਕ ਨੂੰ ਹੋ ਜਾਂਦਾ ਹੈ ਕਿ ਸਮੁੱਚੀ ਕਹਾਣੀ ਬੁਣਤਰ ਖ਼ਤੋ ਕਿਤਾਬਤੀ ਰੂਪ ਉਪਰ ਖੜੀ ਹੈ। ਇਸ ਲਈ ਉਹ ਇਸ ਨੂੰ ਇਕ ਖ਼ਤ ਦੀ ਸ਼ੈਲੀ ਵਿਚ ਹੀ ਪੜ੍ਹਣ ਦੀ ਕੋਸ਼ਿਸ਼ ਕਰਦਾ ਹੈ। ਖ਼ਤ/ਕਹਾਣੀ ਦੀ ਆਰੰਭਤਾ ਵਿਚ ਹੀ ਪਾਠਕ ਇਸ ਸ਼ਸੋਪੰਜ ਵਿਚ ਪੈ ਜਾਂਦਾ ਹੈ ਕਿ ਖ਼ਾਸ ਦੋਸਤ ਨੂੰ ਤਾਂ ਉਸਦੇ ਨਾਂ ਜਾਂ ਉਪਨਾਮ ਦੋਵਾਂ ਵਿਚੋਂ ਕਿਸੇ ਇਕ ਨਾਲ ਹੀ ਸੰਬੋਧਿਤ ਕੀਤਾ ਜਾ ਸਕਦਾ ਹੈ 'ਉਰਫ਼' ਵਰਤਣ ਦੀ ਜ਼ਰੂਰਤ ਨਹੀਂ ਕਿਉਂਕਿ ਖ਼ਤ ਜਿਸ ਨੂੰ ਮੁਖਾਤਿਬ ਹੈ ਉਸ ਨੂੰ ਪਤਾ ਹੈ ਕਿ ਮੇਰਾ ਨਾਂ ਕੀ ਹੈ, ਉਪਨਾਮ ਕੀ ਹੈ। ਇਸ ਤਰ੍ਹਾਂ ਕਹਾਣੀਕਾਰ ਜਦੋਂ ਕਹਾਣੀ ਦੀ ਦੂਜੀ ਤੰਦ ਨੂੰ ਫੜ੍ਹਦਾ ਹੈ ਤਾਂ ਪਹਿਲੀ ਤੰਦ ਦੀ ਤੋਰ/ਵੇਗ ਵਿਚ ਅਵਰੋਧ ਦੇ ਅੰਸ਼ ਵੀ ਦਿਖਾਈ ਦਿੰਦੇ ਹਨ। ਇਹ ਠੀਕ ਹੈ ਕਿ ਰਚਨਾ ਨਾਲ ਖੁਦ ਰਚਨਾਕਾਰ ਦਾ ਰਿਸ਼ਤਾ ਅਨੋਖਾ ਹੁੰਦਾ ਹੈ। ਉਹ ਆਪਣੀ ਰਚਨਾ ਦਾ ਕਰਤਾ ਤਾਂ ਜ਼ਰੂਰ ਹੁੰਦਾ ਹੈ ਪਰੰਤੂ ਜਦੋਂ ਰਚਨਾ ਦਾ ਮੁੱਢ ਬੱਝ ਜਾਂਦਾ ਹੈ ਤਾਂ ਕਹਾਣੀ ਆਪਣੀ ਤੋਰ ਤੁਰਨ ਲਗਦੀ ਹੈ। ਇਹ ਜ਼ਰੂਰੀ ਨਹੀਂ ਕਿ ਕਹਾਣੀ ਦੀ ਇਹ ਤੋਰ ਉਸੇ ਤਰ੍ਹਾਂ ਹੀ ਹੋਵੇ ਜਿਵੇਂ ਕਹਾਣੀਕਾਰ ਨੇ ਉਸ ਨੂੰ ਤੋਰਨਾ ਚਾਹਿਆ ਹੋਵੇ। ਕਹਾਣੀਕਾਰ ਦੀ ਰਚਨਾ ਪਾਠਕ ਤੱਕ ਹੂ-ਬ-ਹੂ ਉਵੇਂ ਨਹੀਂ ਪਹੁੰਚਦੀ ਜਿਵੇਂ ਉਹ ਚਾਹੁੰਦਾ ਹੈ। ਪਾਠਕ ਰਚਨਾ ਨੂੰ ਆਪਣੇ ਢੰਗ ਤਰੀਕੇ ਨਾਲ ਪੜ੍ਹਦਾ ਹੋਇਆ ਉਸਦੇ ਨਵੇਂ ਅਰਥ ਸਿਰਜਦਾ ਹੈ।

**ਦੇਖੋ ਪੰਨਾ ਨੰ. 111**



## ਨੇਚੁਰਿਸਟ ਜੀਵਨ ਸ਼ੈਲੀ ਦਾ ਸਹਿਜ ਬਿਰਤਾਂਤ- ਮਸਤ

**-ਜੇ.ਬੀ.ਸੇਖੋਂ**

ਹਰਜੀਤ ਅਟਵਾਲ ਪਰਵਾਸੀ ਪੰਜਾਬੀ ਗਲਪ ਖੇਤਰ ਦਾ ਮਹੱਤਵਪੂਰਨ ਰਚਨਾਕਾਰ ਹੈ। ਪਰਵਾਸ ਦੀਆਂ ਵਿਸੰਗਤੀਆਂ ਵਿੱਚ ਪੰਜਾਬੀ ਬੰਦੇ ਦੀ ਹੋਂਦ ਅਤੇ ਹੋਣੀ ਨੂੰ ਦਰਪੇਸ਼ ਚੁਣੌਤੀਆਂ ਦਾ ਭਰਵਾਂ ਜ਼ਿਕਰ ਉਸਦੇ ਨਾਵਲੀ ਸੰਸਾਰ ਵਿੱਚ ਮਿਲਦਾ ਹੈ। ਉਸਦੇ ਨਾਵਲੀ ਸੰਸਾਰ ਵਿੱਚ ਪੰਜਾਬੀ ਪਰਵਾਸ ਦੇ ਸਫ਼ਰ ਦੀ ਦਾਸਤਾਨ ਮਿਲਦੀ ਹੈ। ਉਸਨੇ ਪਰਵਾਸ ਦੀ ਪਹਿਲੀ ਤੋਂ ਤੀਜੀ ਪੀੜ੍ਹੀ ਦੇ ਦ੍ਰਿਸ਼ ਤੇ ਦ੍ਰਿਸ਼ਟੀ ਨੂੰ ਆਪਣੇ ਨਾਵਲੀ ਪ੍ਰਵਚਨ ਵਿੱਚ ਭਰਵੀਂ ਥਾਂ ਦਿੱਤੀ ਹੈ। ਉਸਦੇ ਨਾਵਲਾਂ ਵਿੱਚ ਪਰਵਾਸ ਅੰਦਰ ਹੰਢੇ ਹੰਢਾਏ ਅਨੁਭਵ ਦਾ ਲੇਖਾ-ਜੋਖਾ ਹੈ। ਅਟਵਾਲ ਨੇ ਪੰਜਾਬ ਦੇ ਅਰਧ ਜਗੀਰੂ ਸਮਾਜ ਵਿੱਚੋਂ ਗਏ ਪਾਤਰਾਂ ਦੀ ਪੂੰਜੀ ਕੇਂਦਰਿਤ ਪਰਵਾਸੀ ਜੀਵਨ ਯਥਾਰਥ ਵਿੱਚਲੀ ਮਨੋਸਥਿਤੀ ਨੂੰ ਖੂਬਸੂਰਤੀ ਨਾਲ ਰਜਿਸਟਰ ਕੀਤਾ ਹੈ। ਇਸਦੇ ਨਾਲ ਨਾਲ ਪਰਵਾਸ ਵਿੱਚ ਜੰਮੀ ਪਲੀ ਅਤੇ ਪ੍ਰਵਾਨ ਚੜ੍ਹੀ ਅਗਲੀ ਪੰਜਾਬੀ ਪੀੜ੍ਹੀ ਦੀ ਮੂਲਵਾਸੀ ਧਰਤ ਨਾਲ ਰਲੇਵੇਂ ਭਰੀ ਸੰਵੇਦਨਾ ਵੀ ਉਸਦੇ ਗਲਪ ਸੰਸਾਰ ਦੀ ਵਸਤੂ ਬਣੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਸਿੱਖ ਇਤਿਹਾਸ ਨਾਲ ਮੋਹਵੰਤੀ ਭਾਵਨਾਂ ਵਿੱਚੋਂ ਨਿਕਲੇ ਉਸਦੇ ਨਾਵਲ ਵੀ ਪਾਠਕਾਂ ਵੱਲੋਂ ਪਸੰਦ ਕੀਤੇ ਗਏ ਹਨ। ਪਿਛਲੇ ਕੁਝ ਸਾਲਾਂ ਤੋਂ ਅਟਵਾਲ ਦੀ ਗਲਪਕਾਰੀ ਖੋਜ ਕੇਂਦਰਿਤ ਹੋ ਰਹੀ ਹੈ। ਉਹ ਕਹਾਣੀ ਅਤੇ ਵਾਰਤਕ ਲੇਖਾਂ ਦੁਆਰਾ ਖੋਜ ਅਧਾਰਿਤ ਬਿਰਤਾਂਤਕਾਰੀ ਸਿਰਜ ਕੇ ਰਵਾਇਤੀ ਪਰਵਾਸੀ ਗਲਪ ਚੇਤਨਾ ਤੋਂ ਵੱਖਰਾ ਕਰਨ ਦਾ ਤਰੱਦਦ ਕਰ ਰਿਹਾ ਹੈ।

ਨਾਵਲਕਾਰ ਦੇ ਪਛਾਣ ਘੇਰੇ ਤੋਂ ਬਾਹਰ ਹਰਜੀਤ ਅਟਵਾਲ ਤੀਜੇ ਅਤੇ ਚੌਥੇ ਪੜਾਅ ਦੀ ਕਹਾਣੀ ਨਾਲ ਜੁੜਿਆ ਹਸਤਾਖਰ ਵੀ ਹੈ। ਇਸ ਦੌਰ ਦੀ ਕਹਾਣੀ ਨੇ ਆਵਾਸ ਅਤੇ ਪਰਵਾਸ ਦੇ ਪੰਜਾਬੀ ਜੀਵਨ ਯਥਾਰਥ ਨੂੰ ਅਨੇਕਾਂ ਕੋਣਾਂ ਤੋਂ ਚਿਤਰਿਤ ਕੀਤਾ ਹੈ। ਇਹ ਸਮਾਂ ਹਰੀ ਕ੍ਰਾਂਤੀ ਦੀ ਅਲਪ ਖੁਸ਼ਹਾਲੀ ਤੋਂ ਬਾਅਦ ਪੰਜਾਬ ਸੰਕਟ ਨਾਲ ਝੰਬੀ ਸੰਵੇਦਨਾ ਦਾ ਸੀ। ਪਰਵਾਸੀ ਜੀਵਨ ਯਥਾਰਥ ਇਨ੍ਹਾਂ ਸਰੋਕਾਰਾਂ ਤੋ ਅਛੂਤ ਨਹੀਂ ਸੀ। ਇਸ ਜੀਵਨ ਅਨੁਭਵ ਵਿੱਚ ਪਰਵਾਸ ਦੀਆਂ ਵਿਸੰਗਤੀਆਂ ਦੇ ਨਾਲ ਨਾਲ ਆਪਣੇ ਜਨਮ ਭੂਮੀ ਪ੍ਰਤੀ ਮੋਹਖੋਰੀ ਖਿੱਚ ਵੀ ਸ਼ਾਮਿਲ ਸੀ। ਇਸ ਦੌਰ ਦੇ ਗਲਪੀ ਪੈਰਾਡਾਈਮ ਵਿੱਚ ਇਕ ਨਿਮੂੰਝੂਣੇ, ਭਵੰਤਰੇ ਅਤੇ ਬੇਦਿਲ ਹੋਏ ਪੰਜਾਬੀ ਬੰਦੇ ਦੀ ਘਾੜਤ ਪ੍ਰਧਾਨ ਰਹੀ ਜੋ ਕਿ ਮਾਨਵਵਾਦੀ ਦ੍ਰਿਸ਼ਟੀਕੋਣ ਨਾਲ ਲਬਰੇਜ਼ ਸੀ। ਇਸ ਤੋਂ ਬਾਅਦ ਵਿਸ਼ਵੀਕਰਨ ਦੇ ਸਮਾਜਿਕ ਸਭਿਆਚਾਰਕ ਪ੍ਰਭਾਵ ਕਹਾਣੀ ਦੀ ਰਚਨਾ ਸਮੱਗਰੀ ਬਣੇ। ਅਟਵਾਲ ਦੀ ਕਹਾਣੀ ਨੇ ਆਵਾਸੀ ਅਤੇ ਪਰਵਾਸੀ ਰਚਨਾ ਸੰਦਰਭਾਂ ਦੇ ਪ੍ਰਸੰਗ ਵਿੱਚ ਉਕਤ ਸਰੋਕਾਰਾਂ ਦੀ ਭਰਵੀਂ ਪੇਸ਼ਕਾਰੀ ਕੀਤੀ। ਉਸਨੇ ਤੀਜੇ ਅਤੇ ਚੌਥੇ ਪੜਾਅ ਦੀ ਕਹਾਣੀ ਨੂੰ ਆਪਣੇ ਚਿੰਤਨੀ ਅਤੇ ਭਾਵੁਕ ਲਹਿਜ਼ੇ ਵਾਲੇ ਦ੍ਰਿਸ਼ਟੀਕੋਣ ਤੋਂ ਸ਼ਰਸਾਰ ਕੀਤਾ ਹੈ। ਉਸਦੀ ਕਹਾਣੀ ਵਿੱਚ ਮੂਲਵਾਸੀ ਅਤੇ ਪਰਵਾਸੀ ਜੀਵਨ ਵਿਚਲੇ ਹਰ ਰੰਗ ਦੇ ਪਾਤਰਾਂ ਦੀ ਸ਼ਮੂਲੀਅਤ ਹੈ ਜੋ ਕਿ ਚੌਥੇ ਦੌਰ ਦੀ ਕਹਾਣੀ ਦਾ ਅਹਿਮ ਹਾਸਲ ਹੈ।

ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦੀਆਂ ਕਈ ਸ਼ੇਡਜ਼ ਹਨ। ਇਹ ਕਹਾਣੀ ਅਣਗੋਲੇ ਯਥਾਰਥ ਨੂੰ ਜਟਿਲ ਕਥਾ ਜੁਗਤਾਂ ਨਾਲ ਪੇਸ਼ ਕਰਦੀ ਰਹੀ। ਇਸ ਕਹਾਣੀ ਨੇ ਚਿੰਤਨ ਅਤੇ ਖੋਜ ਕੇਂਦਰਿਤ ਕਥਾਕਾਰੀ ਨਾਲ ਜੁੜੇ ਬਿੰਬਾਂ ਵੀ ਸਿਰਜੇ ਹਨ। ਮੁੱਖ ਧਾਰਾ ਸਮਾਜ ਤੋਂ ਹਾਸ਼ੀਏ ਵੱਲ

ਧੱਕੇ ਵਰਗ ਇਸ ਕਹਾਣੀ ਦੀ ਵਸਤੂ ਬਣਦੇ ਰਹੇ ਹਨ। ਇਸ ਪ੍ਰਸੰਗ ਵਿੱਚ ਹਰਜੀਤ ਅਟਵਾਲ ਦੀ ਲਿਖੀ ਕਹਾਣੀ 'ਮਸਤ' ਵੀ ਆਪਣਾ ਨਾਮ ਦਰਜ ਕਰਦੀ ਹੈ। ਇਸ ਕਹਾਣੀ ਵਿੱਚ ਸਮਾਜ ਦੀ ਮੁੱਖ ਧਾਰਾ ਤੋਂ ਹੱਟ ਕੇ ਜੀਵਨ ਜੀਉਂਦੇ ਨੇਚੁਰਿਸਟ ਲੋਕਾਂ ਦੀ ਸਥਿਤੀ ਨੂੰ ਰੇਖਾਂਕਤ ਕੀਤਾ ਗਿਆ ਹੈ। ਪੱਛਮੀ ਸਮਾਜ ਵਿੱਚ ਨੇਚੁਰਿਸਟ ਲੋਕਾਂ ਦਾ ਆਪਣਾ ਵਿਚਾਰਧਾਰਕ ਪ੍ਰਵਚਨ ਹੈ। ਨੇਚੁਰਿਸਟ ਲੋਕ ਸਮਾਜ ਦੀ ਮੁੱਖ ਧਾਰਾ ਦੇ ਸਮਾਂਨਅੰਤਰ ਆਪਣੇ ਪਰਿਵਾਰਾਂ ਵਿੱਚ ਰਹਿੰਦੇ ਹਨ ਅਤੇ ਸਰੀਰ 'ਤੇ ਕੋਈ ਕੱਪੜਾ ਨਹੀਂ ਪਹਿਨਦੇ। ਉਨ੍ਹਾਂ ਦੀ ਧਾਰਨਾ ਹੈ ਕਿ ਕੁਦਰਤ ਵੱਲੋਂ ਮਿਲੇ ਸਰੀਰ ਨੂੰ ਕੱਪੜਿਆਂ ਦੀ ਬੰਦਿਸ਼ ਵਿੱਚ ਰੱਖਣ ਦੀ ਥਾਂ ਉਸੇ ਰੂਪ ਵਿੱਚ ਜੀਉਣਾ ਚਾਹੀਦਾ ਹੈ। ਅਟਵਾਲ ਨੇ ਇਸ ਕਹਾਣੀ ਦੁਆਰਾ ਨੇਚੁਰਿਸਟ ਲੋਕਾਂ ਦੀ ਇਸ ਧਾਰਨਾ ਨੂੰ ਸੰਵਾਦੀ ਨਜ਼ਰੀਏ ਤੋਂ ਪੇਸ਼ ਕੀਤਾ ਹੈ। ਪੰਜਾਬੀ ਕਹਾਣੀ ਖੇਤਰ ਵਿੱਚ ਨੇਚੁਰਿਸਟ ਪਾਤਰਾਂ ਦਾ ਪ੍ਰਵੇਸ਼ ਅਤੇ ਕਹਾਣੀ ਦਾ ਅਜਿਹਾ ਨਿਵੇਕਲੇ ਵਿਸ਼ਾ ਪੰਜਾਬੀ ਪਾਠਕਾਂ ਦੀ ਸੋਚ ਨੂੰ ਜਰਬ ਦੇਣ ਵਾਲਾ ਹੈ।

'ਮਸਤ' ਕਹਾਣੀ ਵਿੱਚ ਇੰਗਲੈਂਡ ਦੇ ਇਕ ਅਜਿਹੇ ਭੂ-ਖੇਤਰ ਦਾ ਵਰਨਣ ਹੈ ਜਿੱਥੋਂ ਦੇ ਵਸਨੀਕ ਨਗਨ ਅਵਸਥਾ ਵਿੱਚ ਰਹਿੰਦੇ ਬੜਾ ਸਹਿਜ ਜੀਵਨ ਜੀਉਂਦੇ ਹਨ। ਕਹਾਣੀ ਵਿੱਚ ਇੰਗਲੈਂਡ ਦੇ ਉਕਤ ਪਿੰਡ ਦੇ ਵਸਤੂ ਵੇਰਵੇ ਪਾਠਕਾਂ ਨੂੰ ਅਚੰਭਿਤ ਕਰਦੇ ਹਨ ਪਰ ਲੇਖਕ ਉਕਤ ਵਸਤੂ ਸੰਦਰਭ ਨੂੰ ਖੋਜ ਅਧਾਰਿਤ ਬਿਰਤਾਂਤਕਾਰੀ ਵਿੱਚ ਪੇਸ਼ ਕਰਕੇ ਕੋਈ ਸਨਸਨੀਖੇਜ਼ ਬਿਰਤਾਂਤ ਨਹੀਂ ਉਸਾਰਦਾ ਸਗੋਂ ਇਨ੍ਹਾਂ ਵਰਤਾਰਿਆਂ ਦੀ ਤਹਿ ਵਿੱਚ ਸੁਲਗਦੀ ਮਨੁੱਖ ਦੀ ਵਿਅਕਤੀਗਤ ਆਜ਼ਾਦੀ ਅਤੇ ਸਮਾਜਿਕ ਮਾਨਤਾਵਾਂ ਦੀ ਕਸ਼ਮਕਸ਼ ਨੂੰ ਪ੍ਰਗਟ ਕਰਦਾ ਹੈ। ਅਜਿਹੇ ਦਵੰਦਾਂ ਨੂੰ ਸਮਕਾਲੀ ਪੰਜਾਬੀ ਕਹਾਣੀ ਵਿੱਚ ਪਾਤਰਾਂ ਦੀ ਕਿਸੇ ਨਾ ਕਿਸੇ ਜਟਿਲ ਮਨੋ ਬਣਤਰ ਵਿੱਚ ਪੇਸ਼ ਕਰਨ ਦੀ ਕਵਾਇਦ ਪਹਿਲਾਂ ਹੀ ਭਾਰੂ ਹੈ ਪਰ ਇਹ ਕਹਾਣੀ ਨਾ ਕਿਸੇ ਤਰ੍ਹਾਂ ਦੀ ਜਟਿਲ ਬਿਰਤਾਂਤਕ ਬਣਤਰ ਵਿੱਚ ਹੈ ਤੇ ਨਾ ਹੀ ਪਾਤਰਾਂ ਦੀਆਂ ਮਾਨਸਿਕ ਗੰਢਾਂ ਨੂੰ ਪੇਸ਼ ਕਰਨ ਵਾਲੀ ਹੈ। ਇਸਦੀ ਥਾਂ ਇਹ ਰਚਨਾ ਇਕਹਿਰੀ ਵਿਸ਼ੇ ਵਾਲੀ ਅਤੇ ਲਕੀਰੀ ਰਚਨਾ ਸ਼ੈਲੀ ਵਿੱਚ ਹੈ। ਸਭਿਅਕ ਸਮਾਜ ਦੀ ਮੁੱਖ ਧਾਰਾ ਵਿੱਚ ਨਗਨ ਰਹਿ ਕੇ ਵਿਚਰਨ ਦਾ ਵਿਸ਼ਾ ਜਿੰਨਾ ਅਚੰਭਿਤ ਕਰਨ ਵਾਲਾ ਹੈ ਇਹ ਕਹਾਣੀ ਇਸ ਅਚੰਭਿਤ ਵਰਤਾਰੇ ਨੂੰ ਉੱਨੇ ਹੀ ਸਹਿਜ ਅਤੇ ਸੰਤੋਖੀ ਲਹਿਜ਼ੇ ਵਿੱਚ ਸਪਲੀਮੈਂਟ ਕਰਦੀ ਹੈ। ਇਹ ਸਹਿਜਤਾ ਅਤੇ ਸੰਵਾਦ ਹੀ ਕਹਾਣੀ ਦੇ ਵਿਸ਼ੇਸ਼ ਹਾਸਿਲ ਹਨ।

ਨਗਨ ਹਾਲਤ ਵਿੱਚ ਰਹਿਣ ਦੀ ਸਾਂਝੀ ਪਰੰਪਰਾ ਆਦਿ ਮਾਨਵੀ ਸਮਾਜ ਵਿੱਚ ਮਿਲਦੀ ਰਹੀ ਹੈ। ਆਧੁਨਿਕ ਸਮਿਆਂ ਵਿੱਚ ਵੀ ਅਨੇਕਾਂ ਦੇਸ਼ਾਂ ਵਿੱਚ ਨਗਨ ਹਾਲਤ ਵਿੱਚ ਰਹਿਣ ਵਾਲੇ ਨੇਚੁਰਿਸਟ ਲੋਕ ਆਪਣੀਆਂ ਵੱਖਰੀਆਂ ਬਸਤੀਆਂ, ਖੇਡ ਥਾਵਾਂ ਅਤੇ ਮਨੋਰੰਜਨ ਸਥਾਨਾਂ ਵਿੱਚ ਵਿਚਰਦੇ ਜਾਣੇ ਪਛਾਣੇ ਜਾਂਦੇ ਹਨ। ਆਧੁਨਿਕ ਸਮਿਆਂ ਦੀ ਮੁੱਖ ਧਾਰਾ ਤੋਂ ਦੂਰ ਅਨੇਕਾਂ ਜੰਗਲੀ ਕਬੀਲੇ ਅਜੇ ਵੀ ਜੰਗਲਾਂ ਵਿੱਚ ਨਗਨ ਅਵਸਥਾ ਵਿੱਚ ਰਹਿੰਦੇ ਮਿਲਦੇ ਹਨ। ਭਾਰਤ ਵਿੱਚ ਨਾਂਗਾ ਸਾਧੂ ਤਾਉਮਰ ਨਗਨ ਅਵਸਥਾ ਵਿੱਚ ਵਿਚਰਦੇ ਹਨ ਜਿਨ੍ਹਾਂ ਦੀ ਪਰੰਪਰਾ ਹਿੰਦੂ ਧਰਮ ਦੇ ਆਦਿ ਗੁਰੂ ਸ਼ੰਕਰਾਚਾਰੀਆ ਤੋਂ ਸਥਾਪਿਤ ਮੰਨੀ ਜਾਂਦੀ ਹੈ। ਆਪਣੇ ਸਮੇਂ ਦੀਆਂ ਬਿਖਮ ਪਰਿਸਥਿਤੀਆਂ ਨੂੰ ਯੁੱਧ ਕਲਾ ਅਤੇ ਅਧਿਆਤਮਕ ਪ੍ਰਪੱਕਤਾ ਨਾਲ ਟੱਕਰ ਦੇਣ ਦੇ ਮੰਤਵ ਨਾਲ ਉਸਰੇ ਇਹ ਅਖਾੜੇ ਨਗਨ ਸਾਧੂਆਂ ਕਰਕੇ ਪ੍ਰਸਿੱਧ ਹਨ। ਜਮਹੂਰੀ ਪ੍ਰਬੰਧ ਵਿੱਚ ਆਪਣਾ



ਰੋਸ ਦਰਜ ਕਰਨ ਵੱਜੋਂ ਵੀ ਪ੍ਰਦਰਸ਼ਨਕਾਰੀ ਨੰਗੇ ਧੜ ਆਪਣਾ ਵਿਰੋਧ ਜਤਾਉਂਦੇ ਹਨ। ਪੱਛਮੀ ਦੇਸ਼ਾਂ ਵਿੱਚ ਕਈ ਥਾਂਵਾਂ 'ਤੇ ਨਿਊਡ ਬੀਚ ਹੋਣ ਦੇ ਵਰਤਾਰੇ ਵੀ ਮਿਲਦੇ ਹਨ। ਇੰਝ ਉਕਤ ਪ੍ਰਸੰਗਾਂ ਵਿੱਚ ਮਨੁੱਖ ਦੇ ਨਗਨ ਹਾਲਤ ਵਿੱਚ ਵਿਚਰਨ ਦੇ ਅਨੇਕਾਂ ਤਰਕ ਮੌਜੂਦ ਹਨ। ਜਿਵੇਂ ਆਦਿ ਮਾਨਵ ਜਾਂ ਜੰਗਲਾਂ ਵਿੱਚ ਰਹਿੰਦੇ ਕਬੀਲੇ ਮਨੁੱਖੀ ਸੋਝੀ ਤੇ ਬੌਧਿਕਤਾ ਦੇ ਧਰਾਤਲ ਤੋਂ ਵਿਕਸਤ ਦੌਰ ਵਿੱਚ ਨਹੀਂ ਹਨ। ਨਾਂਗਾ ਸਾਧੂ ਆਪਣੀ ਅਧਿਆਤਮਕ ਪਰੰਪਰਾ ਤਹਿਤ ਮੁੱਖ ਧਾਰਾ ਸਮਾਜ ਤੋਂ ਦੂਰ ਰਹਿ ਕੇ ਤਪ ਸਾਧਨਾ ਕਰਦੇ ਹਨ। ਪਰ ਸਮਾਜ ਦੇ ਮੁੱਖ ਧਾਰਾ ਪ੍ਰਵਾਹ ਵਿੱਚ ਨਗਨ ਅਵਸਥਾ ਵਿੱਚ ਵਿਚਰਨਾ ਅਤੇ ਇਸ ਜੀਵਨ ਸ਼ੈਲੀ ਦਾ ਤਰਕ ਖੜ੍ਹਾ ਕਰਨਾ ਆਪਣੇ ਆਪ ਵਿੱਚ ਸੰਵਾਦੀ ਵਰਤਾਰਾ ਹੈ ਜਿਹੜਾ ਕਿ ਅਟਵਾਲ ਦੀ ਕਹਾਣੀ ਦੀ ਵਸਤੂ ਬਣਿਆ ਹੈ।

ਹਰਜੀਤ ਅਟਵਾਲ ਦੀ ਕਹਾਣੀ 'ਮਸਤ' ਇਸੇ ਤਰਕ ਨੂੰ ਸੰਵਾਦ ਦੇ ਨਜ਼ਰੀਏ ਤੋਂ ਪੇਸ਼ ਕਰਦੀ ਹੈ। ਕਹਾਣੀ ਵਿੱਚ ਇੰਗਲੈਂਡ ਦੇ ਇਕ ਪਿੰਡ ਦਾ ਸੂਚਨਾਮੁੱਖ ਵਰਨਣ ਹੈ ਜਿੱਥੋਂ ਦੇ ਵਸਨੀਕ ਨਗਨ ਹਾਲਤ ਵਿੱਚ ਰਹਿੰਦੇ ਹਨ। ਇਹ ਵਸਨੀਕ ਸਭਿਅਕ ਸਮਾਜ ਤੋਂ ਟੁੱਟੇ ਨਹੀਂ ਤੇ ਨਾ ਹੀ ਕਿਸੇ ਖਾਸ ਕਬੀਲੇ ਗਣ ਵਾਲੀਆਂ ਜੰਗਲੀ ਰਵਾਇਤਾਂ ਵਾਲੇ ਹਨ। ਇਹ ਲੋਕ ਆਧੁਨਿਕ ਸਮਾਜ ਦੇ ਹੋਰ ਵਸਨੀਕਾਂ ਵਾਂਗ ਨੌਕਰੀਪੇਸ਼ਾ, ਕਾਰੋਬਾਰੀ, ਕਿਸਾਨ ਅਤੇ ਹੋਰ ਕੰਮ ਧੰਦਿਆਂ ਵਾਲੇ ਹਨ। ਸਭਿਅਕ ਭਾਸ਼ਾ ਵਿੱਚ ਇਨ੍ਹਾਂ ਨੂੰ ਨੇਚਰਿਸਟ ਕਿਹਾ ਜਾਂਦਾ ਹੈ ਭਾਵ ਪ੍ਰਕਿਰਤੀਵਾਦੀ ਲੋਕ। ਇਹ ਲੋਕ ਪ੍ਰਕਿਰਤੀ ਦੇ ਅਨੁਰੂਪ ਰਹਿ ਕੇ ਆਪਣੇ ਆਪ ਨੂੰ ਸਹਿਜ, ਸੁਭਾਵਕ ਅਤੇ ਸਪੱਸ਼ਟ ਜੀਵਨ ਸ਼ੈਲੀ ਵਾਲੇ ਸਿੱਧ ਕਰਦੇ ਹਨ। ਕਹਾਣੀ ਵਿੱਚ ਇਸ ਨੈਚੁਰਿਸਟ ਜੀਵਨ ਸ਼ੈਲੀ ਅਤੇ ਸਭਿਅਕ ਸਮਾਜ ਵਾਲੀ ਜੀਵਨ ਸ਼ੈਲੀ ਨੂੰ ਸੰਵਾਦੀ ਤੇ ਤੁਲਨਾਮੁਖੀ ਕਥਾ ਲਹਿਜ਼ੇ ਵਿੱਚ ਪੇਸ਼ ਕੀਤਾ ਗਿਆ ਹੈ। ਉਕਤ ਪਿੰਡ ਦੇ ਵਸਤੂ ਵੇਰਵਿਆਂ ਦੇ ਸਮਾਂਨਅੰਤਰ ਰਹਿ ਕੇ ਲੇਖਕ ਨੇ ਟੀਆ ਨਾਂ ਦੀ ਮਹਿਲਾ ਔਰਤ ਪਾਤਰ 'ਤੇ ਕਹਾਣੀ ਦਾ ਫੋਕਸੀਕਰਨ ਕੀਤਾ ਹੈ। ਟੀਆ ਮਹਿਲਾ ਬੈਂਕ ਮੈਨੇਜਰ ਹੈ। ਉਹ ਬਿਰਤਾਂਤ ਦਾ ਨੈਚੁਰਿਸਟ ਪਾਤਰ ਹੈ। ਕਹਾਣੀ ਦਾ ਉੱਤਮਪੁਰਖੀ ਪਾਤਰ ਫੋਟੋਗ੍ਰਾਫੀ ਦਾ ਸ਼ੋਕੀਨ ਹੈ ਜਿਹੜੀ ਕਿ ਵਾਇਲਡ ਲਾਇਫ ਦੀ ਫੋਟੋਗ੍ਰਾਫੀ ਲਈ ਥਾਂ ਥਾਂ ਘੁੰਮਦਾ ਹੈ। ਇਕ ਦਿਨ ਘੁੰਮਦਿਆਂ ਉਹ ਟੀਆ ਨੂੰ ਸਮੁੰਦਰ ਦੇ ਕੰਢੇ 'ਤੇ ਨਗਨ ਅਵਸਥਾ ਵਿੱਚ ਦੇਖ ਕੇ ਅਚੰਭਿਤ ਹੋ ਜਾਂਦਾ ਹੈ। ਕਹਾਣੀ ਵਿੱਚ ਬਿਰਤਾਂਤਕਾਰ ਜੋਅ ਟੀਆ ਦੇ ਇਸ ਤਰ੍ਹਾਂ ਨਗਨ ਰਹਿਣ ਬਾਰੇ ਉਤਸੁਕ ਹੈ। ਇਹ ਉਤਸੁਕਤਾ ਕਹਾਣੀ ਵਿੱਚ ਪਾਠਕਾਂ ਦੀ ਧਿਰ ਦਾ ਸਮਰਥਨ ਵੀ ਹਾਸਿਲ ਕਰਦੀ ਹੈ। ਇਸ ਨਾਲ ਨਗਨ ਹਾਲਤ ਵਿੱਚ ਵਿਚਰਦੇ ਲੋਕਾਂ ਦੀ ਮਨੋ ਦਸ਼ਾ ਨੂੰ ਜਾਨਣ ਲਈ ਪਾਠਕ ਅਤੇ ਬਿਰਤਾਂਤਕਾਰ ਦੋਵੇਂ ਇਕੋ ਰਾਹ ਪੈ ਜਾਂਦੇ ਹਨ। ਅਕਸਰ ਮਨੁੱਖ ਦੀ ਨਗਨ ਹਾਲਤ ਨੂੰ ਅਸ਼ਲੀਲਤਾ ਦੇ ਘੇਰੇ ਵਿੱਚ ਰੱਖ ਕੇ ਪਰਿਭਾਸ਼ਿਤ ਕੀਤਾ ਜਾਂਦਾ ਹੈ ਪਰ ਕਹਾਣੀ ਵਿੱਚ ਮਹਿਲਾ ਔਰਤ ਦਾ ਨਿਰਵਸਤਰ ਹੋ ਕੇ ਵਿਚਰਨਾ ਕਿਸੇ ਤਰ੍ਹਾਂ ਦੀ ਅਸ਼ਲੀਲਤਾ ਪੈਦਾ ਨਹੀਂ ਕਰਦਾ। ਅਸਲ ਵਿੱਚ ਸਮਾਜ ਅੰਦਰ ਨੰਗੇਜ਼ ਦਾ ਸਿੱਧਾ ਸਬੰਧ ਕਾਮ ਉਤੇਜਨਾ ਨਾਲ ਜੋੜਨ ਦਾ ਸਮੂਹਿਕ ਅਵਚੇਤਨ ਭਾਰੂ ਹੈ ਜਿਸਨੂੰ ਨੇਚੁਰਿਸਟ ਲੋਕ ਸਿਰੇ ਤੋਂ ਖਾਰਜ ਕਰਦੇ ਹਨ। ਕਹਾਣੀ ਵਿੱਚ ਨੇਚੁਰਿਸਟ ਲੋਕਾਂ ਬਾਰੇ ਚੱਲਦੀਆਂ ਇਨ੍ਹਾਂ ਮੌਖਿਕ ਧਾਰਨਾਵਾਂ ਨੂੰ ਵੀ ਕਾਂਟੇ ਹੇਠ ਰੱਖਿਆ ਗਿਆ ਹੈ। ਇਸਦੀ ਥਾਂ ਲੇਖਕ ਨੇ ਜਿਸ ਵਿਚਾਰਧਾਰਕ ਧੁਨੀ ਨੂੰ ਮਘਾਉਣ ਦਾ ਯਤਨ ਕੀਤਾ ਹੈ ਉਹ ਹੈ ਮਨੁੱਖ ਦੀਆਂ ਦੋਵੇਂ ਸੁਰਤਾਂ ਵਿੱਚ ਸੰਵਾਦ ਪੈਦਾ ਕਰਨਾ। ਇਕ ਸੁਰਤ ਘੜੀਆਂ ਸਮਾਜਿਕ

ਰਵਾਇਤਾਂ ਵਿੱਚ ਵਿਚਰਨ ਦੀ ਦੂਜੀ ਸੁਰਤ ਕੁਦਰਤ ਵੱਲੋਂ ਦਿੱਤੇ ਰੂਪ ਵਿੱਚ ਵਿਚਰਨ ਦੀ ਹੈ। ਕਹਾਣੀ ਦੀ ਵਿਚਾਰਚਾਰਕ ਧੁਨੀ ਵਿੱਚ ਇਨ੍ਹਾਂ ਦੋਹਾਂ ਸਥਿਤੀਆਂ ਦਾ ਤਾਰਕਿਕ ਟਕਰਾਅ ਪੇਸ਼ ਕੀਤਾ ਗਿਆ ਹੈ। ਸਮਾਜਿਕ ਸੰਸਥਾਵਾਂ ਦੀ ਉਸਾਰੀ ਕਰਦਿਆਂ ਮਨੁੱਖ ਨੇ ਜਿੱਥੇ ਸ਼ਖ਼ਸੀ ਆਜ਼ਾਦੀ ਨੂੰ ਪਿਛਾਂਹ ਸੁੱਟ ਦਿੱਤਾ ਹੈ ਉੱਥੇ ਹੀ ਇਨ੍ਹਾਂ ਸੰਸਥਾਵਾਂ ਵਿੱਚ ਵੀ ਲਿੰਗ, ਜਾਤ, ਨਸਲ ਦੀ ਦਾਬੂ ਧਿਰ ਦਾ ਬੋਲਬਾਲਾ ਬਰਕਰਾਰ ਰਿਹਾ ਹੈ। ਹਜ਼ਾਰਾਂ ਸਾਲਾਂ ਦੀ ਇਸ ਪ੍ਰਕਿਰਿਆ ਵਿੱਚ ਮਨੁੱਖ ਨੇ ਜਿਸ ਸਮਾਜ ਦਾ ਬਾਨਣੂੰ ਬੰਨ੍ਹਿਆ ਹੈ ਉਹ ਅਨੇਕਾਂ ਵਿਸੰਗਤੀਆਂ ਵਾਲਾ ਹੈ ਜਿੱਥੇ ਬੰਦੇ ਦੇ ਨਿੱਜ ਦਾ ਦਮਨ ਕੀਤਾ ਜਾਂਦਾ ਹੈ। ਕਹਾਣੀ ਵਿੱਚ ਬਿਰਤਾਂਤਕਾਰ ਪਾਤਰ ਜੋਅ ਅਤੇ ਟੀਆ ਦਾ ਵਾਰਤਾਲਾਪ ਇਸ ਸੰਦਰਭ ਵਿੱਚ ਮੁੱਲਵਾਨ ਹੈ–

" . . . ਫਿਰ ਸਾਨੂੰ ਹਜ਼ਾਰਾਂ ਸਾਲ ਲੱਗ ਗਏ ਇਸ ਸਮਾਜ ਨੂੰ ਬੰਨ੍ਹਣ ਲਈ, ਮੁੜ ਕੇ ਜੰਗਲ ਵੱਲ ਜਾਣਾ ਕਿੱਥੋਂ ਤੱਕ ਸਹੀ ਹੋਵੇਗਾ? "

" ਸਮਾਜ ਬੰਨ੍ਹ ਕੇ ਅਸੀਂ ਕੁਦਰਤ ਤੋਂ ਬਹੁਤ ਦੂਰ ਹੋ ਗਏ ਹਾਂ, ਜਿਹੜੇ ਗੁਨਾਹ ਅੱਜ ਸਮਾਜ ਵਿੱਚ ਹੋ ਰਹੇ ਨੇ ਇਹ ਜੰਗਲ ਵਿੱਚ ਕਦੇ ਨਹੀਂ ਹੁੰਦੇ? "[1].

ਜੰਗਲ ਦੀ ਹਮਾਇਤ ਵਿੱਚ ਖੜ੍ਹੀ ਟੀਆ ਸਮਾਜਿਕ ਸੰਸਥਾਵਾਂ ਦੀ ਬੰਦੇ ਉੱਤੇ ਪਈ ਜਕੜ ਤੋਂ ਬਾਗੀ ਹੈ। ਉਹ ਬਿਰਤਾਂਤਕਾਰ ਵੱਲੋਂ ਨੇਚੁਰਿਸਟ ਰਹਿਣ ਪਿੱਛੇ ਉਸਦੀ ਇੰਨੀ ਸ਼ਿੱਦਤ ਨੂੰ ਆਪਣੀ ਖਬਤ ਨਾਲ ਜੋੜਦੀ ਹੈ–

" ਇਸਦਾ ਜਵਾਬ ਏ ਮੇਰੀ ਖਬਤ . . . ਮੈਂ ਨੇਚੁਰਿਸਟ ਹਾਂ ਤਾਂ ਸਾਲ ਵਿੱਚ ਕੁਝ ਦੇਰ ਕਪੜਿਆਂ ਤੋਂ ਬਿਨਾਂ ਜਿਉਣਾ ਚਾਹੁੰਦੀ ਹਾਂ, ਨਹੀਂ ਤਾਂ ਬਹੁਤ ਗੜਬੜ ਹੋ ਜਾਵੇਗੀ। ਲਗਾਤਾਰ ਕੱਪੜੇ ਪਹਿਨਦੇ ਰਹਿਣ ਨਾਲ ਮੈਨੂੰ ਗੁੱਸਾ ਆਉਣ ਲੱਗਦਾ ਏ, ਕੰਮ ਤੋਂ ਮਨ ਉਚਾਟ ਹੋ ਜਾਂਦਾ ਏ।"[2]

ਅਟਵਾਲ ਦੀ ਕਹਾਣੀ ਅਸਿੱਧੇ ਤੌਰ 'ਤੇ ਮਨੁੱਖ ਦੀ ਆਪਣੀ ਹੋਂਦ ਅਤੇ ਦੂਜੇ ਪ੍ਰਤੀ ਬਣੀਆਂ ਧਾਰਨਾਵਾਂ ਬਾਰੇ ਵੀ ਸਵਾਲ ਖੜ੍ਹੇ ਕਰਦੀ ਹੈ। ਮਨੁੱਖ ਦੇ ਸਮਾਜਿਕ ਪ੍ਰਾਣੀ ਹੋਣ ਦੀ ਰਵਾਇਤੀ ਧਾਰਨਾ ਉਸਦੀ ਨਸਲ, ਜਾਤ, ਧਰਮ ਅਤੇ ਪਹਿਰਾਵੇ ਨਾਲ ਵੀ ਜੁੜਦੀ ਹੈ। ਸਮਾਜਿਕ ਭੂਮਿਕਾ ਦੌਰਾਨ ਹਰ ਮਨੁੱਖ ਦੂਜੇ ਮਨੁੱਖ ਨੂੰ ਉਸਦੇ ਪਹਿਰਾਵੇ ਦੇ ਝਰੋਖੇ ਵਿੱਚੋਂ ਹੀ ਦੇਖਦਾ ਹੈ। ਪਹਿਰਾਵੇ ਦੁਆਰਾ ਹੀ ਬੰਦੇ ਦੇ ਧਰਮ, ਕਰਮ, ਸਮਾਜਿਕ ਸਥਿਤੀ ਅਤੇ ਉਸਦੀ ਹੋਣੀ ਬਾਰੇ ਖਿਆਲ ਪੈਦਾ ਕਰ ਲਏ ਜਾਂਦੇ ਹਨ। ਕੁਦਰਤਵਾਦੀ ਲੋਕ ਜਿੱਥੇ ਪਹਿਰਾਵੇ ਦੇ ਜੰਜਾਲ ਨੂੰ ਚਲਾ ਕੇ ਮਾਰਦੇ ਉਕਤ ਧਾਰਨਾਵਾਂ ਦਾ ਖੰਡਨ ਕਰਦੇ ਹਨ ਉੱਥੇ ਹੀ ਮਰਦ ਅਤੇ ਔਰਤ ਵੱਲੋਂ ਇਕ ਦੂਜੇ ਦੇ ਜਿਸਮ ਪ੍ਰਤੀ ਬਣਾਏ ਮਿਥ ਮੰਡਲ ਨੂੰ ਵੀ ਤੋੜਦੇ ਹਨ। ਇਹ ਮਿਥ ਸੰਸਾਰ ਅੰਤਿਮ ਤੌਰ 'ਤੇ ਨੰਗੇਜ਼ ਨੂੰ ਗੁਪਤ ਅੰਗਾਂ ਤੱਕ ਸਿਮਟਾ ਕੇ ਦੇਖਦਾ ਹੈ। ਇਸੇ ਲਈ ਟੀਆ ਪਾਤਰ ਆਪਣੀ ਸਰੀਰਕ ਹੋਂਦ ਨੂੰ ਕੱਪੜਿਆਂ ਦੇ ਬੰਧੇਜ ਵਿੱਚ ਰੱਖਣਾ ਨਹੀਂ ਚਾਹੁੰਦੀ। ਉਹ ਨੇਚੁਰਿਸਟ ਹੋਣ ਨੂੰ ਆਪਣਾ ਸ਼ੌਂਕ, ਸੋਚ ਅਤੇ ਖਬਤ ਦੱਸਦੀ ਹੈ ਪਰ ਨਾਲ ਹੀ ਮਰਦ ਅਤੇ ਔਰਤ ਦੇ ਇਕ ਦੂਜੇ ਦੇ ਜਿਸਮ ਪ੍ਰਤੀ ਬਣੀਆਂ ਬੁਝਾਰਤੀ ਮਿਥਾਂ ਵਿੱਚੋਂ ਨਿਕਲਣ ਦੀ ਦ੍ਰਿਸ਼ਟੀ ਵੀ ਸਥਾਪਿਤ ਕਰਦੀ ਹੈ। ਇਸ ਪ੍ਰਸੰਗ ਵਿੱਚ ਟੀਆ ਦਾ ਉੱਤਮ ਪੁਰਖੀ ਬਿਰਤਾਂਤਕਾਰ ਪਾਤਰ ਜੋਅ ਨਾਲ ਇਕ ਵਾਰਤਾਲਾਪੀ ਨੁਕਤਾ ਮਹੱਤਵਪੂਰਨ ਹੈ–



" ਤੁਸੀਂ ਨੰਗੇ ਰਹਿਣ ਦੇ ਕਿਸੇ ਫਾਇਦੇ ਬਾਰੇ ਗੱਲ ਕਰੋਗੇ?"

" ਤੁਸੀਂ ਹਰ ਕੰਮ ਫਾਇਦੇ ਲਈ ਨਹੀਂ ਕਰਦੇ, ਕੁਝ ਕੰਮ ਰੂਹ ਦੀ ਸੰਤੁਸ਼ਟੀ ਲਈ ਹੁੰਦੇ ਨੇ। . . . ਇਹ ਮਨੁੱਖੀ ਸਰੀਰ ਅਸੀਂ ਇਕ ਦੂਜੇ ਲਈ ਬੁਝਾਰਤ ਬਣਾ ਰੱਖਿਆ ਏ। ਮਰਦ ਲਈ ਔਰਤ ਦਾ ਸਰੀਰ ਤੇ ਔਰਤ ਲਈ ਮਰਦ ਦਾ ਸਰੀਰ ਇਕ ਸਿਰਫ ਗੁਪਤ ਅੰਗ ਤੱਕ ਸਿਮਟ ਆਏ ਨੇ। "[3]

ਇਸ ਕਹਾਣੀ ਦਾ ਟੀਆ ਪਾਤਰ ਹੀ ਸਮੁੱਚੇ ਬਿਰਤਾਂਤ ਦਾ ਸੂਤਰਧਾਰ ਹੈ। ਉੱਤਮਪੁਰਖੀ ਪਾਤਰ ਮਹਿਜ਼ ਇੰਟਰਵਿਊਕਾਰ ਬਣ ਕੇ ਪੇਸ਼ ਹੋਇਆ ਹੈ ਜੋ ਕਿ ਟੀਆ ਦੇ ਮਾਧਿਅਮ ਨਾਲ ਨੇਚੁਰਿਸਟ ਲੋਕਾਂ ਦੇ ਮਨੋਵਿਗਿਆਨਕ ਸੱਚ ਨੂੰ ਉਜਾਗਰ ਕਰਦਾ ਹੈ। ਕਹਾਣੀ ਦੇ ਅੰਤ ਤੱਕ ਪੁੱਜਦਿਆਂ ਟੀਆ ਦੇ ਜੀਨਜ਼ ਬਾਰੇ ਅਤੇ ਉਸਦਾ ਸਬੰਧ ਤੀਜੀ ਪੀੜ੍ਹੀ ਤੋਂ ਭਾਰਤੀ ਮੂਲ ਨਾਲ ਹੋਣ ਬਾਰੇ ਪਤਾ ਚੱਲਦਾ ਹੈ। ਕਹਾਣੀ ਦਾ ਮੈਂ ਪਾਤਰ ਬੇਸ਼ੱਕ ਨਿੱਜੀ ਤੌਰ 'ਤੇ ਨੇਚੁਰਿਸਟ ਲੋਕਾਂ ਦੇ ਸਮਾਜਿਕ ਤੌਰ 'ਤੇ ਨਿਰਬਸਤਰ ਰਹਿਣ ਦੇ ਹੱਕ ਵਿੱਚ ਨਹੀਂ ਅਤੇ ਪਰ ਟੀਆ ਨਾਲ ਗੱਲਬਾਤ ਕਰਦਿਆਂ ਵੀ ਉਹ ਪਰੰਪਰਕ ਸਮਾਜਿਕ ਰਵਾਇਤਾਂ ਤੇ ਨੈਤਿਕ ਮੁੱਲ ਵਿਧਾਨ ਦੇ ਹੱਕ ਵਿੱਚ ਬੋਲਦਾ ਜਾਪਦਾ ਹੈ। ਟੀਆ ਵੱਲੋਂ ਉਸ ਨਾਲ ਬਤੀਤ ਕੀਤੇ ਕੁਝ ਦਿਨ ਮੈਂ ਪਾਤਰ ਲਈ ਖੁਸ਼ਨੁਮਾ ਅਹਿਸਾਸ ਵਾਲੇ ਹੁੰਦੇ ਹਨ। ਵਿਚਾਰਧਾਰਾ ਪੱਖੋਂ ਵਿਰੋਧੀ ਸੁਭਾਅ ਦੇ ਹੋਣ ਦੇ ਬਾਵਜੂਦ ਦੋਵੇਂ ਪਾਤਰ ਨੇਚੁਰਿਸਟ ਹੋਣ ਸਬੰਧੀ ਤਾਰਕਿਕ ਅਤੇ ਸਾਰਥਿਕ ਸੰਵਾਦ ਰਚਾਉਂਦੇ ਹਨ। ਇੱਥੇ ਲੇਖਕ ਦੀ ਕਹਾਣੀ ਦਾ ਇਕ ਅਹਿਮ ਵਿਚਾਰਧਾਰਕ ਨੁਕਤਾ ਸਹਿਹੋਂਦ ਅਤੇ ਮਾਨਵੀ ਆਜ਼ਾਦੀ ਨਾਲ ਸਬੰਧਤ ਹੈ। ਕਿਸੇ ਦੂਜੀ ਵਿਚਾਰ ਪੱਧਤੀ ਵਾਲੇ ਮਨੁੱਖ ਨੂੰ ਨਕਾਰਣ ਜਾਂ ਰੱਦਣ ਦੀ ਥਾਂ ਉਸਨੂੰ ਉਸਦੀਆਂ ਭਾਵਨਾਵਾਂ ਸਮੇਤ ਸਵੀਕਾਰ ਕਰਨ ਦੀ ਦ੍ਰਿਸ਼ਟੀ ਕਹਾਣੀ ਅੰਦਰ ਸਮਾਈ ਹੋਈ ਹੈ।

ਜਿਵੇਂ ਕਹਾਣੀ ਦਾ ਉੱਤਮਪੁਰਖੀ ਪਾਤਰ ਬੇਸ਼ੱਕ ਨੰਗੇ ਵਿਚਰਨ ਵਾਲੇ ਲੋਕਾਂ ਦੇ ਹੱਕ ਵਿੱਚ ਨਹੀਂ ਪਰ ਉਹ ਇਸ ਪ੍ਰਚਲਨ ਨੂੰ ਰੱਦ ਨਹੀਂ ਕਰਦਾ ਸਗੋਂ ਟੀਆ ਦੇ ਅਚਾਨਕ ਚਲੇ ਜਾਣ ਬਾਅਦ ਉਹ ਸਵੈ ਗਿਲਾਨੀ ਦੇ ਭਾਵਾਂ ਵਿੱਚੋਂ ਗੁਜ਼ਰਦਾ ਸੋਚਦਾ ਹੈ–

'ਮੈਨੂੰ ਲੱਗਿਆ ਕਿ ਮੈਂ ਕਿਸੇ ਗੱਲੋਂ ਟੀਆ ਨੂੰ ਨਾਰਾਜ਼ ਕਰ ਲਿਆ ਹੈ। ਅਣਜਾਣੇ ਵਿੱਚ ਉਸ ਦਾ ਮੈਂ ਕਿਤੇ ਸਖ਼ਤ ਵਿਰੋਧ ਕਰ ਬੈਠਾ ਹੋਵਾਂਗਾ ਨਹੀਂ ਤਾਂ ਏਨੀ ਨੇੜਤਾ ਤੋਂ ਬਾਅਦ ਏਨੀ ਬੇਰੁਖੀ ਨਹੀਂ ਸੀ ਹੋਣੀ। ਏਨੇ ਨੰਗੇ ਸਾਧੂ ਸਮਾਜ ਵਿੱਚ ਤੁਰੇ ਫਿਰਦੇ ਹਨ ਜਾਂ ਜੈਨ ਧਰਮ ਦੇ ਕੁਝ ਮੋਹਰੀ ਵੀ, ਉਹਨਾਂ ਦੇ ਨੰਗੇਜ਼ ਨਾਲ ਤਾਂ ਕਦੇ ਰੰਜੀਦਗੀ ਪੈਦਾ ਨਹੀਂ ਹੋਈ, ਟੀਆ ਦਾ ਜਾਂ ਉਸ ਦੀ ਸੋਚ ਵਾਲੇ ਕੁਝ ਲੋਕਾਂ ਦਾ ਨੰਗ ਸਮਾਜ ਨੂੰ ਕਿਡੀ ਕੁ ਢਾਹ ਲਾ ਦੇਵੇਗਾ?'[4]

ਹਰਜੀਤ ਅਟਵਾਲ ਦੀ ਇਹ ਕਹਾਣੀ ਮਨੁੱਖ ਦੀਆਂ ਉਨ੍ਹਾਂ ਮਨੋ ਵਿਗਿਆਨਕ ਗੁੰਝਲਾਂ ਵੱਲ ਵੀ ਇਸ਼ਾਰਾ ਕਰਦੀ ਹੈ ਜਿਹੜੀਆਂ ਮਨੁੱਖ ਨੇ ਆਪਣੇ ਜਿਸਮ ਪ੍ਰਤੀ ਬਣਾਈਆਂ ਹੁੰਦੀਆਂ ਹਨ। ਮਨੁੱਖ ਨੇ ਕਈ ਤਰ੍ਹਾਂ ਦੇ ਸਰੀਰਕ ਦੋਸ਼ਾਂ ਬਾਰੇ ਜਿਹੜੀ ਹੀਣ ਭਾਵਨਾ ਅਤੇ ਅਪਰਾਧ ਬੋਧ ਆਪਣੇ ਅੰਦਰ ਪਾਲਿਆ ਹੁੰਦਾ ਹੈ ਨੇਚੁਰਿਸਟ ਲੋਕ ਇਸ ਆਤਮ ਗਿਲਾਨੀ ਨੂੰ ਵੀ ਬਾਹਰ ਕੱਢ ਦਿੰਦੇ ਹਨ। ਬੰਦੇ ਨੂੰ ਉਸਦੀ ਅਸਲੀਅਤ ਵਿੱਚ ਪਛਾਨਣ ਦਾ ਇਹ ਸਭ ਤੋਂ ਸ਼ਕਤੀਸ਼ਾਲੀ ਅਤੇ ਚੁਣੌਤੀਪੂਰਨ ਕਾਰਜ ਹੈ। ਕਹਾਣੀ ਦੀ ਟੀਆ ਪਾਤਰ ਜਿੰਨੀ ਸਪੱਸ਼ਟ, ਬੇਬਾਕ ਅਤੇ ਦ੍ਰਿੜ ਇਰਾਦੇ ਵਾਲੀ ਹੈ ਇਸਦਾ ਕਾਰਨ ਉਸਦੇ ਨੇਚੁਰਿਸਟ ਹੋਣ ਪਿੱਛੇ ਬਿਆਨਿਆ ਗਿਆ ਹੈ।

**ਦੇਖੋ ਪੰਨਾ ਨੰ.87**

# ‘ਸਾਡੇ ਹਿੱਸੇ ਦਾ ਹਿੰਦੁਸਤਾਨ’ ਇਕ ਅਧਿਐਨ/ਬਲਜੀਤ ਕੌਰ

ਅਤਰਜੀਤ ਪੰਜਾਬੀ ਦਾ ਸਮਰੱਥ ਕਹਾਣੀਕਾਰ ਹੈ। ‘ਸਾਡੇ ਹਿੱਸੇ ਦਾ ਹਿੰਦੁਸਤਾਨ’ ਕਹਾਣੀ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਅੱਜ ਦੇ ਮਾਹੌਲ ਵਿੱਚ ਕੱਟੜਵਾਦੀ ਹਕੂਮਤ ਦਾ ਅਤੇ ਹਿੰਦੂਤਵੀ ਅਤਿਵਾਦ ਦੇ ਕਰੂਪ ਚਿਹਰੇ ਤੋਂ ਮਖੌਟਾ ਉਤਾਰਦੀ ਹੈ। ਖ਼ੂਬੀ ਇਹ ਰਹੀ ਹੈ ਕਿ ਉਸਦੀ ਕਹਾਣੀ ਢਹਿੰਦੀ ਕਲਾ ਵਾਲਾ ਰੁਝੇਵਾ ਲੈ ਕੇ ਕਦੇ ਪੇਸ਼ ਨਹੀਂ ਹੋਈ ਸਗੋਂ ਉਸਦੀ ਉਸਾਰੂ ਸੋਚ ਨੇ ਕਹਾਣੀ ਨੂੰ ਪ੍ਰਗਤੀਵਾਦੀ ਸੋਚ ਦਾ ਧਾਰਨੀ ਬਣਾਇਆ ਹੈ। ਇਸਤੋਂ ਇਲਾਵਾ ਅਤਰਜੀਤ ਨੇ ਆਪਣੇ ਨੇੜੇ ਦੇ ਅਨੁਭਵ ਵਿੱਚੋਂ ਅਜਿਹੀ ਕਥਾ ਦਾ ਆਰੰਭ ਕੀਤਾ, ਜੋ ਸਮਾਜਿਕ ਤੇ ਸਭਿਆਚਾਰਕ ਤਬਦੀਲੀਆਂ ਦੇ ਉਸਾਰੂ ਪੱਖ ਵਿਚ ਭੁਗਤਣ ਨਾਲ ਹੀ ਸੰਪੰਨ ਹੋਵੇਗੀ।

‘ਸਾਡੇ ਹਿੱਸੇ ਦਾ ਹਿੰਦੁਸਤਾਨ’ ਕਹਾਣੀ ਮੁੱਖ ਪਾਤਰ ਮਾਸਟਰ ਵਿਨੋਦ ਕੁਮਾਰ ਦੇ ਤ੍ਰੈ-ਪੱਖੀ ਯੁੱਧ ਨਾਲ ਸੰਬੰਧਤ ਹੈ। ਇਹ ਯੁੱਧ ਪਹਿਲਾ ਉਸਦੇ ਆਪੇ ਨਾਲ, ਦੂਸਰਾ ਸਮਾਜ ਨਾਲ ਤੇ ਤੀਸਰਾ ਕੁਦਰਤੀ ਹੋਣੀ ਨਾਲ ਹੈ। ਭਾਰਤ ਦੀ ਸਮਕਾਲੀ ਅਵਸਥਾ ਦੀ ਗੱਲ ਕਰਨ ਲਈ ਉਹ ਮਾਸਟਰ ਵਿਨੋਦ ਕੁਮਾਰ ਦੁਆਰਾ ਆਵਾਰਾ ਗਾਂ ਜੋ ਉਸਦੀ ਬਗ਼ੀਚੀ ਵਿੱਚ ਲੱਗੇ ਬੂਟਿਆਂ ਨੂੰ ਖਾਣ ’ਤੇ ਡੰਡਾ ਮਾਰਨ ਉਪਰੰਤ ਧਰਮ ਦੇ ਰਾਖੇ ਭਗਤ ਰਾਮ ਤੇ ਬੱਸ ਕੰਡਕਟਰ ਸੋਮਨਾਥ ਵੱਲੋਂ ਗਊਮਾਤਾ ਉਪਰ ਜ਼ੁਲਮ ਕਮਾਉਣ ‘ਤੇ ਜਤਾਏ ਰੋਸ ਨੂੰ ਆਧਾਰ ਬਣਾਉਂਦੀ ਹੈ।

> “ਮਾਹਟਰਾ! ਕਿਉਂ ਕਸਾਪੁਣਾ ਕਰਦੈਂ? ਕੀ ਹੋ ਗਿਆ ਜੇ ਭੁੱਖੀ ਮਰਦੀ ਬੂਟਿਆਂ ਨੂੰ ਮੂੰਹ ਮਾਰ ਗਈ? ਪਤੰਦਰਾ ਧੇਹ ਕਰਕੇ ਧਰ ਦਿਤੀ ਸੋਟੀ ਵਿਚਾਰੀ ਦੇ! ਵੱਡਾ ਮਾਹਟਰ ਬਣਿਆ ਫਿਰਦੈ।”

ਭਗਤ ਰਾਮ ਤੇ ਸੋਮਨਾਥ ਵੱਲੋਂ ਜਤਾਏ ਇਸ ਰੋਸ ਦਾ ਡੂੰਘਾ ਅਧਿਐਨ ਕਰੀਏ ਤਾਂ ਬਹੁਤ ਹੀ ਸੂਖਮ ਢੰਗ ਨਾਲ ਕਹਾਣੀਕਾਰ ਪਾਠਕ ਦੇ ਮਨ ਵਿੱਚ ਇਹ ਗੱਲ ਉਤਾਰਨੀ ਚਾਹੁੰਦਾ ਹੈ ਕਿ ਹਿੰਦੂ ਧਰਮ ਵਿਚ ਗਊ ਨੂੰ ਮਾਤਾ ਦਾ ਦਰਜਾ ਕੇ ਕੇ ‘ਗਊਮਾਤਾ ਦੀ ਜੈ’ ਦੇ ਨਾਹਰੇ ਹੇਠ ਦਲਿਤਾਂ ਉੱਪਰ ਅੱਤਿਆਚਾਰ ਦਾ ਝੱਖੜ ਝਲਾਇਆ ਜਾਵੇ। ਮੁਸਲਮਾਨ ਲੋਕਾਂ ਨੂੰ ਦੇਸ਼ ਵਿੱਚੋਂ ਖ਼ਤਮ ਕਰਨ ਦਾ ਇਹ ਨਾਹਰਾ ਬਹੁਤ ਵੱਡਾ ਹਥਿਆਰ ਬਣਿਆ। ਸੱਤਾ ਵਿੱਚ ਬਣੇ ਰਹਿਣ ਲਈ ਰਾਜਨੀਤਿਕ ਜਮਾਤਾਂ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤਦੀਆਂ ਹਨ। ਇਨ੍ਹਾਂ ਵਿਚ ਧਰਮ ਦੀ ਵਰਤੋਂ ਖੁਲ੍ਹ ਕੇ ਕੀਤੀ ਜਾਂਦੀ ਹੈ। ਕਿਉਂ ਕਿ ਧਰਮ ਦੇ ਨਾਂਅ ਤੇ ਸਾਡਾ ਜਲਦੀ ਤੇ ਵੱਧ ਤੋਂ ਵੱਧ ਸ਼ੋਸਣ ਹੋ ਸਕਦਾ ਹੈ, ਹੁੰਦਾ ਰਿਹਾ ਹੈ ਅਤੇ ਹੋ ਰਿਹਾ ਹੈ। ਇਸੇ ਕਰਕੇ ਲੇਖਕ ਨੇ ਅਜੇਹੇ ਵੇਰਵੇ ਪੇਸ਼ ਕੀਤੇ ਹਨ ਜੋ ਗਊ ਨੂੰ ਮਾਤਾ ਦਾ ਦਰਜਾ ਵੀ ਦਿਵਾਉਂਦੇ ਹਨ ਤੇ ਮਤਲਬ ਸਿੱਧ ਹੋਣ ਤੋਂ ਬਾਅਦ ਉਸ ਨਾਲ ਅਵਾਰਾ ਸ਼ਬਦ ਵੀ ਜੋੜਦੇ ਹਨ।

> ਗਊ ਸਾਡੀ ਮਾਂ ਹੈ। ਤਾਂ ਫਿਰ ਦੱਸੋ ... ਕੋਈ, ਮਾਂ ਨੂੰ ਘਰੋਂ ਕੱਢੂਗਾ, ... ਸੈਂਕੜੇ ਤੇ ਹਜ਼ਾਰਾਂ ਹੀ ਸੜਕਾਂ ’ਤੇ ਅਵਾਰਾ ਫਿਰਦੀਆਂ ਹਨ? ਕੋਈ ਆਪਣੀ ਮਾਂ ਨਾਲ ਅਵਾਰਾ ਸ਼ਬਦ ਲੱਗਿਆ ਪਸੰਦ ਕਰੂਗਾ?



ਅਤਰਜੀਤ ਨੇ ਇਸ ਕਹਾਣੀ ਰਾਹੀਂ ਜਿਥੇ ਹਿੰਦੂ ਕੱਟੜਪੰਥੀਆਂ ਦੁਆਰਾ ਗਊਮਾਤਾ ਦੇ ਨਾਂ ਹੇਠ ਮਜ਼ਲੂਮਾਂ ਨੂੰ ਦਬਾਉਣ ਲਈ ਰਚੇ ਸਾਜਿਸੀ ਪ੍ਰਪੰਚ ਨੂੰ ਪੇਸ਼ ਕੀਤਾ ਹੈ। ਉਥੇ ਸਾਡੇ ਮੁਲਕ ਦੇ ਗਿਆਨ ਅਨੁਸਾਰ ਸਰਵ ਵਿਆਪਕ ਸ਼ਬਦ ਰਾਮ ਨੂੰ ਆਪਣੇ ਤੱਕ ਸੀਮਤ ਕਰਕੇ ਸੰਕੀਰਨ ਧਾਰਮਿਕਤਾ ਦਾ ਸਬੂਤ ਵੀ ਪੇਸ਼ ਕੀਤਾ ਹੈ। ਸਰਕਾਰ ਦੇ ਗੁੰਡਿਆਂ ਦੁਆਰਾ ਦਲਿਤਾਂ ਜਾਂ ਮੁਸਲਮਾਨ ਗੁੰਡਿਆਂ ਦੀ ਮਾਰ ਕੁੱਟ ਦਾ ਮਾਹੌਲ ਸਿਰਜ ਕੇ ਬਦਮਾਸ਼ਾਂ ਦੁਆਰਾ ਤਰਬੇਜ ਅਨਸਾਰੀ ਨਾਂ ਦੇ ਲੜਕੇ ਤੋਂ ‘ਜੈ ਸ਼੍ਰੀ ਰਾਮ’ ਦੇ ਨਾਅਰੇ ਲਗਵਾ ਕੇ ਕਹਿਰ ਕਮਾਉਣ ਦੀਆਂ ਘਟਨਾਵਾਂ ਰਾਹੀਂ ਹਿੰਦੂਵਾਦ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

> “ਅਬ ਤੋ ਐਸਾ ਲਗ ਰਿਹਾ ਹੈ ਜੈਸੇ ਦੇਸ਼ ਭਗਤੀ ਦੇ ਨਾਮ ਪਰ ਖ਼ੂਨ ਕੀ ਨਦੀਆਂ ਵਹਾਨੇ ਕਾ ਛੜਯੰਤਰ ਰਚਾ ਜਾ ਰਹਾ ਹੈ ... ਜੋ ਸੱਤਾਧਾਰੀ ਹਾਕਮੋਂ ਕੀ ਹਾਂ ਮੇ ਹਾਂ ਨਹੀਂ ਮਿਲਾਤਾ, ਦੇਸ਼ ਧਰੋਹੀ। ਅਬ ਗਾਏ ਕੇ ਨਾਮ ਪਰ ਮੁਸਲਿਮ ਭਾਈਚਾਰੇ ਕੇ ਲੋਗੋਂ ਕੋ ਕਤਲ ਕੀਆ ਜਾ ਰਹਾ ਹੈ। ਮਰੀ ਹੂਈ ਗਾਏ ਕੀ ਖਾਲ ਉਤਾਰ ਰਹੇ ਦਲਿਤ ਲੋਗੋ ਕੋ ਪੀਟ ਪੀਟ ਕਰ ਮਾਰ ਡਾਲਾ ਗਿਆ। ... ਅਗਰ ਕੋਈ ਵੰਦੇ ਮਾਤਰਮ ਨਹੀਂ ਕਹੇਗਾ, ਵਹ ਦੇਸ਼ ਧਰੋਹੀ ਹੈ, ਉਸਕੋ ਭਾਰਤ ਮੇ ਰਹਿਨੇ ਕਾ ਕੋਈ ਅਧਿਕਾਰ ਨਹੀਂ, ਜਬ ਕਿ ਭਾਰਤ ਮੇ ਰਹਿਨੇ ਵਾਲੇ ਮੁਸਲਮਾਨ ਕਹਿ ਰਹੇ ਹੈ ਕਿ ਵੋਹ ਹਿੰਦੁਸਤਾਨੀ ਹੈ। ... ਬੱਸ ਭੀੜ ਤੰਤਰ ਕਾ ਰਾਜ ਹੀ ਸਥਾਪਤ ਹੋ ਗਿਆ ਹੈ ਚਾਰੋਂ ਤਰਫ਼।”

ਕਹਾਣੀ ਦੀ ਵਸਤੂ ਨੂੰ ਗੰਭੀਰਤਾ ਨਾਲ ਮਹਿਸੂਸ ਕਰੀਏ ਤਾਂ ਲੇਖਕ ਮਾਸਟਰ ਵਿਨੋਦ ਕੁਮਾਰ ਦੇ ਜਿਸ ਅਕਸ਼ ਨੂੰ ਉਭਾਰਦਾ ਹੈ, ਉਹ ਹੈ ਸੈਕੂਲਰ, ਉੱਚ ਮਾਨਵੀਂ ਕਦਰਾਂ ਕੀਮਤਾਂ ਨੂੰ ਪ੍ਰਰਣਾਇਆ ਅਤੇ ਅਗਾਂਹਵਧੂ ਵਿਗਿਆਨਕ ਸੋਚ ਦਾ ਧਾਰਨੀ ਹੋਣਾ। ਉਸਦੇ ਚਰਿੱਤਰ ਰਾਹੀਂ ਲੇਖਕ ਨੇ ਹਿੰਦੂਵਾਦੀਆਂ ਦੀ ਧਾਰਮਿਕ ਕੱਟੜਤਾ ਨੂੰ ਬਿਆਨ ਕਰਦਿਆਂ ਹਿੰਦੂਆਂ ਦੇ ਦੋਹਰੇ ਵਿਵਹਾਰ ਨੂੰ ਪੇਸ਼ ਕੀਤਾ ਹੈ। ਗਊਮਾਤਾ ਅਤੇ ਸ਼੍ਰੀਰਾਮ ਦਾ ਮੁੱਦਾ ਸਰਕਾਰਾਂ ਦੁਆਰਾ ਹਿੰਦੂਵਾਦ ਸਥਾਪਤ ਕਰਨ ਲਈ ਉਠਾਇਆ ਜਾਂਦਾ ਰਿਹਾ ਹੈ ਜਦ ਕਿ ਪੱਛਮੀ ਮੁਲਕਾਂ ਦੇ ਨਾਲ-ਨਾਲ ਬੰਗਾਲ ਵਰਗੇ ਖੇਤਰਾਂ ਵਿਚ ਹਿੰਦੂ ਗਊ ਦਾ ਮਾਸ ਖਾਂਦੇ ਹਨ ਇਥੋਂ ਤੱਕ ਕਿ ਬਹੁਤੇ ਬਾਹਮਣਾਂ ਨੇ ਬੁਚੜਖਾਨੇ ਖੋਲ੍ਹ ਕੇ ਵਪਾਰ ਕਰ ਰਹੇ ਹਨ। ਅਤਰਜੀਤ ਨੇ ਅਜਿਹੀਆਂ ਸਥਿਤੀਆਂ ਦੇ ਬਦਲਦੇ ਪ੍ਰਭਾਵ ਤੋਂ ਉਪਜੇ ਸੰਕਟ ਨੂੰ ਮਾਸਟਰ ਵਿਨੋਦ ਕੁਮਾਰ ਦੇ ਮਾਨਸਿਕ ਸੰਕਟ ਵਿਚ ਤਬਦੀਲ ਕਰ ਦਿੱਤਾ ਹੈ। ਮਾਸਟਰ ਵਿਨੋਦ ਕੁਮਾਰ ਦੇ ਪਾਤਰ ਰਾਹੀਂ ਲੇਖਕ ਨੇ ਜਿੱਥੇ ਹਿੰਦੂ ਧਰਮ ਦੇ ਪਾਖੰਡਾਂ ਨੂੰ ਸਾਹਮਣੇ ਲਿਆਂਦਾ ਉਥੇ ਉਸਨੇ ਸਿੱਖ ਧਰਮ ਵਿਚ ਉਸਦੇ ਪੂਰਨ ਵਿਸ਼ਵਾਸ਼ ਅਤੇ ਬਾਣੀ ਦੇ ਅਸਲ ਉਦੇਸ਼ ਦੀ ਪੈਰਵੀ ਕਰਨ ਵਾਲੇ ਰਾਹਗੀਰ ਦੇ ਤੌਰ ਤੇ ਵੀ ਪੇਸ਼ ਕੀਤਾ ਹੈ।

ਇਸ ਕਹਾਣੀ ਵਿਚ ਇਕ ਹੋਰ ਗੱਲ ਜੋ ਬਹਿਸ ਦਾ ਵਿਸ਼ਾ ਬਣੀ ਉਹ ਹੈ ਬਾਹਰੀ ਸਿੱਖੀ ਸਰੂਪ। ਵੱਖ ਵੱਖ ਪਾਤਰਾਂ ਤੇ ਉਨ੍ਹਾਂ ਦੇ ਆਚਾਰ ਵਿਹਾਰ ਰਾਹੀਂ ਲੇਖਕ ਇਹ ਪ੍ਰਸ਼ਨ ਉਠਾਉਂਦਾ ਹੈ ਕਿ ਕੀ ਬਾਹਰੀ ਸਰੂਪ ਸਿੱਖੀ ਵਾਲਾ ਧਾਰਨ ਕਰਨ ਨਾਲ ਜਾਂ ਨਿਤਨੇਮ ਗੁਰੂ ਘਰ ਹਾਜ਼ਰੀ ਲਵਾਉਣ ਨਾਲ ਸਿੱਖ ਨਹੀਂ ਬਣ ਸਕਦਾ। ਲੇਖਕ ਮਾਸਟਰ ਵਿਨੋਦ ਕੁਮਾਰ ਦੇ

ਵਾਰਤਾਲਾਪ ਰਾਹੀਂ ਉਹ ਇਸ ਧਾਰਨਾ ਨੂੰ ਤੋੜਦਾ ਹੈ। ਉਸ ਮੁਤਾਬਿਕ ਅਸਲ ਸਿੱਖ ਉਹ ਹੈ ਜੋ ਸਿੱਖੀ ਦੇ ਮੂਲ ਸਿਧਾਂਤਾ ਮੁਤਾਬਕ ਆਪਣੇ ਵਿਹਾਰ ਨੂੰ ਢਾਲਦਾ ਹੋਇਆ ਜ਼ੁਲਮ ਕਰਨ ਤੇ ਜ਼ੁਲਮ ਸਹਿਣ ਨੂੰ ਮਹਾਂਪਾਪ ਸਮਝਦਾ ਹੋਇਆ ਆਵਾਮ ਨੂੰ ਜ਼ੁਲਮ ਖਿਲਾਫ ਖੜ੍ਹੇ ਹੋਣ ਲਈ ਪ੍ਰੇਰਿਤ ਕਰਦਾ ਹੈ। ਪ੍ਰੰਤੂ ਧਾਰਮਿਕ ਦਹਿਸ਼ਤਗਰਦੀ ਵਾਲੇ ਮਾਹੌਲ ਅੰਦਰ ਮਾਸਟਰ ਵਿਨੋਦ ਕੁਮਾਰ ਨੂੰ ਇਨਸਾਨੀਅਤਹੀਣ ਜਾਂ ਆਦਮੀਅਤਹੀਣ ਮਾਨਵੀ ਸੰਵੇਦਨਾ ਨੇ ਆਪਣੇ ਮੁਲਕ ਅੰਦਰ ਹੀ ਪਰਾਇਆ ਕਰ ਦਿੱਤਾ।

> "ਪੰਜਾਂ ਕੁ ਸਾਲਾਂ ਵਿਚ ਹੀ ਉਸਨੂੰ ਲੱਗਣ ਲੱਗ ਪਿਆ ਸੀ ਜਿਵੇਂ ਹਿੰਦੁਸਤਾਨ ਉਹ ਹਿੰਦੁਸਤਾਨ ਨਾ ਰਿਹਾ ਹੋਵੇ ਜਿਸਦੀ ਗੱਲ ਬਾਬੇ ਨਾਨਕ ਨੇ ਬਾਬਰ ਬਾਣੀ ਵਿਚ ਕੀਤੀ ਸੀ, ਜਿਹੜਾ ਹਿੰਦੁਸਤਾਨ ਲੋਕਾਂ ਦੇ ਹਿੱਸੇ ਦਾ ਹਿੰਦੁਸਤਾਨ ਸੀ। ਉਹੋ! ਕਿੱਥੇ ਗਿਆ ਸਾਡੇ 'ਹਿੱਸੇ ਦਾ ਹਿੰਦੁਸਤਾਨ'। ਉਹ ਬਾਬਰ ਤਾਂ ਬੀਤੇ ਦੀ ਗੱਲ ਹੋ ਗਿਆ ਸੀ, ਹੁਣ ਤਾਂ ਧਰਮ ਦੇ ਨਾਂ 'ਤੇ ਹੀ ਭਗਵੇਂ ਬਾਬਰ ਪੈਦਾ ਹੋ ਰਹੇ ਸਨ।"

ਮਾਸਟਰ ਵਿਨੋਦ ਕੁਮਾਰ ਦੇ ਪਾਤਰ ਰਾਹੀਂ ਲੇਖਕ ਨੇ ਸਿਸਮਟ ਵਿਰੁੱਧ ਆਵਾਜ਼ ਉਠਾਉਣ ਲਈ ਲੇਖਕਾਂ, ਬੁੱਧੀਜੀਵੀਆਂ ਨੂੰ ਪ੍ਰੇਰਿਤ ਕੀਤਾ ਹੈ ਕਿ ਦੇਸ਼ ਦੀ ਰਾਜਨੀਤੀ ਉਪਰ ਇਕ ਖਾਸ ਤਬਕਾ ਹਰ ਜਾਇਜ਼-ਨਜਾਇਜ਼ ਹੱਥਕੰਢੇ ਵਰਤਦਿਆਂ ਹਾਵੀ ਹੋ ਕੇ ਮੁਲਕ ਨੂੰ ਸਿਰਫ਼ ਇਕੋ ਭਗਵੇਂ ਰੰਗ ਵਿਚ ਰੰਗਣ ਲਈ ਯਤਨਸ਼ੀਲ ਹੈ। ਸੋ ਜਨਤਾ ਦੀ ਜ਼ਮੀਰ ਨੂੰ ਜਗਾਉਣ ਲਈ ਅਤੇ ਅੰਨ੍ਹੀ ਰੱਈਅਤ ਨੂੰ ਸੁਰਤ ਸੰਭਾਲਣ ਲਈ ਲੇਖਕਾਂ ਬੁੱਧੀਜੀਵੀਆਂ ਨੂੰ ਅੱਗੇ ਆਉਣਾ ਪਵੇਗਾ।

ਸੋ ਸਮੁੱਚੇ ਤੌਰ ਤੇ 'ਸਾਡੇ ਹਿੱਸੇ ਦਾ ਹਿੰਦੁਸਤਾਨ' ਕਹਾਣੀ ਰਾਹੀਂ ਅਤਰਜੀਤ ਨੇ ਅੱਜ ਦੇ ਮਾਹੌਲ ਵਿਚ ਕੱਟੜਵਾਦੀ ਹਕੂਮਤ ਦਾ ਅਤੇ ਹਿੰਦੂਤਵੀ ਅਤਿਵਾਦ ਦੇ ਘਿਨੌਣੇ ਕਾਰਿਆਂ ਨੂੰ ਅੰਜ਼ਾਮ ਦੇਣਾ ਕੱਟੜਪੰਥੀ ਮਨੂਵਾਦੀ ਸੋਚ ਦੇ ਧਾਰਨੀ ਹੀ ਕਰ ਸਕਦੇ ਹਨ ਆਮ ਹਿੰਦੂ ਲੋਕ ਨਹੀਂ। ਆਸਾਮ ਪਹਿਲਾ ਨਰਕੀ ਰਾਜ ਬਣ ਕੇ ਸਾਹਮਣੇ ਆਇਆ ਹੈ ਜਿੱਥੇ ਲੱਖਾਂ ਦੀ ਗਿਣਤੀ ਵਿਚ ਉਹ ਲੋਕ ਜੋ ਸਦੀਆਂ ਤੋਂ ਮਿਹਨਤ ਮਜ਼ਦੂਰੀ ਕਰਕੇ ਜੀਵਨ ਬਤੀਤ ਕਰਦੇ ਆ ਰਹੇ ਸਨ, ਕੋਈ ਲਿਖਤੀ ਸਬੂਤ ਨਾ ਹੋਣ ਕਰਕੇ ਬੰਦੀ ਬਣੇ ਰਹੇ ਹਨ। ਇਨ੍ਹਾਂ ਹਾਲਾਤਾਂ ਦਾ ਵਿਰੋਧ ਕਰਨ ਵਾਲਾ ਹਰ ਅਮਨ ਪਸੰਦ ਨਾਗਰਿਕ, ਜਮਹੂਰੀ ਪਸੰਦ ਬੁੱਧੀਜੀਵੀ, ਤਰਕਸ਼ੀਲ ਵਿਚਾਰਾਂ ਦੇ ਧਾਰਨੀ, ਖੱਬੀ ਸੋਚ ਰੱਖਣ ਵਾਲੇ ਲੇਖਕ, ਵਿਦਵਾਨ, ਵਕੀਲ, ਪੱਤਰਕਾਰ ਆਦਿ ਸਭ ਨੂੰ ਮਾਓਵਾਦੀ ਜਾਂ ਸ਼ਹਿਰੀ ਨਕਸਲੀ ਦੇ ਲਕਬ ਦੇਕੇ ਭਗਵੀਂ ਰਾਜਨੀਤੀ ਦਾ ਸ਼ਿਕਾਰ ਬਣਾਇਆ ਗਿਆ। ਤਾਨਾਸ਼ਾਹੀ ਸੱਤਾ ਦੇ ਕਾਲੇ ਮਨਸੂਬਿਆਂ ਦਾ ਵਿਰੋਧ ਕਰਨ ਤੇ ਜੇਲ੍ਹਾਂ ਵਿੱਚ ਸੁੱਟੇ ਗਏ। ਸੋ ਅਤਰਜੀਤ ਨੇ ਭੀੜ ਤੰਤਰ ਦੁਆਰਾ ਕੀਤੀਆਂ ਹੱਤਿਆਵਾਂ, ਗਊ ਦੇ ਨਾਂ ਤੇ ਦਲਿਤਾਂ ਉਪਰ ਕੀਤੇ ਅੱਤਿਆਚਾਰਾਂ, ਧਾਰਮਿਕ ਕੱਟੜਤਾ, ਸੰਕੀਰਣਤਾ, ਅਸਹਿਣਸ਼ੀਲਤਾ ਨੂੰ ਬੇਬਾਕੀ ਨਾਲ ਪੇਸ਼ ਕਰਦਿਆਂ ਭਗਵੇਂ ਤੰਤਰ ਦੁਆਰਾ ਦਹਿਸ਼ਤੀ ਮਾਹੌਲ ਪੈਦਾ ਕਰਕੇ ਬੁੱਧੀਜੀਵੀਆਂ ਦੀ ਜੋ ਜ਼ੁਬਾਨਬੰਦੀ ਕੀਤੀ ਹੈ

**ਦੇਖੋ ਪੰਨਾ ਨੰ.76**



## ਭਾਰਤ ਰਤਨ: ਪੂੰਜੀਵਾਦ ਤੇ ਸਮਕਾਲੀ ਸਿਆਸਤ ਦਾ ਸਮਨਵੈ

**-ਪਰਗਟ ਸਿੰਘ ਬਰਾੜ**

ਗੁਰਦੇਵ ਰੁਪਾਣਾ ਪੰਜਾਬੀ ਸਾਹਿਤ ਵਿਚ ਇਕ ਸਥਾਪਤ ਹਸਤਾਖਰ ਹੈ। ਗੁਰਦੇਵ ਰੁਪਾਣਾ ਲਗਪਗ ਪੰਜ ਦਹਾਕਿਆਂ ਤੋਂ ਪੰਜਾਬੀ ਸਾਹਿਤ ਵਿਚ ਸਰਗਰਮ ਹੈ। ਉਸ ਨੇ 6 ਕਹਾਣੀ ਸੰਗ੍ਰਹਿ ਅਤੇ ਤਿੰਨ ਨਾਵਲ ਪੰਜਾਬੀ ਪਾਠਕਾਂ ਦੀ ਝੋਲੀ ਵਿਚ ਪਾਏ ਹਨ। ਰੁਪਾਣੇ ਨੇ ਇਕ ਨਾਵਲਿਟ 'ਗੋਰੀ' ਵੀ ਪੰਜਾਬੀ ਸਾਹਿਤ ਨੂੰ ਦਿੱਤਾ ਹੈ ਜਿਸਦਾ 25ਵਾਂ ਸੰਸਕਰਨ ਛਪ ਕੇ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਗਿਆ ਹੈ। ਅਕਸਰ ਹੀ ਪੰਜਾਬੀ ਦੇ ਸੰਮੇਲਨਾਂ, ਸਮਾਗਮਾਂ, ਵਿਚਾਰ ਗੋਸ਼ਟੀਆਂ ਆਦਿ ਵਿਚ ਕਿਹਾ ਜਾਂਦਾ ਹੈ ਕਿ ਪੰਜਾਬੀ ਦਾ ਪਾਠਕ ਵਰਗ ਘੱਟ ਰਿਹਾ ਹੈ। ਪੰਜਾਬੀ ਸਾਹਿਤ ਅਤੇ ਸਾਹਿਤਕਾਰ ਨੂੰ ਪਾਠਕ ਤਿਆਰ ਕਰਨ ਅਤੇ ਪਾਠਕ ਨਾਲ ਜੁੜਨ ਦੀ ਲੋੜ ਹੈ। ਅਜਿਹੇ ਹਾਲਤਾਂ ਦੇ ਬਾਵਜੂਦ 'ਗੋਰੀ' ਨਾਵਲਿਟ ਦਾ 25ਵਾਂ ਸੰਸਕਰਨ ਛਪਣਾ ਹੀ ਗੁਰਦੇਵ ਰੁਪਾਣਾ ਤੇ ਗੋਰੀ ਦੀ ਪ੍ਰਾਪਤੀ ਹੈ। ਗੁਰਦੇਵ ਅਜਿਹਾ ਕਥਾਕਾਰ ਹੈ ਜੋ ਰੋਜ਼ਮੱਰਾ ਦੇ ਜੀਵਨ ਦੀਆਂ ਘਟਨਾਵਾਂ, ਗੱਲਾਂ, ਪਿਆਰ ਤੇ ਸਾੜੇ ਵਾਲੇ ਆਮ ਜਿਹੇ ਪਾਤਰਾਂ ਨੂੰ ਕਥਾ ਦਾ ਵਿਸ਼ਾ ਬਣਾਉਂਦਾ ਹੈ ਅਤੇ ਉਹਨਾਂ ਦੇ ਰਾਹੀਂ ਸਧਾਰਨਤਾ ਤੋਂ ਪਾਰ ਅਰਥ ਸਿਰਜਣ ਦੀ ਸਮਰੱਥਾ ਰੱਖਦਾ ਹੈ।

ਹੱਥਲੇ ਪਰਚੇ ਵਿਚ ਅਸੀਂ ਗੁਰਦੇਵ ਰੁਪਾਣਾ ਦੀ ਪੰਜਾਬੀ ਪਤ੍ਰਿਕਾ 'ਹੁਣ' ਵਿਚ ਛਪੀ ਕਹਾਣੀ 'ਭਾਰਤ ਰਤਨ' ਬਾਰੇ ਵਿਚਾਰ ਚਰਚਾ ਕਰਾਂਗੇ। ਸਿਰਲੇਖ ਤੋਂ ਸਾਨੂੰ ਕਹਾਣੀ ਦੇ ਪਾਤਰ ਪ੍ਰਧਾਨ ਹੋਣ ਬਾਰੇ ਸੰਕੇਤ ਮਿਲ ਜਾਂਦਾ ਹੈ। ਜਿੱਥੇ ਸਿਰਲੇਖ ਕਹਾਣੀ ਦੀ ਬਣਤਰੀ ਸ਼ੈਲੀ ਬਾਰੇ ਸੋਝੀ ਕਰਵਾਉਂਦਾ ਹੈ, ਉਥੇ ਹੀ 'ਭਾਰਤ ਰਤਨ' ਆਪਣੇ ਆਪ ਵਿਚ ਬਹੁ ਅਰਥੀ ਹੋਣ ਦੀ ਪ੍ਰਤੀਤੀ ਵੀ ਕਰਵਾਉਂਦਾ ਹੈ। ਕਹਾਣੀ ਦੇ ਕੇਂਦਰੀ ਪਾਤਰ ਰਤਨ ਦਾ ਆਪਣਾ ਨਾਂ ਭਾਰਤ ਰਤਨ ਰੱਖਣਾ ਵਾਸਤਵ ਵਿਚ ਸਮਕਾਲੀਨ ਭਾਰਤੀ ਸਤ੍ਹਾ ਦੇ ਖੋਖਲੇਪਣ 'ਤੇ ਵਿਅੰਗ ਕਰਦਾ ਹੈ ਅਤੇ ਕਿਸੇ ਰਾਸ਼ਟਰ ਤੇ ਸਮਾਜ ਦੀ ਕੇਂਦਰੀ ਚੂਲ ਵਲ ਇਸ਼ਾਰਾ ਕਰਦਾ ਹੈ। ਕੋਈ ਵੀ ਰਾਸ਼ਟਰ ਤੇ ਸਮਾਜ ਸਿਰਫ਼ ਭੂਗੋਲਿਕ ਹੱਦਾਂ, ਹਕੂਮਤ, ਪ੍ਰਸ਼ਾਸ਼ਨ, ਰਾਜਨੀਤਕ ਪਾਰਟੀਆਂ ਆਦਿ ਨਾਲ ਨਹੀਂ ਬਣਦਾ ਬਲਕਿ ਰਾਸ਼ਟਰ ਉਸਦੀ ਰੱਈਅਤ ਨਾਲ ਬਣਦਾ ਹੈ ਅਤੇ ਲੋਕਾਂ ਦੇ ਸਮਾਜਕ, ਆਰਥਿਕ, ਭਾਸ਼ਾਈ, ਵਿਗਿਆਨਕ, ਤਕਨੀਕੀ, ਰਾਜਨੀਤਕ, ਮਾਨਸਿਕ ਤੇ ਸਭਿਆਚਾਰਕ ਵਿਕਾਸ ਨਾਲ ਰਾਸ਼ਟਰ ਤੇ ਸਮਾਜ ਵਿਕਾਸ ਕਰਦੇ ਹਨ।

ਕਹਾਣੀ ਦਾ ਕੇਂਦਰੀ ਪਾਤਰ ਰਤਨ ਆਪਣੇ ਗੁਜ਼ਾਰੇ ਲਈ ਪਿੰਡ ਦੀ ਹੱਡਾਰੋੜੀ ਵਿਚੋਂ ਹੱਡੀਆਂ ਇਕੱਠੀਆਂ ਕਰਕੇ ਵੇਚਣ ਦਾ ਕੰਮ ਕਰਦਾ ਹੈ। ਹਾਲਾਂਕਿ ਹੱਡਾਰੋੜੀ ਦਾ ਪ੍ਰਬੰਧ ਵੀ ਠੇਕੇ ਅਧੀਨ ਹੈ। ਇਸ ਲਈ ਉਹ ਹੱਡੀਆਂ ਚੋਰੀ ਕਰਕੇ ਵੇਚਦਾ ਹੈ ਅਤੇ ਆਪਣੀ ਪਤਨੀ ਵਲੋਂ ਰੋਕਣ 'ਤੇ ਉਹ ਹੱਡੀਆਂ ਦੀ ਚੋਰੀ ਨੂੰ ਛੁਟਿਆਉਂਦਾ ਹੋਇਆ ਆਖਦਾ ਹੈ ਕਿ ਇਹੀ ਚੋਰੀ ਹੈ ਜਿਸ 'ਤੇ ਕੋਈ ਰਿਪੋਰਟ ਦਰਜ ਨਹੀਂ ਕਰਵਾਉਂਦਾ ਤੇ ਨਾ ਹੀ ਇਸ ਵਲ ਕੋਈ ਉਚੇਚਾ ਧਿਆਨ ਦਿੰਦਾ ਹੈ। ਵਾਸਤਵ ਵਿਚ ਕਹਾਣੀਕਾਰ ਕਾਰਪੋਰੇਟ ਘਰਾਣਿਆਂ ਦੁਆਰਾ ਲੋਕਾਂ ਦੀਆਂ ਹੱਡੀਆਂ ਤਕ ਚੂੰਡ ਲੈ ਜਾਣ ਵਲ ਇਸ਼ਾਰਾ ਕਰਦਾ ਹੈ। 1991 ਈ. ਤੋਂ ਵਿਸ਼ਵੀਕਰਣ ਦੇ ਪ੍ਰਭਾਵ ਸਦਕਾ ਪੂੰਜੀਵਾਦ ਬੜੀ ਤੇਜ਼ੀ ਨਾਲ ਆਪਣੇ ਪੈਰ ਪਾਸਾਰ ਰਿਹਾ ਹੈ। ਕਾਰਪੋਰੇਟ

ਵਰਗ ਬਾਜ਼ਾਰ ਤੇ ਵਿਗਿਆਪਨ ਦੇ ਰਾਹੀਂ ਲੋਕਾਂ ਲਈ ਸੁਪਨਿਆਂ ਦਾ ਮਾਇਆਜਾਲ ਬੁਣਦਾ ਹੈ ਅਤੇ ਸਮਾਜ ਦਾ ਮੱਧਵਰਗ ਤੇ ਹੇਠਲਾ ਤਬਕਾ ਕਾਰਪੋਰੇਟ ਵਰਗ ਦੁਆਰਾ ਪੈਦਾ ਕੀਤੇ ਤਲਿੱਸਮ ਵਿਚ ਉਲਝਦਾ ਜਾ ਰਿਹਾ ਹੈ। ਕਹਾਣੀ ਵਿਚ ਝੁੱਗੀਆਂ ਦੀ ਜਗ੍ਹਾ ਖਾਲੀ ਕਰਵਾ ਕੇ, ਉੱਥੇ ਬਹੁ ਮੰਜ਼ਲੀ ਮਾੱਲ ਉਸਾਰਣਾ ਕਾਰਪੋਰੇਟ ਜਗਤ ਦੇ ਇਸ ਮਾਇਆਜਾਲ ਦਾ ਪਰਦਾ ਚਾਕ ਕਰਦਾ ਹੈ। ਵਾਸਤਵ ਵਿਚ ਪੂੰਜੀਵਾਦ ਤੇ ਵਿਸ਼ਵੀਕਰਣ ਦੇ ਵਰਤਾਰਿਆਂ ਤੋਂ ਕੋਈ ਸਮਾਜ ਅਛੂਤਾ ਨਹੀਂ ਰਹਿ ਸਕਦਾ ਬਲਕਿ ਉਸ ਬਾਰੇ ਸੋਝੀ ਪ੍ਰਾਪਤ ਕਰਕੇ ਉਹਦੇ ਪ੍ਰਭਾਵ ਨੂੰ ਸਕਾਰਤਮਕ ਬਣਾਇਆ ਜਾ ਸਕਦਾ ਹੈ। ਅਸਲ ਵਿਚ ਵਿਸ਼ਵੀਕਰਣ ਕੀ ਹੈ? ਕਿਵੇਂ ਕੰਮ ਕਰਦਾ ਹੈ? ਕੀ ਇਸ ਨੂੰ ਰੋਕਿਆ ਜਾ ਸਕਦਾ ਹੈ? ਇਸ ਨੂੰ ਸਮਝਣ ਲਈ ਡਾ. ਸਰਦਾਰਾ ਸਿੰਘ ਜੌਹਲ ਦੀ ਟਿੱਪਣੀ ਧਿਆਨ ਮੰਗਦੀ ਹੈ। ਨਮੂਨਾ ਵੇਖੋ :

> ਕੌਮਾਂਤਰੀ ਆਰਥਕ, ਸਮਾਜਕ ਅਤੇ ਸਭਿਆਚਾਰਕ ਅਦਾਨ-ਪ੍ਰਦਾਨ ਇਕ ਅਜਿਹੀ ਹਕੀਕਤ ਹੈ ਅਤੇ ਇਹ ਪ੍ਰਗਤੀਸ਼ੀਲ ਕਿਰਿਆ ਹੈ ਜਿਸਨੂੰ ਰੋਕਿਆ ਨਹੀਂ ਜਾ ਸਕਦਾ, ਸਿਰਫ਼ ਸੱਚ ਦੀ ਸੇਧ ਦਿੱਤੀ ਜਾ ਸਕਦੀ ਹੈ ਅਤੇ ਇਸਨੂੰ ਸਾਰਥਕ ਬਣਾਇਆ ਜਾ ਸਕਦਾ ਹੈ। ਜਿਹਨਾਂ ਇਸ ਪ੍ਰਕਿਰਿਆ ਨੂੰ ਰੋਕਿਆ ਜਾਵੇਗਾ, ਜਿੰਨ੍ਹਾਂ ਸਮਾਜ ਅਤੇ ਆਰਥਿਕਤਾ ਨੂੰ ਇਕ ਕਕੂਨ ਵਾਂਗੂੰ ਵਲੇਟਿਆ ਜਾਵੇਗਾ, ਉਨ੍ਹਾਂ ਹੀ ਇਹ ਅਸੰਤੁਸ਼ਟਤਾ ਦੀ ਬਲੀ ਚੜ੍ਹੇਗਾ।1

ਕਹਾਣੀ ਦਾ ਪਾਤਰ ਚੌਧਰੀ ਮਲਿਕ ਬੁਰਜੂਆ ਸ਼੍ਰੇਣੀ ਦੇ ਪ੍ਰਤੀਨਿਧੀ ਵਜੋਂ ਅਗਰਭੂਮੀ ਵਿਚ ਵਿਚਰਦਾ ਹੈ। ਉਹ ਰਤਨ ਨਾਲ ਉਲਝਦਾ ਹੈ ਅਤੇ ਉਹਦੇ ਜੁੱਤੀਆਂ ਮਾਰਨ ਦੀ ਧਮਕੀ ਦਿੰਦਾ ਹੈ। ਪਰ ਰਤਨਾ ਜੋ ਆਮ ਰੱਈਅਤ ਦਾ ਪ੍ਰਤੀਨਿਧੀ ਵਜੋਂ ਕਿਰਿਆਸ਼ੀਲ ਹੈ, ਮਲਿਕ ਤੋਂ ਡਰਨ ਦੀ ਥਾਂਵੇਂ ਉਹ ਉਸਦਾ ਦਲੇਰੀ ਨਾਲ ਸਾਹਮਣਾ ਕਰਦਾ ਹੈ। ਉਸ ਲਈ ਸ਼ੋਸ਼ਣ ਹੋਣਾ ਕੋਈ ਅਲੋਕਾਰੀ ਘਟਨਾ ਨਹੀਂ ਪਰ ਉਸ ਵਲੋਂ ਕੀਤਾ ਪਲਟਵਾਰ ਬੁਰਜੂਆ ਸ਼੍ਰੇਣੀ ਦੇ ਵੱਕਾਰ 'ਤੇ ਭਾਰੀ ਚੋਟ ਹੋਵੇਗਾ। ਇਸ ਨੂੰ ਵਰਤਮਾਨ ਕਿਸਾਨੀ ਸੰਘਰਸ਼ ਦੇ ਸਮਵਿਥ ਰੱਖ ਕੇ ਵਾਚਿਆ ਤੇ ਸਮਝਿਆ ਜਾ ਸਕਦਾ ਹੈ। ਭਾਰਤ ਰਤਨ ਦਾ ਹੱਡੀਆਂ ਦਾ ਕੰਮ ਕਰਨਾ, ਗਰੀਬੀ ਵਿਚ ਰਹਿਣਾ, ਝੁੱਗੀਆਂ ਵਿਚ ਰਹਿਣਾ ਤੇ ਫਿਰ ਰੇਲਵੇ ਦੀ ਸਰਕਾਰੀ ਜ਼ਮੀਨ 'ਤੇ ਆਪਣੇ ਸੁਪਨਿਆਂ ਦਾ ਘਰ ਬਣਾਉਣਾ ਜੋ ਸਿਰਫ਼ ਕਾਲਪਨਿਕ ਪੱਧਰ 'ਤੇ ਹੀ ਹੈ ਅਤੇ ਵਾਸਤਵ ਵਿਚ ਉਹ ਘਰ ਕਬਾੜ ਦੀਆਂ ਵਸਤਾਂ ਨਾਲ ਭਰਿਆ ਹੈ, ਸਮਾਜ ਵਿਚ ਪਰੋਲੇਤਾਰੀ ਸ਼੍ਰੇਣੀ ਦੀ ਸਮਾਜਕ, ਆਰਥਿਕ, ਰਾਜਨੀਤਕ, ਮਨੋਵਿਗਿਆਨਕ ਤੇ ਸਭਿਆਚਾਰਕ ਸਥਿਤੀ ਨੂੰ ਚਿਤਰਪਟ 'ਤੇ ਉਘਾੜਦਾ ਹੈ। ਨਮੂਨਾ ਵੇਖੋ:

> "ਇਸ ਵਾਰ ਰਤਨ ਨੇ 'ਵੱਡਾਘਰ' ਬਣਾਉਣ ਦੀ ਵਿਉਂਤ ਕੀਤੀ। ਰਤਨ ਨੇ ਲੰਮਾ ਚੌੜਾ ਘੇਰ ਵਲ਼ਿਆ। ਸਰਕੰਡੇ ਦੀਆਂ ਦੀਵਾਰਾਂ ਕੀਤੀਆਂ। ਉਸਨੇ ਵਲੇ ਹੋਏ ਘੇਰ ਨੂੰ ਕਮਰਿਆਂ ਵਿਚ ਤਕਸੀਮ ਕਰ ਦਿੱਤਾ। ਸੌਣ ਦਾ ਕਮਰਾ, ਬੈਠਕ, ਬੱਚਿਆਂ ਦਾ ਕਮਰਾ, ਰਸੋਈ, ਗੁਸਲਖਾਨਾ ਅਤੇ ਇਕ ਕਮਰਾ ਆਪਣੀ ਖੋਤੀ ਰਾਣੀ ਦਾ। ...ਇਹ ਸਾਰੇ ਕਮਰੇ ਸਜੇ ਹੋਏ ਸਨ, ਫਰਨੀਚਰ ਨਾਲ, ਪਲੰਘਾਂ ਨਾਲ, ਕੁਰਸੀਆਂ, ਸੋਫ਼ੇ ਆਦਿ ਨਾਲ। ਭਰ ਸਭ ਦੇ ਸਭ ਟੁੱਟੇ ਭੱਜੇ। ...ਘਰ ਦਾ ਇਹ



> ਸਮਾਨ ਰਤਨ ਦੀਆਂ ਉਸ ਵੇਲੇ ਦੀਆਂ ਯਾਦਾਂ ਸਨ ਜਦ ਉਹ ਕਬਾੜੀ ਦਾ ਕੰਮ ਕਰਿਆ ਕਰਦਾ ਸੀ।"2

ਰਤਨ ਬਾਰੂ ਨਾਲ ਮਿਲ ਕੇ ਹੱਡੀਆਂ ਦੇ ਕਾਰੋਬਾਰ ਨੂੰ ਵੱਡਾ ਕਰਨ ਦਾ ਵਿਚਾਰ ਬਣਾਉਂਦਾ ਹੈ। ਪਰ ਬਾਰੂ ਇਸ ਕਾਰੋਬਾਰ ਦੇ ਵੱਡਾ ਕਰਨ ਜਾਂ ਇਸ ਤੋਂ ਕਮਾਈ ਕਰਕੇ ਆਪਣਾ ਕੋਈ ਇੱਜ਼ਤਦਾਰ ਕਿੱਤਾ ਸ਼ੁਰੂ ਕਰਨ ਦੀ ਜਗਿਆਸਾ ਨਹੀਂ ਦਿਖਾਉਂਦਾ। ਸਗੋਂ ਉਹ ਇਸ ਕਾਰੋਬਾਰ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਕਿਹੜਾ ਰਾਹ ਅਪਣਾਇਆ ਜਾਵੇ, ਦਾ ਸਵਾਲ ਖੜ੍ਹਾ ਕਰਦਾ ਹੈ। ਰਤਨਾ ਸ਼ਹਿਰ ਵਿਚ ਮੈਰਿਜ ਪੈਲਿਸਾਂ ਵਿਚਲੇ ਵਿਆਹਾਂ ਵਿਚ ਵਰਤੇ ਜਾਂਦੇ ਮੀਟ ਵਲ ਇਸ਼ਾਰਾ ਕਰਦਾ ਹੈ ਕਿ ਏਨਾ ਮੀਟ ਵਿਆਹਾਂ ਵਿਚ ਕਿੱਥੋਂ ਆ ਜਾਂਦਾ ਹੈ? ਉਹ ਬੱਕਰੇ ਦੀ ਥਾਂ ਵੱਢੇ ਜਾਂਦੇ ਵਿਦੇਸ਼ੀ ਗਾਵਾਂ ਤੇ ਵੱਛਿਆਂ ਦੇ ਕਾਰੋਬਾਰ ਨੂੰ ਨੰਗਾ ਕਰਦਾ ਹੈ। ਬਾਰੂ ਵਲੋਂ ਗਾਂ ਦੇ ਚੱਕਰ ਵਿਚ ਹੋ ਰਹੀਆਂ ਹਿੰਸਕ ਭੀੜ ਵਲੋਂ ਹੱਤਿਆਵਾਂ ਵਲ ਸੰਕੇਤ ਕੀਤਾ ਜਾਂਦਾ ਹੈ ਤਾਂ ਰਤਨਾ ਵਿਦੇਸ਼ੀ ਤੇ ਦੇਸ਼ੀ (ਮਾਂ) ਗਾਵਾਂ ਵਿਚਲੇ ਅੰਤਰ ਨੂੰ ਸਪੱਸ਼ਟ ਕਰ, ਸੱਤ੍ਹਾਧਾਰੀ ਪਾਰਟੀਆਂ ਦੀ ਖੋਖਲੀ ਤੇ ਫ਼ਿਰਕੂ ਧਾਰਮਿਕ ਰਾਜਨੀਤੀ ਨੂੰ ਪ੍ਰਤੱਖ ਕਰਦਾ ਹੋਇਆ ਵਿਅੰਗ ਕਰਦਾ ਹੈ। ਨਮੂਨਾ ਵੇਖੋ :

> " 'ਮਰੀਕੀ ਵੱਛੇ ਤੇ ਗਾਵਾਂ ਵੇਖੇ ਹੋਣਗੇ ਅਵਾਰਾ ਫਿਰਦੇ। ਫ਼ਸਲਾਂ ਉਜਾੜਦੇ। ...ਇਹ ਡੰਗਰ ਨਹੀਂ। ਨੋਟ ਨੇ ਨਿਰੇ ਨੋਟ। ...ਆਪਾਂ ਮੀਟ ਵੇਚਿਆ ਕਰਾਂਗੇ ਪੈਲੇਸ ਵਾਲਿਆਂ ਨੂੰ। **ਹੱਡੀਆਂ** ਤੇਰੀ ਟਾਲ 'ਤੇ ਖੱਲਾਂ ਟੈਨਰੀ ਵਾਲਿਆਂ ਨੂੰ।"
> "ਹੁਣ ਆਪਾਂ ਗਊਆਂ ਵੱਢਿਆ ਕਰਾਂਗੇ? ... ਮੈਂ ਬਣਦਾ ਨਰਕਾਂ ਦਾ ਭਾਗੀ! ... ਨਹੀਂ। ......ਗਊਸ਼ਾਲਾ ਵਾਲੇ ਜਿਉਂਦਿਆਂ ਨੂੰ ਸਾੜ ਦੇਣਗੇ। ... ਗਊ ਨੂੰ ਮਾਤਾ ਸਮਝਿਆ ਜਾਂਦਾ ਏਥੇ।" ਬਾਰੂ ਬੋਲਿਆ।
> "ਇਹ ਉਹ ਗਊਆਂ ਨਹੀਂ-ਮਾਤਾ ਵਾਲੀਆਂ ਗਊਆਂ, ਇਹ 'ਮਰੀਕੀ ਐ....ਵੱਧ ਤੋਂ ਵੱਧ ਆਂਟੀ ਕਹਿ ਲੈ।" ਰਤਨ ਨੇ ਕਿਹਾ।3

ਕਹਾਣੀ ਵਿਚ ਤੁਰਸ਼ੀ ਦਾ ਪਾਤਰ ਅਹਿਮ ਭੂਮਿਕਾ ਨਿਭਾਉਂਦਾ ਹੈ। ਉਹ ਢਾਬਿਆਂ 'ਤੇ ਟਰੱਕ ਡਰਾਇਵਰਾਂ ਲਈ ਕੁੜੀਆਂ ਸਪਲਾਈ ਕਰਨ ਦੀ ਦਲਾਲੀ ਤੋਂ ਲੈ ਕੇ ਸੇਠ ਲਈ ਚੁੰਗੀ ਉਗਰਾਉਣ ਦਾ ਕੰਮ ਕਰਦੀ ਹੈ। ਉਹ ਹੱਡੀਆਂ ਲੈ ਕੇ ਜਾ ਰਹੇ ਰਤਨੇ ਜੋ ਰਿਸ਼ਤੇ 'ਚ ਉਸਦਾ ਜੀਜਾ ਹੈ, ਤੋਂ ਵੀ ਚੁੰਗੀ ਵਸੂਲਣਾ ਚਾਹੁੰਦੀ ਹੈ। ਇਸ ਬਿਰਤਾਂਤ ਜ਼ਰੀਏ ਕਹਾਣੀਕਾਰ ਉੱਤਰ-ਆਧੁਨਿਕੀ ਸਮਾਜ ਵਿਚ ਰਿਸ਼ਤਿਆਂ ਦੀ ਬਦਲਦੀ ਵਿਆਕਰਣ ਨੂੰ ਪ੍ਰਸਤੁਤ ਕਰਦਾ ਹੈ। ਤੁਰਸ਼ੀ ਦੇ ਪਾਤਰ ਰਾਹੀਂ ਕਹਾਣੀਕਾਰ ਹਕੂਮਤ ਦੀ ਮਸ਼ੀਨਰੀ ਪੁਲਿਸ, ਟੋਲ ਪਲਾਜੇ, ਚੁੰਗੀ(ਟੈਕਸ) ਆਦਿ ਦੇ ਵਿਵਹਾਰ ਤੇ ਵਾਸਤਵਿਕ ਕਾਰਜ ਨੂੰ ਅਗਰਭੂਮੀ ਵਿਚ ਪੇਸ਼ ਕਰਦਾ ਹੈ। ਪੂੰਜੀਵਾਦੀ ਸਮਾਜ ਵਿਚ ਬੁਰਜੂਆ ਸ਼੍ਰੇਣੀ ਕਿਰਤੀ ਤੇ ਮਜ਼ਦੂਰ ਵਰਗ ਦਾ ਸਰਕਾਰੀ ਤੇ ਗੈਰ ਸਰਕਾਰੀ ਤੰਤਰ ਰਾਹੀਂ ਨਿਰੰਤਰ ਸ਼ੋਸ਼ਣ ਕਰਦੀ ਹੈ ਜੋ ਕਹਾਣੀ ਵਿਚ ਰਤਨ ਤੇ ਬਾਰੂ ਦੇ ਪਾਤਰਾਂ ਰਾਹੀਂ ਰੂਪਮਾਨ ਹੁੰਦਾ ਹੈ।

ਕਹਾਣੀ ਦੇ ਰੂਪਕ ਪੱਖ ਬਾਰੇ ਵਿਚਾਰ ਕਰੀਏ ਤਾਂ ਕਥਾ ਬੜੀਆਂ ਸਰਲ ਤੇ ਸਧਾਰਨ ਘਟਨਾਵਾਂ ਤੋਂ ਵੱਡ ਅਕਾਰੀ, ਬਹੁ ਪਰਤੀ ਤੇ ਬਹੁ ਪਾਸਾਰੀ ਅਰਥ ਸਿਰਜਣ ਵਲ ਅਗਰਸਰ ਹੈ

ਅਤੇ ਸਫ਼ਲ ਵੀ ਹੁੰਦੀ ਹੈ। ਕਹਾਣੀ ਲਕੀਰੀ ਬਿਰਤਾਂਤ 'ਤੇ ਸਹਿਜ ਚਾਲ ਚੱਲਦੀ ਪਾਠਕ ਨੂੰ ਉਂਗਲੀ ਫੜ ਆਪਣੇ ਨਾਲ ਤੋਰਦੀ ਹੈ। ਕਹਾਣੀ ਦੀ ਭਾਸ਼ਾ ਤੇ ਸੰਵਾਦ ਕਹਾਣੀ ਦੀ ਸਾਰਥਿਕਤਾ ਵਿਚ ਵਾਧਾ ਕਰਦੇ ਹਨ। ਗੁਰਦੇਵ ਰੁਪਾਣਾ ਦੀ ਵਿਸ਼ੇਸ਼ਤਾ ਹੈ ਕਿ ਉਹ ਸਮਕਾਲੀਨ ਸਮਾਜ ਦੀ ਨਬਜ਼ ਪਕੜਣ ਦਾ ਮਾਹਰ ਹੈ ਅਤੇ ਉਹ ਸਮਾਜ ਦੀਆਂ ਊਣਤਾਈਆਂ 'ਤੇ ਸਧਾਰਨਤਾ ਤੇ ਸਰਲਤਾ ਨਾਲ ਉਂਗਲੀ ਧਰਦਾ ਹੈ। ਰੁਪਾਣਾ 'ਭਾਰਤ ਰਤਨ' ਕਹਾਣੀ ਵਿਚ ਭਾਰਤੀ ਹਕੂਮਤ ਦੇ ਉਸਾਰੇ ਵੱਡ-ਅਕਾਰੀ, ਖੋਖਲੇ ਪ੍ਰਪੰਚਾਂ ਤੇ ਪ੍ਰਬੰਧ 'ਤੇ ਕਟਾਖਸ਼ ਕਰਦਾ ਹੈ। ਕਹਾਣੀਕਾਰ ਕਥਾ ਵਿਚ ਹਿੰਸਕ ਭਾਸ਼ਾ, ਹਿੰਸਕ ਬਿਰਤਾਂਤ ਉਸਾਰੇ ਬਗੈਰ ਤੇ ਹਿੰਸਕ ਘਟਨਾਵਾਂ ਸਿਰਜੇ ਬਗੈਰ ਤੱਤਕਾਲੀਨ ਹਕੂਮਤ ਦੀ ਹਿੰਸਕ, ਫਿਰਕੂ ਤੇ ਡਰ ਸਿਰਜਣ ਵਾਲੀ ਰਾਜਨੀਤੀ 'ਤੇ ਸਵਾਲ ਖੜ੍ਹਾ ਕਰਦਾ ਹੈ ਜੋ ਗੁਰਦੇਵ ਰੁਪਾਣਾ ਦੀ ਪ੍ਰਾਪਤੀ ਹੈ। ਗੁਰਦੇਵ ਰੁਪਾਣਾ ਦੀ ਸ਼ੈਲੀ ਹੈ ਕਿ ਉਹ ਕਹਾਣੀ ਨੂੰ ਰਸੀਲਾ ਤੇ ਰੌਚਿਕਤਾ ਭਰਪੂਰ ਬਣਾਉਣ ਲਈ ਸਨਸਨੀ ਨਹੀਂ ਸਿਰਜਦਾ ਅਤੇ ਰਾਜਨੀਤੀ ਵਰਗੇ ਨੀਰਸ ਵਿਸ਼ੇ ਨੂੰ ਸਰਲਤਾ, ਸਹਿਜਤਾ ਤੇ ਸੰਜੀਵਤਾ ਨਾਲ ਰਸ ਭਰਪੂਰ ਬਣਾਉਂਦਾ ਹੈ। ਰੁਪਾਣਾ ਦੀ ਕਲਾਤਮਕ ਪ੍ਰਾਪਤੀ ਹੈ ਕਿ ਉਹ ਕਹਾਣੀ ਨੂੰ ਗੁੰਝਲਦਾਰ ਬਣਾਏ ਬਿਨ੍ਹਾਂ ਸਧਾਰਨ ਮਨੁੱਖ ਦੀ ਸਧਾਰਨਤਾ ਜ਼ਰੀਏ ਬ੍ਰਹਿਮੰਡੀ ਯਥਾਰਥ ਦੀ ਸੋਝੀ ਕਰਵਾ ਜਾਂਦਾ ਹੈ। ਪਰ ਕਿਤੇ ਵੀ ਕਹਾਣੀ ਵਿਚ ਪਾਤਰਾਂ ਦੇ ਮੂੰਹ ਵਿਚ ਵਿਚਾਰਾਂ ਦੀ ਬੁਰਕੀ ਪਾਉਂਦਾ ਵਿਖਾਈ ਨਹੀਂ ਦਿੰਦਾ ਬਲਕਿ ਸਥਿਤੀਆਂ-ਪ੍ਰਸਥਿਤੀਆਂ ਤੇ ਹਾਲਤਾਂ ਰਾਹੀਂ ਪਾਤਰਾਂ ਵਿਚ ਚੇਤਨਾ ਦਾ ਪਾਸਾਰ ਹੁੰਦਾ ਹੈ ਅਤੇ ਉਹ ਆਪਣੀ ਹੋਣੀ ਨੂੰ ਬਦਲਣ ਲਈ ਚਿੰਤਨਸ਼ੀਲ ਤੇ ਕਿਰਿਆਸ਼ੀਲ ਹੁੰਦੇ ਹਨ। ਸਮਕਾਲ ਵਿਚ ਉਸਾਰੇ ਜਾ ਰਹੇ ਡਰ ਵਾਲੇ ਮਾਹੌਲ ਵਿਚ ਰੁਪਾਣਾ ਦੀ ਕਹਾਣੀ 'ਭਾਰਤ ਰਤਨ' ਸਾਹਿਤ ਦੀ ਭੂਮਿਕਾ ਨੂੰ ਪ੍ਰਤੱਖ ਕਰਦੀ ਹੈ।

**ਹਵਾਲੇ:-**


1) ਡਾ. ਸਰਦਾਰਾ ਸਿੰਘ ਜੌਹਲ, ਆਰਥਕ ਉਦਾਰੀਕਰਨ ਅਤੇ ਵਿਸ਼ਵੀਕਰਨ, ਸਮਾਜ ਵਿਗਿਆਨ ਪੱਤਰ, ਵਿਸ਼ੇਸ਼ ਅੰਕ 47-48-49, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ ਨੰ. 4।

2) ਹੁਣ, ਅੰਕ 44, ਮਹੀਨਾ ਜਨਵਰੀ-ਮਾਰਚ,2021, ਪੰਨਾ ਨੰ. 52-53।

3) ਉਹੀ, ਪੰਨਾ ਨੰ. 54।



ਪੰਜਾਬੀ ਵਿਭਾਗ,
ਬਾਬਾ ਫ਼ਰੀਦ ਕਾਲਜ, ਬਠਿੰਡਾ।
ਸੰਪ. 9803704201




## 'ਉਹ ਰਾਤ' ਪਰਵਾਸ ਅਤੇ ਸੁਪਨਿਆਂ ਦਾ ਟਕਰਾਓ


**-ਡਾ. ਰਜਨੀਸ਼ ਕੌਰ**


ਹਰਪ੍ਰੀਤ ਸੇਖਾ ਕੈਨੇਡੀਅਨ-ਪੰਜਾਬੀ ਲੇਖਕ ਹੈ। ਉਸ ਨੇ ਹੁਣ ਤੱਕ ਚਾਰ ਕਿਤਾਬਾਂ ਲਿਖੀਆਂ ਹਨ। ਉਸ ਦੇ ਤਿੰਨ ਕਹਾਣੀ ਸੰਗ੍ਰਹਿ 'ਬੀ ਜੀ ਮੁਸਕਰਾ ਪਏ' 'ਬਾਰਾਂ ਬੂਹੇ' 'ਪ੍ਰਿਜ਼ਮ'ਹਨ ਅਤੇ ਇਕ ਵਾਰਤਕ ਦੀ ਕਿਤਾਬ 'ਟੈਕਸੀਨਾਮਾ' ਹੈ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਜ਼ਿਆਦਾਤਰ ਪਰਵਾਸ ਧਾਰਨ ਤੋਂ ਬਾਅਦ ਆਉਂਦੀਆਂ ਮੁਸਕਿਲਾਂ ਤੋਂ ਪਾਠਕਾਂ ਨੂੰ ਰੂ-ਬ-ਰੂ ਕਰਵਾਉਂਦੀਆਂ ਹਨ। ਉਸ ਨੂੰ ਉਸ ਦੇ ਕਹਾਣੀ ਸੰਗ੍ਰਹਿ 'ਪ੍ਰਿਜ਼ਮ' ਲਈ ਸਾਲ 2018 ਦੇ ਦਸ ਹਜਾਰ ਕਨੇਡੀਅਨ ਡਾਲਰਦੂਜੇ ਸਥਾਨ ਦੇ 'ਢਾਹਾਂ ਇਨਾਮ' ਮਿਲਿਆ।

ਹਰਪ੍ਰੀਤ ਸੇਖਾ ਦਾ ਜਨਮ 18 ਨਵੰਬਰ 1967 ਵਿੱਚ ਮੋਗਾ ਜਿਲ੍ਹੇ ਦੇ ਪਿੰਡ ਸੇਖਾ ਵਿਖੇ ਹੋਇਆ। ਮਕੈਨੀਕਲ ਇੰਜੀਨੀਅਰਿੰਗ ਦਾ ਡਿਪਲੋਮਾ ਕਰਨ ਉਪਰੰਤ ਉਹ 20 ਸਾਲ ਦੀ ਉਮਰ ਵਿੱਚ 1988 ਈ. ਵਿੱਚ ਆਪਣੇ ਮਾਤਾ-ਪਿਤਾ ਨਾਲ ਕੈਨੇਡਾ ਚਲਾ ਗਿਆ। ਕੈਨੇਡਾ ਵਿੱਚ ਰਹਿੰਦਿਆਂ ਹੀ ਉਸ ਨੂੰ ਲਿਖਣ ਦਾ ਸ਼ੌਕ ਪੈਦਾ ਹੋਇਆ। ਉਸ ਦੇ ਪ੍ਰੇਰਣਾ-ਸ੍ਰੋਤ ਗਾਇਕ ਹਰ। ਜਨ ਮਾਨ ਅਤੇ ਪੰਜਾਬੀ ਦੇ ਮਸਹੂਰ ਨਾਵਲਕਾਰ ਜਸਵੰਤ ਕੰਵਲ ਰਹੇ, ਜਿਨ੍ਹਾਂ ਨੂੰ ਸੁਣ ਕੇ ਉਸ ਅੰਦਰ ਲਿਖਣ ਦੀ ਚੇਓਕ ਪੈਦਾ ਹੋਈ। 1988 ਈਵਿੱਚ ਉਸ ਨੇ ਆਪਣੀ ਪਹਿਲੀ ਕਹਾਣੀ 'ਵਧਦੇ ਕਦਮ' ਲਿਖੀ। ਇਹ ਕਹਾਣੀ 1989 ਈ. ਵਿੱਚ ਵਤਨ ਮੈਗਜੀਨ ਵਿੱਚ ਛਪੀ ਹਰਪ੍ਰੀਤ ਸੇਖਾ ਦਾ ਸਿਰਜਣਾਤਮਕ ਕੰਮ ਕੈਨੇਡਾ ਵੱਸਦੇ ਸਾਊਥ ਏਸ਼ੀਅਨ ਲੋਕਾਂ ਦੇ ਅਨੁਭਵਾਂ ਅਤੇ ਉਨਾਂ ਦੇ ਹੋਰ। ਭਾਈਚਾਰਿਆਂ ਨਾਲ ਸੰਬੰਧਾਂ ਦੁਆਲੇ ਕੇਂਦਰਿਤ ਹੈ। ਉਸ ਦੀਆਂ ਕਹਾਣੀਆਂ ਦੇ ਮੁੱਖ ਵਿਸ਼ੇ ਨਾ-ਬਰਾਬਰੀ, ਪੀੜ੍ਹੀ-ਪਾੜ੍ਹਾ ਅਤੇ ਪਰਵਾਸ ਅਨੁਭਵ ਵਰਗੇ ਮੁੱਖ ਸਰੋਕਾਰ ਹਨ। ਸੇਖਾ ਕੋਲ ਵਿਦੇਸ਼ੀ ਧਰਤੀ ਕੈਨੇਡਾ ਦੇ ਜੀਵਨ ਦਾ ਲੰਮਾ ਤਜ਼ਰਬਾ ਹੈ ਅਤੇ ਇਹ ਤਜ਼ਰਬਾ ਉਸਦੀਆਂ ਕਹਾਣੀਆਂ ਵਿੱਚ ਸ਼ਾਨਦਾਰ ਗਲਪ ਕਲਾ ਦੇ ਰੂਪ ਵਿੱਚ ਪਰੋਇਆ ਨਜ਼ਰੀਂ ਆਉਂਦਾ ਹੈ।

ਔਰਤ ਅਤੇ ਮਰਦ ਇਕ-ਦੂਜੇ ਦੇ ਪੂਰਕ ਹੁੰਦੇ ਹੋਏ ਵੀ ਵੱਖਰੇ ਹਨ। ਇਸ ਲਈ ਔਰਤ ਦਾ ਔਰਤ ਹੋਣ ਕਰਕੇ ਇਕ ਵੱਖਰੇ ਸਮਾਜ ਜਗਤ ਨਾਲ ਵਾਹ ਪੈਂਦਾ ਹੈ। ਇੱਕ ਪਾਸੇ ਸਾਂਝੀ ਮਨੁੱਖੀ ਚੇਤਨਾ ਹੈ, ਦੂਜੇ ਪਾਸੇ ਔਰਤ ਦੀ ਉਹ ਚੇਤਨਾ ਹੈ ਜਿਹੜੀ ਉਹ ਔਰਤ ਸਮੂਹ ਹੋਣ ਕਰਕੇ ਰੱਖਦੀ ਹੈ। ਔਰਤ ਅਤੇ ਮਰਦ ਵਿਚ ਸਰੀਰਕ ਬਣਤਰ ਪੱਖੋਂ ਬਹੁਤ ਅਸਮਾਨਤਾਵਾਂ ਹੁੰਦੀਆਂ ਹਨ। ਲਿੰਗ ਭੇਦ ਹੋਣ ਕਰਕੇ ਲੜਕੀ ਨੂੰ ਉਸਦੇ ਜੀਵਨ ਦੇ ਆਰੰਭ ਵਿੱਚ ਹੀ ਸਿਖਾ ਦਿੱਤਾ ਜਾਂਦਾ ਹੈ ਕਿ ਉਸ ਨੇ ਕੀ ਕਰਨਾ ਹੈ ਜਾਂ ਕੀ ਨਹੀਂ ਕਰਨਾ। ਉਸ ਉੱਤੇ ਰੋਕਾਂ ਅਤੇ ਮਨਾਹੀਆਂ ਲਾ ਦਿੱਤੀਆਂ ਜਾਂਦੀਆਂ ਹਨ। ਕੁੜੀ ਨੂੰ ਉਸ ਦੇ ਮਾਪਿਆਂ ਦੁਆਰਾ ਉਸ ਨੂੰ ਔਰਤ ਵਜੋਂ ਪ੍ਰਵਾਨ ਹੋਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਲੜਕੀ ਵੀ ਇਸ ਮਾਨਸਿਕਤਾ ਤਹਿਤ ਆਪਣੇ ਆਪ ਨੂੰ ਇਕ ਆਦਰਸ਼ਕ ਪਤਨੀ ਦੇ ਰੂਪ ਵਿੱਚ ਢਾਲਣਾ ਆਰੰਭ ਕਰ ਦਿੰਦੀ ਹੈ। ਇਸ ਤਰ੍ਹਾਂ ਉਹ ਆਪਣੇ ਆਪ ਲਈ ਜਿਉਣ ਦੀ ਥਾਂ ਪਰ ਲਈ ਜਿਉਣਾ ਅਰੰਭ ਕਰ ਦਿੰਦੀ ਹੈ। ਕਹਾਣੀ ਵਿੱਚ ਵੀ ਅਜਿਹਾ ਹੀ ਵਾਪਰਦਾ ਹੈ। 'ਉਹ ਰਾਤ' ਕਹਾਣੀ ਦੀ ਮੁੱਖ-ਪਾਤਰ ਸੀਰਤ ਵੀ ਕੈਨੇਡਾ ਜਾ ਕੇ ਆਪਣੀ ਸੰਸਕ੍ਰਿਤੀ, ਆਪਣੀਆਂ ਕਦਰਾਂ-ਕੀਮਤਾਂ ਨੂੰ ਨਹੀਂ ਗਵਾਉਂਦੀ। ਉਸ

ਕੋਲ ਅਜਿਹੇ ਕਈ ਮੌਕੇ ਆਉਂਦੇ ਹਨ ਜਦੋਂ ਉਹ ਆਪਣੀ ਪਤਨੀ ਦੇ ਧਰਮ ਤੋਂ ਡੋਲ ਸਕਦੀ ਸੀ, ਪਰ ਅਜਿਹਾ ਨਹੀਂ ਵਾਪਰਦਾ। ਉਹ ਇਕ ਆਦਰਸਕ ਪਤਨੀ ਸਾਬਿਤ ਹੁੰਦੀ ਹੈ। ਉਸ ਦਾ ਪਤੀ ਅਮਨ ਕੈਨੇਡਾ ਪਹੁੰਚਣ ਉਪਰੰਤ ਬੇਸ਼ੱਕ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ। ਪੂੰਜੀਵਾਦੀ ਯੁੱਗ ਦੌਰਾਨ ਔਰਤ ਦੀ ਸਥਿਤੀ ਵਿੱਚ ਤਬਦੀਲੀ ਆਈ ਹੈ। ਔਰਤ ਵਿੱਚ ਚੇਤਨਾ ਵਧੀ ਹੈ। ਪਰਵਾਸ ਧਾਰਨ ਨਾਲ ਔਰਤ ਹੋਰ ਵੀ ਸੁਤੰਤਰ ਹੋ ਗਈ ਹੈ। ਉਸ ਵਿੱਚ ਬਰਾਬਰਤਾ ਦੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ ਪਰ ਇਸ ਦੇ ਨਾਲ ਹੀ ਪਤੀ-ਪਤਨੀ ਦੇ ਸੰਬੰਧਾਂ ਵਿਚ ਵੀ ਤਬਦੀਲੀ ਵਾਪਰੀ ਹੈ ਜਿਸ ਨਾਲ ਔਰਤਾਂ ਦੀਆਂ ਮਾਨਸਿਕ ਗੁੰਝਲਾਂ ਵਧੀਆਂ ਹਨ। ਵਿਦੇਸ਼ੀ ਧਰਤੀ ਉੱਤੇ ਪਹੁੰਚ ਕੇ ਆਰਥਿਕ ਪੱਖੋਂ ਭਾਵੇਂ ਔਰਤਾਂ ਆਜ਼ਾਦ ਹੋਈਆਂ ਹਨ ਪ੍ਰੰਤੂ ਉਨ੍ਹਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਪੂੰਜੀਪਤੀ ਮਾਲਕਾਂ ਤੇ ਸ਼ਾਸ਼ਕਾਂ ਦੀ ਗੁਲਾਮੀ ਸਹਿਣੀ ਹੀ ਪੈਂਦੀ ਹੈ। ਕਹਾਣੀ ਵਿੱਚ ਮੁੱਖ ਪਾਤਰ ਸੀਰਤ ਜਦੋਂ ਮਠਿਆਈਆਂ ਦੀ ਦੁਕਾਨ ਤੇ ਕੰਮ ਕਰਦੀ ਹੈ ਤਾਂ ਉੱਥੇ ਉਹ ਦੁਕਾਨ ਮਾਲਿਕ ਤੋਂ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੀ ਹੈ।

ਮੈਨੂੰ ਕੁਝ ਦਿਨਾਂ 'ਚ ਹੀ ਪਤਾ ਲੱਗ
ਗਿਆ ਸੀ ਕਿ ਦੁਕਾਨ ਦਾ ਮਾਲਕ ਮੇਰੀ
ਬਸ ਖੁੰਝਉਣੀ ਚਾਹੁੰਦਾ ਸੀ। ਉਹ ਦਸ ਵੱਜਣ
'ਚ ਪੰਜ ਮਿੰਟ ਰਹਿੰਦਿਆਂ ਆ ਕੇ ਕਹਿੰਦਾ,
"ਆਹ ਭਾਂਡੇ ਸਾਫ ਕਰਦੇ [1]

ਕਹਾਣੀਕਾਰ ਨੇ ਕਹਾਣੀ ਵਿੱਚ ਇਸਤਰੀ ਦੀਆਂ ਜਿਨਸੀ ਖਵਾਹਿਸ਼ਾਂ ਨੂੰ ਆਧਾਰ ਬਣਾ ਕੇ ਇਸ ਦੇ ਆਲੇ-ਦੁਆਲੇ ਘਟਨਾਵਾਂ ਦੀ ਸਿਰਜਣਾ ਕੀਤੀ ਹੈ। ਕਹਾਣੀ ਦਾ ਸਿਰਲੇਖ 'ਉਹ ਰਾਤ' ਵੀ ਇਸਤਰੀ ਦੀਆਂ ਆਪਣੀਆਂ ਖਵਾਹਿਸ਼ਾਂ, ਰੀਝਾਂ, ਸਧਰਾਂ ਨੂੰ ਦਰਸਾਉਂਦਾ ਹੈ, ਜੋ ਉਹ ਵਿਆਹ ਤੋਂ ਬਾਅਦ ਆਪਣੇ ਪਤੀ ਨਾਲ ਜੀਣਾ ਚਾਹੁੰਦੀ ਹੈ। ਸੀਰਤ ਉਪਰ ਵੀ ਉਸ ਦੇ ਸੁਪਨੇ ਹਾਵੀ ਰਹਿੰਦੇ ਹਨ, ਉਸ ਦਾ ਸੁਪਨਾ ਹੀ ਇਹ ਹੈ ਉਹ ਰਾਤ, ਕਿਉਂਕਿ ਉਹ ਵਿਆਹ ਤੋਂ ਛੇਤੀ ਹੀ ਬਾਅਦ ਕੈਨੇਡਾ ਆ ਗਈ ਸੀ ਤੇ ਉਸ ਨੇ ਲਗਭਗ ਤਿੰਨ ਸਾਲ ਆਪਣੇ ਪਤੀ ਅਮਨ ਤੋਂ ਦੂਰ ਰਹਿ ਕੇ ਕੱਢੇ ਸਨ। ਇਸ ਦੇ ਦੌਰਾਨ ਉਹ ਕਾਫ਼ੀ ਮਾਨਸਿਕ ਸੰਤਾਪ ਭੋਗਦੀ ਹੈ, ਆਪਣੇ ਪਤੀ ਦੇ ਵਿਛੋੜੇ ਵਿਚ ਦਿਨ ਰਾਤ ਤੜਫ਼ਦੀ ਹੈ। ਉਸ ਨੂੰ ਆਪਣੀ ਦਾਦੀ ਦੀਆਂ ਕਹੀਆਂ ਹੋਈਆਂ ਗੱਲਾਂ ਯਾਦ ਆਉਂਦੀਆਂ ਹਨ। "ਆਪਣੇ ਕਰਮ ਹੀ ਐਹੋ ਜਿਹੇ ਆ ਧੀਏ। ਤੇਰਾ ਦਾਦਾ ਫੌਜ ਚੋਂ ਛੁੱਟੀ ਆਇਆ, ਮੈਨੂੰ ਵਿਆਹ ਕੇ ਮੁੜ ਗਿਆ। ਤੇਰਾ ਪਿਓ, ਤੇਰੀ ਮਾਂ ਨੂੰ ਵਿਆਹ ਕੇ ਪ੍ਰਦੇਸੀਂ ਤੁਰ ਗਿਆ ਰੁਲਣ ਲੋਕੀਂ ਆਖਣ ਭਈਆਂ ਵਾਸਤੇ ਵਿਆਹ ਕੇ ਲਿਆਇਆ ਲੋਕਾਂ ਨੇ ਫੌਜਣਾਂ ਦੀਆਂ ਵੀ ਬਥੇਰੀਆਂ ਗੱਲਾਂ ਜੋੜੀਆਂ ਹੋਇਐਂ। ਬੜੀ ਔਖੀ ਘਾਟੀ ਐ ਧੀਏ ਤਕੜੀ ਹੋ ਕੇ ਰਹੀਂ.."[2]

ਅਜੋਕੀ ਵਰਕਿੰਗ ਵੂਮੈਨਨੂੰ ਪਰਦੇਸਾਂ ਵਿਚ ਜਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਨ੍ਹਾਂ ਦਾ ਜ਼ਿਕਰ ਵੀ ਕਹਾਣੀ ਵਿਚ ਹੈ I ਰਹਿਣ ਲਈ ਘਰ, ਨੌਕਰੀ, ਕਾਲਜ ਦੀ ਫੀਸ, ਡਬਲਸ਼ਿਫਟਾਂ, ਨਾਈਟ ਡਿਊਟੀ, ਪਿੱਛੋਂ ਘਰਦਿਆਂ ਦਾ ਡਰ ਆਦਿ I ਕਹਾਣੀ ਵਿਚ ਜਿੱਥੇ ਮੁੱਖ ਪਾਤਰ ਸੀਰਤ ਅਜੇ ਆਪਣੇ-ਆਪ ਨੂੰ ਕੈਨੇਡਾ ਵਿੱਚ ਸੈੱਟ ਕਰ ਰਹੀ ਹੈ, ਉਥੇ ਪਿੱਛੋਂ ਘਰਦਿਆਂ ਨੂੰ ਬਾਹਰ ਵੀ ਉਹਨੇ ਹੀ ਲੈ ਕੇ ਜਾਣਾ ਹੈ I ਉਹ ਦੋਹਰੇ ਕੰਮਾਂ ਨੂੰ ਨਿਭਾਅ ਰਹੀ ਹੈ



I ਔਰਤ ਨੂੰ ਜਿੱਥੇ ਆਰਥਿਕ ਪੱਖੋਂ ਆਜ਼ਾਦੀ ਮਿਲੀ ਹੈ, ਉੱਥੇ ਨਾਲ ਦੀ ਨਾਲ ਜ਼ਿਮੇਵਾਰੀਆਂ ਦਾ ਬੋਝ ਵੀ ਵੱਧ ਗਿਆ ਹੈ I ਸੀਰਤ ਸਟੱਡੀ ਬੇਸ ਤੇ ਕੈਨੇਡਾ ਜਾਂਦੀ ਹੈ I ਅਖ਼ਬਾਰ ਵਿੱਚ ਇਸ਼ਤਿਹਾਰ ਦੇ ਕੇ ਵਿਆਹ ਹੋ ਜਾਂਦਾ ਹੈ, ਕਿਉਂਕਿ ਉਸ ਨੇ ਆਈਲੈਟਸ ਕੀਤੀ ਹੋਈ ਸੀ I ਕੈਨੇਡਾ ਪਹੁੰਚਣ ਤੋਂ ਬਾਅਦ ਉਸ ਦੇ ਪਤੀ ਅਮਨ ਦਾ ਵਰਕ ਪਰਮਿਟ ਵੀਜ਼ਾ ਉਸ ਨੂੰ ਨਹੀਂ ਮਿਲਦਾ ਉਸ ਦਾ ਪਤੀ ਅਮਨ ਉਸ ਤੇ ਦਬਾਅ ਪਾਉਂਦਾ ਹੈ ਕਿ ਉਹ ਉਸ ਨੂੰ ਜਲਦੀ ਕੈਨੇਡਾ ਬੁਲਾਵੇ I ਉਸ ਨੂੰ ਇਸ ਗੱਲ ਦੀ ਬੜੀ ਫ਼ਿਕਰ ਰਹਿੰਦੀ ਹੈ ਕਿ ਕਿਤੇ ਉਹ ਬਦਲ ਨਾ ਜਾਵੇ I ਇਕ ਪਾਸੇ ਤਾਂ ਉਸ ਨੇ ਆਪਣੀ ਪਤੀ ਨੂੰ ਲੈ ਕੇ ਜਾਣਾ ਹੈ ਦੂਸਰੇ ਪਾਸੇ ਉਸ ਨੇ ਆਪਣੇ ਭਰਾ ਨੂੰ ਵੀ I ਦੋਵੇਂ ਹੀ ਛੇਤੀ ਛੇਤੀ ਬਾਹਰ ਪਹੁੰਚ ਜਾਣਾ ਚਾਹੁੰਦੇ ਹਨ I

ਕਹਾਣੀ ਦੇ ਮੁੱਖ ਪਾਤਰ ਅਮਨ ਅਤੇ ਉਸ ਦੀ ਪਤਨੀ ਸੀਰਤ ਹਨ I ਸਾਰੀ ਕਹਾਣੀ ਇਨ੍ਹਾਂ ਦੁਆਲੇ ਹੀ ਘੁੰਮਦੀ ਹੈ I ਕਹਾਣੀ ਵਿਚ ਜਿੱਥੇ ਇੱਕ ਪਾਸੇ ਪਰਵਾਸ ਧਾਰਨ ਦੀ ਰੁਚੀ ਨੂੰ ਪੇਸ਼ ਕੀਤਾ ਹੈ, ਉਥੇ ਹੀ ਦੂਸਰੇ ਪਾਸੇ ਇਕ ਔਰਤ ਦੀਆਂ ਸੱਧਰਾਂ, ਰੀਝਾਂ ਨੂੰ ਦਰਸਾਇਆ ਗਿਆ ਹੈ ਕਿ ਕਿਵੇਂ ਇੱਕ ਨਵੀਂ ਵਿਆਹੀ ਕੁੜੀ ਆਪਣੇ ਪਤੀ ਤੋਂ ਨਾ ਚਾਹੁੰਦਿਆਂ ਹੋਏ ਵੀ ਦੂਰ ਹੋ ਜਾਂਦੀ ਹੈI ਸੀਰਤ ਕਦੀ ਕਦਾਈਂ ਇਸ ਸਭ ਦਾ ਦੋਸ਼ੀ ਆਪਣੇ ਬਾਪ ਨੂੰ ਮੰਨਦੀ ਹੈ ਕਿ ਕਿਉਂ ਉਸ ਨੇ ਉਸ ਦਾ ਵਿਆਹ ਕਰ ਕੇ ਉਸ ਨੂੰ ਬਾਹਰ ਭੇਜਿਆ I ਉਹ ਬਾਹਰ ਜਾ ਕੇ ਆਪਣੀ ਪਸੰਦ ਦਾ ਮੁੰਡਾ ਲੱਭ ਕੇ ਵਿਆਹ ਨਹੀਂ ਕਰ ਸਕਦੀ ਸੀ, ਜਦਕਿ ਉਸ ਦੀਆਂ ਸਹੇਲੀਆਂ ਆਪਣੇ ਮਨ-ਪਸੰਦ ਦੇ ਮੁੰਡਿਆਂ ਨਾਲ਼ ਵਿਆਹ ਕਰਵਾ ਲੈਂਦੀਆਂ ਹਨI ਰੋਮੀ ਜੋ ਕਿ ਅਮਨ ਦੇ ਪਿੰਡ ਦੀ ਸੀ, ਉਹ ਉਧਰ ਹੀ ਮੁੰਡਾ ਲੱਭ ਕੇ ਵਿਆਹ ਕਰਵਾ ਲੈਂਦੀ ਹੈ । ਰੋਮੀ ਹਮੇਸ਼ਾਂ ਹੀ ਸੀਰਤ ਤੇ ਵਿਅੰਗ ਕਸਦੀ ਰਹਿੰਦੀ ਹੈ ਕਿ ਉਹ ਪੰਜਾਬ ਤੋਂ ਵਿਆਹ ਕਰਵਾ ਕੇ ਕਿਉਂ ਆਈ ।

ਪੰਜਾਬੀਆਂ ਵਿੱਚ ਪਰਵਾਸ ਧਾਰਨ ਦੀ ਰੁਚੀ ਤਾਂ ਪਹਿਲਾਂ ਵੀ ਸੀ, ਪਰ ਹੁਣ ਤਾਂ ਬਹੁਤ ਵੱਡੇ ਪੱਧਰ ਤੇ ਪੰਜਾਬੀਆਂ ਦੁਆਰਾ ਪਰਵਾਸ ਧਾਰਨ ਕੀਤਾ ਜਾ ਰਿਹਾ ਹੈ I ਜੋ ਪਹਿਲਾਂ ਵਿਦੇਸ਼ ਨਹੀਂ ਜਾ ਸਕੇ ਹੁਣ ਉਹ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਕੇ ਆਪਣੀ ਇੱਛਾ ਪੂਰੀ ਕਰ ਰਹੇ ਹਨI ਜਿਵੇਂ ਕਹਾਣੀ ਵਿਚ ਸੀਰਤ ਦਾ ਪਿਉ ਵੀ ਅਮਰੀਕਾ ਜਾਣ ਲਈ ਏਜੰਟ ਨੂੰ ਪੈਸੇ ਦਿੰਦਾ ਹੈ, ਪਰ ਕੰਮ ਸਿਰੇ ਨਹੀਂ ਚੜ੍ਹਦਾ I ਬਾਹਰ ਨਾ ਜਾ ਸਕਣ ਦਾ ਝੋਰਾ ਉਸਨੂੰ ਸਾਰੀ ਉਮਰ ਰਹਿੰਦਾ ਹੈ I ਇਸ ਕਰਕੇ ਹੀ ਤਾਂ ਉਹ ਸੀਰਤ ਨੂੰ ਆਈਲੈਟਸ ਕਰਵਾ ਕੇ ਵਿਆਹ ਕਰਕੇ ਉਸ ਨੂੰ ਕੈਨੇਡਾ ਭੇਜਦਾ ਹੈ I ਇੱਥੇ ਆਣ ਕੇ ਦੋਵੇਂ ਧਿਰਾਂ ਹੀ ਬੇਕਸੂਰ ਨਜ਼ਰ ਆਉਂਦੀਆਂ ਹਨ I ਪਿਉ ਅਤੇ ਧੀ ਦੋਵਾਂ ਦੀਆਂ ਆਪਣੀਆਂ ਮਜ਼ਬੂਰੀਆਂ ਰਹਿੰਦੀਆਂ ਹਨ I

'ਉਹ ਰਾਤ' ਕਹਾਣੀ ਗਰਜ਼ ਅਤੇ ਸੱਧਰਾਂ ਦੇ ਦਵੰਦ ਵਿਚ ਵੰਡੀ ਹੋਈ ਹੈ I ਇਕ ਪਾਸੇ ਔਰਤ ਦੀਆਂ ਆਪਣੀਆਂ ਸੱਧਰਾਂ, ਚਾਅ, ਰੀਝਾਂ, ਸੁਪਨੇ ਹਨ ਅਤੇ ਦੂਸਰੇ ਪਾਸੇ ਮਰਦ ਆਪਣੀ ਗਰਜ਼, ਹਉਮੈਂ ਤੇ ਸ਼ੱਕੀ ਸੁਭਾਅ ਨਾਲ ਜੁੜਿਆ ਹੋਇਆ ਹੈ I ਕਹਾਣੀ ਦਾ ਫੋਕਸੀਕਰਣ ਪੰਜਾਬੀ ਵਿਆਹ-ਪ੍ਰਬੰਧ ਹੈ I ਔਰਤ ਦੀ ਇਹ ਤ੍ਰਾਸਦੀ ਰਹੀ ਹੈ ਕਿ ਉਸ ਕੋਲੋਂ ਕਦਰਾਂ ਕੀਮਤਾਂ, ਹਰ ਤਰ੍ਹਾਂ ਦਾ ਬਲੀਦਾਨ, ਹਰ ਤਿਆਗ ਦੀ ਮੰਗ ਕੀਤੀ ਜਾਂਦੀ ਹੈI ਸਮਾਜ ਨੇ ਔਰਤ ਦੇ ਚਾਰ ਚੁਫ਼ੇਰੇ ਇੱਕ ਲਾਈਨਖਿੱਚੀ ਹੋਈ ਹੈ, ਜਿਸ ਨੂੰ ਪਾਰ ਕਰਨਾ ਵਰਜਿਤ ਹੈI ਔਰਤ ਲਈ ਪਤੀਵਰਤਾ ਪਤੀ ਪਰਮੇਸ਼ਵਰ ਹੋਣ ਦੀ ਅਜਿਹੀ ਧਾਰਨਾ ਘੜ ਦਿੱਤੀ ਗਈ ਹੈ, ਜਿਸ ਨੂੰ ਤੋੜਨਾ ਵਰਜਿਤ ਹੈI 'ਉਹ ਰਾਤ' ਕਹਾਣੀਆਂ ਦੀਆਂ ਦੋ ਪਰਤਾਂ ਹਨ ਪਰਵਾਸ ਅਤੇ ਵਿਆਹ-ਪ੍ਰਬੰਧI ਕਹਾਣੀ

ਵਿਚ ਵਿਆਹ ਪਰਵਾਸ ਧਾਰਨ ਲਈ ਇੱਕ ਜੁਗਾੜ ਬਣਦਾ ਹੈI ਜੋ ਮੁੰਡੇ ਘੱਟ ਪੜ੍ਹੇ ਲਿਖੇ ਹੋਣ ਕਰਕੇ ਆਈਲੈਟਸ ਕਰਕੇ ਬਾਹਰ ਨਹੀਂ ਜਾ ਪਾਉਂਦੇ, ਉਹ ਸੌਦੇਬਾਜ਼ੀ ਦਾ ਵਿਆਹ ਕਰਕੇ ਆਪਣੀ ਬਾਹਰ ਜਾਣ ਦੀ ਇੱਛਾ ਨੂੰ ਪੂਰਾ ਕਰਦੇ ਹਨ I ਕੁੜੀ ਵਾਲੇ ਕੁੜੀ ਦਾ ਵਿਆਹ ਦਾ ਖ਼ਰਚਾ ਨਾ ਕਰਨ ਸਕਣ ਕਰਕੇ ਆਈਲੈਟਸ ਕਰਾ ਕੇ ਮੁੰਡਿਆਂ ਦੇ ਸਿਰੋਂ ਖ਼ਰਚਾ ਕਰਕੇ ਉਹਨਾਂ ਨੂੰ ਬਾਹਰ ਭੇਜ ਰਹੇ ਹਨI ਕਹਾਣੀ ਵਿਚਲਾ ਬਿਰਤਾਂਤ ਵੀ ਅਜਿਹਾ ਹੀ ਹੈI ਸੀਰਤ ਦੇ ਮਾਪੇ ਉਸ ਨੂੰ ਆਈਲੈਟਸ ਕਰਾ ਕੇ ਬਾਹਰ ਭੇਜਣਾ ਚਾਹੁੰਦੇ ਸਨI ਸੀਰਤ ਨੂੰ ਆਈਲੈਟਸ ਕਰਾ ਕੇ ਉਹ ਅਖ਼ਬਾਰ ਵਿੱਚ ਇਸ਼ਤਿਹਾਰ ਦੇ ਕੇ ਉਸ ਦਾ ਵਿਆਹ ਅਮਨ ਨਾਲ ਕਰਾ ਦਿੰਦੇ ਹਨI ਵਿਆਹ ਦਾ ਸਾਰਾ ਖ਼ਰਚਾ ਮੁੰਡੇ ਵਾਲੇ ਕਰਦੇ ਹਨI ਅਮਨ ਜੋ ਕਿ ਸੀਰਤ ਦਾ ਪਤੀ ਹੈ, ਉਸ ਦੀ ਸੁਰ ਵੀ ਕਹਾਣੀ ਵਿੱਚ ਬਦਲਦੀ ਰਹਿੰਦੀ ਹੈI ਵਿਆਹ ਤੋਂ ਬਾਅਦ ਉਸ ਦੀ ਸੁਰ ਅਲੱਗ ਹੈ, ਜਦ ਸੀਰਤ ਕੈਨੇਡਾ ਜਾ ਕੇ ਉਸ ਨੂੰ ਵੀਜ਼ਾ ਭੇਜਣ ਦੀ ਹਰ ਕੋਸ਼ਸ਼ਿ ਕਰਦੀ ਹੈ ਤਾਂ ਉਸ ਦੀ ਸੁਰ ਅਲੱਗ ਹੈ ਅਤੇ ਕੈਨੇਡਾ ਪਹੁੰਚ ਕੇ ਤਾਂ ਉਹ ਸੀਰਤ ਲਈ ਬਹੁਤ ਹੀ ਉਪਰਾ ਤੇ ਸ਼ੱਕੀ ਵਿਹਾਰ ਕਰਦਾ ਹੈ Iਹਾਲਾਂਕਿ ਸੀਰਤ ਇਨ੍ਹਾਂ ਤਿੰਨ ਸਾਢੇ ਤਿੰਨ ਸਾਲਾਂ ਵਿੱਚ ਆਪਣੇ ਸਿਦਕ ਤੋਂ ਨਹੀਂ ਡੋਲਦੀ I ਭਾਵੇਂ ਕਿ ਉਸ ਕੋਲ ਬਹੁਤ ਮੌਕੇ ਸਨ, ਉਹ ਅਮਨ ਨੂੰ ਛੱਡ ਕੇ ਗੁਰਪ੍ਰੀਤ ਜੋ ਕਿ ਉਸ ਨੂੰ ਕੈਨੇਡਾ ਮਿਲਦਾ ਹੈਉਸ ਨਾਲ ਵੀ ਜਾ ਸਕਦੀ ਸੀ I ਗੁਰਪ੍ਰੀਤ ਨੇ ਸੀਰਤ ਪ੍ਰਤੀ ਜੋ ਲਗਾਓ ਸੀ ਉਸ ਨੂੰ ਸੀਰਤ ਨਾਲ ਸਾਂਝਾ ਵੀ ਕੀਤਾ ਸੀ I ਪਰ ਸੀਰਤ ਆਪਣੇ ਬੋਲਾਂ ਤੇ ਖਰੀ ਉਤਰਦੀ ਹੈ ਤੇ ਆਪਣੇ ਪਤੀ ਨੂੰ ਪੰਜਾਬ ਤੋਂ ਮੰਗਵਾਂ ਲੈਂਦੀ ਹੈ I ਅਮਨ ਤੋਂ ਦੂਰ ਰਹਿਣ ਦੇ ਸਮੇਂ ਦੌਰਾਨ ਉਸ ਨੇ ਜੋ ਵੀ ਸੁਪਨੇ ਆਪਣੀ ਵਿਆਹੁਤਾ ਜ਼ਿੰਦਗੀ ਨੂੰ ਲੈ ਕੇ ਸੋਚੇ ਸਨ, ਉਸ ਨੂੰ ਜਿਉਣਾ ਚਾਹੁੰਦੀ ਸੀ I ਅਮਨ ਦੇ ਕੈਨੇਡਾ ਪਹੁੰਚਣ ਤੇ ਉਹ ਬਹੁਤ ਖੁਸ਼ ਸੀ I ਉਹ ਉਸ ਨੂੰ ਆਪਣੀ ਹਰ ਛੋਟੀ ਤੋਂ ਛੋਟੀ ਗੱਲ ਜੋ ਕੈਨੇਡਾ ਵਿੱਚ ਉਸ ਨਾਲ ਵਾਪਰਦੀ ਹੈ, ਉਸ ਨਾਲ ਸਾਂਝਾ ਕਰਦੀ ਹੈ I ਸੀਰਤ ਦੀ ਅਮਨ ਪ੍ਰਤੀ ਜੋ ਉਤਸਕਤਾ ਸੀ, ਉਹ ਅਮਨ ਵਿਚ ਨਜ਼ਰ ਨਹੀ ਆਉਂਦੀ I ਉਹ ਆਪਣੇ ਹੀ ਕਸ਼ਮਕਸ਼ ਵਿਚ ਘਿਰ ਜਾਂਦੀ ਹੈ I

ਉਸਦੇ ਸੁਪਨਿਆਂ ਦਾ ਅਮਨ ਉਸ ਨੂੰ ਗੁਆਚਿਆ ਨਜ਼ਰ ਆਉਂਦਾ ਹੈ I ਕਹਾਣੀ ਵਿੱਚ ਟਕਰਾਅ ਹੀ ਇਸ ਗੱਲ ਦਾ ਹੈ ਕਿ ਸੀਰਤ ਜੋ ਕਿ ਆਪਣੇਂ ਇਮਾਨ, ਦੀਨ, ਧਰਮ ਤੋਂ ਨਹੀਂ ਡੋਲਦੀ, ਇਸਦੇ ਬਾਵਜੂਦ ਉਸ ਦਾ ਪਤੀ ਅਮਨ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦਾ ਹੈ I ਸੀਰਤ ਜੋ ਕਿ ਪੜ੍ਹੀ ਲਿਖੀ ਹੈ ਉਹ ਇਸ ਚੀਜ਼ ਨੂੰ ਬਰਦਾਸ਼ਤ ਨਹੀਂ ਕਰਦੀ ਤੇ ਅਮਨ ਦਾ ਹੱਥ ਛੱਡ ਦਿੰਦੀ ਹੈ I ਕਹਾਣੀਕਾਰ ਦਾ ਇਥੇ ਹੱਥ ਛੱਡਣ ਤੋਂ ਭਾਵ ਰਿਸ਼ਤਿਆਂ ਦੇ ਵਿੱਚ ਆ ਰਹੀ ਦਰਾੜ ਨੂੰ ਪੇਸ਼ ਕਰਨਾ ਹੈI ਰਿਸ਼ਤਿਆਂ ਦੇ ਵਿੱਚ ਆ ਰਹੀਆਂ ਦਰਾੜਾਂ ਦਾ ਕੀ ਕਾਰਨ ਹੈ, ਇਸ ਤੋਂ ਕਹਾਣੀਕਾਰ ਪਾਠਕਾਂ ਨੂੰ ਸੁਚੇਤ ਕਰਦਾ ਹੈ I ਸਿਰਫ਼ ਬਾਹਰ ਜਾਣ ਦੀ ਚਾਹਤ ਹੀ ਸਭ ਕੁਝ ਨਹੀਂ ਹੁੰਦੀ, ਸਗੋਂ ਰਿਸ਼ਤਿਆਂ ਨੂੰ ਨਿਭਾਉਣਾ ਵੀ ਮਨੁੱਖ ਦੀ ਇੱਕ ਵੱਡੀ ਜ਼ਿੰਮੇਵਾਰੀ ਹੈ I ਕਹਾਣੀ ਵਿੱਚ ਸੀਰਤ ਤਾਂ ਆਪਣੇ ਰਿਸ਼ਤੇ ਨੂੰ ਬਾਖ਼ੂਬੀ ਨਿਭਾਉਂਦੀ ਹੈ, ਪਰ ਅਮਨ ਇਸ ਵੱਲੋਂ ਅਵੇਸਲਾ ਨਜ਼ਰੀਂ ਆਉਂਦਾ ਹੈ I

ਕਹਾਣੀਕਾਰ ਦਾ ਕਹਾਣੀ ਕਹਿਣ ਦਾ ਢੰਗ ਬਹੁਤ ਵਧੀਆ ਹੈ I ਉਸ ਨੇ ਅਜੋਕੇ ਪੰਜਾਬੀ ਸਭਿਆਚਾਰ ਵਿੱਚ ਰਿਸ਼ਤਿਆਂ ਪੱਖੋਂ ਆ ਰਹੇ ਨਿਘਾਰ ਨੂੰ ਬਖ਼ੂਬੀ ਪੇਸ਼ ਕੀਤਾ ਹੈ I

**ਦੇਖੋ ਪੰਨਾ ਨੰ. 25**



## ਸਮਾਜਕ ਯਥਾਰਥ ਨੂੰ ਉਲੀਕਦੀ ਕਹਾਣੀ 'ਰੱਬ ਜੀ'/ਡਾ. ਤਰਨਜੀਤ ਕੌਰ

ਗੁਰਮੀਤ ਕੜਿਆਲਵੀ ਮੋਗਾ ਜਿਲ੍ਹੇ ਦੇ ਕੜਿਆਲ ਪਿੰਡ ਦਾ ਵਸਨੀਕ ਹੈ। ਆਪ ਨੇ ਇੰਜੀਨਿਅਰਿੰਗ ਦਾ ਡਿਪਲੋਮਾ, ਐਮ.ਏ. (ਪੰਜਾਬੀ) ਅਤੇ ਐਮ. ਏ. (ਰਾਜਨੀਤੀ ਸ਼ਾਸਤਰ) ਦੀ ਸਿੱਖਿਆ ਪ੍ਰਾਪਤ ਕੀਤੀ ਹੈ। ਕਿੱਤੇ ਵਜੋਂ ਭਾਵੇਂ ਆਪ ਸਮਾਜਕ ਨਿਆਂ ਤੇ ਅਧਿਕਾਰਤਾ ਵਿਭਾਗ ਵਿਚ ਅਧਿਕਾਰੀ ਹਨ ਪਰੰਤੂ ਲਿਖਣ ਅਤੇ ਪੜ੍ਹਣ ਵਿਚ ਆਪ ਦੀ ਖਾਸ ਦਿਲਚਸਪੀ ਹੈ। ਆਪ ਨੇ 'ਅੱਕ ਦਾ ਬੂਟਾ', 'ਊਣੇ', 'ਆਤੂ ਖੋਜੀ', 'ਢਾਲ', 'ਹਾਰੀ ਨਾ ਬਚਨਿਆ', 'ਸਾਰੰਗੀ ਦੀ ਮੌਤ' ਆਦਿ ਕਹਾਣੀਆਂ ਅਤੇ 'ਟਾਂਗੇ ਵਾਲਾ ਸੰਤਾ', 'ਅਸੀਂ ਉੱਡਣਾ ਚਾਹੁੰਦੇ ਹਾਂ', 'ਕਰਾਮਾਤੀ ਪੈੱਨ', 'ਸ਼ੇਰ ਸ਼ਾਹ ਸੂਰੀ', 'ਪੰਚ ਪਰਮੇਸ਼ਰ', 'ਅਸੀਂ ਹਾਂ ਮਿੱਤਰ ਤੁਹਾਡੇ' ਬਾਲ ਸਾਹਿਤ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਏ। ਇਸ ਦੇ ਨਾਲ ਹੀ ਇਕ 'ਖਤਰਨਾਕ ਅੱਤਵਾਦੀ ਦੀ ਜੇਲ੍ਹ ਯਾਤਰਾ' ਅਤੇ 'ਦਹਿਸ਼ਤ ਭਰੇ ਦਿਨਾਂ' 'ਚ ਆਦਿ ਵਾਰਤਕ ਪੁਸਤਕਾਂ ਨਾਲ ਪੰਜਾਬੀ ਸਾਹਿਤ ਦਾ ਖੇਤਰ ਵਿਸ਼ਾਲ ਕੀਤਾ ਹੈ। 'ਸਾਰੰਗੀ' ਅਤੇ 'ਤੂੰ ਜਾਹ ਡੈਡੀ' ਆਪ ਦੇ ਬਹੁ-ਚਰਚਿਤ ਨਾਟਕ ਹਨ। ਆਪ ਦੀਆਂ ਕਈ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਿਆ ਹੈ ਅਤੇ ਆਤੂ ਖੋਜੀ ਉਪਰ ਇਕ ਲਘੂ ਫਿਲਮ ਵੀ ਬਣ ਚੁੱਕੀ ਹੈ। ਆਪ ਦੀਆਂ ਕਈ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਅਤੇ ਸ਼ਾਹਮੁਖੀ ਵਿਚ ਲਿਪੀਅੰਤਰ ਹੋ ਕੇ ਵੀ ਛਪ ਚੁੱਕੀਆਂ ਹਨ। ਆਪ ਦੀਆਂ ਸੇਵਾਵਾਂ ਸਦਕਾ ਆਪ ਨੂੰ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਮਿਲ ਚੁੱਕੇ ਹਨ।

ਗੁਰਮੀਤ ਕੜਿਆਲਵੀ ਸਮਾਜਕ ਯਥਾਰਥਵਾਦ ਨਾਲ ਜੁੜਿਆ ਅਜਿਹਾ ਕਹਾਣੀਕਾਰ ਹੈ ਜੋ ਆਪਣੇ ਸਮਕਾਲ ਵਿਚ ਵਾਪਰ ਰਹੇ ਯਥਾਰਥ ਨੂੰ ਕਲਾਤਮਕ ਰੂਪਾਂਤਰਨ ਦਿੰਦਾ ਹੈ। 'ਰੱਬ ਜੀ' ਕਹਾਣੀ ਵੀ ਅਜੋਕੇ ਮੱਨੁਖੀ ਰਿਸ਼ਤਿਆਂ ਦੀ ਟੁੱਟਭੱਜ, ਔਰਤ-ਮਰਦ ਦੇ ਨਜਾਇਜ਼ ਸੰਬੰਧਾਂ ਦੀ ਦਾਸਤਾਨ ਨੂੰ ਉਲੀਕਦੀ ਹੋਈ, ਰਿਸ਼ਤਿਆਂ ਦੀਆਂ ਕਈ ਤੈਹਾਂ ਨੂੰ ਪੇਸ਼ ਕਰਦੀ ਹੈ। ਅਸਲ ਵਿਚ ਪੰਜਾਬ ਵਿੱਚ ਸਾਰੇ ਝਗੜੇ, ਜਰ-ਜਮੀਨ-ਜੋਰੂ-ਦੇ ਦੁਆਲੇ ਹੀ ਘੁੰਮਦੇ ਹਨ। ਅਜੋਕੇ ਸਮੇਂ ਵਿੱਚ ਵੀ ਮਰਦ ਦੀ ਕਿਸੇ ਗ਼ੈਰ ਔਰਤ ਨਾਲ ਸੰਬੰਧ ਰਖਣ ਦੀ ਲਾਲਸਾ ਮੁੱਕੀ ਨਹੀ ਹੈ।ਅਸਲ ਵਿਚ ਸਾਡੇ ਸਮਾਜ ਦੀ ਹਕੀਕਤ ਇਹ ਹੈ ਕਿ ਇਥੇ ਜਗੀਰੂ ਸੋਚ ਦੇ ਮਾਲਕ ਆਪਣੇ ਕੰਮੀ ਜਾਂ ਕਾਮਿਆਂ ਦੇ ਘਰਾਂ ਦੀਆਂ ਔਰਤਾਂ ਨਾਲ ਰਿਸ਼ਤੇ ਬਣਾਉਣ ਨੂੰ ਆਪਣਾ ਹੱਕ ਮੰਨਦੇ ਹਨ ਪਰ ਆਪਣੇ ਘਰਾਂ ਦੀਆਂ ਔਰਤਾਂ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਦੇ ਹਨ ਅਤੇ ਉਨ੍ਹਾਂ ਉਪਰ ਹਰ ਤਰ੍ਹਾਂ ਦੇ ਜ਼ੁਲਮ ਕਰਦੇ ਹਨ। ਜਗੀਰਦਾਰੀ ਪ੍ਰਬੰਧ ਨਾਲ ਜੁੜੀ ਸੋਚ ਦੇ ਕਾਰਨ ਇਹ ਆਪਣੇ ਕੰਮੀ/ਕਾਮਿਆਂ ਨੂੰ ਵੀ ਕਦੇ ਆਪਣੀ ਬਰਾਬਰੀ ਵਿਚ ਆਇਆ ਨਹੀਂ ਦੇਖ ਸਕਦੇ ਅਤੇ ਹਮੇਸ਼ਾ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਵੀ ਦਬਾਈ ਰਖਦੇ ਹਨ। ਅਜਿਹੇ ਹੀ ਸਮਾਜਕ ਯਥਾਰਥ ਦੀ ਪੇਸ਼ਕਾਰੀ ਨਾਲ ਹੀ ਕੜਿਆਲਵੀ ਦੀ ਕਹਾਣੀ 'ਰੱਬ ਜੀ' ਸੰਬੰਧਤ ਹੈ।

ਕੜਿਆਲਵੀ ਆਪਣੀ ਇਸ ਕਹਾਣੀ ਵਿਚ ਗਰੀਬ ਅਤੇ ਮਜਬੂਰ ਕਾਮੇ ਦੀ ਬੇਬਸੀ ਨੂੰ 'ਰੱਬ ਜੀ' ਨਾਮ ਦੇ ਪਾਤਰ ਰਾਹੀਂ ਖੂਬਸੂਰਤੀ ਨਾਲ ਪੇਸ਼ ਕਰਦਾ ਹੈ। ਗ਼ਰੀਬ ਆਦਮੀ ਅਸਲ ਵਿਚ ਹਰ ਪਾਸਿਓਂ ਪਿਸਦਾ ਹੈ। ਆਰਥਕ ਪੱਖੋਂ ਵੀ ਤੇ ਰਿਸ਼ਤੇ ਦੇ ਪੱਖੋਂ ਵੀ। ਇਸ

ਪ੍ਰਕਾਰ ਇਹ ਕਹਾਣੀ ਅਜੋਕੇ ਦਲਿਤ ਜਾਂ ਕਾਮੇ ਮੱਨੁਖ ਦੀਆਂ ਤ੍ਰਾਸਦਿਕ ਸਥਿਤੀਆਂ ਨੂੰ ਬਿਰਤਾਂਤਕ ਰੂਪਾਂਤਰਨ ਦਿੰਦੀ ਹੈ।

ਰੱਬ ਜੀ, ਜੋ ਕਹਾਣੀ ਦਾ ਮੁੱਖ ਪਾਤਰ ਹੈ, ਅਕਸਰ ਅਪਸਰਾ ਨਾਮ ਦੇ ਪਾਤਰ ਅੱਗੇ ਆਪਣਾ ਦੁੱਖੜਾ ਰੋਂਦਾ ਰਹਿੰਦਾ ਹੈ। ਕਹਾਣੀ ਦੇ ਆਰੰਭ ਵਿਚ ਹੀ ਪਤਾ ਲਗਦਾ ਹੈ ਕਿ ਰੱਬ ਜੀ ਪਤਨੀ ਸਾਹਬੋ ਨੂੰ ਸਰਬੇ ਨੇ ਵਰਗਲਾਇਆ ਹੋਇਆ ਹੈ। ਉਹ ਭਾਵੇਂ ਚੋਰੀ-ਛਿਪੇ ਮਿਲਦੇ ਹਨ ਪਰ ਰੱਬ ਜੀ ਇਸ ਗੱਲ ਤੋਂ ਜਾਣੂ ਹੈ ਅਤੇ ਉਨ੍ਹਾਂ ਨੂੰ ਇੰਝ ਦੇਖਣਾ 'ਰੱਬ ਜੀ' ਲਈ ਬਹੁਤ ਔਖਾ ਹੈ। ਪਰ ਰੱਬ ਜੀ ਡਰਦਾ ਕਿਸੇ ਨੂੰ ਕੁਝ ਕਹਿਣ ਦੀ ਹਿੰਮਤ ਹੀ ਨਹੀਂ ਕਰ ਪਾਂਦਾ। ਨਾ ਤਾਂ ਉਹ ਸਰਬੇ ਨੂੰ ਕੁਝ ਕਹਿ ਪਾਂਦਾ ਹੈ ਅਤੇ ਨਾ ਹੀ ਆਪਣੀ ਪਤਨੀ ਸਾਹਬੋ ਨੂੰ। ਕਈ ਵਾਰੀ ਤਾਂ ਰੱਬ ਜੀ ਇਤਨਾ ਨਿਰਾਸ਼ ਹੋ ਜਾਂਦਾ ਕਿ ਉਸ ਦਾ ਜੀਅ ਕਰਦਾ ਕਿ ਆਪਣੇ ਆਪ ਨੂੰ ਖਤਮ ਕਰ ਦਵੇ। ਪਰ ਫਿਰ ਆਪਣੀ ਔਲਾਦ ਦੀ ਖਾਤਰ ਰੁੱਕ ਜਾਂਦਾ:-

"ਅਪਸਰਾ! ਹੈ ਤਾਂ ਔਖਾ ਪਰ ਜਿਊਂਈ ਜਾਨੈ। ਅਸਲ ਗੱਲ ਐ, ਸਹੁਰੀ ਦੇ ਜੁਆਕਾਂ ਦਾ ਮੋਹ ਮਾਰਦਾ। ਤਰਸ ਆਉਂਦਾ ਉਹਨਾਂ ਅੱਲੀ ਵੇਖ ਵੇਖ ਕੇ। ਕਦੇ ਕਦੇ ਜੀਅ 'ਚ ਆਉਂਦਾ ਘੱਲਾਂ ਆਲੀਆਂ ਨਹਿਰਾਂ 'ਚ ਛਾਲ ਮਾਰ ਦਿਆਂ ਪਰ ਕੀ ਕਰਾਂ, ਸੋਚਦਾ ਜੁਆਕਾਂ ਦਾ ਕੀ ਕਸੂਰ। ਉਹਨਾਂ ਕੀ ਵੇਖ ਲਿਆ ਜੱਗ ਤੇ ਆ ਕੇ।"

ਹੌਲੀ ਹੌਲੀ ਹਾਲਾਤ ਵਿਗੜਦੇ ਚਲੇ ਜਾਂਦੇ ਹਨ। ਸਾਹਬੋ ਅਤੇ ਸਰਬਾ ਰੱਬ ਜੀ ਦੇ ਸਾਹਮਣੇ ਹੀ ਮਿਲਣਾ ਸ਼ੁਰੂ ਕਰ ਦਿੰਦੇ ਹਨ। ਇੰਤਹਾ ਤਾਂ ਉਦੋਂ ਹੁੰਦੀ ਹੈ ਜਦੋਂ ਉਨ੍ਹਾਂ ਦਾ ਇਹ ਨਾਜਾਇਜ਼ ਰਿਸ਼ਤਾ ਖੁਲਮਖੁਲ੍ਹਾ ਸਾਰੇ ਪਿੰਡ ਦੇ ਸਾਹਮਣੇ ਆ ਜਾਂਦਾ ਹੈ:-

"ਹੁਣ ਤਾਂ ਸਾਰਾ ਕੁਝ ਸ਼ਰੇਆਮ ਈ ਹੋ ਗਿਆ। ਸਾਲਾ ਢਿੱਡ ਨੰਗਾ ਕਰਨ ਦੀ ਵੀ ਲੋੜ ਨ੍ਹੀ ਰਈ। ਪਹਿਲਾਂ ਤਾਂ ਸਾਹਬੋ ਨੂੰ ਰਖੇਲ ਬਣਾ ਕੇ ਮੋਟਰ 'ਤੇ ਰਖਦਾ ਸੀਗਾ-ਹੁਣ ਤਾਂ ਧੱਕੇ ਨਾਲ ਘਰੇ ਈ ਆ ਪੈਂਦਾ।"

ਰੱਬ ਜੀ ਡੂੰਘੀ ਨਮੋਸ਼ੀ ਵਿਚ ਘਿਰ ਜਾਂਦਾ ਹੈ। ਇਕ ਆਮ ਮਰਦ ਇਹ ਸਭ ਬਰਦਾਸ਼ਤ ਨਹੀਂ ਕਰ ਸਕਦਾ, ਪਰ ਉਹ ਤਾਂ ਨਾਂਉ ਤੋਂ ਰੱਬ ਜੀ ਸੀ ਤੇ ਰੱਬ ਤਾਂ ਸਭ ਕੁਝ ਸਹਾਰ ਲੈਂਦਾ ਹੈ। ਅਪਸਰਾ ਸੋਚਦਾ ਸੀ ਕਿ ਰੱਬ ਕਿਹੋ ਜਿਹਾ ਹੈ ਜੋ ਸਭ ਸਹਿ ਰਿਹਾ ਹੈ। ਕੋਈ ਹੋਰ ਮਨੁੱਖ ਹੁੰਦਾ ਤੇ ਕਦੋਂ ਦਾ ਕੁਝ ਕਰ ਲੈਂਦਾ। ਅਸਲ ਵਿਚ ਇਹ ਸਮਾਜ ਦੀ ਕਰੂਰ ਹਕੀਕਤ ਹੈ ਕਿ ਹਮੇਸ਼ਾ ਤਾਕਤਵਰ ਗ਼ਰੀਬ ਨੂੰ ਦਬਾਉਂਦਾ ਆਇਆ ਹੈ। ਗ਼ਰੀਬ ਦੀ ਔਰਤ ਉਪਰ ਹੱਥ ਪਾਉਂਦਾ ਆਇਆ ਹੈ ਅਤੇ ਗ਼ਰੀਬ ਦੇ ਕੋਲ ਸਭ ਕੁਝ ਬਰਦਾਸ਼ਤ ਕਰਨ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਹੁੰਦਾ। ਇਸੇ ਲਈ 'ਰੱਬ ਜੀ ਵੀ ਕਹਿੰਦਾ ਹੈ ਕਿ:-

"ਅਪਸਰਾ! ਢਾਹਡੇ ਦਾ ਸੱਤੀ ਵੀਹੀਂ ਸੌ ਹੁੰਦਾ ਹੈ। ਭਮੇ ਬੰਦਾ ਹੋਵੇ ਚਾਹੇ ਮੁਲਖ, ਮਾੜੇ ਨੂੰ ਦਬਾਉਂਦਾ ਈ ਦਬਾਉਂਦਾ। ਗਰੀਬ ਦੀ ਜਨਾਨੀ ਨੂੰ ਤਾਂ ਸ਼ਾਮਲਾਟ ਈ ਸਮਝਦੈ। ਹਰੇਕ ਈ ਕੋਠਾ ਛੱਤਣ ਨੂੰ ਫਿਰਦਾ ਹੁੰਦਾ।"

ਅਜਿਹੇ ਹਾਲਾਤ ਵਿਚ ਵੀ ਰੱਬ ਜੀ ਦਾ ਵਿਸ਼ਵਾਸ ਪਰਮਾਤਮਾ ਉਪਰ ਬਣਿਆ



ਰਹਿੰਦਾ। ਰੱਬ ਜੀ ਇਤਨਾ ਦੁੱਖ ਆਪਣੇ ਪਿੰਡੇ ਅਤੇ ਮਨ ਉਪਰ ਜਰ ਰਿਹਾ ਸੀ ਪਰ ਫੇਰ ਵੀ ਹਾਰਦਾ ਨਹੀਂ ਸੀ। ਉਸ ਦਾ ਮੰਨਣਾ ਸੀ ਕਿ ਜੋ ਮਾੜਾ ਕਰ ਰਹੇ ਹਨ, ਉਹ ਆਪ ਭੁਗਤਣਗੇ। ਰੱਬ ਜੀ ਦਾ ਮੰਨਣਾ ਸੀ ਕਿ ਜਿਵੇਂ ਕੋਠੀ ਵਾਲੇ ਬੱਠਲ ਨੇ ਵੀ ਸਰਬੇ ਵਰਗੀ ਅੱਤ ਚੁੱਕੀ ਸੀ ਤੇ ਉਹਦਾ ਕਿੰਨਾ ਮਾੜਾ ਹਾਲ ਹੋਇਆ। ਉਸ ਰੀਡ ਦੀ ਹੱਡੀ ਟੁੱਟ ਗਈ ਅਤੇ ਉਸ ਦੀ ਜਨਾਨੀ ਦੌੜ ਗਈ। ਉਸੇ ਪ੍ਰਕਾਰ ਬੁਰੀ ਕਰਤੂਤ ਦੀ ਸਜ਼ਾ ਸਰਬੇ ਨੂੰ ਵੀ ਜ਼ਰੂਰ ਮਿਲੇਗੀ। ਇਸ ਲਈ ਉਹ ਆਖਦਾ ਹੈ:-

"ਨਈ ਨਈਂ, ਆਏਂ ਤਾਂ ਨ੍ਹੀ ਮਰਦਾ। ਨਾਲੇ ਮਰਨਾ ਵੀ ਕਾਹਨੂੰ? ਰੱਬ ਨੇ ਮਸਾਂ ਮਾਣਸ ਦੇਹ ਦਿੱਤੀ ਏ। ਆਪੇ ਕੀਤੀਆਂ ਭੁਗਤਣਗੇ ਮਾੜੀਆਂ ਕਰਨ ਆਲੇ। ਅੱਗੇ ਕਿਹੜਾ ਭੁਗਤੀਆਂ ਨ੍ਹੀ। ਤੈਨੂੰ ਕਿਹੜਾ ਭੁੱਲ ਐ।"

ਅਸਲ ਵਿਚ ਜੇਕਰ ਰੱਬ ਜੀ ਦੀ ਮਾਨਸਿਕਤਾ ਨੂੰ ਸਮਝਣ ਦਾ ਯਤਨ ਕੀਤਾ ਜਾਏ ਤਾਂ ਅਹਿਸਾਸ ਹੁੰਦਾ ਹੈ ਕਿ ਰੱਬ ਜੀ ਵੱਖੋ ਵੱਖਰੇ ਤਰੀਕਿਆਂ ਦੇ ਨਾਲ ਆਪਣੇ ਮਨ ਨੂੰ ਧਰਵਾਸ ਦੇਣ ਦੀ ਕੋਸ਼ਸ਼ ਕਰਦਾ ਹੈ। ਭਾਵੇਂ ਉਹ ਰੱਬ ਉਪਰ ਵਿਸ਼ਵਾਸ ਕਰਨ ਰਾਹੀਂ ਹੋਵੇ ਜਾਂ ਫਿਰ ਇਸ ਗੱਲ ਨੂੰ ਇਸ ਤਰ੍ਹਾਂ ਸਵੀਕਾਰ ਕਰਨ ਨਾਲ ਸੰਬੰਧਤ ਹੋਵੇ ਕਿ ਸਾਹਬੋ ਅਤੇ ਸਰਬੇ ਦੇ ਰਿਸ਼ਤੇ ਨੂੰ ਉਸ ਨੇ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਸਮਝ ਲਿਆ ਹੈ। ਇਸੇ ਲਈ ਉਹ ਕਹਿੰਦਾ ਹੈ ਕਿ:-

"ਸੋਚਦਾਂ ਸਾਹਬੋ ਸਰਦਾਰਾਂ ਦੀ ਨੂੰਹ ਐ—ਮੇਰੇ ਕੋਲ ਤਾਂ ਕਦੇ ਕਦਾਈਂ ਰਾਤ ਕੱਟ ਜਾਂਦੀ। ਜੀਕਣ ਤੂੰ ਕਹਿਨੈ ਹੁੰਨਾ, ਬਦਲ ਲਿਆ। ਕੀ ਕਹਿੰਨਾ ਹੁੰਨਾ ?"

"ਦ੍ਰਿਸ਼ਟੀਕੋਣ।"

"ਹਾਅ ਦ੍ਰਿਸ਼ਟੀਕੋਣ।"

ਅਸਲ ਵਿਚ ਇਹ ਸਿਰਫ ਦ੍ਰਿਸ਼ਟੀਕੋਣ ਹੀ ਬਦਲਣ ਦੀ ਗੱਲ ਨਹੀਂ ਸਗੋਂ ਆਪਣੀ ਢਹਿੰਦੇ ਜਾਂਦੇ ਮਨ ਨੂੰ ਸਮਝਾਉਣ ਦੀ ਵੀ ਇਕ ਕਲਾ ਹੈ। ਜਦੋਂ ਗ਼ਰੀਬ ਅਤੇ ਮਜਬੂਰ ਇਨਸਾਨ ਕੁਝ ਹੋਰ ਨਹੀਂ ਕਰ ਸਕਦਾ ਤਾਂ ਉਹ ਵੱਖ ਵੱਖ ਤਰੀਕਿਆਂ ਨਾਲ ਆਪਣੇ ਮਨ ਨੂੰ ਸਮਝਾਉਣ ਦਾ ਯਤਨ ਕਰਦਾ ਹੈ। ਅਜਿਹਾ ਹੀ ਯਤਨ ਰੱਬ ਜੀ ਵੀ ਕਰਦਾ ਹੈ ਕਿਉਂਕਿ ਸਰਬਾ ਉਸ ਦਾ ਮਾਲਕ ਹੈ ਅਤੇ ਰੱਬ ਜੀ ਉਸਦਾ ਸੀਰੀ। ਇਸ ਕਰਕੇ ਸਰਬੇ ਦੇ ਮੂਹਰੇ ਉਸ ਦੀ ਜ਼ੁਬਾਨ ਖੋਲ੍ਹਣ ਦੀ ਹਿੰਮਤ ਨਹੀਂ। ਸ਼ਾਇਦ ਇਹੀ ਵਜ੍ਹਾ ਹੈ ਕਿ ਉਹ ਕਦੇ ਜੁਆਕਾਂ ਦੀ ਦੁਹਾਈ ਦੇ ਕੇ, ਕਦੇ ਜੇਲ੍ਹ ਜਾਣ ਦੇ ਡਰ ਤੋਂ, ਕਦੇ ਰੱਬ ਉਪਰ ਵਿਸ਼ਵਾਸ ਕਰਨ ਰਾਹੀਂ ਜਾਂ ਕਦੇ ਵੱਖਰੇ ਦ੍ਰਿਸ਼ਟੀਕੋਣ ਤੋਂ ਸਾਰੀ ਸਥਿਤੀ ਵੇਖਣ ਵਰਗੀਆਂ ਵੱਖ ਵੱਖ ਦਲੀਲਾਂ ਦੇ ਕੇ ਆਪਣੇ ਮਨ ਨੂੰ ਸ਼ਾਂਤ ਰੱਖਣ ਦਾ ਯਤਨ ਕਰਦਾ ਹੈ।

ਕਹਾਣੀ ਦਾ ਯਥਾਰਥ ਇਸੇ ਗੱਲ ਵਿਚੋਂ ਉਭਰਦਾ ਹੈ। ਅਸਲ ਵਿਚ ਸਰਬੇ ਤੇ ਬੱਠਲ ਵਰਗੇ ਮੱਨੁਖ ਸਾਨੂੰ ਸਮਾਜ ਵਿਚ ਆਮ ਮਿਲ ਜਾਂਦੇ ਹਨ ਜੋ ਗਰੀਬ ਔਰਤਾਂ ਨੂੰ ਆਪਣੇ ਪੈਸੇ ਦੀ ਚਮਕ ਹੇਠ ਭਰਮਾ ਲੈਂਦੇ ਹਨ ਅਤੇ ਗਰੀਬਾਂ ਦੇ ਘਰ ਤਬਾਹ ਕਰ ਦੇਂਦੇ ਹਨ। ਪਰ ਜਦੋਂ ਇਨ੍ਹਾਂ ਅਮੀਰਾਂ ਦੇ ਘਰ ਅੱਗ ਲੱਗਦੀ ਹੈ ਤਾਂ ਇਨ੍ਹਾਂ ਤੋਂ ਸਹਿਣ ਨਹੀਂ ਹੁੰਦਾ। ਦੂਜੇ ਦੀ ਤੀਂਵੀਂ ਉਪਰ ਇਹ ਲੋਕ ਅੱਖ ਰੱਖਦੇ ਹਨ ਪਰ ਜਦੋਂ ਆਪਣੀ ਤੀਂਵੀਂ ਤੇ ਗੱਲ ਆਵੇ ਤਾਂ ਇਹ ਲੋਕ

ਨਹੀਂ ਸਹਿ ਪਾਉਂਦੇ। ਇਹੀ ਕਾਰਨ ਹੈ ਕਿ ਰੱਬ ਜੀ ਵੀ ਆਪਣੀ ਇਸ ਮਾਨਸਕ ਸਥਿਤੀ ਦਾ ਅਹਿਸਾਸ ਕਰਾਉਣ ਲਈ ਅਪਸਰਾ ਕੋਲੋਂ ਇਕ ਮਹਿੰਗਾ ਰੁਮਾਲ ਮੰਗਾ ਕੇ ਅਤੇ ਉਸ ਉਪਰ ਇੱਤਰ ਛਿੜਕ ਕੇ, ਹੱਸਦਿਆਂ ਸਰਬੇ ਨੂੰ ਦਿਖਾਉਂਦਾ ਹੈ। ਸਰਬੇ ਦੇ ਇਹ ਪੁੱਛਣ 'ਤੇ ਕਿ ਇੰਨਾ ਮਹਿੰਗਾ ਰੁਮਾਲ ਕਿਸ ਦਾ ਹੈ, ਉਹ ਜਵਾਬ ਦਿੰਦਾ ਹੈ ਕਿ:-

"ਸਰਦਾਰਾ! ਯਾਰ ਦੀ ਯਾਰੀ ਮਗਰ ਜਾਈਦਾ, ਰੁਪਈਏ-ਪੈਸੇ ਮਗਰ ਨ੍ਹੀ। ਤੈਨੂੰ ਕਿਹੜਾ ਭੁੱਲ ਐ। ਕਿਸੇ ਨਾਲ ਨਵੀਂ ਨਵੀਂ ਯਾਰੀ ਲੱਗੀ ਐ, ਉਹਦੇ ਆਸਤੇ ਲਿਆਂਦਾ। ਸਮਝ ਲੈ ਜਿਮੇ ਤੂੰ ਆਵਦੇ ਆਲੀ ਸਾਹਬੋ ਨੂੰ ਨਵੇਂ ਨਵੇਂ ਸੂਟ ਲਿਆ ਕੇ ਦਿੰਨਾਂ, ਆਪਾਂ ਆਵਦੇ ਆਲੀ ਨੂੰ ਆਹ ਦੇ ਦੇਣਾ।"

ਇਥੇ ਲੇਖਕ ਨੇ ਅਮੀਰ ਆਦਮੀ ਦੀ ਮਾਨਸਿਕ ਬਿਰਤੀ ਨੂੰ ਉਲੀਕਦਾ ਹੈ। ਇਹ ਅਮੀਰ ਆਦਮੀ ਗ਼ਰੀਬ ਜਾਂ ਆਪਣੇ ਕਾਮੇ ਨੂੰ ਕਦੇ ਵੀ ਆਪਣੇ ਬਰਾਬਰ ਦਾ ਨਹੀਂ ਸਮਝਦੇ। ਆਪਣੇ ਕਾਮਿਆਂ ਦੀਆਂ ਔਰਤਾਂ ਦੇ ਨਾਲ ਸੰਬੰਧ ਸਥਾਪਤ ਕਰਨ ਨੂੰ ਆਪਣੀ ਸ਼ਾਨ ਸਮਝਦੇ ਹਨ ਪਰੰਤੂ ਜਦੋਂ ਇਨ੍ਹਾਂ ਦਾ ਕਾਮਾ ਕਿਤੇ ਇਨ੍ਹਾਂ ਦੀ ਬਰਾਬਰੀ ਕਰਨ ਦਾ ਜਤਨ ਕਰਦਾ ਹੈ ਤਾਂ ਇਨ੍ਹਾਂ ਤੋਂ ਇਹ ਗੱਲ ਬਰਦਾਸ਼ਤ ਨਹੀਂ ਹੁੰਦੀ। ਇਸੇ ਕਰਕੇ ਸਰਬਾ ਵੀ ਰੱਬ ਜੀ ਨੂੰ ਕਹਿੰਦਾ ਹੈ ਕਿ:-

"ਹੀਂ-ਹੀਂ-ਹੀਂ! ਕੁੱਤੀ ਜਾਤ ਦੁਪਿਹਰੇ ਗਿੱਧਾ। ਸੌਣਾ ਰੂੜੀਆਂ 'ਤੇ ਸੁਪਨੇ ਸ਼ੀਸ਼ਥ ਮਹਿਲਾਂ ਦੇ।'

ਦਰਅਸਲ ਰੱਬ ਇਕ ਵਿਉਂਤ ਬਣਾ ਕੇ, ਆਪਣਾ ਬਦਲਾ ਲੈਣ ਲਈ ਅਤੇ ਸਰਬੇ ਨੂੰ ਸਬਕ ਸਿਖਾਉਣ ਲਈ ਇਕ ਮਹਿੰਗਾ ਰੁਮਾਲ ਇੱਤਰ ਲਗਾ ਕੇ ਪਹਿਲਾਂ ਬਹਾਨੇ ਨਾਲ ਸਰਬੇ ਨੂੰ ਵਿਖਾਉਂਦਾ ਹੈ ਅਤੇ ਇਹ ਦਸਦਾ ਹੈ ਕਿ ਇਹ ਉਸ ਨੇ ਆਪਣੀ ਪ੍ਰੇਮਿਕਾ ਲਈ ਲਿਆ ਹੈ ਅਤੇ ਫਿਰ ਚੋਰੀ-ਛਿਪੇ ਜਾ ਕੇ ਸਰਬੇ ਦੇ ਘਰ ਮੰਜੇ 'ਤੇ ਰੱਖ ਆਉਂਦਾ ਹੈ। ਰੁਮਾਲ ਵੇਖ ਕੇ ਸਰਬੇ ਨੂੰ ਆਪਣੀ ਬੀਵੀ ਦੇ ਰੱਬ ਜੀ ਨਾਲ ਨਾਜਾਇਜ਼ ਰਿਸ਼ਤੇ ਤੇ ਸ਼ੱਕ ਪੈ ਜਾਂਦਾ ਹੈ। ਕਿਉਂਕਿ ਇਹ ਰੁਮਾਲ ਉਸ ਨੇ ਰੱਬ ਜੀ ਦੇ ਹੱਥ ਵਿਚ ਵੇਖਿਆ ਸੀ। ਇਹ ਗੱਲ ਉਸ ਤੋਂ ਸਹਿਣ ਨਹੀਂ ਹੁੰਦੀ ਅਤੇ ਰੁਮਾਲ ਘਰ ਵਿਚ ਪਿਆ ਵੇਖ ਉਹ ਆਪਣੀ ਨਿਰਦੋਸ਼ ਵਹੁਟੀ ਕਮਲ ਨੂੰ ਕੁੱਟ ਕੁੱਟ ਕੇ ਅੱਧਮਰਾ ਕਰ ਦਿੰਦਾ ਹੈd ਨਿਰਮਲ ਜੋ ਕਿ ਅਪਸਰਾ ਦੀ ਪਤਨੀ ਅਤੇ ਕਮਲ ਦੀ ਸਹੇਲੀ ਹੈ ਸਾਰਾ ਵੇਰਵਾ ਅਪਸਰਾ ਨੂੰ ਦਸਦੀ ਹੈ ਕਿ ਕਿਵੇਂ ਸਰਬੇ ਨੇ ਆਪਣੀ ਵਹੁਟੀ ਉਪਰ ਬਦਚਲਣੀ ਦਾ ਇਲਜ਼ਾਮ ਲਗਾਇਆ ਹੈ:-

"ਆਹਦਾ ਇਸ਼ਕ ਲੜਾਉਂਦੀ ਐ ਕੰਮੀਆਂ ਕਮੀਨਾਂ ਨਾਲ"

ਇਸ ਪ੍ਰਕਾਰ ਇਹ ਕਹਾਣੀ ਸਰਬੇ ਵਰਗੇ ਦੋਹਰੀ ਮਾਨਸਿਕਤਾ ਦੇ ਮਨੁੱਖਾਂ ਦੀ ਵਹਿਸ਼ੀਅਤ ਨੂੰ ਉਜਾਗਰ ਕਰ ਦਿੰਦੀ ਹੈ। ਸਰਬੇ ਵਰਗੇ ਮੱਨੁਖਾਂ ਦੀਆਂ ਔਰਤਾਂ ਕਿਸੇ ਗੈਰ ਮਰਦ ਨਾਲ ਸੰਬੰਧ ਬਨਾਉਣ ਤਾਂ ਉਨ੍ਹਾਂ ਤੋਂ ਸਹਿ ਨਹੀਂ ਹੁੰਦਾ, ਪਰ ਆਪ ਜਿਥੇ ਮਰਜੀ ਖੇਹ ਖਾਣ। ਇਥੇ ਪਿਤਰਕੀ ਸਮਾਜ ਵਿਚ ਮਰਦ ਦੀ ਸੋਚ ਅਤੇ ਬਿਰਤੀ ਯਥਾਰਥ ਰੂਪ ਵਿਚ ਉਜਾਗਰ ਹੁੰਦੀ ਹੈ।

ਹੱਥਲੀ ਕਹਾਣੀ ਮਨੁੱਖ ਦੇ ਨਿੱਜੀ ਰਿਸ਼ਤਿਆਂ ਵਿਚ ਆਈ ਗਿਰਾਵਟ ਨੂੰ ਪੇਸ਼



ਕਰਦੀ ਹੈ ਅਤੇ ਦਮਿਤ ਮਾਨਸਿਕਤਾ ਨੂੰ ਉਜਾਗਰ ਕਰਦਿਆਂ ਆਪਣੀ ਅਣਖ ਦੀ ਸਲਾਮਤੀ ਲਈ ਕੀਤੇ ਰੱਬ ਜੀ ਵਰਗੇ ਮਰਦਾਂ ਦੇ ਜਤਨ ਨੂੰ ਵੀ ਰੁਪਮਾਨ ਕਰਦੀ ਹੈ। ਰੱਬ ਜੀ ਭਾਵੇ ਕਿਤਨਾ ਹੀ ਸ਼ਾਂਤ ਹੋਵੇ, ਪਰ ਉਸ ਦੀ ਅਣਖ ਜਾਗਦੀ ਹੈ ਤੇ ਉਹ ਬਦਲਾ ਲੈਣ ਲਈ ਆਪਣੀ ਸਮਰੱਥਾ ਅਨੁਸਾਰ ਸਰਬੇ ਨੂੰ ਵੰਗਾਰ ਦੇਂਦਾ ਹੈ। ਅਸਲ ਵਿਚ ਆਪਣੀ ਮਨੋ ਇੱਛਾ ਪੂਰੀ ਨਾ ਹੋਣ ਦੇ ਕਾਰਨ ਉਹ ਬੇਚੈਨ ਘੁੰਮ ਰਿਹਾ ਸੀ ਪਰ ਜਦੋਂ ਉਸ ਦੀ ਮੁਰਾਦ ਪੂਰੀ ਹੁੰਦੀ ਹੈ ਤੇ ਫੇਰ ਉਹ ਸ਼ਾਂਤ ਹੋ ਜਾਂਦਾ ਹੈ:-

"ਮੈਂ ਤਨਾਂ ਸਰਦਾਰ ਸਰਬ ਸਿੰਹ ਨੰ ਅਸਾਸ ਈ ਕਰਾਉਣਾ ਸੀ ਮਾੜਾ ਜਿਆ ਵੇਖਲਾ ਕਿੱਵੇ ਤੜਫ ਉਠਿਆ ਜਿਮੇ ਮੱਛੀ ਪਾਣੀ ਬਿਨ ਤੜਫਦੀ ਹੁੰਦੀ ਐ" ਆਖ ਕੇ ਉਸ ਨੇ ਲੰਬਾ ਸਾਹ ਲਿਆ।

ਇਸ ਪ੍ਰਕਾਰ ਲੇਖਕ ਮਨੁੱਖ ਦੀ ਮਾਨਸਿਕਤਾ ਦੇ ਮਨੋਵਿਗਿਆਨਕ ਪੱਖ ਨੂੰ ਵੀ ਪੇਸ਼ ਕਰਦਾ ਹੈ। ਜਦੋਂ ਉਸ ਦੀ ਮਨੋ-ਇੱਛਾ ਪੂਰੀ ਨਹੀਂ ਹੁੰਦੀ ਉਹ ਤੜਪਦਾ ਹੈ ਪਰ ਜਦ ਉਸ ਦੀ ਮਨੋਬਿਰਤੀ ਪੂਰੀ ਹੋ ਜਾਂਦੀ ਹੈ ਫੇਰ ਮੱਨੁਖ ਸ਼ਾਂਤ ਹੋ ਜਾਂਦਾ ਹੈ। ਕਿਉਂਕਿ ਹਣ ਉਸ ਨੂੰ ਲੋਕ ਕਾਇਰ ਨਹੀਂ ਮੰਨਣਗੇ।ਹੁਣ ਉਸਦੇ ਦੁੱਖਾਂ ਤੇ ਮਰਹਮ ਲੱਗ ਜਾਂਦੀ ਹੈ ਕਿ ਓਸਨੇ ਵੀ ਦੁਸ਼ਮਨ ਤੋਂ ਬਦਲਾ ਲੈ ਲਿਆ ਹੈ।

ਪਰੰਤੂ ਅੰਤ ਵਿਚ ਕਹਾਣੀ ਇਕ ਹੋਰ ਸੰਕੇਤ ਦਿੰਦੀ ਜਾਪਦੀ ਹੈ। ਰੱਬ ਜੀ ਭਾਵੇਂ ਸਰਬੇ ਨੂੰ ਆਪਣੀ ਸਥਿਤੀ ਦਾ ਅਹਿਸਾਸ ਤਾਂ ਕਰਾ ਦਿੰਦਾ ਹੈ ਅਤੇ ਇਹ ਗੱਲ ਉਸ ਦੀ ਮਾਨਸਿਕਤਾ ਨੂੰ ਵੀ ਸ਼ਾਂਤੀ ਪ੍ਰਦਾਨ ਕਰਦੀ ਹੈ ਕਿ ਹੁਣ ਸਰਬਾ ਵੀ ਉਸੇ ਮਾਨਸਿਕ ਤੂਫਾਨ 'ਚੋਂ ਲੰਘ ਰਿਹਾ ਹੈ ਜਿਸ ਵਿਚੋਂ ਕਦੇ ਰੱਬ ਜੀ ਲੰਘ ਰਿਹਾ ਸੀ ਪਰ ਫਿਰ ਵੀ ਇਕ ਗੱਲ ਰੱਬ ਜੀ ਨੂੰ ਪਰੇਸ਼ਾਨ ਕਰ ਦਿੰਦੀ ਹੈ। ਅਸਲ ਵਿਚ ਇਸ ਸਾਰੀ ਸਾਜ਼ਿਸ਼ ਵਿਚ ਕਮਲ, ਜੋ ਕਿ ਬੇਕਸੂਰ ਔਰਤ ਸੀ, ਉਸ ਨੂੰ ਵੀ ਸਜ਼ਾ ਮਿਲ ਜਾਂਦੀ ਹੈ ਜਿਸ ਦਾ ਨਾ ਸਿਰਫ ਅਪਸਰਾ ਨੂੰ ਅਫਸੋਸ ਹੈ ਸਗੋਂ ਰੱਬ ਜੀ ਵੀ ਇਸ ਅਹਿਸਾਸ ਤੋਂ ਮੁਕਤ ਨਹੀਂ ਹੋ ਪਾਉਂਦਾ:-

"ਰੱਬ ਨੇ ਚੰਗਾ ਤਾਂ ਨ੍ਹੀ ਕੀਤਾ ਅਪਸਰਾ ਪਰ ਹੋਰ ਕਰਦਾ ਵੀ ਕੀ?" ਉਸਦੀ ਆਵਾਜ਼ ਜਿਵੇਂ ਬਹੁਤ ਡੂੰਘੇ ਖੂਹ 'ਚੋਂ ਆਈ ਸੀ। ਲੜਖੜਾਉਂਦੇ ਕਦਮਾਂ ਨਾਲ ਉਹ ਬਾਹਰਲਾ ਬੂਹਾ ਲੰਘ ਗਿਆ ਸੀ "

ਇਸੇ ਪ੍ਰਕਾਰ ਅਪਸਰਾ ਵੀ ਇਸੇ ਅਹਿਸਾਸ ਨਾਲ ਭਰਿਆ ਹੈ ਕਿ ਕਮਲ ਵਰਗੀ ਨਿਰਦੋਸ਼ ਔਰਤ ਨਾਲ ਜੋ ਕੁਝ ਹੋਇਆ ਉਹ ਗ਼ਲਤ ਹੈ :-

"ਮੇਰਾ ਜੀਅ ਕੀਤਾ ਆਖਾਂ ਕਿ ਰੱਬਾ ਤੂੰ ਸਰਬੇ ਵਰਗੇ ਇਖ਼ਲਾਕ ਤੋਂ ਗਿਰੇ ਬੰਦੇ ਨੂੰ ਅਹਿਸਾਸ ਕਰਾ ਕੇ ਬੜਾ ਚੰਗਾ ਕੀਤਾ, ਕਦੇ ਮੇਰਾ ਜੀਅ ਕਰੇ ਕਿ ਆਖਾਂ, "ਰੱਬ ਜੀ, ਯਾਰ ਤੂੰ ਰੱਬ ਵਰਗੀ ਤੀਵੀਂ ਦੇ ਕੁੱਟ ਪਵਾ ਕੇ ਚੰਗਾ ਨ੍ਹੀ ਕੀਤਾ।" ਪਰ ਦੁਚਿਤੀ ਦੇ ਭੰਵਰ 'ਚ ਘਿਰੇ ਨੇ ਮੈਂ ਕੋਈ ਜਵਾਬ ਨਾ ਦਿੱਤਾ।"

ਇਸ ਕਹਾਣੀ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸਨੂੰ ਨਾਰੀਵਾਦੀ ਨਜ਼ਰੀਏ ਤੋਂ ਵੀ ਪੜ੍ਹਿਆ ਜਾ ਸਕਦਾ ਹੈ। ਇਸ ਕਹਾਣੀ ਵਿਚ ਜਿਥੇ ਮਰਦ ਦੇ ਚਰਿੱਤਰ ਦੇ ਵੱਖੋ ਵੱਖਰੇ ਰੂਪ ਪ੍ਰਗਟ ਹੋਏ ਹਨ ਉਥੇ ਹੀ ਦੋ ਔਰਤਾਂ ਸਾਹਬੋ ਅਤੇ ਕਮਲ ਰਾਹੀਂ ਔਰਤ ਦੇ ਚਰਿੱਤਰ ਦੇ ਵੀ

ਅੱਡ ਅੱਡ ਰੂਪ ਉਜਾਗਰ ਹੁੰਦੇ ਹਨ। ਇਕ ਪਾਸੇ ਰੱਬ ਜੀ ਦੀ ਪਤਨੀ ਹੈ ਜੋ ਪੈਸੇ ਦੇ ਲਾਲਚ ਵਿਚ ਆ ਕੇ ਅਮੀਰ ਅਤੇ ਆਪਣੇ ਮਾਲਕ ਸਰਬੇ ਨਾਲ ਨਾਜਾਇਜ਼ ਸੰਬੰਧ ਕਾਇਮ ਕਰਦੀ ਹੈ। ਇਥੇ ਉਸ ਦੀ ਆਪਣੇ ਪਤੀ ਲਈ ਵਫਾਦਾਰੀ ਦੀ ਥਾਂ 'ਤੇ ਪੈਸੇ ਦੀ ਭੁੱਖ ਦਿਖਾਈ ਦਿੰਦੀ ਹੈ। ਉਹ ਰੱਬ ਜੀ ਦੀ ਪਰਵਾਹ ਕੀਤੇ ਬਿਨਾ ਸਰਬੇ ਨਾਲ ਮਿਲਦੀ ਹੈ। ਰੱਬ ਜੀ ਵੀ ਉਸ ਨੂੰ ਕੁਝ ਕਹਿਣ ਤੋਂ ਡਰਦਾ ਹੈ:-

> "ਮੈਂ ਸੀਰੀ ਸਾਂਝੀ ਬੰਦਾ, ਨਾਂਹ ਨੁੱਕਰ ਵੀ ਨ੍ਹੀ ਕਰ ਸਕਦਾ। ਨਾਲੇ ਕਲੇਸ਼ ਤੋਂ ਡਰਦਾ ਰਹਿਨੈ। ਉਹ ਕਾਲੀ ਜੀਭ ਆਲੀ ਅਸਮਾਨ ਸਿਰ 'ਤੇ ਚੱਕ ਲੈਂਦੀ ਐ। ਮਰਨ ਮਾਰਨ ਦੀਆਂ ਗੱਲਾਂ ਕਰਨ ਲੱਗਦੀ। ਮੈਂ ਤਾਂ ਡਰਦਾ ਰਹਿਨੈ ਵ੍ਹੀ ਜੇ ਕੁੱਛ ਕਰਗੀ ਤਾਂ ਸਾਰੀ ਉਮਰ ਜੇਲ੍ਹ 'ਚ ਸੜਦਾ ਰਹੂੰ। ਜੁਆਕ ਅੱਡ ਰੁੱਲ ਜਾਣਗੇ।"

ਇਸੇ ਕਹਾਣੀ ਵਿਚ ਦੂਜੀ ਔਰਤ ਕਮਲ ਹੈ ਜੋ ਬਿਨਾ ਗ਼ਲਤੀ ਤੋਂ ਵੀ ਆਪਣੇ ਪਤੀ ਸਰਬੇ ਤੋਂ ਮਾਰ ਖਾਂਦੀ ਹੈ ਪਰ ਉਸ ਦੇ ਅੱਗੇ ਕੁਝ ਬੋਲ ਨਹੀਂ ਪਾਂਦੀ। ਉਹ ਆਪਣਾ ਬਚਾਅ ਤੱਕ ਆਪ ਨਹੀਂ ਕਰ ਪਾਂਦੀ ਤੇ ਆਂਢ-ਗੁਆਂਢ ਆ ਕੇ ਉਸ ਨੂੰ ਸਰਬੇ ਕੋਲੋਂ ਬਚਾਉਂਦਾ ਹੈ:-

> "ਭੈਣ ਜੀ ਕਮਲ ਨੂੰ ਕੁੱਟਿਆ ਬੁਰੀ ਤਰ੍ਹਾਂ। ਆਂਡ-ਗੁਆਂਢ ਨੇ ਆ ਕੇ ਛੁਡਾਇਆ ਨਹੀਂ ਤਾਂ ਔਰੇ ਮਾਰ ਈ ਦਿੰਦਾ। ਸੂਰ ਜਿਹੇ ਨੇ ਕੁੱਟ ਕੁੱਟ ਕੇ ਪੱਸਲੀਆਂ ਅੰਦਰ ਪਾਤੀਆਂ ਦਰਵੇਸ਼ਣੀ ਦੀਆਂ।"

ਕੁਲ ਮਿਲਾ ਕੇ ਕਹਾਣੀ ਜਿਥੇ ਇਕ ਪਾਸੇ ਕਾਮਿਆਂ ਦੀ ਜ਼ਿੰਦਗੀ ਦੇ ਤ੍ਰਾਸਦਕ ਯਥਾਰਥ ਨੂੰ ਉਲੀਕਦੀ ਹੈ ਉਥੇ ਦੂਜੇ ਪਾਸੇ ਮਨੁੱਖੀ ਮਾਨਸਿਕਤਾ ਦੇ ਵੱਖ ਵੱਖ ਪਹਿਲੂਆਂ ਨੂੰ ਵੀ ਉਜਾਗਰ ਕਰ ਜਾਂਦੀ ਹੈ। ਦਮਿਤ ਵਰਗਾਂ ਦੀ ਪੇਸ਼ਕਾਰੀ ਵਿਚ ਉਹ ਸਮਕਾਲੀ ਯਥਾਰਥ ਨੂੰ ਹੂ-ਬ-ਹੂ ਉਲੀਕਦਾ ਦਿਖਾਈ ਦਿੰਦਾ ਹੈ। ਡਾ. ਬਲਦੇਵ ਧਾਲੀਵਾਲ ਅਨੁਸਾਰ:-

> "ਗੁਰਮੀਤ ਕੜਿਆਲਵੀ ਪੇਂਡੂ ਪੰਜਾਬ ਦੇ ਦਮਿਤ ਵਰਗਾਂ ਦੀ ਜੀਵਨ-ਜਾਂਚ ਦੀ ਪ੍ਰਮਾਣਿਕ ਚਤੌਰਾ ਹੈ।"

ਕਹਾਣੀ ਦੀ ਭਾਸ਼ਾ ਠੇਠ ਪੇਂਡੂ ਰੰਗਣ ਵਿੱਚ ਰੰਗੀ ਹੈ। ਕਹਾਣੀ ਦੀ ਸੁਭਾਵਿਕਤਾ ਨੂੰ ਬਣਾਈ ਰੱਖਣ ਲਈ ਕਹਾਣੀਕਾਰ ਨੇ ਪੰਜਾਬੀ ਪੇਂਡੂ ਗਾਲ੍ਹਾਂ ਦਾ ਖਾਸਾ ਇਸਤੇਮਾਲ ਕੀਤਾ ਹੈ ਜੋ ਕਿ ਕਿਰਦਾਰਾਂ ਦੀ ਮਾਨਸਿਕਤਾ ਅਤੇ ਮਨੋਭਾਵਾਂ ਨੰ ਪੇਸ਼ ਕਰਨ ਵਿੱਚ ਸਹਾਈ ਹੁੰਦੀਆਂ ਹਨ। ਸਥਾਨਕ ਸ਼ਬਦਾਵਲੀ ਅਤੇ ਰੰਗਤ ਵਰਤਣ ਦੇ ਕਾਰਨ ਉਸ ਦੀ ਕਹਾਣੀ ਆਂਚਲਿਕ ਕਹਾਣੀ ਬਣ ਜਾਂਦੀ ਹੈ। ਆਪਣੀ ਵਿਲੱਖਣ ਭਾਸ਼ਾ ਸ਼ਕਤੀ ਰਾਹੀਂ ਕੜਿਆਲਵੀ ਵਿਸ਼ੇ ਨੂੰ ਹੋਰ ਪ੍ਰਭਾਵਸ਼ਾਲੀ ਬਣਾ ਦਿੰਦਾ ਹੈ। ਵੇਰਵਿਆਂ ਦਾ ਯਥਾਰਥਕ ਚਿਤਰਨ ਉਸ ਦੀ ਬਿਰਤਾਂਤ-ਕਲਾ ਦੀ ਪੇਸ਼ਕਾਰੀ ਦੇ ਹੁਨਰ ਨੂੰ ਬਾਖੂਬੀ ਪੇਸ਼ ਕਰਦਾ ਹੈ।

**ਦੇਖੋ ਪੰਨਾ ਨੰ. 67 ਤੇ**

**ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਬ੍ਰਾਈਟ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ। ਮਿਤੀ : ਮਾਰਚ 10, 2021**



## ਪਰੰਪਰਾ ਅਤੇ ਆਧੁਨਿਕਤਾ ਵਿਚਲੇ ਦਵੰਦ ਦਾ ਬਿਰਤਾਂਤ : ਕਹਾਣੀ 'ਦੂਰੀਆਂ'

**-ਡਾ. ਗਗਨਦੀਪ ਕੌਰ**

ਸਮਕਾਲੀ ਪੰਜਾਬੀ ਕਹਾਣੀ ਵਿੱਚ ਕਹਾਣੀਕਾਰ ਜਿੰਦਰ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ ਹੈ। ਦੂਜੇ ਸ਼ਬਦਾਂ ਵਿੱਚ ਜਿੰਦਰ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦਾ ਪ੍ਰਮੁੱਖ ਕਹਾਣੀਕਾਰ ਹੈ। ਜਿੰਦਰ ਦੀਆਂ ਕਹਾਣੀਆਂ ਜੀਵਨ ਦੇ ਕਿਸੇ ਨਾ ਕਿਸੇ ਪੱਖ ਨਾਲ ਜੁੜੀਆਂ ਹੋਈਆਂ ਹਨ ਕਿਉਂਕਿ ਉਹ ਇਕ ਮਾਨਵਵਾਦੀ ਕਹਾਣੀਕਾਰ ਹੈ। ਇਸ ਲਈ ਉਸ ਦਾ ਯਤਨ ਕਹਾਣੀ ਦੇ ਜ਼ਰੀਏ ਮੂਲ ਮਾਨਵੀ ਮੁੱਲਾਂ (ਮਾਨਤਾਵਾਂ) ਨੂੰ ਦ੍ਰਿੜ ਕਰਵਾਉਣਾ ਹੈ। ਮੌਜੂਦਾ ਦੌਰ ਵਿੱਚ ਲਿਖੀ ਜਾਣ ਵਾਲੀ ਪੰਜਾਬੀ ਕਹਾਣੀ ਰਿਸ਼ਤਿਆਂ ਦੀ ਨਵੀਂ ਵਿਆਕਰਨ ਪੇਸ਼ ਕਰਨ ਵਲ ਵਿਸ਼ੇਸ਼ ਤੌਰ ਤੇ ਰੁਚਿਤ ਦਿਸਦੀ ਹੈ। ਪੰਜਾਬੀ ਸਮਾਜ-ਸਭਿਆਚਾਰ ਵਿਚ ਵੀ ਪੂੰਜੀਵਾਦੀ ਨਿਜ਼ਾਮ ਦਾ ਗਲਬਾ ਪੂਰੀ ਤਰ੍ਹਾਂ ਪੈਰ ਪਸਾਰਨ ਕਰਕੇ ਆਧੁਨਿਕ ਕਦਰਾਂ-ਕੀਮਤਾਂ ਦੀ ਆਮਦ ਨਾਲ ਪਰੰਪਰਾਗਤ (ਰਵਾਇਤੀ) ਕਦਰਾਂ-ਕੀਮਤਾਂ ਦੀ ਪਕੜ ਨਿਰੰਤਰ ਢਿੱਲੀ ਹੋ ਰਹੀ ਹੈ ਜਿਸ ਦੇ ਫਲਸਰੂਪ ਮਾਨਵੀ ਰਿਸ਼ਤਿਆਂ ਵਿਚ ਉਤਪੰਨ ਹੋਏ ਅੰਤਰ ਦਵੰਦ ਦੇ ਸਮਾਨਾਂਤਰ ਪੰਜਾਬੀ ਮਨੁੱਖ ਦਾ ਨਿੱਜ ਵੀ ਵਿਭਿੰਨ ਕਿਸਮ ਦੇ ਅੰਤਰ-ਵਿਰੋਧਾਂ ਅਤੇ ਅੰਤਰ ਦਵੰਦਾਂ ਤੋਂ ਪੀੜਤ ਦਿਖਾਈ ਦਿੰਦਾ ਹੈ। ਵੈਸੇ ਤਾਂ ਨਿਰੰਤਰ ਬਦਲਾਵਾਂ ਦੇ ਸਾਹਮਣੇ ਅਤੇ ਇਕ ਤੋਂ ਵਧੇਰੇ ਪੱਧਰਾਂ 'ਤੇ ਜਿਉਂਦੇ ਰਹਿਣ ਲਈ ਤਤਪਰ ਸਮੁੱਚੀ ਮਾਨਵੀ ਹੋਂਦ ਅਤੇ ਗੰਭੀਰ ਸਰੂਪ ਦੇ ਅਸੰਤੁਲਿਤ ਸੁਭਾਅ ਦੇ ਸਨਮੁਖ ਹੋ ਕੇ ਅਨਿਸ਼ਚਿਤਤਾ ਵਾਲੇ ਜੀਵਨ ਨੂੰ ਭੋਗ ਰਹੀ ਹੈ ਪਰ ਪੰਜਾਬੀ ਬੰਦੇ 'ਤੇ ਇਸ ਦਾ ਅਸਰ ਕੁਝ ਜ਼ਿਆਦਾ ਹੀ ਦਿਸਦਾ ਹੈ ਜਿਸ ਦੇ ਪਿੱਛੇ ਪੰਜਾਬੀ ਸਮਾਜ ਦਾ ਰਵਾਇਤੀ ਜਗੀਰਦਾਰੀ ਢਾਂਚਾ ਅਤੇ ਇਸ ਨਾਲ ਸਬੰਧਿਤ ਕੀਮਤਾਂ ਹੋ ਸਕਦੀਆਂ ਹਨ।

ਆਧੁਨਿਕ ਸਮੇਂ ਵਿਚ ਪੂਰੀ ਦੁਨੀਆਂ ਦੇ ਨਾਲ ਪੰਜਾਬ ਵਿਚ ਵੀ ਵੱਡੇ ਪੱਧਰ 'ਤੇ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਪਰਿਵਰਤਨ ਹੋਏ ਹਨ। ਇਹ ਵੀ ਇਕ ਵੱਡਾ ਸਵਾਲ ਪੰਜਾਬੀ ਕਹਾਣੀ ਵਿਚ ਵਾਰ-ਵਾਰ ਪੈਦਾ ਹੁੰਦਾ ਹੈ ਕਿ ਮਨੁੱਖ ਜਿੰਨੀ ਪਦਾਰਥਕ ਖ਼ੁਸ਼ਹਾਲੀ ਪ੍ਰਾਪਤ ਕਰੀ ਜਾ ਰਿਹਾ ਹੈ ਓਨਾ ਹੀ ਉਹ ਮਾਨਸਿਕ ਤੌਰ ਤੇ ਦਵੰਦ ਦਾ ਸ਼ਿਕਾਰ ਹੋ ਰਿਹਾ ਹੈ। ਦਵੰਦਗ੍ਰਸਤ ਪਾਤਰ ਸੂਝਵਾਨ ਪਾਠਕਾਂ ਦੀ ਮਾਨਸਿਕਤਾ ਨੂੰ ਹਲੂਣਦੇ ਹੋਏ ਵਰਤਮਾਨ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਵਿਵਸਥਾ ਵਿੱਚ ਉਲਟਫੇਰ ਪ੍ਰਤੀ ਚਿੰਤਨ ਕਰਨ ਲਈ ਮਜ਼ਬੂਰ ਕਰਦਾ ਹੈ। ਜੇਕਰ ਅਸੀਂ ਬਹੁਪਰਤੀ ਪ੍ਰਤਿਭਾ ਦੇ ਧਨੀ ਕਹਾਣੀਕਾਰ ਜਿੰਦਰ ਦੀਆਂ ਕਹਾਣੀਆਂ ਦੀ ਗੱਲ ਕਰਦੇ ਹਾਂ ਤਾਂ ਅਸੀਂ ਨਿਰਸੰਕੋਚ ਉਕਤ ਕਥਨ ਉਸ ਦੀਆਂ ਕਹਾਣੀਆਂ ਵਿਚ ਹਾਜ਼ਰ ਦੇਖਦੇ ਹਾਂ। ਮਾਨਵੀ ਰਿਸ਼ਤਿਆਂ ਵਿਚਲਾ ਆਪਸੀ ਅੰਤਰ-ਦਵੰਦ ਅਤੇ ਇਸ ਦੇ ਕਾਰਨ ਪੈਦਾ ਹੁੰਦਾ ਟਕਰਾਉ (ਤਨਾਓ) ਜਿੰਦਰ ਦੀਆਂ ਕਹਾਣੀਆਂ ਦਾ ਮੂਲ ਪੈਰਾਡਾਇਮ ਬਣਦਾ ਹੈ। ਬਾਹਰਲੀਆਂ ਘਟਨਾਵਾਂ ਅਤੇ ਉਨ੍ਹਾਂ ਦੇ ਪਰਿਣਾਮ ਸਰੂਪ ਬੰਦੇ ਦੇ ਮਨ ਵਿਚ ਕਿਸ ਪ੍ਰਕਾਰ ਦੀ ਉਥਲ-ਪੁਥਲ ਹੁੰਦੀ ਇਸ ਨੂੰ ਆਪਣੀਆਂ ਕਹਾਣੀਆਂ ਦੇ ਬਿਰਤਾਂਤ ਦਾ ਉਹ ਬਾਖੂਬੀ ਤੌਰ ਤੇ ਹਿੱਸਾ ਬਣਾਉਂਦਾ ਹੈ।

ਜੇ ਉਕਤ ਵਿਚਾਰ ਨੂੰ ਥੋੜ੍ਹਾ ਹੋਰ ਵਿਸਥਾਰੀਏ ਤਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਨੇੜਲੇ ਰਿਸ਼ਤਿਆਂ ਦੇ ਤਾਣੇ-ਬਾਣੇ ਤੋਂ ਬਣੇ ਮਾਨਵੀ ਸੰਸਾਰ ਵਿਚ ਵੱਧ ਰਹੀ ਸਵਾਰਥ ਦੀ ਭਾਵਨਾ ਅਤੇ ਸਦਾਚਾਰਕ ਕਦਰਾਂ-ਕੀਮਤਾਂ ਦੀ ਕਮੀ ਨੂੰ ਆਧਾਰ ਬਣਾ ਕੇ ਜਿੰਦਰ ਕਹਾਣੀ ਰਚਨਾ ਕਰਦਾ ਹੈ। ਰਿਸ਼ਤਿਆਂ ਵਿਚਾਲੇ ਆਪਸੀ ਮੋਹ ਦੀ ਘਾਟ ਉਸ ਦੇ ਕਥਾ ਜਗਤ ਵਿਚ ਮੂਲ ਸੁਰਾਂ ਵਜੋਂ ਪੇਸ਼ ਹੁੰਦੇ ਹਨ। ਜਿੰਦਰ ਦੀਆਂ ਕਹਾਣੀਆਂ ਪੰਜਾਬੀ ਮਾਨਸਿਕਤਾ ਨੂੰ ਇਕ ਪਾਸੇ ਖੇਤਰੀ ਅਤੇ ਦੂਜੇ ਪਾਸੇ ਰਾਸ਼ਟਰੀ (ਦੇ ਨਾਲ ਅੰਤਰਰਾਸ਼ਟਰੀ) ਪੱਧਰ ਦੀਆਂ ਚੁਣੌਤੀਆਂ ਦਾ ਸਾਹਮਣੇ ਕਰਦੇ ਦਿਖਾਇਆ ਗਿਆ ਹੈ। ਕੋਈ ਵੀ ਯਥਾਰਥ ਦੀ ਜਟਿਲਤਾ ਤੋਂ ਇਨਕਾਰ ਨਹੀਂ ਕਰ ਸਕਦਾ ਪਰ ਵਰਤਮਾਨ ਦੌਰ ਦਾ ਯਥਾਰਥ ਜਟਿਲਤਾ ਦੇ ਨਾਲ ਬਹੁਪਰਤੀ ਵੀ ਹੈ ਜਿਸ ਕਰਕੇ ਇਸ ਦੀ ਸਮਝ ਵਾਸਤੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਵਰਤਾਰਿਆਂ ਨੂੰ ਪ੍ਰਸੰਗ ਸਹਿਤ ਸਮਝਣਾ ਆਵਸ਼ਕ ਹੋ ਜਾਂਦਾ ਹੈ ਕਿਉਂ ਜੋ ਆਧੁਨਿਕ ਬੰਦੇ ਦੀ ਮਾਸੂਮੀਅਤਾ ਅਤੇ ਬੇਨਿਆਜ਼ੀ ਦੇ ਬਾਵਜੂਦ ਸਾਰੇ ਵਰਤਾਰੇ ਦਖਲਅੰਦਾਜ਼ੀ ਕਰ ਰਹੇ ਹਨ। ਇਸ ਕਰਕੇ ਜਿੰਦਰ ਦੀਆਂ ਕਹਾਣੀਆਂ ਦੇ ਪਾਤਰਾਂ ਦੇ ਅਵਚੇਤਨੀ ਮਨ ਵਿਚ ਪੈਦਾ ਹੋਈ ਅਲਗਾਵ, ਅਸਥਿਰਤਾ, ਵਿਖੰਡਤਾ ਅਤੇ ਇਕੱਲਤਾ ਨੂੰ ਉਸ ਦੇ ਸਮਾਜਿਕ-ਸਭਿਆਚਾਰਕ ਪਰਿਪੇਖ ਵਿਚ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਪਾਠਕ ਸਮੁੱਚੀ ਪਰਿਸਥਿਤੀ ਨੂੰ ਹਰ ਜ਼ਾਵੀਏ ਤੋਂ ਸਮਝਣ ਦੇ ਸਮਰੱਥ ਹੋ ਜਾਂਦਾ ਹੈ।

ਵਰਤਮਾਨ ਦੌਰ ਵਿਅਕਤੀਗਤ ਸੰਵੇਦਨਾ ਦਾ ਹੈ ਜਿਸ ਕਰਕੇ ਇਸ ਸਮੇਂ ਦੀ ਪੰਜਾਬੀ ਕਹਾਣੀ ਵਧੇਰੇ ਕਰਕੇ ਉੱਤਮ ਪੁਰਖੀ ਬਿਰਤਾਂਤਕ ਸ਼ੈਲੀ ਵਿਚ ਲਿਖੀ ਜਾ ਰਹੀ ਹੈ। ਜਿੰਦਰ ਨੇ ਵੀ 'ਦੂਰੀਆਂ' ਕਹਾਣੀਆਂ ਵਿਚ ਤਲਵਿੰਦਰ ਨੂੰ ਉਤਮ ਪੁਰਖੀ ਬਿਰਤਾਂਤਕ ਸ਼ੈਲੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਜਿੰਦਰ ਨੇ ਇਸ ਪੂਰੀ ਕਹਾਣੀ ਵਿਚ ਦੋ ਵਿਰੋਧੀ ਪ੍ਰਸਥਿਤੀਆਂ, ਘਟਨਾਵਾਂ ਜੀਵਨ ਜਾਂਚਾ ਅਤੇ ਵਿਚਾਰਧਾਰਾਵਾਂ ਵਿਚਕਾਰ ਦਵੰਦ ਅਤੇ ਟਕਰਾਉ ਪੈਦਾ ਕਰਨ ਲਈ ਮੈਂ ਮੂਲਕ ਬਿਰਤਾਂਤਕ ਜੁਗਤ ਅਤੇ ਚੇਤਨ-ਅਵਚੇਤਨ ਦੀ ਦੁਬਿਧਾ ਆਦਿ ਵਿਧੀਆਂ ਦੀ ਵਰਤੋਂ ਵੱਡੀ ਮਾਤਰਾ ਵਿਚ ਕੀਤੀ ਹੈ। ਇਹ ਵੀ ਬੜੀ ਸਾਧਾਰਨ ਗੱਲ ਹੈ ਕਿ ਜਦ ਕਿਸੇ ਮਨੁੱਖ ਦੇ ਅੱਗੇ ਵੱਖਰੀ ਤਰ੍ਹਾਂ ਦੇ ਦੋ ਹਾਲਾਤ ਹੋਣ ਅਤੇ ਉਨ੍ਹਾਂ ਤੋਂ ਬਾਹਰ ਆਉਣਾ ਜਾਂ ਉਨ੍ਹਾਂ ਵਿਚ ਬਦਲਾਅ ਕਰ ਸਕਣ ਦੇ ਬੇਵੱਸ ਹੋਵੇ ਤਾਂ ਉਹ ਦੋਫਾੜ ਦਾ ਸ਼ਿਕਾਰ ਹੋ ਜਾਂਦਾ ਹੈ। ਅਜਿਹੇ ਹਾਲਾਤ ਵਿੱਚ ਮਨੁੱਖ ਜਿਹੜੀ ਕੋਸ਼ਿਸ਼ ਕਰਦਾ ਹੈ ਉਹ ਮਹਿਜ਼ ਕਾਲਪਨਿਕ ਸੰਸਾਰ ਨਾਲ ਨਾਤਾ ਰੱਖਦੀ ਹੈ ਜਿਸ ਦਾ ਵਾਸਤਵਿਕਤਾ ਨਾਲ ਦੂਰ-ਦੂਰ ਤੱਕ ਕੋਈ ਵਾਸਤਾ ਨਹੀਂ ਹੁੰਦਾ ਅਤੇ ਕਈ ਵਾਰ ਮਨੁੱਖ ਨਿੱਜ ਦਾ ਅਧਿਐਨ (ਜਾਂ ਸਵੈ ਪੜਚੋਲ) ਕਰਨ ਲੱਗਦਾ ਹੈ। 'ਦੂਰੀਆਂ' ਕਹਾਣੀ ਵਿੱਚ ਤਲਵਿੰਦਰ ਅਤੇ ਜੀਤਾਂ (ਤਲਵਿੰਦਰ ਦੀ ਵੱਡੀ ਭੈਣ) ਦੇ ਸੰਦਰਭ ਵਿੱਚ ਅਜਿਹਾ ਹੀ ਵਾਪਰਿਆ ਹੈ। 'ਦੂਰੀਆਂ' ਕਹਾਣੀ ਦਾ ਮੂਲ ਪੈਰਾਡਾਇਮ ਵਿਪਰੀਤ ਜੁੱਟ ਸਿਰਜ, ਵਿੱਥ (ਦੂਰੀ) ਅਤੇ ਤਣਾਉ ਹੈ ਜਿਸ ਦੇ ਸਹਾਰੇ ਕਹਾਣੀਕਾਰ ਸਮੁੱਚੇ ਵਿਸ਼ੇ ਨੂੰ ਉਸਾਰਦਾ ਹੈ।

'ਦੂਰੀਆਂ' ਕਹਾਣੀ ਦੇ ਪਹਿਲੇ ਪੜਾਅ ਵਿਚ ਰਿਸ਼ਤਿਆਂ ਵਿਚ ਆਈਆਂ ਦੂਰੀਆਂ ਨੂੰ ਪਹਿਲਾਂ ਜੀਤਾਂ ਪਾਤਰ ਸ਼ਿੱਦਤ ਨਾਲ ਮਹਿਸੂਸ ਕਰਦੀ ਹੈ ਕਿਉਂਕਿ ਔਰਤ ਮੁੱਢ ਵਿੱਚ ਧੀ ਦੇ ਰੂਪ ਵਿਚ ਪਿਓ-ਦਾਦੇ ਦੇ ਘਰ ਵਿਚ ਰਹਿੰਦੀ ਹੈ ਅਤੇ ਜਦ ਤਕ ਉਸ ਦਾ ਵਿਆਹ ਨਹੀਂ ਹੁੰਦਾ ਓਨੇ ਸਮੇਂ ਉਸ ਦੇ ਮਾਤਾ-ਪਿਤਾ, ਦਾਦਾ-ਦਾਦੀ, ਭੈਣ-ਭਰਾ ਸਾਰੇ ਹੀ ਉਸ ਦਾ ਪਰਿਵਾਰ ਹੁੰਦੇ ਹਨ। ਆਪਣੇ ਪਰਿਵਾਰਕ ਮੈਂਬਰਾਂ ਨਾਲ ਮੋਹ ਦੀਆਂ ਤੰਦਾਂ ਨਾਲ ਜੁੜੀ ਹੋਈ 'ਧੀ' ਉਨ੍ਹਾਂ ਦੀਆਂ



ਭਾਵਨਾਵਾਂ ਦਾ ਖਿਆਲ ਰੱਖਦੀ ਹੈ। ਵਿਆਹ ਤੋਂ ਬਾਅਦ 'ਇਹ ਧੀ' ਕਿਸੇ ਦੀ ਪਤਨੀ, ਨੂੰਹ, ਭਰਜਾਈ, ਮਾਂ ਵਰਗੇ ਰਿਸ਼ਤਿਆਂ ਦੀ ਭੂਮਿਕਾ ਨੂੰ ਨਿਭਾਉਂਦੀ ਹੋਈਸਹੁਰਾ ਪਰਿਵਾਰ ਨੂੰ ਹੀ ਆਪਣਾ ਨਵਾਂ ਪਰਿਵਾਰ ਬਣਾ ਲੈਂਦੀ ਹੈ ਭਾਵੇਂ ਉਹ ਪੇਕਾ ਘਰ ਅਤੇ ਇਸ ਨਾਲ ਜੁੜੇ ਰਿਸ਼ਤਿਆਂ ਨੂੰ ਨਹੀਂ ਭੁੱਲਦੀ। 'ਦੂਰੀਆਂ' ਕਹਾਣੀ ਦੀ ਮੁੱਖ ਪਾਤਰ ਜੀਤਾਂ ਨੂੰ ਵੀ ਸੰਸਕਾਰਾਂ ਦੇ ਰੂਪ ਵਿਚ ਅਜਿਹੀ ਹੀ ਗੁੜ੍ਹਤੀ ਮਿਲੀ ਹੋਈ ਹੈ ਪਰ ਹੁਣ ਉਸ ਦਾ ਪੇਕਾ 'ਘਰ' ਉਸ ਲਈ 'ਮਕਾਨ' ਬਣ ਚੁੱਕਾ ਹੈ ਜੋ ਸਿਰਫ ਇੱਟਾਂ-ਗਾਰੇ ਨਾਲ ਬਣਿਆ ਹੋਇਆ ਹੈ ਅਤੇ ਜਿਸ ਵਿਚ ਪਿਆਰ ਦੀਆਂ ਕੰਧਾਂ ਢਾਹ-ਢੇਰੀ ਹੋ ਚੁੱਕੀਆਂ ਹਨ। ਰਹਿ-ਰਹਿ ਕੇ ਉਸ ਨੂੰ ਆਪਣੀ ਮਰੀ ਮਾਂ ਦੀਆਂ ਗੱਲਾਂ ਚੇਤੇ ਆਉਂਦੀਆਂ ਹਨ:

"ਐਵੇਂ ਤਾਂ ਨ੍ਹੀਂ ਬੀਬੀ ਕਹਿੰਦੀ ਹੁੰਦੀ ਸੀ ਕਿ ਜਦੋਂ ਮੈਂ ਚੱਲੇ ਗਈ ਤੁਹਾਨੂੰ ਇਸ ਘਰ ਨੇ ਵੱਢ-ਵੱਢ ਘਾਣਾ। ਠੀਕ ਕਹਿੰਦੀ ਸੀ- ਹੁਣ ਮੇਰੀ ਵੱਢੀ ਰੂਹ ਨ੍ਹੀਂ ਲੱਗਦੀ ਇਸ ਘਰ 'ਚ ਇੱਥੇ ਆਇਆ ਬਿਨਾਂ ਵੀ ਗੁਜਾਰਾ ਨ੍ਹੀਂ ਹੁੰਦਾ। ਪੇਕਿਆਂ ਦੇ ਘਰ ਤੋਂ ਵੀ ਕੋਈ ਵੱਡਾ ਟਿਕਾਣਾ ਹੋ ਸਕਦਾ?'1

ਮਾਂ-ਜਾਏ ਭਰਾ ਲਈ ਜੀਤਾਂ ਪਾਤਰ ਦੇ ਹੇਠਲੇ ਬੋਲ ਪਾਠਕ ਦੇ ਅਚੇਤ ਮਨ ਵਿੱਚ ਰਿਸ਼ਤਿਆਂ ਦੇ ਨਿੱਘ ਨੂੰ ਬਣਾਈ ਰੱਖਦੇ ਹਨ:

... ਫੇਰ ਗੋਨੀ ਵੀ ਕਹਿ ਦਿੰਦਾ- ਮੱਝ ਛੱਪੜ 'ਚ ਵੜੀ ਨ੍ਹੀਂ ਨਿਕਲਦੀ ਜਨਾਨੀ ਪੇਕਿਆਂ ਤੋਂ ਨ੍ਹੀਂ ਛੇਤੀ ਮੁੜਦੀ। ਮੈਂ ਵੀ ਕੀ ਕਰਾਂ! ਜੇ ਤਲਵਿੰਦਰ ਨੂੰ ਮਹੀਨੇ ਕੁ ਬਾਅਦ ਦੇਖ ਤੇ ਮਿਲ ਨਾ ਲਵਾਂ ਮਨ ਹੋਰੂ-ਹੋਰੂ ਹੁੰਦਾ ਰਹਿੰਦਾ।"2

ਜਿੰਦਰ ਜੀਤਾਂ ਪਾਤਰ ਨੂੰ ਸਮੁੱਚੀ ਕਹਾਣੀ ਵਿਚ ਬੜੇ ਸਫਲ ਢੰਗ ਨਾਲ ਮਨੋਵਿਗਿਆਨਿਕ ਜੁਗਤਾਂ ਦੀ ਵਰਤੋਂ ਸਹਿਤ ਪ੍ਰਸਤੁਤ ਕਰਦਾ ਹੈ ਜਿਸ ਵਿਚ ਉਹ ਬਾਹਰੀ ਯਥਾਰਥ ਦੀ ਬਜਾਇ ਮਨੋਯਥਾਰਥ ਵਧੇਰੇ ਪੇਸ਼ ਕਰਦਾ ਹੈ। ਇਹ ਠੀਕ ਹੈ ਕਿ ਤਲਵਿੰਦਰ ਦੀ ਵੀ ਮਾਨਸਿਕ ਸੰਵੇਦਨਾ ਦੀ ਮਾਰਮਿਕ ਪੇਸ਼ਕਾਰੀ ਹੋਈ ਹੈ ਪਰ ਕਹਾਣੀਕਾਰ ਵਧੇਰੇ ਫੋਕਸ ਜੀਤਾਂ ਉੱਤੇ ਹੀ ਰੱਖਦਾ ਹੈ ਸ਼ਾਇਦ ਇਸ ਪਿੱਛੇ ਔਰਤਾਂ ਦਾ ਪੇਕਾ ਘਰ ਅਤੇ ਮਾਂ ਜਾਇਆਂ ਨਾਲ ਗੂੜ੍ਹਾ ਪਿਆਰ ਹੋ ਸਕਦਾ ਹੈ। ਪੂਰੀ ਕਹਾਣੀ ਵਿੱਚ ਜੋ ਮੈਨੂੰ ਵਿਚਾਰ ਜੱਚਿਆ ਹੈ ਉਹ ਹੈ ਪਾਤਰਾਂ ਦੇ ਮਨਾਂ ਵਿਚ ਵਾਪਰੀ ਘਟਨਾ ਜਾਂ ਘਟਨਾ ਦੇ ਵਾਪਰਨ ਦੇ ਕਿਆਸ ਨੂੰ ਲੈ ਕੇ ਪ੍ਰਤੀਕਰਮਾਂ ਦਾ ਹੜ੍ਹ ਆਉਣਾ ਪਰ ਕਿਤੇ ਕਿਤੇ ਪ੍ਰਮੁੱਖ ਪਾਤਰਾਂ ਜੀਤਾਂ ਅਤੇ ਤਲਵਿੰਦਰ ਵਲੋਂ ਮੂਕ ਦਰਸ਼ਕ ਦੀ ਭੂਮਿਕਾ ਨੂੰ ਨਿਭਾਉਣਾ ਤਰਕ ਸੰਗਤ ਵੀ ਨਹੀਂ ਜਾਪਦਾ ਅਤੇ ਇਹ ਅੱਖਰਦਾ ਵੀ ਹੈ। ਆਧੁਨਿਕਤਾ (ਅਤੇ ਉਤਰ ਆਧੁਨਿਕਤਾ) ਕਿਸ ਤਰ੍ਹਾਂ ਰਵਾਇਤੀ ਕੀਮਤਾਂ ਨਾਲ ਜੁੜੇ ਪਾਤਰਾਂ ਨੂੰ ਦਵੰਦਮਈ ਸਥਿਤੀ ਵਲ ਧਕੇਲਦੀਆਂ ਹਨ 'ਦੂਰੀਆਂ' ਕਹਾਣੀ ਵਿਚ ਉਸ ਅਤਿ ਸੂਖਮ ਮਾਨਸਿਕ ਕਿਰਿਆਵਾਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਮਨੁੱਖ (ਸਾਧਾਰਣ ਬੰਦਾ) ਹਾਲਾਤਾਂ ਅਨੁਸਾਰ ਜੀਵਨ ਜੀਉਣ ਲਈ ਮਜ਼ਬੂਰ ਹੈ ਅਤੇ ਇਨ੍ਹਾਂ ਦੇ ਵਸ ਪਿਆ ਉਹ ਮਹਿਜ਼ ਇਕ ਕਠਪੁਤਲੀ ਹੈ। ਉਹ ਇਨ੍ਹਾਂ ਹਾਲਾਤਾਂ (ਪ੍ਰਸਥਿਤੀਆਂ) ਨੂੰ ਆਪਣੇ ਅਨੁਸਾਰ ਬਣਾਉਣਾ ਚਾਹੁੰਦਾ ਹੈ ਪਰ ਅਜਿਹਾ ਹੋਣਾ ਬਹੁਤੀ ਵਾਰ ਅਸੰਭਵ ਜਾਪਦਾ ਹੈ। ਇਸ ਲਈ ਜਿੰਦਰ ਨੇ ਇਸ ਕਹਾਣੀ ਵਿਚ ਵੀ ਮਨੁੱਖੀ ਚਰਿੱਤਰ ਦੀਆਂ ਕਮੀਆਂ ਨੂੰ ਸਿੱਧਾ ਭੰਡਣ ਦੀ ਥਾਵੇਂ ਵਿਅੰਗਾਤਮਕ ਸ਼ੈਲੀ ਦੁਆਰਾ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੈ ਕਿ ਸੁਚੇਤ ਪਾਠਕ ਦੇ ਮਨ ਵਿਚ ਗਲਤ ਕੀਮਤਾਂ

ਦੇ ਨਾਲ ਮਾਨਵੀ ਚਰਿੱਤਰ ਦੀਆਂ ਊਣਤਾਈਆਂ ਸੰਬੰਧੀ ਜਾਗਰੂਕਤਾ ਪੈਦਾ ਹੋ ਸਕੇ ਅਤੇ ਹਾਲਾਤ ਵਸ ਬੇਵਸ ਹੋਏ ਮਨੁੱਖ ਲਈ ਹਮਦਰਦੀ ਦੀ ਭਾਵਨਾ ਜਾਗ ਸਕੇ। ਉਪਰੋਕਤ ਸਾਰੇ ਵਿਚਾਰਾਂ ਦੇ ਪ੍ਰਸੰਗ ਵਿਚ ਜੀਤਾਂ ਅਤੇ ਤਲਵਿੰਦਰ ਦਾ ਹੇਠਲਾ ਸੰਵਾਦ ਗੌਰ ਕਰਨ ਯੋਗ ਹੈ:

"ਬੀਬੀ ਜਿਉਂਦੀ ਸੀ ਤਾਂ ਇਹ ਘਰ ਆਪਣਾ-ਆਪਣਾ ਲੱਗਦਾ ਸੀ। ਹੁਣ ਓਪਰਾ ਓਪਰਾ ਲੱਗਦਾ। ਤੂੰ ਕੱਲ ਨੂੰ ਦਫ਼ਤਰ ਜਾਣ ਲੱਗਾ ਮੈਨੂੰ ਹੁਸ਼ਿਆਰਪੁਰ ਵਾਲੀ ਬੱਸੇ ਚੜ੍ਹਾ ਦਈਂ। ਤੈਨੂੰ ਮਿਲਣਾ ਸੀ- ਮਿਲ ਲਿਆ। ਹੋਰ ਇੱਥੇ ਮੇਰਾ ਕੌਣ ਆ।"

"ਲੈ ਤਾਂ ਇਹ ਕਿ ਗੱਲ ਹੋਈ। ਬੀਰੋ ਆ। ਨਿਆਣੇ ਆ।"

"ਕਿਸੇ ਕੋਲ ਮੇਰੇ ਕੋਲ ਬੈਠਣ ਦਾ ਟਾਈਮ ਹੀ ਨ੍ਹੀਂ। ਕੱਲ ਮੈਂ ਸਤੀਸ਼ ਨੂੰ ਕਿਹਾ ਕਿ ਮੈਨੂੰ ਖੱਟੀਆਂ-ਮਿੱਠੀਆਂ ਗੋਲੀਆਂ ਲਿਆ ਦੇ। ਉਹਨੇ ਮੇਰੀ ਗੱਲ ਹੀ ਨ੍ਹੀਂ ਸੁਣੀ। ਇਹੀ ਕਹੀ ਗਿਆ ਡੈਡੀ ਨੂੰ ਫੋਨ ਕਰ ਦਿਓ। ਆਉਣ ਲੱਗੇ ਫੜ ਲੈ ਆਉਣ।"

"ਨਿਆਣਿਆਂ ਦੀ ਆਪਣੀ ਦੁਨੀਆਂ ਆ। ਉਹ ਪੜ੍ਹਾਈ 'ਚ ਰੁਝੇ ਰਹਿੰਦੇ ਜਾਂ ਮੋਬਾਇਲ 'ਤੇ।"3

'ਦੂਰੀਆਂ' ਕਹਾਣੀ ਵਿੱਚ ਤਣਾਉ ਦਾ ਇਕ ਰੂਪ ਆਧੁਨਿਕਤਾ ਅਤੇ ਪਰੰਪਰਾ ਨਾਲ ਜੁੜੀਆਂ ਕੀਮਤਾਂ ਦੇ ਵਖਰੇਵੇਂ ਦੇ ਨਾਲ ਦੋ ਪੀੜ੍ਹੀਆਂ ਵਿਚਕਾਰ ਦੋ ਸੋਚਾਂ (ਵਿਚਾਰਧਾਰਾਵਾਂ) ਦੇ ਫੈਲਾਅ ਨਾਲ ਦਿਖਾਇਆ ਗਿਆ ਹੈ ਜਿਸ ਦੇ ਪਰਿਣਾਮਸਰੂਪ ਨਜ਼ਦੀਕੀ ਮਨੁੱਖੀ ਰਿਸ਼ਤਿਆਂ ਵਿਚ ਮੋਹ ਭੰਗਤਾ ਦੀ ਭਾਵਨਾ, ਪਾਤਰਾਂ ਦੀਆਂ ਰਵਾਇਤੀ ਅਤੇ ਆਧੁਨਿਕ ਕੀਮਤਾਂ ਵਿਚਾਲੇ ਉਤਪੰਨ ਹੋਈ ਦੁਬਿਧਾ ਨਵੀਂ ਅਤੇ ਪੁਰਾਣੀ ਪੀੜ੍ਹੀ ਵਿਚਾਲੇ ਨਾ ਖਤਮ ਹੋਣ ਵਾਲੀ ਦੂਰੀਆਂ ਸਥਾਪਿਤ ਕਰਦੀ ਹੈ। ਜਿਸ ਕਰਕੇ ਆਪਸੀ ਮੋਹ ਪਿਆਰ ਅਤੇ ਆਪਣੀਆਂ ਇੱਛਾਵਾਂ ਨੂੰ ਤਿਲਾਂਜਲੀ ਦੇਣ ਦੀ ਥਾਵੀਂ ਦੂਜੀ ਅਤੇ ਤੀਜੀ ਪੀੜ੍ਹੀ ਦੇ ਪਾਤਰ ਸਿਰਫ਼ ਤੇ ਸਿਰਫ਼ ਆਪਣੇ ਉਦੇਸ਼ ਪੂਰਤੀ ਦੀ ਸਟਰੈਟਜੀ ਅਧੀਨ ਵਿਚਰਦੇ ਨਜ਼ਰ ਆਉਂਦੇ ਹਨ ਅਤੇ ਆਪਣੀ ਵਾਸਤਵਿਕ ਸਭਿਆਚਾਰਕ ਪਛਾਣ ਤੋਂ ਉਖੜੇ ਹੋਏ ਦਿਸਦੇ ਹਨ। ਇਸ ਵਿਚਾਰ ਦਾ ਪਾਠਕ ਨੂੰ ਪੂਰੀ ਤਰ੍ਹਾਂ ਅਹਿਸਾਸ ਕਹਾਣੀ ਦੇ ਦੂਜੇ ਅਤੇ ਅਖੀਰਲੇ ਪੜਾਅ ਵਿਚ ਵਧੇਰੇ ਤੀਬਰ ਰੂਪ ਵਿਚ ਹੋ ਜਾਂਦਾ ਹੈ ਜਦੋਂ ਤਲਵਿੰਦਰ ਜੀਤਾਂ ਨੂੰ ਮਿਲਣ ਵਾਸਤੇ ਉਸ ਦੇ ਘਰ ਜਾਂਦਾ ਹੈ ਤਾਂ ਉਹ ਪਹਿਲਾਂ ਜੀਤਾਂ ਨੂੰ ਮਿਲਣ ਦੀ ਥਾਵੀਂ ਆਪਣੇ ਭਾਣਜੇ ਗੋਨੀ ਦੀ ਦੁਕਾਨ ਤੇ ਜਾਂਦਾ ਹੈ, ਉਸ ਸਮੇਂ ਗੋਨੀ ਆਪਣੇ ਗਾਹਕਾਂ ਨਾਲ ਰੁਝਿਆ ਰਹਿੰਦਾ ਹੈ ਅਤੇ ਉਸ ਦਾ ਵਧੇਰੇ ਧਿਆਨ ਟੀ.ਵੀ. 'ਤੇ ਆਉਂਦੇ ਸ਼ੇਅਰ ਮਾਰਕੀਟ ਦੇ ਉਤਰਾਅ ਚੜ੍ਹਾਅ ਵਲ ਰਹਿੰਦਾ ਹੈ। ਉਹ ਗਾਹਕਾਂ ਵਿੱਚ ਰੁਝਿਆ ਹੋਇਆ ਤਲਵਿੰਦਰ ਨੂੰ ਦੂਰ ਤੋਂ ਹੀ ਪੈਰੀਂ ਪਾਉਣਾ ਕਹਿ ਦਿੰਦਾ ਭਾਵ ਉਸ ਦੇ ਸੁਭਾਅ ਵਿਚ ਆਪਣੇ ਮਾਮੇ ਨੂੰ ਮਿਲਣ ਲਈ ਗਰਮਜੋਸ਼ੀ ਨਹੀਂ ਦਿਸਦੀ:

ਬਸ ਇੰਨਾ ਕੁ ਕਹਿੰਦਾ, "ਮਾਮਾ ਜੀ, ਐਸ ਵਾਰ ਬਹੁਤ ਚਿਰ ਬਾਅਦ ਆਏ?"4

ਇਹ ਸਾਫ਼ ਹੈ ਕਿ ਆਪਣੇ ਇਕਲੌਤੇ ਮਾਮੇ ਦੇ ਬਹੁਤ ਦੇਰ ਬਾਅਦ ਨਾ ਆਉਣ ਦਾ ਉਸ ਨੂੰ ਦੁਖ ਹੈ ਅਤੇ ਨਾ ਹੀ ਆਏ ਦੀ ਖ਼ੁਸ਼ੀ। ਉਸ ਦੇ ਸੁਭਾਅ ਵਿਚ ਰਸਮੀਪੁਣਾ ਤਲਵਿੰਦਰ ਨੂੰ ਓਪਰਾ ਲਗਦਾ ਹੈ ਕਿਉਂ ਜੋ ਮਾਮੇ ਭਾਣਜੇ ਵਿਚ ਜਿੰਨੀਆਂ ਵੀ ਗੱਲਾਂ ਹੁੰਦੀਆਂ ਹਨ ਉਹ ਸਾਰੀਆਂ ਸਰਸਰੀ ਅਤੇ ਕਾਰੋਬਾਰ ਨਾਲ ਸਬੰਧਿਤ ਹੁੰਦੀਆਂ ਹਨ, ਸਾਰੀ ਵਾਰਤਾਲਾਪ ਦਾ ਕੇਂਦਰ 'ਪੈਸਾ' ਹੀ ਹੁੰਦਾ ਹੈ। ਇਸ ਸਮੇਂ ਤਲਵਿੰਦਰ ਨੂੰ ਆਪਣੇ ਜੀਜੇ ਗਿਆਨ ਦੇ ਨਾਲ ਆਪਣੀ



ਮਾਨਸਿਕ ਸਾਂਝ ਦੀ ਯਾਦ ਆਉਂਦੀ ਹੈ ਕਿ ਕਿਵੇਂ ਉਸ ਦੇ ਜਾਣ 'ਤੇ ਗਿਆਨ ਨੂੰ 'ਅੰਤਾਂ ਦਾ ਚਾਅ' ਚੜ੍ਹ ਜਾਂਦਾ ਸੀ :

"ਜੇ ਤੂੰ ਇਸ ਹਫ਼ਤੇ ਨਾ ਆਉਂਦਾ ਤਾਂ ਮੈਂ ਤੇਰੇ ਨਾਲ ਲੜਨਾ ਸੀ। ਮੈਂ ਤਾਂ ਹੋਇਆ ਕੰਮਕਾਰ ਵਾਲਾ। ਮੈਨੂੰ ਦੱਸ-ਤੂੰ ਕਿਹੜੇ ਕੰਮਾਂ 'ਚ ਫਸਿਆ?"5

ਅਜਿਹਾ ਨਹੀਂ ਹੈ ਕਿ ਗਿਆਨ ਨੂੰ ਕੋਈ ਕੰਮ ਨਹੀਂ ਸੀ ਬਲਕਿ ਉਹ ਕਾਰੋਬਾਰ ਦੇ ਨਾਲ ਸੰਬੰਧਾਂ ਨੂੰ ਵੀ ਤਰਜੀਹ ਦਿੰਦਾ ਸੀ। ਉਹ ਕੰਮ ਦੇ ਨਾਲ ਆਏ-ਗਏ ਤਲਵਿੰਦਰ ਨਾਲ ਗੱਲਾਂ ਦੀ ਲੜੀ ਨੂੰ ਛੋਹ ਕੇ ਇਸ ਨੂੰ ਟੁੱਟਣ ਨਾ ਦਿੰਦਾ। ਜੇ ਕਦੇ ਉਹ ਗਾਹਕਾਂ ਨਾਲ ਵਧੇਰੇ ਰੁੱਝ ਜਾਂਦਾ ਤਾਂ ਕਿਸੇ ਹੋਰ ਨੂੰ ਕਹਿ ਦਿੰਦਾ :

"ਯਾਰ, ਆਹ ਤਲਵਿੰਦਰ ਦਾ ਜੀਅ ਲਾਈ ਰੱਖ। ਮੈਂ ਆਹ ਹੱਥ ਵਿਚਲਾ ਕੰਮ ਨਬੇੜ ਲਵਾਂ।"6

ਗਿਆਨ ਤਲਵਿੰਦਰ ਨਾਲ ਤਾਸ਼ ਦੀ ਬਾਜ਼ੀ ਖੇਡਦਾ, ਦਾਰੂ ਅਤੇ ਫਰਾਈ ਮੱਛੀ ਨਾਲ ਉਸ ਦੀ ਖ਼ੂਬ ਟਹਿਲ-ਸੇਵਾ ਕਰਦਾ ਸੀ ਉਸ ਸਮੇਂ ਗੋਨੀ ਅਤੇ ਸ਼ਾਲੂ ਵੀ ਛੋਟੇ ਸਨ ਅਤੇ ਉਨ੍ਹਾਂ ਦੇ ਮਨਾਂ ਵਿੱਚ ਵੀ ਆਪਣੇ ਮਾਮੇ ਲਈ ਪ੍ਰੇਮ ਸੀ। ਉਹ ਉਸੇ ਨਾਲ ਹੀ ਖਾਂਦੇ-ਪੀਂਦੇ ਅਤੇ ਸੌਂਦੇ ਸਨ ਜਿਸ ਕਰਕੇ ਤਲਵਿੰਦਰ ਨੂੰ ਦੋ-ਤਿੰਨ ਬੀਤ ਜਾਣ ਦਾ ਵੀ ਪਤਾ ਨਾ ਚਲਦਾ। ਸਵੇਰ ਦੀ ਸੈਰ ਅਤੇ ਘਰ ਲਈ ਦੁੱਧ ਲੈਣ ਦਾ ਕੰਮ ਵੀ ਗਿਆਨ ਤਲਵਿੰਦਰ ਨਾਲ ਕਰਦਾ ਸੀ, ਉਹ ਉਸ ਪਾਸੋਂ ਨਿੱਕੀਆਂ-ਨਿੱਕੀਆਂ ਗੱਲਾਂ ਤੇ ਵੇਰਵੇ ਪੁੱਛਦਾ। ਇੱਥੋਂ ਤੱਕ ਕਿ ਉਸ ਦੀ ਨੌਕਰੀ ਦੀ ਦੱਸ ਵੀ ਗਿਆਨ ਨੇ ਹੀ ਪਾਈ ਸੀ ਅਤੇ ਇਸ ਨੌਕਰੀ 'ਤੇ ਉਸ ਨੇ ਹੀ ਅਪਲਾਈ ਕਰਵਾਇਆ ਸੀ। ਜੀਜਾ-ਸਾਲੇ ਦਾ ਰਿਸ਼ਤਾ ਨਾ ਹੋ ਕੇ ਉਨ੍ਹਾਂ ਦੋਹਾਂ ਵਿੱਚ ਭਰਾਵਾਂ ਵਾਲਾ ਰਿਸ਼ਤਾ ਸੀ। ਤਲਵਿੰਦਰ ਜਦ ਚਾਰ ਦਿਨ ਬਾਅਦ ਗਿਆਨ ਦੇ ਘਰੋਂ ਜਾਣਾ ਚਾਹੁੰਦਾ ਹੁੰਦਾ ਸੀ ਇਹ ਕਹਿ ਕੇ ਭੈਣ ਦੇ ਘਰ ਭਰਾ 'ਕੁੱਤਾ' ਹੁੰਦਾ ਹੈ ਤਾਂ ਇਸ ਦਾ ਜਵਾਬ ਗਿਆਨ ਬੜੇ ਪਿਆਰ ਨਾਲ ਦਿੰਦਾ :

"ਇਹ ਗੱਲ ਉੱਥੇ ਢੁੱਕਦੀ ਜਿੱਥੇ ਦਿਲਾਂ ਦੀ ਸਾਂਝ ਨਾ ਹੋਵੇ" ਤੂੰ ਤਾਂ ਮੇਰਾ ਛੋਟਾ ਭਰਾ ਆਂ। ਦੱਸ-ਇਕ ਤਰ੍ਹਾਂ ਦੂਜੇ ਭਰਾ ਕੋਲ ਰਹਿ ਸਕਦਾ ਹੈ ਕਿ ਨ੍ਹੀ?"7

ਤਲਵਿੰਦਰ ਨੂੰ ਗਿਆਨ ਕੋਲੋਂ ਅਪਣੱਤ, ਸਨਮਾਨ ਅਤੇ ਰੁਜ਼ਗਾਰ ਵਿਚ ਮਦਦ ਹੀ ਨਹੀਂ ਮਿਲੀ ਬਲਕਿ ਜੀਵਨ ਦਾ ਫਲਸਫ਼ਾ ਵੀ ਉਸ ਪਾਸੋਂ ਹੀ ਮਿਲਿਆ ਹੈ ਜਿਸ ਨੂੰ ਉਹ ਪੱਲੇ ਬੰਨ੍ਹ ਲੈਂਦਾ ਹੈ:

'ਦੇਖ ਤੂੰ ਵਿਆਹ ਕਰਵਾਉਣਾ। .... ਇਕ ਤਾਂ ਤੂੰ ਕਿਸੇ ਕੋਲ ਆਪਣੇ ਪਰਿਵਾਰ ਦੀ ਨਿੰਦਿਆ ਚੁਗਲੀ ਨਾ ਕਰੀਂ ਤੇ ਦੂਜਾ ਜਿੰਨਾਂ ਕਿਸੇ ਝਗੜੇ ਤੋਂ ਬਚਿਆ ਜਾ ਸਕਦਾ ਆ, ਬਚ ਕੇ ਰਹੀਂ।8

ਜਦ ਤਲਵਿੰਦਰ ਦੁਆਰਾ ਮਿਲਣ ਲਈ ਜਾਂਦਾ ਤਾਂ ਗਿਆਨ ਨਾਲ ਗੁਜ਼ਾਰੇ ਸਮੇਂ ਦੀਆਂ ਯਾਦਾਂ ਵਿੱਚ ਗੜੁੱਚ ਹੁੰਦਾ ਹੈ ਪਰ ਘਰ ਵਿਚ ਵੜਨ ਸਾਰ ਹੀ ਉਸ ਨੂੰ ਗਿਆਨ ਦੇ ਨਾ ਹੋਣ ਦਾ ਅਹਿਸਾਸ ਹੋ ਜਾਂਦਾ ਹੈ। ਜਦ ਜੀਤਾਂ ਤਲਵਿੰਦਰ ਵਲੋਂ ਲਿਆਂਦੇ ਫਲਾਂ ਦੇ ਲਿਫਾਫੇ ਨੂੰ ਬਹੂ ਨੂੰ ਰਸੋਈ ਵਿੱਚ ਰੱਖਣ ਲਈ ਆਖਦੀ ਹੈ ਪਰ ਬਹੂ (ਨੂੰਹ) ਛੇਤੀ-ਛੇਤੀ ਉਸ ਦੀ ਗੱਲ 'ਤੇ

ਧਿਆਨ ਨਹੀਂ ਦਿੰਦੀ ਤਾਂ ਉਸ ਸਮੇਂ ਵੀ ਨਵੀਂ ਪੀੜ੍ਹੀ ਦੇ ਪੁਰਾਣੇ (ਪਿਛਲੇ) ਰਿਸ਼ਤਿਆਂ ਪ੍ਰਤੀ ਅਸਲ ਵਿਵਹਾਰ ਸਾਹਮਣੇ ਆਉਂਦਾ ਹੈ:

"ਲੈ ਤਾਂ, ਆਪਣੇ ਆਇਆ ਦਾ ਇਹਨੂੰ ਕਿੰਨਾ ਚਾਅ ਚੜ੍ਹ ਜਾਂਦਾ। ਮੇਰਾ ਕੋਈ ਵੀ ਆ ਜਾਵੇ ਤਾਂ ਇਹਦੇ ਮੱਥੇ ਸੌ ਵੱਟ ਪੈ ਜਾਂਦਾ।" ਉਹ ਗੋਡਿਆਂ 'ਤੇ ਹੱਥ ਰੱਖ ਕੇ ਉੱਠਦੀ ਤੇ ਰਸੋਈ 'ਚ ਜਾ ਖੜ੍ਹਦੀ, 'ਲੈ, ਮੈਂ ਤੈਨੂੰ ਵਾਜ਼ ਮਾਰੀ ਸੀ, ਅੱਗੋਂ ਤੂੰ ਕੋਈ ਹੁੰਗਾਰਾ ਹੀ ਨ੍ਹੀਂ ਦਿੱਤਾ" ਬਹੂ ਕਹਿੰਦੀ, "ਲਿਫਾਫਾ ਕਿੱਥੋਂ ਦੌੜ ਚਲਿਆ ਸੀ। ਪਹਿਲਾਂ ਮਾਮਾ ਜੀ ਨੂੰ ਚਾਹ-ਪਾਣੀ ਤਾਂ ਪੀ ਲੈਣ ਦਿਓ"9

ਤਲਵਿੰਦਰ ਨੂੰ ਇੰਝ ਪ੍ਰਤੀਤ ਹੁੰਦਾ ਹੈ ਕਿ ਜੀਤਾਂ ਕੋਲ ਓਪਰੀ ਨਜ਼ਰੇ ਸਾਰਾ ਕੁਝ ਹੈ। ਜੀਤਾਂ ਦੀ ਧੀ ਸ਼ਾਲੂ ਵਿਆਹੀ ਗਈ ਅਤੇ ਆਪਣੇ ਘਰ ਸੁਖੀ ਹੈ। ਗੋਨੀ ਨੇ ਆਪਣੇ ਪਿਉ ਦੀ ਮੌਤ ਤੋਂ ਬਾਅਦ ਸਾਰੀ ਦੁਕਾਨ ਦਾ ਕੰਮ ਸੰਭਾਲ ਲਿਆ ਅਤੇ ਪੂਰਾ ਕਾਰੋਬਾਰੀ ਬਣ ਗਿਆ ਹੈ। ਪੰਦਰਾਂ ਮਰਲਿਆਂ ਦੀ ਕੋਠੀ, ਨੋਵਾ ਕਾਰ, ਮਹਿੰਗਾ ਫਰਨੀਚਰ, ਆਧੁਨਿਕ ਰਸੋਈ, ਹਰ ਕਮਰੇ ਵਿੱਚ ਐਲ.ਈ.ਡੀ., ਸੋਹਣੇ ਰੰਗਾਂ ਦੇ ਕੰਧਾਂ 'ਤੇ ਪੇਂਟ ਸਾਰਾ ਕੁਝ ਜੀਤਾਂ ਦੇ ਘਰ ਨੂੰ ਆਲੀਸ਼ਾਨ ਬਣਾਉਂਦਾ ਹੈ ਪਰ ਫੇਰ ਵੀ ਇਸ ਘਰ ਵਿੱਚ ਜੀਤਾਂ ਦੀ ਪਸੰਦ ਦਾ ਕੁਝ ਵੀ ਨਹੀਂ ਸੀ। ਹਰ ਚੀਜ਼ ਅਤੇ ਗੱਲ ਵਿੱਚ ਉਸ ਦੇ ਮੁੰਡੇ (ਗੋਨੀ) ਅਤੇ ਬਹੂ ਦੀ ਮਰਜ਼ੀ ਦਾ ਹੀ ਸੀ:

ਕਿਉਂ ਪੈਸੇ ਪੱਟੀ ਜਾਣਾ। ਅੱਗੋਂ ਪੋਲਾ ਜਿਹਾ ਮੂੰਹ ਬਣਾ ਕੇ ਜੁਆਬ ਦਿੰਦਾ, 'ਮੰਮੀ ਜੀ ਜੇ ਬੰਦਾ ਪੈਸੇ ਕਮਾਏ ਤਾਂ ਉਹ ਖਰਚੇ ਵੀ।' ਚੱਲ, ਜਿੱਦਾਂ ਇੰਨਾਂ ਨੂੰ ਚੰਗਾ ਲੱਗਦਾ ਕਰੀਂ ਜਾਣ। ਮੈਂ ਕਿਉਂ ਮੱਥੇ ਵੱਟ ਪਾਵਾਂ ....?"10

ਦੂਜੀ ਪੀੜ੍ਹੀ ਦੇ ਨਾਲ-ਨਾਲ ਤੀਜੀ ਪੀੜ੍ਹੀ ਜਿਸ ਵਿੱਚ ਜੀਤਾਂ ਦੇ ਪੋਤੇ-ਪੋਤੀ ਸ਼ਾਮਿਲ ਹਨ, ਵੀ ਬਹੁਤ ਰੁੱਝੇ ਹੋਏ ਹਨ ਜਿਹੜੇ ਸਿਰਫ਼ ਇੱਕ ਨਮਸਤੇ ਕਹਿ ਕੇ ਐਲ.ਈ.ਡੀ. 'ਤੇ ਕਾਰਟੂਨ ਅਤੇ ਟੇਬਲਿਟ ਤੇ ਗੇਮਾਂ ਖੇਡਣ ਤੋਂ ਵਿਹਲੇ ਹੁੰਦੇ ਹਨ ਤਾਂ ਆਪਣੀ ਮਾਂ ਦਾ ਮੋਬਾਇਲ ਲੈ ਕੇ ਨੈੱਟ 'ਤੇ ਪਤਾ ਨਹੀਂ ਕੀ ਕੁਝ ਦੇਖਦੇ ਰਹਿੰਦੇ ਹਨ। ਗੋਨੀ ਤੇ ਉਸ ਦੀ ਪਤਨੀ ਤਾਂ ਪਹਿਲਾਂ ਹੀ ਰਿਸ਼ਤਿਆਂ ਤੋਂ ਕਾਫ਼ੀ ਹੱਦ ਤੱਕ ਕੋਰੇ ਜਾਪਦੇ ਹਨ। ਇਹ ਸਭ ਕੁਝ ਤਲਵਿੰਦਰ ਅੰਦਰ 'ਬੇਗਾਨਗੀ ਦੇ ਅਹਿਸਾਸ' ਨੂੰ ਹੋਰ ਵਧਾਉਂਦਾ ਹੈ। ਇਸ ਦਾ ਇਕ ਪ੍ਰਮੁੱਖ ਕਾਰਨ ਜੀਤਾਂ ਦੇ ਵੱਡੇ (ਅਤੇ ਖੁੱਲ੍ਹੇ-ਡੁੱਲੇ) ਘਰ ਵਿਚ ਉਸ ਦੀ ਮਰਜ਼ੀ ਦੀ ਕੋਈ ਕੀਮਤ ਨਾ ਹੋਣਾ ਹੈ, ਜਿਸ ਕਾਰਨ ਤਲਵਿੰਦਰ ਇਹ ਸੋਚਦਾ ਹੈ ਕਿ ਫੇਰ ਉਹ ਆਪ ਕਿਵੇਂ ਆਜ਼ਾਦੀ ਨਾਲ ਘੁੰਮ-ਫਿਰ ਸਕਦਾ ਹੈ। ਉੱਥੇ ਉਸ ਨੂੰ ਸਾਹ ਘੁੱਟਵਾਂ ਮਾਹੌਲ ਜਾਪਦਾ ਹੈ ਅਤੇ ਉਹ ਜੀਤਾਂ ਅਤੇ ਉਸ ਦੇ ਟੱਬਰ ਨੂੰ ਕੰਮ ਦਾ ਝੂਠਾ ਬਹਾਨਾ ਬਣਾ ਕੇ ਜਾਣ ਦੀ ਤਿਆਰੀ ਕਰ ਲੈਂਦਾ ਹੈ:

ਮੈਂ ਜੀਤਾਂ ਨੂੰ ਪੰਜ ਸੌ ਦਾ ਨੋਟ ਦਿੰਦਾ ਤਾਂ ਉਹ ਅੱਖਾਂ ਭਰ ਲੈਂਦੀ, "ਚੁੱਪ ਕਰ ਕੇ ਬੈਠ ਜਾ। ਆ ਕੇ ਬਾਣੀਆਂ ਦੇ ਪ੍ਰਾਹੁਣਿਆਂ ਵਾਂਗੂ ਕਰਨ ਲਗਾ। ਅੱਜ ਨ੍ਹੀਂ ਕਿਤੇ ਜਾਣਾ।" ਉਸ ਦੀ ਆਵਾਜ਼ 'ਚ ਪਹਿਲਾਂ ਵਾਲਾ ਗੜਕਾ ਨਾ ਹੁੰਦਾ। ਨਾ ਹੀ ਜ਼ੋਰ।"11

ਅਖੀਰ ਵਿਚ ਮੇਰੇ ਘਰ ਦੀ ਥਾਂ ਜੀਤਾਂ ਸਾਡੇ ਘਰ ਸ਼ਬਦ ਵਰਤਦੀ ਹੈ ਤਾਂ ਪਾਠਕਾਂ ਦੇ ਕਾਲਜੇ ਵਿੱਚ ਰੁੱਗ ਜਿਹਾ ਭਰ ਜਾਂਦਾ ਹੈ ਪਰ ਇਹ ਸਭ ਤੋਂ ਗੋਨੀ ਉਸ ਦੀ ਘਰਵਾਲੀ ਅਤੇ ਉਨ੍ਹਾਂ ਦੇ ਬੱਚੇ ਆਪਣੀ-ਆਪਣੀ ਦੁਨੀਆਂ ਵਿੱਚ ਬੇਖ਼ਬਰ ਅਤੇ ਮਸਤ ਹਨ ਜਦਕਿ ਤਲਵਿੰਦਰ



ਅਤੇ ਜੀਤਾਂ ਰਿਸ਼ਤਿਆਂ ਦੀਆਂ ਤੰਦਾਂ ਵਿਚ ਫਸੇ ਹੋਏ ਹਨ, ਉਨ੍ਹਾਂ ਦੀਆਂ ਅੱਖਾਂ ਨਮ ਅਤੇ ਗੱਚ ਭਰਿਆ ਹੋਇਆ ਹੈ:


ਮੈਂ ਉਸ ਦੇ ਪੈਰੀਂ ਹੱਥ ਲਾਉਣ ਲਈ ਝੁੱਕਦਾ ਤਾਂ ਉਹ ਮੈਨੂੰ ਘੁੱਟ ਕੇ ਜੱਫ਼ੀ ਪਾ ਲੈਂਦੀ। ਹਟਕੋਰੇ ਭਰ-ਭਰ ਰੋਣ ਲੱਗਦੀ ਤੇ ਹੌਲੀ ਜਿਹੇ ਕਹਿੰਦੀ, "ਹੁਣ ਤਾਂ ਰਿਸ਼ਤੇ ਵੀ ਟੈਲੀਫੋਨਾਂ 'ਤੇ ਰਹਿ ਗਏ ....।"12

ਜੇਕਰ ਅਸੀਂ ਇਹ ਸਮਝਦੇ ਹਾਂ ਕਿ ਜੀਤਾਂ ਅਤੇ ਤਲਵਿੰਦਰ ਵਿੱਚੋਂ ਖਾਸ ਕਰਕੇ ਜੀਤਾਂ ਦਾ ਵਧੇਰੇ ਝੁਕਾਅ ਪਰੰਪਰਾਮਈ ਕੀਮਤਾਂ ਵੱਲ ਹੈ ਤਾਂ ਇਹ ਵੀ ਇਕ ਦਿਲਚਸਪ ਤੱਥ ਹੈ ਕਿ ਜੀਤਾਂ ਵੀ ਇਹ ਸੋਚਦੀ ਹੈ ਕਿ ਉਸ ਅੰਦਰ ਰਵਾਹਿਤੀ ਸੋਚਾਂ ਸਦਾ ਲਈ ਸੌਂ ਜਾਣ। ਅਸਲ ਵਿੱਚ ਇਹ ਸੋਚਾਂ ਆਪਣੇ ਅਵਚੇਤਨ ਮਨ ਦਾ ਭਾਗ ਬਣ ਚੁੱਕੀਆਂ ਰਵਾਇਤੀ ਕਦਰਾਂ-ਕੀਮਤਾਂ ਨੂੰ ਅਪਣਾਉਂਦੇ ਹਨ ਤਾਂ ਰਵਾਇਤੀ ਸੋਚਾਂ ਉਨਾਂ ਦਾ ਪਿੱਛਾ ਨਹੀਂ ਛੱਡਦੀਆਂ, ਕਿਉਂਕ ਉਹ ਉਸ ਦੇ ਸਾਂਸਕ੍ਰਿਤਕ ਅਤੇ ਸਭਿਆਚਾਰਕ ਅਵਚੇਤਨ ਦਾ ਹਿੱਸਾ ਬਣ ਚੁੱਕੀਆਂ ਹਨ, ਪਰ ਜਦੋਂ ਉਹ ਦੋਵੇਂ ਰਵਾਇਤੀ ਕਦਰਾਂ-ਕੀਮਤਾਂ ਦਾ ਪੱਖ ਪੂਰਦੇ ਹਨ ਤਾਂ ਆਧੁਨਿਕਤਾ ਦੀ ਦੌੜ ਵਿੱਚ ਆਪਣੇ ਆਪ ਨੂੰ ਪਿੱਛੇ ਰਹਿ ਗਏ ਮਹਿਸੂਸ ਕਰਦੇ ਹਨ। ਇਸ ਤਰ੍ਹਾਂ ਜਿੰਦਰ ਰਚਿਤ 'ਦੂਰੀਆਂ' ਕਹਾਣੀ ਵਿੱਚ ਜੀਤਾਂ ਵੱਲੋਂ (ਦੁਆਰਾ) ਅੱਧੇ ਮਨ ਨਾਲ ਆਪਣੇ ਬੱਚਿਆਂ ਦੀ ਖੁਸ਼ੀ ਵਿੱਚ ਸ਼ਾਮਿਲ ਹੋਣਾ ਉਸ ਦੀ ਆਧੁਨਿਕ ਸੋਚ ਦਾ ਪ੍ਰਤੀਕ ਹੈ ਅਤੇ ਅੱਧਾ ਮਨ ਚਿੰਤਾਵਾਂ ਨਾਲ ਭਰਿਆ ਹੋਣਾ ਉਸ ਦੀ ਰਵਾਇਤੀ ਸੋਚ ਦਾ। 'ਦੂਰੀਆਂ' ਕਹਾਣੀ ਵਿਚਲਾ ਸਮੁੱਚਾ ਬਿਰਤਾਂ ਜੀਤਾਂ ਅਤੇ ਤਲਵਿੰਦਰ ਦੇ ਪਰੰਪਰਾ ਅਤੇ ਆਧੁਨਿਕਤਾ ਵਿਚ ਪੈਦਾ ਹੋਏ ਦਵੰਦ 'ਤੇ ਕੇਂਦਰਿਤ ਰਹਿੰਦਾ ਹੈ। ਜਿਹੜਾ ਅੱਗੇ ਜਾ ਕੇ ਤਣਾਉ ਨੂੰ ਪੈਦਾ ਕਰ ਦਿੰਦਾ ਹੈ। ਇਕ ਜੀਵਨ ਧਰਾਤਲ ਅਤੇ ਦੋ ਵੱਖਰੀਆਂ ਵਿਚਾਰਧਾਰਾਵਾਂ ਜੀਤਾਂ ਅਤੇ ਤਲਵਿੰਦਰ ਦੋਵਾਂ ਦੀ ਜੀਵਨ ਬੇੜੀ ਨੂੰ ਡਾਂਵਾਡੋਲ ਕਰਦਾ ਰਹਿੰਦਾ ਹੈ। ਪੂਰੀ ਕਹਾਣੀ ਵਿੱਚ ਸੁਚੇਤ ਪਾਠਕ ਉਨ੍ਹਾਂ ਦੋਵਾਂ ਦੀ ਸ਼ਖ਼ਸ਼ੀਅਤ ਵਿੱਚ ਅਸੰਤੁਸ਼ਟਤਾ, ਚਿੰਤਾਵਾਂ, ਤੌਖਲਿਆਂ ਅਤੇ ਕਲਪਨਾਵਾਂ ਨੂੰ ਬੜੀ ਸਹਿਜਤਾ ਨਾਲ ਬਿਰਤਾਂਤ ਵਿਚ ਅਨੁਭਵ ਕਰਦਾ ਹੈ।

**ਹਵਾਲੇ-ਟਿੱਪਣੀਆਂ :**


1. ਜਿੰਦਰ ਰਚਿਤ ਕਹਾਣੀ ਦੂਰੀਆਂ, ਪੰਨਾਂ-10
2. ਉਹੀ, ਪੰਨਾ-11
3. ਉਹੀ, ਪੰਨਾ-12
4. ਉਹੀ, ਪੰਨਾ-13
5. - ਉਹੀ -
6. - ਉਹੀ -
7. ਉਹੀ, ਪੰਨਾ-14
8. - ਉਹੀ -
9. - ਉਹੀ -
10. ਉਹੀ, ਪੰਨਾ-15
11. - ਉਹੀ -
12. ਉਹੀ, ਪੰਨਾ-16


**ਸਹਾਇਕ ਪ੍ਰੋਫ਼ੈਸਰ (ਪੰਜਾਬੀ)**
**ਡੀ.ਏ.ਵੀ. ਕਾਲਜ (ਲਾਹੌਰ) ਅੰਬਾਲਾ ਸ਼ਹਿਰ**


ISSN 2278-5167
www.shabaduk.co.uk
23
ਸ਼ਬਦ
ਸਪਲੀਮੈਂਟ
ਮੁੱਲ 50 ਰੁਪਏ
ਬਾਨੋ ਕੁਦਸੀਆ ਵਿਸ਼ੇਸ਼ ਅੰਕ